Tanya's Beauty Salon
THREADING / WAXING
FACIAL (MEN & WOMEN)
ANTI-AGING FACIAL - BLEACH
HAIR CUT - COLOR AND STYLE
WE SPECIALIZE IN BRIDAL & HENNA
85-03 ROOSEVELT AVE. JACKSON HEIGHTS, NY 11373
Tel: 718-205-7832

DJ SONU
Facebook.com / djsonunyc
Instagram-djsonunyc
WE PROVIDE HIGH QUALITY CINEMATOGRAPHY & PHOTOGRAPHY
Wedding Limo Services & Sprinter Van
Cell: 917-753-7777

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Eighteenth Year of Publication    ਨਿਊ ਯਾਰਕ ਐਡੀਸ਼ਨ    Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 51, December 23, 2017    20451 N Plum Grove Rd., Palatine, IL 60074    Ph:847-359-0746, Fax:847-705-9388

# ਕੈਪਟਨ ਨੇ ਸਥਾਨਕ ਚੋਣਾਂ ਵਿਚ ਦਿਖਾਈ ਕਪਤਾਨੀ

## ਵਿਰੋਧੀ ਧਿਰ ਨੂੰ ਨੇੜੇ-ਤੇੜੇ ਵੀ ਨਾ ਫਟਕਣ ਦਿੱਤਾ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਕਾਂਗਰਸ ਨੇ ਪੰਜਾਬ ਵਿਚ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ ਵਿਚ ਆਪਣੇ ਸਿਆਸੀ ਵਿਰੋਧੀਆਂ ਦਾ ਸਫਾਇਆ ਕਰ ਦਿੱਤਾ ਅਤੇ ਤਿੰਨ ਨਗਰ ਨਿਗਮਾਂ- ਪਟਿਆਲਾ, ਅੰਮ੍ਰਿਤਸਰ ਤੇ ਜਲੰਧਰ ਅਤੇ 32 ਨਗਰ ਕੌਂਸਲਾਂ/ਪੰਚਾਇਤਾਂ ਦੀਆਂ ਚੋਣਾਂ ਵਿਚ ਹੂੰਝਾ ਫੇਰੂ ਜਿੱਤ ਹਾਸਲ ਕਰ ਲਈ ਹੈ। ਤਕਰੀਬਨ ਨੌਂ ਮਹੀਨਿਆਂ ਦੀ ਸੱਤਾ ਵਿਚ ਕੈਪਟਨ ਸਰਕਾਰ ਦਾ ਇਹ ਦੂਜਾ ਇਮਤਿਹਾਨ ਸੀ। ਇਸ ਤੋਂ ਪਹਿਲਾਂ ਗੁਰਦਾਸਪੁਰ ਲੋਕ ਸਭਾ ਉਪ ਚੋਣ ਵਿਚ ਕਾਂਗਰਸ ਨੇ ਭਾਜਪਾ ਦੇ ਗੜ੍ਹ ਵਿਚ ਜਿੱਤ ਹਾਸਲ ਕੀਤੀ ਸੀ।ਸ਼ਹਿਰੀ ਚੋਣਾਂ ਦੇ ਨਤੀਜਿਆਂ ਨੇ ਸਭ ਤੋਂ ਵੱਧ ਨਮੋਸ਼ੀ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪੱਲੇ ਪਾਈ ਹੈ। ਕਾਂਗਰਸ ਵੱਲੋਂ ਚੋਣ ਵਾਅਦਿਆਂ ਤੋਂ ਭੱਜਣ ਕਰ ਕੇ ਲੋਕਾਂ ਵਿਚ ਉਪਜੀ ਨਿਰਾਸ਼ਾ ਦੇ ਬਾਵਜੂਦ ਅਕਾਲੀ-ਭਾਜਪਾ ਗੱਠਜੋੜ ਦੇ ਪੈਰ ਨਹੀਂ ਲੱਗ ਰਹੇ।

ਅਕਾਲੀ ਦਲ ਨੇ ਭਾਵੇਂ ਕਾਂਗਰਸ ਦੀਆਂ ਧੱਕੇਸ਼ਾਹੀਆਂ ਨੂੰ ਪ੍ਰਚਾਰ ਕੇ ਲੋਕਾਂ ਦੀ ਹਮਦਰਦੀ ਲੁੱਟਣ ਦੀ ਕੋਸ਼ਿਸ਼ ਕੀਤੀ, ਪਰ ਪੱਲੇ ਨਿਰਾਸ਼ਾ ਹੀ ਪਈ। ਭਾਜਪਾ ਨੇ 51 ਸੀਟਾਂ ਉਤੇ ਚੋਣ ਲੜੀ ਸੀ, ਪਰ ਉਸ ਨੂੰ 8 ਸੀਟਾਂ 'ਤੇ ਹੀ ਜਿੱਤ ਮਿਲੀ, ਜਦ ਕਿ ਸ਼੍ਰੋਮਣੀ ਅਕਾਲੀ ਦਲ ਨੇ 29 ਸੀਟਾਂ ਉਤੇ ਚੋਣ ਲੜੀ ਤੇ ਸਿਰਫ ਚਾਰ ਸੀਟਾਂ ਉਤੇ ਹੀ ਸਬਰ ਕਰਨਾ ਪਿਆ। ਦੋਵੇਂ ਪਾਰਟੀਆਂ ਇਕੱਲੇ ਇਕੱਲੇ ਤੌਰ ਉਤੇ ਦੋ ਹਿੰਦਸਿਆਂ ਵਿਚ ਵੀ ਨਹੀਂ ਪਹੁੰਚ ਸਕੀਆਂ। ਪਹਿਲੀ ਵਾਰ ਨਗਰ ਨਿਗਮ ਦੀਆਂ ਚੋਣਾਂ ਲੜ ਰਹੀ ਆਮ ਆਦਮੀ ਪਾਰਟੀ ਤਾਂ ਖਾਤਾ ਵੀ ਨਾ ਖੋਲ੍ਹ ਸਕੀ। 'ਆਪ' ਨੇ ਸਿਰਫ 43 ਵਾਰਡਾਂ ਉਤੇ ਉਮੀਦਵਾਰ ਖੜ੍ਹੇ ਕੀਤੇ, ਪਰ ਇਕ ਵੀ ਸੀਟ ਪੱਲੇ ਨਹੀਂ ਪਈ।

ਪਟਿਆਲਾ ਨਿਗਮ ਦੀ ਚੋਣ ਵਿਚ ਤਾਂ ਹਾਕਮ ਧਿਰ 60 ਵਿਚੋਂ 59 ਵਾਰਡਾਂ ਉਤੇ ਜੇਤੂ ਰਹੀ ਅਤੇ ਇਸ ਨੇ ਜਲੰਧਰ 'ਚ 65 ਅਤੇ ਅੰਮ੍ਰਿਤਸਰ ਵਿਚ 64 ਸੀਟਾਂ ਉਤੇ ਕਬਜ਼ਾ ਕਰ ਲਿਆ। ਨਗਰ ਪੰਚਾਇਤਾਂ ਦੇ ਕੁੱਲ 414 ਵਾਰਡਾਂ 'ਚੋਂ ਕਾਂਗਰਸ 267 ਵਾਰਡਾਂ 'ਤੇ ਜੇਤੂ ਰਹੀ ਜਦੋਂਕਿ ਅਕਾਲੀ ਦਲ 37, ਭਾਜਪਾ 15 ਅਤੇ ਆਮ ਆਦਮੀ ਪਾਰਟੀ ਸਿਰਫ ਇਕ ਵਾਰਡ 'ਚ ਹੀ ਜਿੱਤ ਹਾਸਲ ਕਰ ਸਕੀ। ਆਜ਼ਾਦ ਉਮੀਦਵਾਰ 94 ਵਾਰਡਾਂ 'ਚੋਂ ਜੇਤੂ ਰਹੇ। ਤਿੰਨ ਨਿਗਮਾਂ ਦੀ ਚੋਣ ਵਿਚ ਕੁੱਲ 225 ਵਾਰਡਾਂ ਵਿਚੋਂ ਕਾਂਗਰਸ ਨੇ 189 ਉਤੇ ਜਿੱਤ ਹਾਸਲ ਕੀਤੀ, ਅਕਾਲੀ ਦਲ 11 ਵਾਰਡਾਂ ਅਤੇ ਭਾਜਪਾ 14 ਵਾਰਡਾਂ 'ਚ ਜੇਤੂ ਰਹੀ ਜਦੋਂਕਿ ਆਮ ਆਦਮੀ ਪਾਰਟੀ ਨਗਰ ਨਿਗਮ ਵਿਚ ਕੋਈ ਵੀ ਵਾਰਡ ਹਾਸਲ ਨਹੀਂ ਕਰ ਸਕੀ, ਹਾਲਾਂਕਿ ਇਸ ਚੋਣ ਵਿਚ ਵੀ 10 ਆਜ਼ਾਦ ਉਮੀਦਵਾਰ ਜੇਤੂ ਕਰਾਰ ਦਿੱਤੇ ਗਏ।



ਅੰਮ੍ਰਿਤਸਰ ਦੇ 85 ਵਾਰਡਾਂ ਵਿਚੋਂ ਕਾਂਗਰਸ ਨੂੰ 64, ਅਕਾਲੀ ਦਲ ਨੂੰ 7, ਭਾਜਪਾ ਨੂੰ 6 ਅਤੇ 8 ਆਜ਼ਾਦ ਉਮੀਦਵਾਰ ਵਾਰਡਾਂ ਵਿਚ ਜੇਤੂ ਰਹੇ। ਜਦੋਂਕਿ ਜਲੰਧਰ ਨਗਰ ਨਿਗਮ ਦੇ 80 ਵਾਰਡਾਂ ਵਿਚੋਂ ਕਾਂਗਰਸ 'ਤੇ 65 ਉਤੇ ਕਾਬਜ਼ ਰਹੀ, ਅਕਾਲੀ ਦਲ 5, ਭਾਜਪਾ 8 ਅਤੇ 2 ਵਾਰਡਾਂ ਉਤੇ ਆਜ਼ਾਦ ਉਮੀਦਵਾਰ ਕਾਮਯਾਬ ਹੋਏ। ਜਿੱਤ ਪੱਖੋਂ ਦੂਜਾ ਨੰਬਰ ਆਜ਼ਾਦ ਉਮੀਦਵਾਰਾਂ ਦਾ ਰਿਹਾ। ਭਾਵੇਂ ਸ਼ਹਿਰੀ ਚੋਣਾਂ ਹਮੇਸ਼ਾ ਹਾਕਮ ਧਿਰ ਦੀ ਝੋਲੀ ਵਿਚ ਪੈਂਦੀਆਂ ਹਨ, ਪਰ ਇਸ ਵਾਰ ਨਵੀਂ ਧਿਰ ਆਮ ਆਦਮੀ ਦੇ ਮੈਦਾਨ ਵਿਚ ਕੁੱਦਣ ਕਰ ਕੇ ਕੁਝ ਵੱਖਰਾ ਹੋਣ ਦੀ ਉਮੀਦ ਸੀ।

'ਆਪ' ਨੂੰ ਚੋਣਾਂ ਸਮੇਂ ਉਮੀਦਵਾਰ ਲੱਭਣੇ ਔਖੇ ਹੋ ਗਏ। ਇਸ ਕਰ ਕੇ ਸਿਰਫ 43 ਵਾਰਡਾਂ 'ਤੇ ਹੀ ਮੋਰਚਾ ਸੰਭਾਲਣ ਲਈ ਮਜਬੂਰ ਹੋਣਾ ਪਿਆ ਪਰ ਇਸ ਦੇ ਸਾਰੇ ਉਮੀਦਵਾਰ ਹਾਰ ਗਏ। ਆਪ ਦੇ ਗੜ੍ਹ ਮੰਨੇ ਜਾਂਦੇ ਸੰਗਰੂਰ ਜਿਲ੍ਹੇ ਵਿਚ ਆਜ਼ਾਦ ਉਮੀਦਵਾਰਾਂ ਦੀ ਝੰਡੀ ਰਹੀ। ਸੰਗਰੂਰ ਵਿਚ ਮੂਨਕ ਦੇ ਸਾਰੇ 13 ਵਾਰਡਾਂ 'ਤੇ ਆਜ਼ਾਦ ਉਮੀਦਵਾਰ ਜੇਤੂ ਰਹੇ। 'ਆਪ' ਦਾ ਦਾਅਵਾ ਹੈ ਕਿ ਇਹ ਸਾਰੇ ਉਸ ਦੇ ਸਮਰਥਕ ਸਨ। ਪੰਜਾਬ ਦੀ ਸੱਤਾ 'ਤੇ ਇਕ ਦਹਾਕਾ ਕਾਬਜ਼ ਰਹੇ ਅਕਾਲੀ ਦਲ ਬਾਦਲ ਲਈ ਇਹ ਸਭ ਤੋਂ ਵੱਡਾ ਝਟਕਾ ਹੈ। ਪਾਰਟੀ ਨੇ ਜਲੰਧਰ, ਅੰਮ੍ਰਿਤਸਰ ਤੇ ਪਟਿਆਲਾ ਨਿਗਮ ਦੀਆਂ ਚੋਣਾਂ ਦੀ ਰਣਨੀਤੀ ਘੜਨ ਲਈ ਸਾਬਕਾ ਮੰਤਰੀਆਂ ਤੇ ਹੋਰ ਸੀਨੀਅਰ ਆਗੂਆਂ ਦੀਆਂ ਡਿਊਟੀਆਂ ਲਾਈਆਂ ਸਨ। ਇਸ ਦੇ ਬਾਵਜੂਦ ਤਿੰਨਾਂ ਵੱਡੇ ਸ਼ਹਿਰਾਂ ਵਿਚ ਪਾਰਟੀ ਦੀ ਨਮੋਸ਼ੀ ਭਰੀ ਹਾਰ ਹੋਈ ਤੇ ਛੋਟੇ ਸ਼ਹਿਰਾਂ ਵਿਚ ਵੀ ਲੋਕਾਂ ਨੇ ਖਾਸ ਹੁੰਗਾਰਾ ਨਹੀਂ ਦਿੱਤਾ। ਹਾਲਾਂਕਿ ਅਕਾਲੀ ਦਲ ਨੇ ਸੱਤਾਕਾਲ ਦੇ ਪਿਛਲੇ 5 ਸਾਲਾਂ ਦੇ ਵਕਫੇ ਦੌਰਾਨ ਪੰਥਕ ਏਜੰਡਾ ਛੱਡ ਕੇ ਸ਼ਹਿਰੀ ਵੋਟਰਾਂ 'ਤੇ ਧਿਆਨ ਕੇਂਦਰਤ ਕੀਤਾ ਹੋਇਆ ਸੀ।

9 ਮਹੀਨੇ ਪਹਿਲਾਂ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਅਕਾਲੀ ਦਲ ਨੂੰ ਸ਼ਹਿਰੀ ਖੇਤਰਾਂ ਵਿਚੋਂ ਵੱਡੀ ਮਾਰ ਪਈ ਸੀ ਤੇ ਹੁਣ ਮਿਉਂਸਪਲ ਚੋਣਾਂ ਦੌਰਾਨ ਵੀ ਪਹਿਲਾਂ ਵਾਲੀ ਸਥਿਤੀ ਬਰਕਰਾਰ ਰਹੀ। ਸੀਨੀਅਰ ਲੀਡਰਸ਼ਿਪ ਦਾ ਮੰਨਣਾ ਹੈ ਕਿ ਪਾਰਟੀ ਦਾ ਸਮੁੱਚਾ ਦਾਰੋਮਦਾਰ ਅੱਜ ਵੀ ਬਾਦਲਾਂ ਦੁਆਲੇ ਹੀ ਹੈ। ਦੂਜੀ ਕਤਾਰ ਦੇ ਸੀਨੀਅਰ ਆਗੂਆਂ ਨੂੰ ਕਿਸੇ ਸੰਕਟ ਦੀ ਘੜੀ ਦੌਰਾਨ ਹੀ ਮੈਦਾਨ ਵਿਚ ਲਿਆਂਦਾ ਜਾਂਦਾ ਹੈ। ਭਾਈਵਾਲ ਪਾਰਟੀ ਭਾਜਪਾ ਦੀ ਸਥਿਤੀ ਅਕਾਲੀ ਦਲ ਨਾਲੋਂ ਵੀ ਮਾੜੀ ਹੈ। ਦੇਸ਼ ਦੇ ਹੋਰ ਸੂਬਿਆਂ ਵਿਚ ਬਿਹਤਰ ਕਾਰਗੁਜ਼ਾਰੀ ਦੇ ਬਾਵਜੂਦ ਭਾਜਪਾ ਦਾ ਪੰਜਾਬ ਵਿਚ ਆਧਾਰ ਲਗਾਤਾਰ ਖੁੱਸ ਰਿਹਾ ਹੈ। ਇਸ ਪਾਰਟੀ ਨੂੰ ਆਮ ਤੌਰ 'ਤੇ ਸ਼ਹਿਰੀਆਂ ਦੀ ਪਾਰਟੀ ਮੰਨਿਆ ਜਾਂਦਾ ਹੈ, ਪਰ ਸ਼ਹਿਰੀ ਖੇਤਰ ਦੀਆਂ ਚੋਣਾਂ ਨੇ ਵੀ ਭਾਜਪਾ ਦੇ ਪੱਲੇ ਨਿਰਾਸ਼ਾ ਹੀ ਪਾਈ ਹੈ।

## 'ਆਪ' ਦੀ ਕਮਾਨ ਮੁੜ ਦਿੱਲੀ ਵਾਲਿਆਂ ਹੱਥ

**ਚੰਡੀਗੜ੍ਹ:** ਸ਼ਹਿਰੀ ਚੋਣਾਂ ਵਿਚ ਪਹਿਲੀ ਵਾਰ ਕੁੱਦੀ ਆਮ ਆਦਮੀ ਪਾਰਟੀ (ਆਪ) ਦੀ ਹਾਰ ਨੇ ਇਸ ਸਿਆਸੀ ਧਿਰ ਦੇ ਭਵਿਖ ਬਾਰੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਹ ਚੋਣਾਂ 'ਆਪ' ਦੀ ਪੰਜਾਬ ਲੀਡਰਸ਼ਿਪ ਦੀ ਅਗਵਾਈ ਹੇਠ ਲੜੀਆਂ ਗਈਆਂ, ਜੋ ਨਾਕਾਮ ਰਹੀ। ਇਸ ਪਿੱਛੋਂ ਪੰਜਾਬ ਦੀ ਕਮਾਨ ਕੇਂਦਰੀ ਹਾਈਕਮਾਂਡ ਨੇ ਮੁੜ ਆਪਣੇ ਹੱਥ ਲੈ ਲਈ ਹੈ। ਸੀਨੀਅਰ ਆਗੂ ਮਨੀਸ਼ ਸਿਸੋਦੀਆ ਨੂੰ 'ਆਪ' ਦੀ ਪੰਜਾਬ ਇਕਾਈ ਦਾ ਇੰਚਾਰਜ ਨਿਯੁਕਤ ਕਰ ਦਿੱਤਾ ਗਿਆ ਹੈ। ਇਸ ਨਾਲ ਪਾਰਟੀ ਦੇ ਪੰਜਾਬ ਪ੍ਰਧਾਨ ਭਗਵੰਤ ਮਾਨ, ਸਹਿ ਪ੍ਰਧਾਨ ਅਮਨ ਅਰੋੜਾ ਅਤੇ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਦੀ ਲੀਡਰਸ਼ਿਪ ਉਤੇ ਸਵਾਲ ਉਠੇ ਹਨ।


2014 ਦੀਆਂ ਲੋਕ ਸਭ ਚੋਣਾਂ ਵਿਚ ਪੂਰੇ ਭਾਰਤ ਵਿਚੋਂ 'ਆਪ' ਨੂੰ ਸਿਰਫ ਪੰਜਾਬ ਵਿਚੋਂ ਹੀ ਹੁੰਗਾਰਾ ਮਿਲਿਆ ਸੀ। ਹਾਲ ਹੀ ਵਿਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਪਾਰਟੀ 20 ਸੀਟਾਂ ਲੈ ਕੇ ਦੂਜੇ ਨੰਬਰ 'ਤੇ ਰਹੀ ਸੀ। ਇਸ ਪਿੱਛੋਂ ਗੁਰਦਾਸਪੁਰ ਉਪ ਚੋਣ ਅਤੇ ਹੁਣ ਸ਼ਹਿਰੀ ਚੋਣਾਂ ਵਿਚ ਹਾਰ ਹੋਈ ਹੈ। ਵਿਧਾਨ ਸਭਾ ਚੋਣਾਂ ਵਿਚ ਮਾੜੀ ਕਾਰਗੁਜ਼ਾਰੀ ਲਈ ਭਗਵੰਤ ਮਾਨ ਅਤੇ ਸੁਖਪਾਲ ਖਹਿਰਾ ਨੇ ਕੌਮੀ ਲੀਡਰਸ਼ਿਪ ਦੇ ਦਖਲ ਨੂੰ ਜ਼ਿੰਮੇਵਾਰ ਦੱਸਿਆ ਸੀ।

ਜਨਵਰੀ - ਜੂਨ 2018
ਅੰਮ੍ਰਿਤਸਰ $999
ਦਿੱਲੀ $799
ਟੈਕਸ ਸਮੇਤ
734 838 9998
Harpreet Singh
WorldWide Travel
www.fly2world.com
866 66 INDIA
4 6 3 4 2
24 ਘੰਟੇ ਐਮਰਜੈਂਸੀ ਸੇਵਾ
Fares shown above are from Detroit for departure between Jan 5th and June 7th. Fare may change without notice, please call our office more details. Other conditions apply.

Income Tax Preparation
By Certified Public Accountant
ATLANTIC TAX SOLUTIONS INC.
ਰਿਚਮੰਡ ਹਿੱਲ ਵਿੱਖੇ ਪੰਜਾਬੀ ਭਰਾਵਾਂ ਦੀ ਸੇਵਾ ਲਈ ਇੰਕਮ ਟੈਕਸ ਤੇ ਇੰਸ਼ੋਰੈਂਸ ਦਾ ਦਫ਼ਤਰ ਖੁੱਲ ਗਿਆ ਹੈ।ਅੱਜ ਹੀ ਰਾਹੁਲ ਸਿੰਘ ਨੂੰ ਕਾਲ ਕਰੋ।
Free Consultancy ❖ Best Services ❖ Best Prices
Rahul Singh, CPA
Experience and Specialty | Insurance
Corporate Tax, Personal Income Tax, Financial Statement Audit, New Business Setup, Year Round Service
Accounting, Bookkeeping, Payroll Services, Immigration Forms
Auto, Home, Life, Business, Worker Comp.
Get the most from your tax return!
AUTHORIZED e-file PROVIDER
ਪਰਸਨਲ ਟੈਕਸ, ਕਾਰਪੋਰੇਟ ਟੈਕਸ, ਆਡਿਟ, ਬੁੱਕ ਕੀਪਿੰਗ ਤੇ ਟੈਕਸ ਦੀਆਂ ਹੋਰ ਸੇਵਾਵਾਂ ਲਈ ਸੰਪਰਕ ਕਰੋ
718-850-0040 Cell: 917-622-1354 (Rahul) Cell: 917-650-7989 (Rehan)
11805 Atlantic Ave, Richmond Hill NY 11418 Email: sendtocpa@gmail.com

# ਧਰਮਪ੍ਰੀਤ ਸਿੰਘ ਜੱਸੜ ਦੇ ਕਤਲ ਦੇ ਮਾਮਲੇ ਵਿਚ ਇਕ ਹੋਰ ਗ੍ਰਿਫਤਾਰੀ

**ਫਰਿਜ਼ਨੋ (ਬਿਊਰੋ):** ਇਥੋਂ ਲਾਗਲੇ ਸ਼ਹਿਰ ਮਡੇਰਾ ਦੇ ਟੈਕਲ ਬੌਕਸ ਗੈਸ ਸਟੇਸ਼ਨ 'ਤੇ ਲੰਘੀ 13 ਨਵੰਬਰ ਨੂੰ ਹੋਈ ਰੌਬਰੀ ਦੌਰਾਨ ਗੋਲੀਆਂ ਮਾਰ ਕੇ ਹਲਾਕ ਕੀਤੇ ਗਏ ਪੰਜਾਬੀ



*ਸਾਵੀਰੰਤ ਸਿੰਘ ਅਟਵਾਲ*

ਨੌਜਵਾਨ ਧਰਮਪ੍ਰੀਤ ਸਿੰਘ ਜੱਸੜ (20) ਦੇ ਕਤਲ ਦੇ ਮਾਮਲੇ ਵਿਚ ਪੁਲਿਸ ਨੇ ਇਕ ਹੋਰ ਸ਼ੱਕੀ ਦੋਸ਼ੀ ਫਰਿਜ਼ਨੋ ਨਿਵਾਸੀ ਸਾਵੀਰੰਤ ਸਿੰਘ ਅਟਵਾਲ (24) ਨੂੰ ਗ੍ਰਿਫਤਾਰ ਕੀਤਾ ਹੈ। ਸਾਵੀਰੰਤ ਇਸ ਮਾਮਲੇ ਵਿਚ ਪਹਿਲਾਂ ਗ੍ਰਿਫਤਾਰ ਕੀਤੇ ਗਏ ਮਾਡੈਸਟੋ ਨਿਵਾਸੀ ਅੰਮ੍ਰਿਤਰਾਜ ਸਿੰਘ ਅਟਵਾਲ (22) ਦੇ ਚਾਚੇ ਦਾ ਪੁੱਤ ਹੈ।

ਦੱਸਣਯੋਗ ਹੈ ਕਿ ਨੌਜਵਾਨ ਧਰਮਪ੍ਰੀਤ ਸਿੰਘ ਜੱਸੜ ਦਾ ਪਿਛਲਾ ਪਿੰਡ ਖੋਥੜਾ (ਫਗਵਾੜਾ) ਸੀ। ਉਹ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਅਤੇ ਦੋ ਸਾਲ ਪਹਿਲਾਂ ਹੀ ਪੜ੍ਹਾਈ ਕਰਨ ਲਈ ਅਮਰੀਕਾ ਆਇਆ ਸੀ।

ਮਡੇਰਾ ਕਾਊਂਟੀ ਦੇ ਸ਼ੈਰਿਫ ਜੇ ਵਾਰਨੀ ਨੇ ਦੱਸਿਆ ਕਿ ਸਾਵੀਰੰਤ ਅਠਵਾਲ ਡਕੈਤੀ ਅਤੇ ਕਤਲ ਦੇ ਕੇਸ ਵਿਚ ਮਡੇਰਾ ਕਾਊਂਟੀ ਜੇਲ੍ਹ ਅੰਦਰ ਹੈ। ਉਸ ਦੀ ਅਜੇ ਜਮਾਨਤ ਨਹੀਂ ਰਖੀ ਗਈ।

ਫਰਿਜ਼ਨੋ ਕਾਊਂਟੀ ਸ਼ੈਰਿਫ ਪੁਲਿਸ ਨੇ ਮਾਡੈਸਟੋ ਵਾਸੀ ਅੰਮ੍ਰਿਤਰਾਜ ਸਿੰਘ ਨੂੰ ਡੀ ਯੂ ਆਈ ਦੇ ਕੇਸ ਵਿਚ 15 ਨਵੰਬਰ ਨੂੰ ਗ੍ਰਿਫਤਾਰ ਕੀਤਾ ਸੀ, ਜਿਸ ਬਾਰੇ ਪੁਲਿਸ ਨੂੰ ਪਤਾ ਲੱਗਾ ਕਿ ਉਹ ਕਤਲ ਕੇਸ ਵਿਚ ਲੋੜੀਂਦਾ ਹੈ। ਉਸ ਦੀ ਕਾਰ ਵਿਚੋਂ ਇਕ ਚੋਰੀ ਕੀਤੇ ਪਿਸਤੌਲ ਤੋਂ ਇਲਾਵਾ ਡਰੱਗ ਵੀ ਮਿਲੀ ਸੀ। ਸੂਤਰਾਂ ਅਨੁਸਾਰ ਕਾਰ ਵਿਚੋਂ ਇਕ 38 ਕੈਲੀਬਰ ਦੀ ਗਨ ਮਿਲੀ ਜੋ ਕਤਲ ਲਈ ਵਰਤੀ ਗਈ ਸੀ। ਉਹ ਹੁਣ ਡਕੈਤੀ ਅਤੇ ਕਤਲ ਦੇ ਦੋਸ਼ ਹੇਠ ਜੇਲ੍ਹ ਵਿਚ ਹੈ ਅਤੇ ਉਸ ਦੀ ਜਮਾਨਤ ਇਕ ਮਿਲੀਅਨ ਡਾਲਰ ਰਖੀ ਗਈ ਹੈ। ਡਕੈਤੀ ਵਿਚ ਸ਼ੱਕੀ ਦੋਸ਼ੀਆਂ ਨੇ ਸਿਗਰਟਾਂ ਦੇ ਕਈ ਵੱਡੇ ਡੱਬੇ ਅਤੇ ਕੁਝ ਨਕਦੀ ਲੁਟ ਲਈ ਸੀ।

# ਅਮਰੀਕਾ ਨੇ ਰੋਕਿਆ ਯੂ.ਐਨ. ਦਾ ਯੇਰੋਸ਼ਲਮ ਬਾਰੇ ਮਤਾ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਨੂੰ ਯੇਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਵਾਪਸ ਲੈਣ ਦਾ ਸੱਦਾ ਦਿੰਦੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੇ ਮਤੇ ਨੂੰ ਅਮਰੀਕਾ ਨੇ ਰੋਕ ਦਿੱਤਾ। ਅਮਰੀਕਾ ਨੇ ਛੇ ਵਰ੍ਹਿਆਂ ਵਿਚ ਪਹਿਲੀ ਵਾਰ ਆਪਣੀ ਵੀਟੋ ਸ਼ਕਤੀ ਦੀ ਵਰਤੋਂ ਕੀਤੀ ਹੈ।

ਦੱਸਣਯੋਗ ਹੈ ਕਿ ਰਾਸ਼ਟਰਪਤੀ ਟਰੰਪ ਨੇ 6 ਦਸੰਬਰ ਨੂੰ ਯੇਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇਣ ਅਤੇ ਅਮਰੀਕੀ ਸਫਾਰਤਖਾਨੇ ਨੂੰ ਤਲ ਅਵੀਵ ਤੋਂ ਯੇਰੋਸ਼ਲਮ ਲਿਜਾਣ ਬਾਰੇ ਐਲਾਨ ਕੀਤਾ ਸੀ। ਅਮਰੀਕੀ ਰਾਸ਼ਟਰਪਤੀ ਦੇ ਇਸ ਕਦਮ ਦੀ ਸਖਤ ਆਲੋਚਨਾ ਕਰਦਿਆਂ ਵਿਸ਼ਵ ਭਰ ਵਿਚ ਰੋਸ ਪ੍ਰਦਰਸ਼ਨ ਹੋਏ ਸਨ। ਸੰਯੁਕਤ ਰਾਸ਼ਟਰ ਦੀ ਸਭ ਤੋਂ ਸ਼ਕਤੀਸ਼ਾਲੀ 15 ਮੈਂਬਰੀ ਸਲਾਮਤੀ ਕੌਂਸਲ ਵਿਚਲੇ ਅਮਰੀਕਾ ਦੇ ਸਭ ਤੋਂ ਕਰੀਬੀ ਸਾਥੀਆਂ ਨੇ ਇਸ ਮਤੇ ਦੇ ਹੱਕ ਵਿਚ ਫਤਵਾ ਦਿੱਤਾ ਸੀ।

ਮਿਸਰ ਵੱਲੋਂ ਤਿਆਰ ਕੀਤੇ ਇਕ ਸਫੇ ਦੇ ਇਸ ਮਤੇ ਵਿਚ ਯੇਰੋਸ਼ਲਮ ਉਤੇ ਇਜ਼ਰਾਈਲ ਦੇ ਪ੍ਰਭੁਤਾ ਵਾਲੇ ਦਾਅਵੇ ਨੂੰ ਰੱਦ ਕਰਦਿਆਂ ਪਿਛਲੇ 50 ਸਾਲਾਂ ਦੇ ਕਈ ਮਤਿਆਂ ਵਿਚ ਸੁਰੱਖਿਆ ਕੌਂਸਲ ਦੇ ਚਿਰਾਂ ਤੋਂ ਚੱਲੇ ਆ ਰਹੇ ਸਟੈਂਡ ਨੂੰ ਦੁਹਰਾਇਆ ਗਿਆ ਸੀ।

# ਨਹੀਂ ਬਦਲੇਗਾ ਦਿਆਲ ਸਿੰਘ ਕਾਲਜ ਦਾ ਨਾਂ

**ਨਵੀਂ ਦਿੱਲੀ:** ਮਨੁੱਖੀ ਵਸੀਲੇ ਵਿਕਾਸ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਦਿੱਲੀ ਦੇ ਈਵਨਿੰਗ ਕਾਲਜ ਦਾ ਨਾਂ ਬਦਲਣ ਵਾਲਾ ਫੈਸਲਾ ਕੇਂਦਰ ਸਰਕਾਰ ਦਾ ਨਹੀਂ ਸੀ ਅਤੇ ਇਸ ਨੂੰ ਰੋਕ ਲਿਆ ਹੈ। ਰਾਜ ਸਭਾ ਵਿਚ ਸਿਫਰ ਕਾਲ ਦੌਰਾਨ ਇਹ ਮੁੱਦਾ ਉਠਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਨਰੇਸ਼ ਗੁਜਰਾਲ ਨੇ ਕਿਹਾ ਕਿ 'ਬਦਕਿਸਮਤੀ' ਨਾਲ ਦਿਆਲ ਸਿੰਘ ਕਾਲਜ ਦੀ ਪ੍ਰਬੰਧਕੀ ਕਮੇਟੀ ਨੇ ਹਾਲ ਹੀ ਵਿਚ ਇਸ ਈਵਨਿੰਗ ਕਾਲਜ ਦਾ ਨਾਂ ਬਦਲ ਕੇ ਵੰਦੇ ਮਾਤਰਮ ਮਹਾ ਵਿਦਿਆਲਾ ਰੱਖਣ ਦਾ ਫੈਸਲਾ ਕੀਤਾ ਸੀ। ਉਨ੍ਹਾਂ ਕਿਹਾ ਕਿ ਉਹ ਮੰਨਦੇ ਹਨ ਕਿ ਵੰਦੇ ਮਾਤਰਮ ਸ਼ਬਦ ਹਰੇਕ ਭਾਰਤੀ ਵਿਚ ਦੇਸ਼ ਭਗਤੀ ਦੀ ਭਾਵਨਾ ਭਰਦਾ ਹੈ ਅਤੇ ਸਰਕਾਰ ਨੂੰ ਮੁਲਕ ਭਰ ਵਿਚ ਵੰਦੇ ਮਾਤਰਮ ਯੂਨੀਵਰਸਿਟੀਆਂ ਕਾਇਮ ਕਰਨੀਆਂ ਚਾਹੀਦੀਆਂ ਹਨ। ਇਸ ਕਾਲਜ ਦੀ ਪ੍ਰਬੰਧਕੀ ਕਮੇਟੀ ਨੂੰ ਤੁਰਤ ਬਦਲਣ ਦੀ ਮੰਗ ਕਰਦਿਆਂ ਸ੍ਰੀ ਗੁਜਰਾਲ ਨੇ ਕਿਹਾ, 'ਪਰ ਘੱਟ ਗਿਣਤੀ ਭਾਈਚਾਰੇ ਦੀ ਇਸ ਵਿਦਿਅਕ ਸੰਸਥਾ ਦਾ ਨਾਂ ਬਦਲਣਾ ਸਿੱਖਾਂ ਦੀਆਂ ਭਾਵਨਾਵਾਂ ਉਤੇ ਸਿੱਧਾ ਹਮਲਾ ਹੈ।'

ਇਸ ਦੇ ਜਵਾਬ ਵਿਚ ਸ੍ਰੀ ਜਾਵੜੇਕਰ ਨੇ ਕਿਹਾ ਕਿ ਇਸ ਕਾਲਜ ਦਾ ਨਾਂ ਬਦਲਣ ਵਾਲਾ ਫੈਸਲਾ ਕੇਂਦਰ ਸਰਕਾਰ ਦਾ ਨਹੀਂ ਸੀ। ਉਨ੍ਹਾਂ ਦੱਸਿਆ ਕਿ ਦਿੱਲੀ ਯੂਨੀਵਰਸਿਟੀ ਨੂੰ ਵੀ ਇਸ ਬਾਰੇ ਜਾਣੂ ਕਰਾ ਦਿੱਤਾ ਹੈ, ਜਿਸ ਅਧੀਨ ਇਹ ਕਾਲਜ ਚੱਲ ਰਿਹਾ ਹੈ। ਸ੍ਰੀ ਗੁਜਰਾਲ ਨੇ ਕਿਹਾ ਕਿ ਪਰਉਪਕਾਰੀ ਸ. ਦਿਆਲ ਸਿੰਘ ਮਜੀਠੀਆ ਨੇ ਆਪਣੀ ਸਾਰੀ ਜਾਇਦਾਦ ਅਤੇ ਜ਼ਿੰਦਗੀ ਸਿੱਖਿਆ ਦੇ ਲੇਖੇ ਲਾਈ ਸੀ ਅਤੇ ਉਨ੍ਹਾਂ ਨੇ ਕਈ ਕਾਲਜ ਅਤੇ ਸਕੂਲ ਖੋਲ੍ਹੇ।


## Bhaura Transport LLC

*Noblesville, IN*

## ਡਰਾਈਵਰਾਂ ਦੀ ਲੋੜ ਹੈ



*ਵੈਲਿਡ ਸੀ ਡੀ ਐਲ ਏ ਲਾਈਸੈਂਸ
*ਘੱਟੋ ਘੱਟ 6 ਮਹੀਨੇ ਦਾ ਤਜਰਬਾ
*ਖਾਲੀ ਅਤੇ ਲੋਡ ਸਮੇਤ ਮੀਲ .50 ਸੈਂਟ
*ਸਾਈਨ ਔਨ ਬੋਨਸ
*ਹਰ ਵੀਕਐਂਡ 'ਤੇ ਪੱਕਾ ਘਰ
*ਡਾਇਰੈਕਟ ਡਿਪਾਜ਼ਿਟ ਵੀ ਹੋ ਸਕਦਾ ਹੈ
*ਹਫਤਾਵਾਰ ਮੀਲ 2800 ਤੋਂ 3500
*ਇੰਡੀਆਨਾ, ਨਿਊ ਜਰਸੀ, ਨਿਊ ਯਾਰਕ ਅਤੇ ਪੈਨਸਿਲਵੇਨੀਆ ਦੇ ਪੱਕੇ ਲੋਡ
*ਪ੍ਰੀ-ਪਾਸ, ਈ ਜ਼ੀ ਪਾਸ ਅਤੇ ਫਿਊਲ ਕਾਰਡ ਦਿੱਤਾ ਜਾਵੇਗਾ

*ਹੋਰ ਜਾਣਕਾਰੀ ਲਈ ਸੰਪਰਕ ਕਰੋ*

**ਅਵਤਾਰ ਸਿੰਘ, ਫੋਨ: 317-403-0493**

50-51


# ਭਾਰਤੀ ਮੂਲ ਦਾ ਵਿਦਿਆਰਥੀ ਸਾਈਬਰ ਹਮਲੇ ਦਾ ਦੋਸ਼ੀ ਕਰਾਰ

**ਵਾਸ਼ਿੰਗਟਨ:** ਭਾਰਤੀ ਮੂਲ ਦੇ ਇਕ ਵਿਦਿਆਰਥੀ ਨੂੰ ਅਮਰੀਕੀ ਯੂਨੀਵਰਸਿਟੀ ਦੇ ਕੰਪਿਊਟਰ ਨੈੱਟਵਰਕ ਉਤੇ ਵੱਡਾ ਸਾਈਬਰ ਹਮਲਾ ਕਰਨ ਦਾ ਦੋਸ਼ੀ ਪਾਇਆ ਗਿਆ ਹੈ। ਸਜ਼ਾ ਦਾ ਐਲਾਨ 13 ਮਾਰਚ ਨੂੰ ਕੀਤਾ ਜਾਵੇਗਾ।

ਨਿਊ ਜਰਸੀ ਦੇ ਪਾਰਸ ਝਾਅ (21) ਤੇ ਉਸ ਦੇ ਦੋ ਹੋਰ ਸਾਥੀਆਂ ਪੈਨਸਿਲਵੇਨੀਆ ਦੇ ਜੋਸੀਆ ਵਾਈਟ (20) ਤੇ ਲੂਸੀਆਨਾ ਦੇ ਡੈਲਟਨ ਨੌਰਮਨ (21) ਨੂੰ ਯੂਨੀਵਰਸਿਟੀ ਦੇ ਸਰਵਰ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ੀ ਪਾਇਆ ਗਿਆ ਹੈ।

# ਆਧਾਰ ਕਾਰਡ ਬਾਰੇ ਮੋਹਲਤ 31 ਮਾਰਚ ਤੱਕ ਵਧੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਵੱਖ-ਵੱਖ ਸੇਵਾਵਾਂ ਤੇ ਭਲਾਈ ਯੋਜਨਾਵਾਂ ਨੂੰ ਆਧਾਰ ਨਾਲ ਲਾਜ਼ਮੀ ਜੋੜਨ ਬਾਰੇ ਮੋਹਲਤ 31 ਮਾਰਚ ਤੱਕ ਵਧਾ ਦਿੱਤੀ ਹੈ। ਸੰਵਿਧਾਨਕ ਬੈਂਚ ਨੇ ਆਧਾਰ ਨੂੰ ਮੋਬਾਈਲ ਸੇਵਾਵਾਂ ਨਾਲ ਜੋੜਨ ਸਬੰਧੀ ਆਪਣੇ ਪਿਛਲੇ ਹੁਕਮਾਂ 'ਚ ਸੋਧ ਕਰਦਿਆਂ ਅਗਲੇ ਸਾਲ 6 ਫਰਵਰੀ ਤੱਕ ਦਿੱਤੀ ਮੋਹਲਤ ਨੂੰ ਵਧਾ ਕੇ 31 ਮਾਰਚ ਕਰ ਦਿੱਤਾ ਹੈ।

# ਪੁਲਿਸ ਕਮਾਂਡਿੰਗ ਆਫੀਸਰ ਦੀ ਸਿੱਖ ਭਾਈਚਾਰਕ ਆਗੂਆਂ ਨਾਲ ਮੀਟਿੰਗ



**ਨਿਊ ਯਾਰਕ (ਬਿਊਰੋ):** ਨਿਊ ਯਾਰਕ ਪੁਲਿਸ ਡਿਪਾਰਟਮੈਂਟ ਦੇ ਥਾਣਾ 102 ਦੀ ਪੁਲਿਸ ਕਮਾਂਡਿੰਗ ਆਫੀਸਰ ਕੌਰਟਨੀ ਨਾਈਲਨ ਨੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿੱਚਮੰਡ ਹਿੱਲ ਦੀ ਪ੍ਰਬੰਧਕ ਕਮੇਟੀ ਤੇ ਭਾਈਚਾਰਕ ਆਗੂਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ।

ਮੀਟਿੰਗ ਵਿਚ ਕਮਿਊਨਿਟੀ ਅਫੇਅਰਜ਼ ਆਫੀਸਰ ਜੋਸ, ਨਿਊ ਯਾਰਕ ਸਿਟੀ ਦੇ ਹਿਊਮਨ ਰਾਈਟ ਕਮਿਸ਼ਨਰ ਗੁਰਦੇਵ ਸਿੰਘ ਕੰਗ, ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ, ਸਕੱਤਰ ਭੁਪਿੰਦਰ ਸਿੰਘ ਅਟਵਾਲ ਤੇ ਕੁਲਦੀਪ ਸਿੰਘ ਵੜੈਚ ਅਤੇ ਕਮੇਟੀ ਮੈਂਬਰ-ਦਵਿੰਦਰ ਸਿੰਘ ਬੋਪਾਰਾਏ, ਦੀਦਾਰ ਸਿੰਘ ਚੀਮਾ, ਗੁਰਦੀਪ ਸਿੰਘ ਨਰੂਲਾ, ਬਲਵਿੰਦਰ ਸਿੰਘ ਅਤੇ ਭਾਈਚਾਰੇ ਦੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।


## Michigan Truck Driving School

**6405 Middlebelt Road, Romulus, MI 48174**

**ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ**




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai **Cell:734-644-1010** Office:734-747-4298



## BTS CARRIER

we move america



## Wanted Owner Operators and Experienced Drivers.

*Long and Local Routes.*

**Drivers: 42 cents to 50 cents per mile.**

**Owner Operator**

With own Truck/Trailer get 92% of gross (8% Dispatch+ Insurance). Using company trailer get 80% of gross.

**Fuel Discount:** 25 Cents To 40 Cents Per Gallon @ Pilot, Flying J, TA And Petro.

**Direct deposit available.**

*For more information please contacts:*

**Rusty Sekhon 734-233-8464**

# ਕੈਦੀਆਂ ਤੇ ਜੇਲ੍ਹ ਅਫਸਰਾਂ ਵਿਚਕਾਰ ਗੰਢਤੁਪ ਦੀ ਖੁੱਲ੍ਹੀ ਪੋਲ

**ਬਠਿੰਡਾ:** ਮਾਨਸਾ ਜੇਲ੍ਹ ਵਿਚ 'ਖਾਸ' ਕੈਦੀਆਂ ਨਾਲ ਮਿਲ ਕੇ ਜੇਲ੍ਹ ਅਫਸਰ ਆਪਣੀ ਜੇਬ ਗਰਮ ਕਰ ਰਹੇ ਸਨ। ਵਿਜੀਲੈਂਸ ਅਫਸਰਾਂ ਨੇ ਮਾਨਸਾ ਜੇਲ੍ਹ ਦੇ ਭਲਾਈ ਅਫਸਰ ਸਿਕੰਦਰ ਸਿੰਘ ਅਤੇ ਇਕ ਕੈਦੀ ਪਵਨ ਕੁਮਾਰ ਨੂੰ ਉਦੋਂ ਫੜ ਲਿਆ, ਜਦੋਂ ਇਹ ਦੋਵੇਂ ਇਕ ਹੋਰ ਕੈਦੀ ਗੌਰਵ ਦੇ ਭਰਾ ਤੋਂ 50 ਹਜ਼ਾਰ ਦੀ ਰਿਸ਼ਵਤ ਅਤੇ ਇਕ ਚੈੱਕ ਲੈਣ ਲਈ ਜੇਲ੍ਹ ਤੋਂ ਬਾਹਰ ਤਾਮਕੋਟ ਮਾਨਸਾ ਮਾਰਗ ਉਤੇ ਪੁੱਜੇ। ਵਿਜੀਲੈਂਸ ਥਾਣਾ ਬਠਿੰਡਾ ਵਿਚ ਮਾਨਸਾ ਜੇਲ੍ਹ ਦੇ ਡਿਪਟੀ ਸੁਪਰਡੈਂਟ ਗੁਰਜੀਤ ਸਿੰਘ ਬਰਾੜ, ਜੇਲ੍ਹ ਭਲਾਈ ਅਫਸਰ ਸਿਕੰਦਰ ਸਿੰਘ ਅਤੇ ਕੈਦੀ ਪਵਨ ਕੁਮਾਰ ਖਿਲਾਫ਼ ਭ੍ਰਿਸ਼ਟਾਚਾਰ ਵਿਰੋਧੀ ਐਕਟ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ।

ਵਿਜੀਲੈਂਸ ਰੇਂਜ ਬਠਿੰਡਾ ਦੇ ਐਸ.ਐਸ.ਪੀ. ਜਗਜੀਤ ਸਿੰਘ ਭਗਤਾਣਾ ਨੇ ਦੱਸਿਆ ਕਿ ਉਹ ਜੇਲ੍ਹ ਸੁਪਰਡੈਂਟ ਦੀ ਭੂਮਿਕਾ ਦੀ ਪੜਤਾਲ ਵੀ ਕਰਨਗੇ ਅਤੇ ਜੇਲ੍ਹ ਦੇ ਭਲਾਈ ਵਿੰਗ ਦੀ ਛਾਣਬੀਣ ਕਰਨਗੇ। ਵਿਜੀਲੈਂਸ ਅਫਸਰਾਂ ਅਨੁਸਾਰ ਮਾਨਸਾ ਜੇਲ੍ਹ ਵਿਚ ਹਰਿਆਣਾ ਦੇ ਸ਼ਾਹਬਾਦ ਮਾਰਕੰਡਾ ਦਾ ਕੈਦੀ ਗੌਰਵ ਨਸ਼ਾ ਤਸਕਰੀ ਵਿਚ 12 ਸਾਲ ਦੀ ਸਜ਼ਾ ਕੱਟ ਰਿਹਾ ਹੈ। ਉਹ ਜੇਲ੍ਹ ਵਿਚ ਕੰਟੀਨ ਦੇ ਸਹਾਇਕ ਵਜੋਂ ਵੀ ਕੰਮ ਕਰਦਾ ਹੈ। ਗੌਰਵ ਸਾਥੀ ਕੈਦੀਆਂ ਨੂੰ ਸਹੂਲਤਾਂ ਦੇਣ ਬਦਲੇ ਕੈਦੀਆਂ ਦੇ ਪਰਿਵਾਰਾਂ ਤੋਂ ਆਪਣੇ ਬੈਂਕ ਖਾਤੇ ਵਿਚ ਰੁਪਏ ਪਵਾ ਲੈਂਦਾ ਸੀ। ਗੌਰਵ ਨੇ ਸਾਥੀ ਕੈਦੀਆਂ ਦੇ ਪਰਿਵਾਰਾਂ ਤੋਂ 86,200 ਰੁਪਏ ਪਵਾ ਲਏ ਸਨ। ਉਸ ਦਾ ਖਾਤਾ ਕਾਰਪੋਰੇਸ਼ਨ ਬੈਂਕ ਸ਼ਾਹਬਾਦ ਮਾਰਕੰਡਾ ਵਿਚ ਹੈ।

ਐਸ.ਐਸ.ਪੀ. ਭਗਤਾਣਾ ਨੇ ਦੱਸਿਆ ਕਿ ਜਦੋਂ ਜੇਲ੍ਹ ਅਧਿਕਾਰੀਆਂ ਨੂੰ ਇਸ ਦਾ ਪਤਾ ਲੱਗਿਆ ਤਾਂ ਜੇਲ੍ਹ ਅਫਸਰਾਂ ਨੇ ਇਕ ਕੈਦੀ ਪਵਨ ਕੁਮਾਰ ਰਾਹੀਂ ਗੌਰਵ ਤੋਂ ਇਸ ਬਦਲੇ ਇਕ ਲੱਖ ਰੁਪਏ ਦੀ ਰਿਸ਼ਵਤ ਮੰਗੀ। ਜੇਲ੍ਹ ਦੇ ਡਿਪਟੀ ਸੁਪਰਡੈਂਟ ਗੁਰਜੀਤ ਸਿੰਘ ਬਰਾੜ ਨੇ ਗੌਰਵ ਨੂੰ ਆਪਣੇ ਦਫਤਰ ਬੁਲਾ ਕੇ ਕੁੱਟਿਆ ਅਤੇ ਪੈਸੇ ਵਾਪਸ ਮੰਗੇ। ਗੌਰਵ ਨੇ ਇਸ ਬਦਲੇ ਇਕ ਲੱਖ ਰੁਪਏ ਦੀ ਰਿਸ਼ਵਤ ਦੇਣਾ ਕਬੂਲ ਕੀਤਾ ਅਤੇ ਕੈਦੀਆਂ ਦੇ ਪਰਿਵਾਰਾਂ ਤੋਂ ਖਾਤੇ ਵਿਚ ਪਵਾਈ ਰਾਸ਼ੀ ਦਾ ਚੈੱਕ ਦੇਣ ਦਾ ਵਾਅਦਾ ਕਰ ਲਿਆ। ਕੈਦੀ ਗੌਰਵ ਦਾ ਭਰਾ ਰਵਿੰਦਰ ਕੁਮਾਰ ਜੇਲ੍ਹ ਤੋਂ ਬਾਹਰ ਮਾਨਸਾ ਲਾਗੇ 86,200 ਰੁਪਏ ਦਾ ਚੈੱਕ ਅਤੇ 50 ਹਜ਼ਾਰ ਰੁਪਏ ਨਕਦ ਲੈ ਕੇ ਪੁੱਜਿਆ ਸੀ। ਜਿਉਂ ਹੀ ਰਵਿੰਦਰ ਕੁਮਾਰ ਨੇ ਇਹ ਰਾਸ਼ੀ ਤੇ ਚੈੱਕ ਦਿੱਤਾ ਤਾਂ ਉਦੋਂ ਹੀ ਪਾਸੇ ਬੈਠੇ ਵਿਜੀਲੈਂਸ ਅਫਸਰਾਂ ਨੇ ਭਲਾਈ ਅਫਸਰ ਸਿਕੰਦਰ ਸਿੰਘ ਅਤੇ ਕੈਦੀ ਪਵਨ ਕੁਮਾਰ ਨੂੰ ਕਾਬੂ ਕਰ ਲਿਆ।

## ਪੰਜਾਬ ਦਾ ਅਤਪ੍ਰੀਤਇੰਦਰ ਅਮਰੀਕੀ ਫੌਜ 'ਚ ਸਾਰਜੈਂਟ

**ਵਾਸ਼ਿੰਗਟਨ:** ਅਤਪ੍ਰੀਤਇੰਦਰ ਸਿੰਘ ਦੀ ਅਮਰੀਕੀ ਫੌਜ ਵਿਚ ਸਾਰਜੈਂਟ ਵਜੋਂ ਨਿਯੁਕਤੀ ਹੋਈ ਹੈ। ਉਹ ਵਾਸ਼ਿੰਗਟਨ ਵਿਚ ਸੇਵਾਵਾਂ ਨਿਭਾਏਗਾ। ਅਤਪ੍ਰੀਤਇੰਦਰ ਸਿੰਘ ਬਨੂੜ ਦਾ ਰਹਿਣ ਵਾਲਾ ਹੈ। ਉਹ ਨਵੰਬਰ 2007 ਵਿਚ ਬਾਰ੍ਹਵੀਂ ਪਾਸ ਕਰ ਕੇ ਅਗਲੀ ਪੜ੍ਹਾਈ ਲਈ ਅਮਰੀਕਾ ਗਿਆ ਸੀ।

ਪਿਟਸਬਰਗ ਯੂਨੀਵਰਸਿਟੀ ਵਿਚੋਂ ਅਕਾਊਂਟਿੰਗ ਦੀ ਡਿਗਰੀ ਕਰਨ ਬਾਅਦ ਉਸ ਨੇ ਇੰਟੈਲੀਜੈਂਸੀ ਆਨ ਹਿਊਮਨ ਸੋਰਸਿਜ਼ ਵਿਸ਼ੇ ਵਿਚ ਮਾਸਟਰ ਡਿਗਰੀ ਹਾਸਲ ਕੀਤੀ। ਸਾਬਤ ਸੂਰਤ ਅਤਪ੍ਰੀਤਇੰਦਰ ਨੇ ਅਮਰੀਕੀ ਫੌਜ ਵਿਚ ਜਾਣ ਲਈ ਸਰੀਰਕ ਪ੍ਰੀਖਿਆ ਪਾਸ ਕਰਨ ਬਾਅਦ ਲਿਖਤੀ ਪ੍ਰੀਖਿਆ ਅੱਵਲ ਦਰਜੇ 'ਚ ਪਾਸ ਕੀਤੀ। ਉਨ੍ਹਾਂ ਨੇ ਅਮਰੀਕਾ ਦੇ ਸ਼ਹਿਰ ਮਜ਼ੂਰੀ 'ਚ ਫੌਜੀ ਸੇਵਾਵਾਂ ਲਈ ਛੇ ਮਹੀਨੇ ਦੀ ਸਿਖਲਾਈ ਲਈ। ਅਤਪ੍ਰੀਤਇੰਦਰ ਸਿੰਘ ਦਾ ਕਹਿਣਾ ਹੈ ਕਿ ਉਹ ਇਹ ਗੱਲ ਧਾਰ ਕੇ ਆਇਆ ਸੀ ਕਿ ਉਹ ਸਿੱਖੀ ਸਰੂਪ ਵਿਚ ਰਹਿੰਦਾ ਹੋਇਆ ਅਮਰੀਕੀ ਫੌਜ ਵਿਚ ਜਾਵੇਗਾ। ਉਸ ਨੇ ਆਪਣੇ ਨਿਸ਼ਾਨੇ ਦੀ ਪੂਰਤੀ ਲਈ ਦਿਨ ਰਾਤ ਮਿਹਨਤ ਕੀਤੀ।


# Matrimonials

### ਲੜਕੇ ਦੀ ਲੋੜ ਹੈ

Seeking a suitable match for Green card holder, Registered Nurse (RN) girl. 28, 5'-2". Caste no bar. Boy should be well educated, US citizen or green card holder. Ph: 317-712-7190 49-52

Wanted suitable boy for Sikh Ahluwalia beautiful girl, 30, 5'-1", B.Com, MBA from a reputed family, working as an assistant professor. Upper caste no bar. Contact, Ph: 91-98141-09225 or e-mail: Paulsangeeta@yahoo.co.in 49-

### ਲੜਕੀ ਦੀ ਲੋੜ ਹੈ

Ramgariah family looking for a suitable Ramgariah match for their U. S. born son, Sr. Financial Analyst 34 years, 5'-10". Please contact: jsnov1973@aol.com 51/4

### ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 31 ਸਾਲ, ਕੱਦ 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 319-670-8892 49-50

Wanted suitable girl for clean shaven Sikh Rajput (Rathore) boy 29, 5'-9", B.E., MBA (USA). Working in Chicago on H1B visa. Both sisters married and settled in the USA. Contact, Ph: 91-98150-34814 or singhmatri8@gmail.com 47-50

Saini Sikh clean shave boy, 27, 6', M.Sc. Bio Technology doing BDS in Chandigarh, seeks suitable Saini/Jatt Sikh girl in medical field. Family well settled in the USA. Please contact, Ph: 516-503-9541 44-51


# ਪਾਕਿਸਤਾਨ ਵਿਚ ਸਿੱਖਾਂ 'ਤੇ ਧਰਮ ਤਬਦੀਲੀ ਲਈ ਦਬਾਅ

**ਹਾਂਗੂ:** ਪਾਕਿਸਤਾਨ ਦੇ ਸੂਬਾ ਖੈਬਰ ਪਖਤੂਨਖਵਾ ਦੇ ਜ਼ਿਲ੍ਹਾ ਹਾਂਗੂ ਵਿਚ ਸਹਾਇਕ ਕਮਿਸ਼ਨਰ ਵੱਲੋਂ ਸਿੱਖਾਂ ਨੂੰ ਮੁਸਲਿਮ ਧਰਮ ਧਾਰਨ ਕਰਨ ਲਈ ਮਜਬੂਰ ਕਰਨ ਬਾਰੇ ਪਤਾ ਲੱਗਾ ਹੈ। ਸਬੰਧਤ ਅਧਿਕਾਰੀ ਨੇ ਸਿੱਖਾਂ ਨੂੰ ਦਫਤਰ ਬੁਲਾ ਕੇ ਉਨ੍ਹਾਂ ਉਤੇ ਧਰਮ ਤਬਦੀਲ ਕਰਨ ਦਾ ਦਬਾਅ ਬਣਾਉਂਦਿਆਂ ਕਾਰੋਬਾਰ ਬੰਦ ਕਰਾਉਣ ਦੀ ਵੀ ਧਮਕੀ ਦਿੱਤੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਾਕਿਸਤਾਨ ਅੰਦਰ ਸਿੱਖਾਂ ਨੂੰ ਧਰਮ ਪਰਿਵਰਤਨ ਲਈ ਦਬਾਉਣ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਇਸ ਨੂੰ ਧਾਰਮਿਕ ਆਜ਼ਾਦੀ ਦੇ ਅਧਿਕਾਰਾਂ ਦੀ ਉਲੰਘਣਾ ਕਰਾਰ ਦਿੱਤਾ ਹੈ। ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਪਾਕਿਸਤਾਨ ਅੰਦਰ ਘੱਟ ਗਿਣਤੀ ਸਿੱਖਾਂ ਨਾਲ ਅਜਿਹਾ ਧੱਕਾ ਬਰਦਾਸ਼ਤਯੋਗ ਨਹੀਂ ਹੈ ਤੇ ਇਸ ਮਾਮਲੇ ਵਿਚ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅੱਜ ਪੂਰੀ ਦੁਨੀਆਂ ਅੰਦਰ ਸਿੱਖ ਆਪਣੀ ਮਿਹਨਤ ਤੇ ਲਿਆਕਤ ਨਾਲ ਉਚ ਮੁਕਾਮ ਹਾਸਲ ਕਰ ਰਹੇ ਹਨ ਤੇ ਇਹ ਕੌਮ ਭਾਈਚਾਰਕ ਸਾਂਝ ਦੀ ਹਮਾਇਤੀ ਹੈ। ਵਿਸ਼ਵ ਨੂੰ ਆਪਣੇ ਕਲਾਵੇ ਵਿਚ ਲੈਣ ਵਾਲੇ ਸਿੱਖ ਜਿਥੇ ਵੀ ਰਹਿੰਦੇ ਹਨ, ਉਸ ਦੇਸ਼ ਦੀ ਤਰੱਕੀ ਲਈ ਹਮੇਸ਼ਾ ਭਾਈਵਾਲ ਬਣਦੇ ਹਨ, ਪਰ ਦੁੱਖ ਦੀ ਗੱਲ ਹੈ ਕਿ ਸਿੱਖਾਂ ਨਾਲ ਅਜਿਹੀਆਂ ਵਧੀਕੀਆਂ ਹੁੰਦੀਆਂ ਹਨ। ਉਨ੍ਹਾਂ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਤੋਂ ਮੰਗ ਕੀਤੀ ਕਿ ਦੋਸ਼ੀਆਂ ਖਿਲਾਫ਼ ਕਾਰਵਾਈ ਕੀਤੀ ਜਾਵੇ ਅਤੇ ਅੱਗੇ ਤੋਂ ਘੱਟ ਗਿਣਤੀ ਸਿੱਖਾਂ ਦੀ ਧਾਰਮਿਕ ਆਜ਼ਾਦੀ ਅਤੇ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ।

## ਬਿਹਾਰ ਸਰਕਾਰ ਵੱਲੋਂ ਸਿੱਖਾਂ ਨੂੰ ਵੱਡਾ ਤੋਹਫਾ

**ਅੰਮ੍ਰਿਤਸਰ:** ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ 351ਵੇਂ ਪ੍ਰਕਾਸ਼ ਪੁਰਬ ਮੌਕੇ ਪਟਨਾ ਵਿਚ ਸਥਾਪਤ ਗੁਰਦੁਆਰਾ ਗੁਰੂ ਕਾ ਬਾਗ ਨੇੜੇ ਦਸਵੇਂ ਪਾਤਸ਼ਾਹ ਦੀ ਯਾਦ ਵਿਚ ਯਾਦਗਾਰੀ ਪਾਰਕ ਬਣਾਉਣ ਦਾ ਐਲਾਨ ਕੀਤਾ ਹੈ। ਉਹ ਗੁਰਦੁਆਰਾ ਬਾਲ ਲੀਲਾ ਵਿਖੇ ਸੰਗਤ ਦੀ ਆਮਦ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲੈਣ ਪੁੱਜੇ ਸਨ। ਮੁੱਖ ਮੰਤਰੀ ਨੇ ਗੁਰਦੁਆਰਾ ਬਾਲ ਲੀਲਾ ਵਿਖੇ ਮੱਥਾ ਟੇਕਿਆ ਅਤੇ ਸੰਗਤ ਦੀ ਰਿਹਾਇਸ਼ ਤੇ ਲੰਗਰ ਵਾਸਤੇ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਅਤੇ ਲੰਗਰ ਵਰਤਾਉਣ ਦੀ ਸੇਵਾ ਵੀ ਕੀਤੀ।

ਮੁੱਖ ਮੰਤਰੀ ਨੇ ਆਖਿਆ ਕਿ ਬਿਹਾਰ ਸਰਕਾਰ ਸੰਗਤ ਦੀ ਸੇਵਾ ਤੇ ਸਤਿਕਾਰ ਨੂੰ ਸਮਰਪਤ ਹੈ। ਉਨ੍ਹਾਂ ਨੇ ਇਤਿਹਾਸਕ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਯਾਦਗਾਰੀ ਪਾਰਕ ਬਣਾਉਣ ਦਾ ਐਲਾਨ ਕੀਤਾ, ਜਿਸ ਲਈ ਲੋੜੀਂਦੇ ਫੰਡ ਵੀ ਜਾਰੀ ਕੀਤੇ ਗਏ। ਗੁਰਦੁਆਰੇ ਨਾਲ ਉਸਾਰੇ ਜਾਣ ਵਾਲੇ ਇਸ ਪਾਰਕ ਵਿਚ ਸੁੰਦਰ ਲੈਂਡ ਸਕੇਪਿੰਗ ਅਤੇ ਬੇਸ਼ਕੀਮਤੀ ਪੱਥਰ ਲਾਇਆ ਜਾਵੇਗਾ। ਮੌਕੇ 'ਤੇ ਹਾਜ਼ਰ ਅਧਿਕਾਰੀਆਂ ਨੂੰ ਉਨ੍ਹਾਂ ਇਸ ਸਬੰਧੀ ਲੋੜੀਂਦੇ ਨਿਰਦੇਸ਼ ਵੀ ਦਿੱਤੇ।

## ਹੁਣ ਪੁਲਿਸ ਨਹੀਂ ਪੁੱਛ ਸਕੇਗੀ ਕਿਸੇ ਦੀ ਜਾਤ

**ਚੰਡੀਗੜ੍ਹ:** ਪੁਲਿਸ ਰਿਕਾਰਡ ਵਿਚ ਜਾਤ ਦਾ ਜ਼ਿਕਰ ਕਰਨ ਦੀ ਮਨਾਹੀ ਹੋਵੇਗੀ। ਪੰਜਾਬ ਤੇ ਹਰਿਆਣਾ ਦੀਆਂ ਸਰਕਾਰਾਂ ਸਮੇਤ ਚੰਡੀਗੜ੍ਹ ਪ੍ਰਸ਼ਾਸਨ ਨੇ ਪੁਲਿਸ ਰਿਕਾਰਡਾਂ ਤੇ ਐਫ.ਆਈ.ਆਰ. ਵਿਚੋਂ ਜਾਤ ਦਰਸਾਉਣ ਵਾਲਾ ਕਾਲਮ ਖਤਮ ਕੀਤੇ ਜਾਣ ਦੀ ਹਾਮੀ ਭਰੀ ਹੈ।

# ਸੈਲਫੀਆਂ ਦੇ ਸ਼ੌਕੀਨ ਖਬਰਦਾਰ!

**ਲੰਡਨ:** ਸਮਾਰਟਫੋਨਾਂ ਉਤੇ ਬਹੁਤੀਆਂ ਸੈਲਫੀਆਂ ਲੈਣਾ ਵੀ ਮਾਨਸਿਕ ਵਿਗਾੜ ਦੀ ਨਿਸ਼ਾਨੀ ਹੋ ਸਕਦਾ ਹੈ ਜਿਸ ਦਾ ਇਲਾਜ ਹੋਣਾ ਚਾਹੀਦਾ ਹੈ। ਭਾਰਤ 'ਚ ਹੋਏ ਅਧਿਐਨ ਦੌਰਾਨ ਇਸ ਦਾ ਖੁਲਾਸਾ ਹੋਇਆ ਹੈ।

ਯੂਕੇ ਦੀ ਨੌਟਿੰਘਮ ਟਰੈਂਟ ਯੂਨੀਵਰਸਿਟੀ ਅਤੇ ਤਾਮਿਲਨਾਡੂ ਦੇ ਤਿਆਗਰਾਜਾਰ ਸਕੂਲ ਆਫ ਮੈਨੇਜਮੈਂਟ ਨੇ ਮਿਲ ਕੇ 2014 ਵਿਚ ਮੀਡੀਆ 'ਚ ਆਈ ਉਸ ਰਿਪੋਰਟ ਮਗਰੋਂ ਅਧਿਐਨ ਸ਼ੁਰੂ ਕੀਤਾ ਸੀ, ਜਿਸ ਮੁਤਾਬਕ ਅਮਰੀਕੀ ਮਨੋਵਿਗਿਆਨ ਐਸੋਸੀਏਸ਼ਨ ਨੇ ਸੈਲਫੀਆਂ ਲੈਣ ਵਾਲਿਆਂ ਨੂੰ ਮਾਨਸਿਕ ਵਿਗਾੜ ਦੀ ਸ਼੍ਰੇਣੀ 'ਚ ਰੱਖਿਆ ਸੀ। ਉਨ੍ਹਾਂ 'ਸੈਲਫੀਆਂ ਖਿੱਚਣ ਵਾਲਿਆਂ ਦੇ ਵਤੀਰੇ ਸਬੰਧੀ ਪੈਮਾਨਾ' ਬਣਾਇਆ ਜਿਸ ਦੀ ਵਰਤੋਂ ਨਾਲ ਇਸ ਦੀ ਤੀਬਰਤਾ ਦਾ ਪਤਾ ਲਾਇਆ ਜਾ ਸਕਦਾ ਹੈ। ਇਸ ਪੈਮਾਨੇ ਦੀ ਵਰਤੋਂ 400 ਪ੍ਰਤੀਭਾਗੀਆਂ ਦੇ ਸਰਵੇਖਣ ਮਗਰੋਂ ਕੀਤੀ ਗਈ। ਦਿਨ 'ਚ ਘੱਟੋ ਘੱਟ ਛੇ ਵਾਰ ਸੈਲਫੀਆਂ ਖਿੱਚ ਕੇ ਉਨ੍ਹਾਂ ਨੂੰ ਸੋਸ਼ਲ ਮੀਡੀਆ 'ਤੇ ਪਾਉਣਾ ਸਭ ਤੋਂ ਵੱਧ ਖਤਰਨਾਕ ਰੁਝਾਨ ਮੰਨਿਆ ਗਿਆ।

# ਕੌਮਾਂਤਰੀ ਪਰਵਾਸ ਵਿਚ ਭਾਰਤ ਅੱਗੇ

**ਸੰਯੁਕਤ ਰਾਸ਼ਟਰ:** ਕੌਮਾਂਤਰੀ ਪਰਵਾਸ ਵਿਚ ਭਾਰਤ ਮੋਹਰੀ ਹੈ। ਭਾਰਤ ਦੇ 1.70 ਕਰੋੜ ਲੋਕਾਂ ਨੇ ਬੇਗਾਨੇ ਮੁਲਕਾਂ ਵੱਲ ਰੁਖ ਕੀਤਾ ਹੈ ਅਤੇ ਇਕੱਲੇ ਖਾੜੀ ਖੇਤਰ ਵਿਚ ਤਕਰੀਬਨ 50 ਲੱਖ ਭਾਰਤੀ ਰਹਿੰਦੇ ਹਨ। 2017 ਕੌਮਾਂਤਰੀ ਪਰਵਾਸ ਰਿਪੋਰਟ ਮੁਤਾਬਕ ਮੈਕਸਿਕੋ, ਰੂਸ, ਚੀਨ, ਬੰਗਲਾਦੇਸ਼, ਸੀਰੀਆ, ਪਾਕਿਸਤਾਨ ਅਤੇ ਯੂਕਰੇਨ ਦੇ ਵੀ ਵੱਡੀ ਗਿਣਤੀ ਲੋਕਾਂ ਨੇ ਹੋਰ ਮੁਲਕਾਂ ਵਿਚ ਪਰਵਾਸ ਕੀਤਾ ਹੈ। ਇਨ੍ਹਾਂ ਮੁਲਕਾਂ ਦੇ ਵਿਦੇਸ਼ ਵਸੇ ਲੋਕਾਂ ਦੀ ਗਿਣਤੀ 60 ਲੱਖ ਤੋਂ 1.10 ਕਰੋੜ ਦਰਮਿਆਨ ਹੈ।


2017 ਵਿਚ ਭਾਰਤੀ ਪਰਵਾਸੀਆਂ ਦੀ ਗਿਣਤੀ 1.70 ਕਰੋੜ ਰਹੀ ਹੈ, ਜੋ ਸਭ ਤੋਂ ਵੱਧ ਹੈ। ਇਸ ਬਾਅਦ ਮੈਕਸਿਕੋ ਦਾ ਨੰਬਰ ਆਉਂਦਾ ਹੈ, ਜਿਸ ਦੇ 1.30 ਕਰੋੜ ਲੋਕਾਂ ਨੇ ਪਰਵਾਸ ਕੀਤਾ ਹੈ। ਰੂਸ ਦੇ 1.10 ਕਰੋੜ, ਚੀਨ ਦੇ ਇਕ ਕਰੋੜ, ਬੰਗਲਾਦੇਸ਼ ਦੇ 70 ਲੱਖ, ਸੀਰੀਆ ਦੇ 70 ਲੱਖ, ਪਾਕਿਸਤਾਨ ਤੇ ਯੂਕਰੇਨ ਦੇ 60-60 ਲੱਖ ਲੋਕਾਂ ਨੇ ਬੇਗਾਨੇ ਮੁਲਕਾਂ ਵਿਚ ਡੇਰੇ ਲਾਏ ਹਨ। ਇਸ ਰਿਪੋਰਟ ਮੁਤਾਬਕ 30 ਲੱਖ ਭਾਰਤੀ ਯੂ.ਏ.ਈ. ਵਿਚ ਰਹਿੰਦੇ ਹਨ। ਅਮਰੀਕਾ ਤੇ ਸਾਊਦੀ ਅਰਬ ਵਿਚ 20-20 ਲੱਖ ਭਾਰਤੀਆਂ ਨੇ ਪਰਵਾਸ ਕੀਤਾ ਹੈ। ਇਸ ਰਿਪੋਰਟ ਮੁਤਾਬਕ ਕੌਮਾਂਤਰੀ ਪਰਵਾਸ ਨੇ ਵਿਸ਼ਵ ਦੇ ਕਈ ਹਿੱਸਿਆਂ ਵਿਚ ਆਬਾਦੀ ਦੇ ਵਿਕਾਸ ਵਿਚ ਯੋਗਦਾਨ ਪਾਇਆ ਹੈ ਅਤੇ ਕੁਝ ਮੁਲਕਾਂ ਜਾਂ ਇਲਾਕਿਆਂ ਵਿਚ ਆਬਾਦੀ ਦੇ ਵਾਧੇ ਨੂੰ ਰੋਕਿਆ ਹੈ।

# ਬੇਅਦਬੀ ਕਾਂਡ ਦੀ ਜਾਂਚ ਮੁਕੰਮਲ

**ਪਟਿਆਲਾ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਰਿਪੋਰਟ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਇਸ ਮਹੀਨੇ ਕੈਪਟਨ ਸਰਕਾਰ ਨੂੰ ਸੌਂਪ ਦਿੱਤੀ ਜਾਵੇਗੀ। ਇਨ੍ਹਾਂ ਮਾਮਲਿਆਂ ਦੀ ਜਾਂਚ ਕਰ ਰਹੇ ਜਸਟਿਸ ਰਣਜੀਤ ਸਿੰਘ ਪਟਿਆਲਾ ਜ਼ਿਲ੍ਹੇ ਦੇ ਪਿੰਡ ਚਾਹਲ ਤੇ ਕਕਰਾਲਾ ਪਹੁੰਚੇ। ਜਸਟਿਸ ਰਣਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਖੁਦ ਹਰ ਥਾਂ ਜਾ ਕੇ ਬੇਅਦਬੀ ਦੀਆਂ ਘਟਨਾਵਾਂ ਬਾਰੇ ਸਬੂਤ ਇਕੱਠੇ ਕੀਤੇ ਹਨ।

ਪੂਰੇ ਮਾਮਲੇ ਦੀ ਤਹਿ ਤੱਕ ਪਹੁੰਚ ਗਏ ਹਨ। ਸਾਰੀਆਂ ਕੜੀਆਂ ਜੁੜ ਗਈਆਂ ਹਨ। ਹੁਣ ਜਲਦ ਹੀ ਪੂਰੀ ਰਿਪੋਰਟ ਤਿਆਰ ਕਰ ਕੇ ਸਰਕਾਰ ਨੂੰ ਸੌਂਪ ਦਿੱਤੀ ਜਾਏਗੀ। ਉਨ੍ਹਾਂ ਦੀ ਕੋਸ਼ਿਸ਼ ਰਹੀ ਹੈ ਕਿ ਇਸ ਬਾਰੇ ਕੋਈ ਵੀ ਸਬੂਤ ਛੁੱਟ ਨਾ ਜਾਵੇ। ਇਹ ਧਾਰਮਿਕ ਮਾਮਲਾ ਹੋਣ ਕਰ ਕੇ ਹਰ ਬਾਰੀਕੀ ਦੀ ਜਾਂਚ ਕੀਤੀ ਗਈ ਹੈ। ਹੁਣ ਰਿਪੋਰਟ ਤਿਆਰ ਹੈ ਤੇ ਇਹ ਸਰਕਾਰ ਨੂੰ ਸੌਂਪ ਦਿੱਤੀ ਜਾਵੇਗੀ।


# ਰੈਸਟੋਰੈਂਟ ਲਈ ਲੋੜ ਹੈ



ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ 'ਢਾਬਾ' ਲਈ ਅਨੁਭਵੀ ਤੰਦੂਰੀਏ, ਹੈਲਪਰ, ਵੇਟਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ

ਸੰਪਰਕ ਕਰੋ:

ਫੋਨ: 262-391-7666

50-52


# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

# ਹੋਂਦ ਬਚਾਉਣ ਲਈ ਅਕਾਲੀ ਦਲ ਮੁੜ ਪੰਥਕ ਏਜੰਡੇ ਵੱਲ ਤੁਰਿਆ

**ਅੰਮ੍ਰਿਤਸਰ:** ਦੋ ਦਹਾਕਿਆਂ ਤੋਂ ਪੰਥਕ ਏਜੰਡੇ ਤੋਂ ਮੂੰਹ ਮੋੜਨ ਵਾਲੇ ਸ਼੍ਰੋਮਣੀ ਅਕਾਲੀ ਦਲ ਨੇ ਮੁੜ ਪੰਥਕ ਏਜੰਡਾ ਅਪਨਾਉਣ ਲਈ 97ਵਾਂ ਸਥਾਪਨਾ ਦਿਵਸ ਮਨਾਉਣ ਦਾ ਸਮਾਗਮ ਦੀਵਾਨ ਹਾਲ, ਗੁਰਦੁਆਰਾ ਮੰਜੀ ਸਾਹਿਬ, ਸ੍ਰੀ ਦਰਬਾਰ ਸਾਹਿਬ ਵਿਚ ਰੱਖਿਆ। ਸ਼੍ਰੋਮਣੀ ਅਕਾਲੀ ਦਲ ਨੇ ਲੰਮੇ ਅਰਸੇ ਮਗਰੋਂ ਸਿੱਖਾਂ ਦੀ ਸਿਆਸੀ ਰਾਜਧਾਨੀ ਰਹੀ ਅੰਮ੍ਰਿਤਸਰ ਨੂੰ ਆਪਣੀਆਂ ਗਤੀਵਿਧੀਆਂ ਦਾ ਕੇਂਦਰ ਬਣਾਉਣਾ ਸ਼ੁਰੂ ਕੀਤਾ ਹੈ। ਅਕਾਲੀ ਆਗੂਆਂ ਨੇ ਐਲਾਨ ਕੀਤਾ ਕਿ ਪਾਰਟੀ ਵੱਲੋਂ ਇਕ ਦਫਤਰ ਅੰਮ੍ਰਿਤਸਰ ਵਿਚ ਵੀ ਸਥਾਪਤ ਕੀਤਾ ਜਾਵੇਗਾ।

ਦੱਸਣਯੋਗ ਹੈ ਕਿ ਸਾਕਾ ਨੀਲਾ ਤਾਰਾ ਤੋਂ ਪਹਿਲਾਂ ਪਾਰਟੀ ਦਾ ਦਫਤਰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਹੁੰਦਾ ਸੀ, ਜਿਸ ਨੂੰ ਦੋ ਦਹਾਕੇ ਪਹਿਲਾਂ ਚੰਡੀਗੜ੍ਹ ਤਬਦੀਲ ਕਰ ਦਿੱਤਾ ਗਿਆ ਸੀ। ਇਸ ਵਾਰ ਵਿਧਾਨ ਸਭਾ ਚੋਣਾਂ ਵਿਚ ਹੋਈ ਨਮੋਸ਼ੀਜਨਕ ਹਾਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਮੁੜ ਅੰਮ੍ਰਿਤਸਰ ਵੱਲ ਧਿਆਨ ਕੀਤਾ ਹੈ। ਜਿਸ ਤੋਂ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਉਹ ਮੁੜ ਪੰਥਕ ਏਜੰਡੇ ਵੱਲ ਪਰਤ ਰਹੇ ਹਨ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਮੌਕੇ ਦੇਸ਼ ਵੰਡ ਤੋਂ ਪਹਿਲਾਂ ਅਤੇ ਬਾਅਦ ਦੀ ਸਥਿਤੀ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ



ਸਰਕਾਰ ਦੇ ਜਬਰ ਅਤੇ ਜ਼ੁਲਮ ਦਾ ਡਟ ਕੇ ਸਾਹਮਣਾ ਕੀਤਾ ਜਾਵੇਗਾ।

ਇਸ ਮੌਕੇ ਉਨ੍ਹਾਂ ਅਕਾਲੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਵੀ ਜ਼ਿਕਰ ਕੀਤਾ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਪੰਜਾਬੀਆਂ ਨਾਲ ਹੋਏ ਵਿਤਕਰਿਆਂ ਦੀ ਗੱਲ ਕੀਤੀ। ਉਨ੍ਹਾਂ ਐਲਾਨ ਕੀਤਾ ਕਿ ਚੰਡੀਗੜ੍ਹ ਮੁੱਖ ਦਫਤਰ ਵਿਚ ਇਕ ਅਜਾਇਬ ਘਰ ਸਥਾਪਤ ਕੀਤਾ ਜਾਵੇਗਾ, ਜਿਥੇ ਪਾਰਟੀ ਵਰਕਰਾਂ ਦੀਆਂ ਫੋਟੋਆਂ ਸਥਾਪਤ ਹੋਣਗੀਆਂ। ਦੱਸ ਦਈਏ ਕਿ 2020 ਵਿਚ 100 ਸਾਲਾਂ ਦੀ ਹੋਣ ਜਾ ਰਹੀ ਦੇਸ਼ ਦੀ ਦੂਜੀ ਸਭ ਤੋਂ ਪੁਰਾਣੀ ਸਿਆਸੀ ਜਮਾਤ ਸ਼੍ਰੋਮਣੀ ਅਕਾਲੀ ਦਲ ਅੱਜ ਲੀਡਰਸ਼ਿਪ ਦੀ ਭਰੋਸੇਯੋਗਤਾ ਦੇ ਵੱਡੇ ਸੰਕਟ ਦਾ ਸਾਹਮਣਾ ਕਰ ਰਹੀ ਹੈ।


'ਪੰਜਾਬੀ ਸੂਬਾ' ਬਣਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੂੰ ਇਤਿਹਾਸ ਦੀ ਸਭ ਤੋਂ ਨਮੋਸ਼ੀਜਨਕ ਹਾਰ ਦਾ ਸਾਹਮਣਾ ਫਰਵਰੀ 2017 ਦੀਆਂ ਸੂਬਾਈ ਚੋਣਾਂ ਵਿਚ ਕਰਨਾ ਪਿਆ ਜਦੋਂ ਵਿਧਾਨ ਸਭਾ ਵਿਚ ਇਹ ਮਹਿਜ਼ 15 ਸੀਟਾਂ ਤੱਕ ਸੀਮਤ ਹੋ ਗਿਆ ਅਤੇ ਵੋਟ ਪ੍ਰਤੀਸ਼ਤਤਾ ਵੀ 2012 ਦੀਆਂ ਸੂਬਾਈ ਚੋਣਾਂ ਦੇ 34.73 ਫੀਸਦੀ ਤੋਂ ਘੱਟ ਕੇ 25.2 ਫੀਸਦੀ ਰਹਿ ਗਈ। ਚੋਣਾਂ ਤੋਂ ਬਾਅਦ ਇਹ ਆਸ ਕੀਤੀ ਜਾ ਰਹੀ ਸੀ ਕਿ 1975 ਦੀ ਐਮਰਜੈਂਸੀ ਵਰਗੇ ਹਾਲਾਤ ਵਿਚ ਵੀ ਜਮਹੂਰੀਅਤ ਲਈ ਡੱਟ ਕੇ ਪਹਿਰਾ ਦੇਣ ਵਾਲਾ ਅਕਾਲੀ ਦਲ ਆਪਣੀ ਹਾਰ ਉਤੇ ਖੁੱਲ੍ਹਦਿਲੀ ਨਾਲ ਆਤਮ ਚਿੰਤਨ ਕਰੇਗਾ, ਪਰ ਲੱਗਦਾ ਹੈ ਕਿ ਪਾਰਟੀ ਨੇ ਵਿਧਾਨ ਸਭਾ ਚੋਣਾਂ ਹਾਰਨ ਤੋਂ 8-9 ਮਹੀਨਿਆਂ ਬਾਅਦ ਅਜੇ ਤੱਕ ਅਜਿਹਾ ਕਰਨ ਬਾਰੇ ਸੋਚਿਆ ਤੱਕ ਵੀ ਨਹੀਂ। ਕਾਂਗਰਸ ਸਰਕਾਰ ਪ੍ਰਤੀ ਪੰਜਾਬ ਦੇ ਲੋਕਾਂ ਦਾ ਸ਼ੁਰੂਆਤੀ ਛਿਮਾਹੀ ਅੰਦਰ ਹੀ ਮੋਹ ਭੰਗ ਹੋਣ ਦੇ ਬਾਵਜੂਦ ਅਕਾਲੀ ਦਲ ਲੋਕਾਂ ਦੀ ਹਮਦਰਦੀ ਹਾਸਲ ਨਹੀਂ ਕਰ ਸਕਿਆ।

## ਅਕਾਲੀ ਦਲ ਖਿਲਾਫ ਦੋਹਰਾ ਸੰਵਿਧਾਨ ਰੱਖਣ ਦੇ ਦੋਸ਼

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੇ ਆਪ ਨੂੰ ਧਰਮ-ਨਿਰਪੱਖ ਪਾਰਟੀ ਦੱਸ ਕੇ ਚੋਣ ਕਮਿਸ਼ਨ ਕੋਲ ਜਮ੍ਹਾਂ ਕਰਵਾਏ ਗਏ ਸੰਵਿਧਾਨ ਬਾਰੇ ਸੋਸ਼ਲਿਸਟ ਪਾਰਟੀ (ਇੰਡੀਆ) ਦੇ ਕੌਮੀ ਮੀਤ ਪ੍ਰਧਾਨ ਬਲਵੰਤ ਸਿੰਘ ਖੇੜਾ ਨੇ ਅਕਾਲੀ ਦਲ ਨੂੰ ਚੁਣੌਤੀ ਦਿੱਤੀ ਹੋਈ ਹੈ ਕਿ ਉਸ ਨੇ ਦੋ ਸੰਵਿਧਾਨ ਪੇਸ਼ ਕਰ ਕੇ ਪੰਜਾਬ ਅਤੇ ਸਿੱਖ ਕੌਮ ਨੂੰ ਧੋਖੇ ਵਿਚ ਰੱਖਿਆ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ 14 ਦਸੰਬਰ 1920 ਨੂੰ ਉਦੋਂ ਹੋਂਦ ਵਿਚ ਆਇਆ ਸੀ ਜਦੋਂ ਗੁਰਦੁਆਰਾ ਸੁਧਾਰ ਲਹਿਰ ਚੱਲ ਰਹੀ ਸੀ। ਆਜ਼ਾਦੀ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਪਾਰਲੀਮੈਂਟ ਤੇ ਵਿਧਾਨ ਸਭਾ ਦੀ ਚੋਣ ਲੜਨ ਲੱਗ ਪਿਆ ਸੀ। ਸੰਵਿਧਾਨ ਅਨੁਸਾਰ ਧਾਰਮਿਕ ਪਾਰਟੀਆਂ ਚੋਣਾਂ ਵਿਚ ਹਿੱਸਾ ਨਹੀਂ ਲੈ ਸਕਦੀਆਂ, ਇਸ ਲਈ ਚੋਣ ਕਮਿਸ਼ਨ ਨੇ 1951 ਦੇ ਕਾਨੂੰਨ ਵਿਚ ਸੋਧ ਕਰ ਕੇ ਸਾਰੀਆਂ ਪਾਰਟੀਆਂ ਨੂੰ ਨਵੇਂ ਸਿਰਿਓਂ ਰਜਿਸਟ੍ਰੇਸ਼ਨ ਕਰਵਾਉਣ ਅਤੇ ਹਲਫਨਾਮੇ ਦਾਖਲ ਕਰਵਾਉਣ ਲਈ ਹੁਕਮ ਦਿੱਤੇ ਸਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹੁੰਦਿਆਂ ਪ੍ਰਕਾਸ਼ ਸਿੰਘ ਬਾਦਲ ਦੀ ਹਦਾਇਤ 'ਤੇ ਉਸ ਵੇਲੇ ਦੇ ਪਾਰਟੀ ਦੇ ਜਨਰਲ ਸਕੱਤਰ ਮਨਜੀਤ ਸਿੰਘ ਕਲਕੱਤਾ ਨੇ ਲੋੜੀਂਦਾ ਰਿਕਾਰਡ ਬਣਾ ਕੇ ਦਿੱਤਾ ਸੀ। ਪਾਰਟੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵੀ ਲੜਦੀ ਹੈ ਪਰ ਡਾਇਰੈਕਟੋਰੇਟ ਦਿੱਲੀ ਚੋਣਾਂ ਵੱਲੋਂ ਇਹ ਸਪੱਸ਼ਟ ਹਦਾਇਤਾਂ ਹਨ ਕਿ ਸਿਰਫ ਧਾਰਮਿਕ ਪਾਰਟੀਆਂ ਹੀ ਇਸ ਵਿਚ ਹਿੱਸਾ ਲੈ ਸਕਦੀਆਂ ਹਨ।

## ਪੰਜਾਬ ਵਿਚ ਫਰਜ਼ੀ ਪੈਨਸ਼ਨਰਾਂ ਦੀ ਭਰਮਾਰ

**ਚੰਡੀਗੜ੍ਹ:** ਪੰਜਾਬ ਵਿਚ ਫਰਜ਼ੀ ਪੈਨਸ਼ਨਰਾਂ ਦੀ ਭਰਮਾਰ ਹੈ। ਕੈਪਟਨ ਸਰਕਾਰ ਵੱਲੋਂ ਸ਼ੁਰੂ ਕੀਤੇ ਸਰਵੇ ਦੌਰਾਨ ਹੁਣ ਤੱਕ ਕੋਈ ਇਕ ਲੱਖ 22 ਹਜ਼ਾਰ ਫਰਜ਼ੀ ਪੈਨਸ਼ਨਰ ਸਾਹਮਣੇ ਆਏ ਹਨ, ਜਦੋਂ ਕਿ ਸਰਵੇ ਦਾ 5 ਫੀਸਦੀ ਕੰਮ ਪੂਰਾ ਕੀਤਾ ਜਾਣਾ ਹਾਲੇ ਬਾਕੀ ਹੈ।



ਕੈਪਟਨ ਸਰਕਾਰ ਵੱਲੋਂ ਅਪਰੈਲ ਮਹੀਨੇ ਤੋਂ ਉਕਤ ਸਰਵੇ ਕਾਰਨ ਪੈਨਸ਼ਨਾਂ ਦੀ ਅਦਾਇਗੀ ਬੰਦ ਕਰ ਦਿੱਤੀ ਗਈ ਸੀ। ਪੈਨਸ਼ਨਰਾਂ ਦੀਆਂ ਮਗਰਲੇ 8 ਮਹੀਨਿਆਂ ਦੀਆਂ ਦੇਣਦਾਰੀਆਂ ਖੜ੍ਹੀਆਂ ਹਨ ਜੋ ਵਿੱਤ ਵਿਭਾਗ ਲਈ ਵੱਡੀ ਚਿੰਤਾ ਦਾ ਵਿਸ਼ਾ ਹਨ। ਸੂਬੇ ਦੀ ਸਮਾਜਿਕ ਭਲਾਈ ਮੰਤਰੀ ਰਜ਼ੀਆ ਸੁਲਤਾਨਾ ਵੱਲੋਂ ਵਿੱਤ ਵਿਭਾਗ ਨੂੰ ਲਿਖਿਆ ਗਿਆ ਹੈ ਕਿ ਹੁਣ ਜਦੋਂ ਸਰਵੇ ਦਾ ਕੰਮ ਤਕਰੀਬਨ 95 ਫੀਸਦੀ ਪੂਰਾ ਹੋ ਗਿਆ ਹੈ ਤਾਂ ਲਾਭਪਾਤਰੀਆਂ ਦੀਆਂ ਮੁਸ਼ਕਲਾਂ ਨੂੰ ਸਾਹਮਣੇ ਰੱਖਦਿਆਂ ਪੈਨਸ਼ਨਰਾਂ ਦੀ ਅਦਾਇਗੀ ਲਈ ਰਕਮ ਵਿਭਾਗ ਨੂੰ ਜਾਰੀ ਕੀਤੀ ਜਾਵੇ।

# ਨਸ਼ਾ ਤਸਕਰੀ: ਕੈਪਟਨ ਦੀ ਐਸ.ਟੀ.ਐਫ. ਖੁਦ ਸਵਾਲਾਂ ਦੇ ਘੇਰੇ 'ਚ ਆਈ

## ਹਾਈ ਕੋਰਟ ਨੇ ਟਾਸਕ ਫੋਰਸ ਵੱਲੋਂ ਦਰਜ ਮਾਮਲੇ ਦੀ ਜਾਂਚ ਲਈ ਬਣਾਈ 'ਸਿੱਟ'

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਵਧੀਕ ਡੀ.ਜੀ.ਪੀ. ਅਤੇ ਨਸ਼ਿਆਂ ਦੀ ਸਮਗਲਿੰਗ ਰੋਕਣ ਲਈ ਕਾਇਮ ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ.) ਦੇ ਮੁਖੀ ਹਰਪ੍ਰੀਤ ਸਿੰਘ ਸਿੱਧੂ ਅਤੇ ਮੋਗਾ ਦੇ ਐਸ.ਐਸ.ਪੀ. ਰਾਜਜੀਤ ਸਿੰਘ ਹੁੰਦਲ ਦਰਮਿਆਨ ਚੱਲ ਰਹੀ ਖਿੱਚੋਤਾਣ ਦਾ ਮਾਮਲਾ ਹਾਈ ਕੋਰਟ ਪਹੁੰਚ ਗਿਆ ਹੈ।

ਹਾਈ ਕੋਰਟ ਨੇ ਰਾਜਜੀਤ ਸਿੰਘ ਨੂੰ ਵੱਡੀ ਰਾਹਤ ਦਿੰਦਿਆਂ ਵਿਸ਼ੇਸ਼ ਟਾਸਕ ਫੋਰਸ ਵੱਲੋਂ ਮੁਹਾਲੀ ਵਿਚ ਨਸ਼ਿਆਂ ਦੀ ਤਸਕਰੀ ਸਬੰਧੀ ਦਰਜ ਮਾਮਲੇ ਦੀ ਤਫਤੀਸ਼ ਡੀ.ਜੀ.ਪੀ. ਰੈਂਕ ਦੇ ਅਧਿਕਾਰੀ ਸਿਧਾਰਥ ਚਟੋਪਾਧਿਆਏ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ (ਸਿੱਟ) ਨੂੰ ਸੌਂਪ ਦਿੱਤੀ ਹੈ। ਹਾਈ ਕੋਰਟ ਦਾ ਇਹ ਫੈਸਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਨਸ਼ਿਆਂ ਦੀ ਸਮਗਲਿੰਗ ਰੋਕਣ ਲਈ ਕਾਇਮ ਐਸ.ਟੀ.ਐਫ. ਲਈ ਵੱਡਾ ਝਟਕਾ ਹੈ। ਨਸ਼ਿਆਂ ਦੀ ਸਮਗਲਿੰਗ ਨਾਲ ਸਬੰਧਤ ਐਫ.ਆਈ.ਆਰ. ਦੀ ਜਾਂਚ ਦੇ ਮੁੱਦੇ 'ਤੇ ਵਧੀਕ ਡੀ.ਜੀ.ਪੀ. ਤੇ ਐਸ.ਟੀ.ਐਫ. ਮੁਖੀ ਹਰਪ੍ਰੀਤ





ਸਿੰਘ ਸਿੱਧੂ ਉਤੇ ਉਂਗਲ ਉਠਣ ਤੋਂ ਬਾਅਦ ਇਹ ਮਾਮਲਾ ਉਚ ਅਦਾਲਤ ਵਿਚ ਗਿਆ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਦੇ ਗਠਨ ਤੋਂ ਪਹਿਲਾਂ ਹੀ ਨਸ਼ਿਆਂ ਦੀ ਸਮਗਲਿੰਗ ਰੋਕਣ ਲਈ ਐਸ.ਟੀ.ਐਫ. ਕਾਇਮ ਕਰ ਕੇ ਵਧੀਕ ਡੀ.ਜੀ.ਪੀ. ਹਰਪ੍ਰੀਤ ਸਿੰਘ ਸਿੱਧੂ ਨੂੰ ਮੁਖੀ ਲਾਇਆ ਸੀ। ਪੁਲਿਸ ਦੀ ਇਹ ਵਿਸ਼ੇਸ਼ ਟੀਮ ਮੁੱਖ ਮੰਤਰੀ ਦਫਤਰ ਅਧੀਨ ਕੰਮ ਕਰਦੀ ਹੈ। ਐਸ.ਟੀ.ਐਫ. ਨੇ ਵੱਡੀ ਕਾਰਵਾਈ ਕਰਦਿਆਂ ਪੰਜਾਬ ਪੁਲਿਸ ਦੇ ਇੰਸਪੈਕਟਰ ਇੰਦਰਜੀਤ ਸਿੰਘ (ਹੁਣ ਬਰਖਾਸਤ) ਨੂੰ ਨਸ਼ਿਆਂ ਅਤੇ ਹਥਿਆਰਾਂ ਸਮੇਤ ਗ੍ਰਿਫਤਾਰ ਕੀਤਾ ਸੀ।

ਇਸ ਸਬੰਧੀ ਮੁਹਾਲੀ ਵਿਚ ਐਨ.ਡੀ.ਪੀ.ਐਸ. ਅਤੇ ਅਸਲਾ ਐਕਟ ਦੀਆਂ ਧਾਰਾਵਾਂ ਤਹਿਤ 12 ਜੂਨ ਨੂੰ ਐਫ.ਆਈ.ਆਰ. ਨੰਬਰ 1 ਦਰਜ ਕੀਤੀ ਗਈ ਸੀ।


ਇੰਸਪੈਕਟਰ ਇੰਦਰਜੀਤ ਸਿੰਘ ਦੀ ਨਸ਼ਿਆਂ ਦੀ ਵੱਡੀ ਬਰਾਮਦਗੀ ਦੇ ਮਾਮਲੇ ਵਿਚ ਗ੍ਰਿਫਤਾਰੀ ਨੂੰ ਐਸ.ਟੀ.ਐਫ. ਵੱਲੋਂ ਵੱਡੀ ਪ੍ਰਾਪਤੀ ਵਜੋਂ ਗਿਣਿਆ ਜਾਂਦਾ ਸੀ। ਇਸ ਬਰਖਾਸਤ ਇੰਸਪੈਕਟਰ ਦੀ ਗ੍ਰਿਫਤਾਰੀ ਤੋਂ ਬਾਅਦ ਮੋਗਾ ਦੇ ਐਸ.ਐਸ.ਪੀ. ਰਾਜਜੀਤ ਸਿੰਘ ਹੁੰਦਲ ਦਾ ਨਾਮ ਵੀ ਸੁਰਖੀਆਂ ਵਿੱਚ ਆ ਗਿਆ ਸੀ ਤੇ ਐਸ.ਟੀ.ਐਫ. ਅਧਿਕਾਰੀਆਂ ਨੇ ਰਾਜਜੀਤ ਸਿੰਘ ਨੂੰ ਵੀ ਪੁੱਛ-ਪੜਤਾਲ ਲਈ ਤਲਬ ਕੀਤਾ ਸੀ। ਇਸ ਤੋਂ ਬਾਅਦ ਰਾਜਜੀਤ ਸਿੰਘ ਨੇ ਆਪਣੇ ਬਚਾਅ ਲਈ ਭੱਜ-ਨੱਠ ਸ਼ੁਰੂ ਕੀਤੀ। ਇਸ ਪੁਲਿਸ ਅਫਸਰ ਨੇ ਸਭ ਤੋਂ ਪਹਿਲਾਂ ਗ੍ਰਿਹ ਵਿਭਾਗ ਨੂੰ ਚਿੱਠੀ ਲਿਖ ਕੇ ਇਸ ਐਫ.ਆਈ.ਆਰ. ਦੀ ਤਫਤੀਸ਼ ਕਿਸੇ ਨਿਰਪੱਖ ਏਜੰਸੀ ਜਾਂ ਅਫਸਰ ਤੋਂ ਕਰਾਉਣ ਦੀ ਮੰਗ ਕੀਤੀ।

# ਸਨਅਤਾਂ ਨੂੰ ਸਸਤੀ ਬਿਜਲੀ ਦੀ ਥਾਂ ਮਿਲੀ ਲਾਰਿਆਂ ਦੀ ਪੰਡ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਵੱਲੋਂ ਸਨਅਤ ਨੂੰ ਪੰਜ ਰੁਪਏ ਪ੍ਰਤੀ ਯੂਨਿਟ ਬਿਜਲੀ ਦੇਣ ਦੇ ਵਾਰ-ਵਾਰ ਕੀਤੇ ਐਲਾਨਾਂ ਦੇ ਬਾਵਜੂਦ ਰਾਜ ਭਰ ਵਿਚ ਸਨਅਤੀ ਇਕਾਈਆਂ ਨੂੰ ਜਿਹੜੇ ਬਿਜਲੀ ਬਿੱਲ ਮਿਲੇ ਹਨ, ਉਨ੍ਹਾਂ ਵਿਚ ਦਰਾਂ 7.70 ਤੋਂ 8.10 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਹਨ।

ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਪੀ.ਐਸ.ਈ.ਆਰ.ਸੀ.) ਨੇ ਇਸ ਸਾਲ ਦੇ ਸ਼ੁਰੂ ਵਿਚ ਬਿਜਲੀ ਦਰਾਂ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਸਨਅਤ ਨੂੰ ਪਹਿਲੀ ਨਵੰਬਰ ਤੋਂ ਪੰਜ ਰੁਪਏ ਪ੍ਰਤੀ ਯੂਨਿਟ ਦੀ ਦਰ ਨਾਲ ਬਿਜਲੀ ਮਿਲੇਗੀ। ਇਹ ਐਲਾਨ ਸਰਕਾਰ ਵੱਲੋਂ ਬਿਜਲੀ ਸਬਸਿਡੀ ਦਾ ਖਰਚਾ ਓਟਣ ਦਾ ਵਾਅਦਾ ਕਰਨ ਮਗਰੋਂ ਆਇਆ ਸੀ। ਖਜ਼ਾਨਾ ਖਾਲੀ ਹੋਣ ਅਤੇ ਵਾਧੂ ਮਾਲੀਆ ਮਿਲਣ ਦਾ ਕੋਈ ਸੰਕੇਤ ਨਾ ਆਉਣ ਕਾਰਨ ਸਰਕਾਰ ਨੇ ਪੰਜ ਰੁਪਏ ਪ੍ਰਤੀ ਯੂਨਿਟ ਬਿਜਲੀ ਦੇਣ ਬਾਰੇ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ।

ਸਨਅਤੀ ਇਕਾਈਆਂ ਦੇ ਮਾਲਕਾਂ ਨੂੰ ਹੁਣ 6.55 ਤੋਂ 6.75 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਬਿੱਲ ਮਿਲੇ ਹਨ। ਇਹ ਦਰਾਂ ਪਿਛਲੇ ਸਾਲ ਦੀਆਂ ਦਰਾਂ 6.22 ਰੁਪਏ ਪ੍ਰਤੀ ਯੂਨਿਟ ਨਾਲੋਂ



## ਵੋਟਾਂ ਵੇਲੇ ਕੀਤੇ ਵਾਅਦੇ ਨਾਲ ਘਿਰੀ ਸਰਕਾਰ

**ਚੰਡੀਗੜ੍ਹ:** ਜੇ ਕੈਪਟਨ ਸਰਕਾਰ ਸਨਅਤ ਨੂੰ ਪੰਜ ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਬਿਜਲੀ ਦੇਣ ਦੇ ਫੈਸਲੇ ਨੂੰ ਲਾਗੂ ਕਰਦੀ ਹੈ ਤਾਂ ਸਰਕਾਰ ਨੂੰ 2400 ਕਰੋੜ ਰੁਪਏ ਸਾਲਾਨਾ ਦਾ ਪ੍ਰਬੰਧ ਕਰਨਾ ਪਵੇਗਾ ਪਰ ਰਾਜ ਸਰਕਾਰ ਲਈ ਏਨੀ ਵੱਡੀ ਰਕਮ ਦਾ ਪ੍ਰਬੰਧ ਵੱਡਾ ਸਵਾਲ ਹੈ। ਸਰਕਾਰ ਸਬਸਿਡੀ ਦਾ ਬੋਝ ਘਟਾਉਣਾ ਚਾਹੁੰਦੀ ਹੈ।

ਜ਼ਿਆਦਾ ਹਨ। ਸਾਲ 2017-18 ਲਈ ਨਵੀਆਂ ਦਰਾਂ ਐਲਾਨਣ ਮਗਰੋਂ ਸਨਅਤੀ ਇਕਾਈਆਂ ਨੂੰ ਇਹ ਪਹਿਲੇ ਬਿੱਲ ਮਿਲੇ ਹਨ। ਉਪਰ ਦੱਸੀ ਦਰ ਤੋਂ ਇਲਾਵਾ ਖਪਤਕਾਰਾਂ ਨੂੰ ਇਲੈਕਟ੍ਰੀਸਿਟੀ ਡਿਊਟੀ, ਇਨਫਰਾਸਟ੍ਰਕਚਰ ਡਿਊਟੀ ਤੇ ਮਿਉਂਸਪਲ ਸੈੱਸ ਵੀ ਦੇਣਾ ਪਵੇਗਾ, ਜਿਹੜਾ ਕੁੱਲ ਮਿਲਾ ਕੇ ਪ੍ਰਤੀ ਯੂਨਿਟ ਉਤੇ 20 ਫੀਸਦੀ ਬਣਦਾ ਹੈ। ਸਨਅਤੀ ਗੈਸ ਇਕਾਈ ਦੇ ਵਿਸਤਾਰ ਲਈ ਪੰਜਾਬ ਸਰਕਾਰ ਨਾਲ ਪਿਛੇ ਜਿਹੇ ਸਮਝੌਤਾ ਕਰਨ ਵਾਲੇ ਮੁਹਾਲੀ ਦੇ ਇਕ ਮੋਹਰੀ ਸਨਅਤਕਾਰ ਆਰ.ਐਸ. ਸਚਦੇਵਾ ਨੇ ਕਿਹਾ ਕਿ ਉਸ ਦਾ ਬਿਜਲੀ ਬਿੱਲ ਔਸਤਨ 11 ਲੱਖ ਪ੍ਰਤੀ ਮਹੀਨੇ ਤੋਂ ਵਧ ਕੇ ਨਵੰਬਰ ਵਿਚ 13.50 ਲੱਖ ਰੁਪਏ ਹੋ ਗਿਆ, ਜਿਸ ਕਾਰਨ ਉਸ ਦੀ ਸਨਅਤੀ ਇਕਾਈ ਵਿਸਤਾਰ ਦਾ ਹੁਣ ਕੋਈ ਸਵਾਲ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਆਪਣੀ ਮੌਜੂਦਾ ਫੈਕਟਰੀ ਨੂੰ ਬੰਦ ਕਰਨ ਜਾਂ ਪੰਜਾਬ ਤੋਂ ਬਾਹਰ ਤਬਦੀਲ ਕਰਨ ਦਾ ਵਿਚਾਰ ਕਰ ਰਹੇ ਹਨ ਕਿਉਂਕਿ ਸਿਰਫ ਬਿਜਲੀ ਦਾ ਖਰਚ ਹੀ ਕੱਚੇ ਮਾਲ ਦੀ ਕੁੱਲ ਲਾਗਤ ਦਾ 70 ਫੀਸਦੀ ਬਣ ਗਿਆ ਹੈ।

## ਸੁਖਬੀਰ ਬਾਦਲ ਨੇ ਕਾਂਗਰਸ ਨੂੰ ਘੇਰਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਾਂਗਰਸ ਨੂੰ ਬਿਜਲੀ ਦੇ ਬਿੱਲਾਂ ਦੇ ਮੁੱਦੇ 'ਤੇ ਘੇਰਿਆ। ਸੁਖਬੀਰ ਨੇ ਕਿਹਾ ਕਿ ਕਾਂਗਰਸ ਸਰਕਾਰ ਨੇ ਉਦਯੋਗਪਤੀਆਂ ਨੂੰ ਵਧਾਈਆਂ ਦਰਾਂ ਵਾਲੇ ਬਿਜਲੀ ਦੇ ਬਿੱਲ ਭੇਜ ਕੇ ਉਨ੍ਹਾਂ ਨਾਲ ਧੋਖਾ ਕੀਤਾ ਹੈ, ਜਦਕਿ ਸਰਕਾਰ ਨੇ ਐਲਾਨ ਕੀਤਾ ਸੀ ਕਿ ਉਨ੍ਹਾਂ ਨੂੰ ਅਗਲੇ ਬਿੱਲ 5 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਭੇਜੇ ਜਾਣਗੇ।

## ਅੰਮ੍ਰਿਤਸਰ ਹਵਾਈ ਅੱਡੇ ਨੂੰ ਪਹਿਲ ਦੇਣ ਲੱਗੇ ਯਾਤਰੀ

**ਅੰਮ੍ਰਿਤਸਰ:** ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਅੰਮ੍ਰਿਤਸਰ ਤੋਂ ਅੰਤਰਰਾਸ਼ਟਰੀ ਤੇ ਘਰੇਲੂ ਯਾਤਰੂਆਂ ਦੀ ਮਹੀਨੇ ਦੀ ਕੁੱਲ ਗਿਣਤੀ 2 ਲੱਖ ਤੋਂ ਟੱਪ ਗਈ ਹੈ। ਇਸ ਸਾਲ ਅਕਤੂਬਰ ਤੱਕ ਪਿਛਲੇ ਵਰ੍ਹੇ ਦੇ ਮੁਕਾਬਲੇ ਘਰੇਲੂ ਸਵਾਰੀਆਂ ਦੀ ਗਿਣਤੀ 73.7 ਫੀਸਦੀ ਵਧੀ ਹੈ। ਅਕਤੂਬਰ 2016 ਵਿਚ ਘਰੇਲੂ ਸਵਾਰੀਆਂ ਦੀ ਗਿਣਤੀ 91706 ਸੀ ਤੇ ਇਹ ਅਕਤੂਬਰ 2017 ਵਿਚ ਵਧ ਕੇ 159311 ਹੋ ਗਈ। ਇਸ ਮਹੀਨੇ ਸਭ ਤੋਂ ਵੱਧ ਯਾਤਰੂਆਂ ਨੇ ਅੰਮ੍ਰਿਤਸਰ-ਦਿੱਲੀ ਉਡਾਣ ਉਤੇ ਸਫਰ ਕੀਤਾ, ਜੋ ਕਿ 113546 ਸੀ, ਜਦ ਕਿ ਅੰਮ੍ਰਿਤਸਰ-ਮੁੰਬਈ ਉਡਾਣ ਦੀ ਗਿਣਤੀ 29376 ਯਾਤਰੂਆਂ ਦੇ ਨਾਲ ਦੂਜੇ ਸਥਾਨ ਉਤੇ ਸੀ।

ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਮਾਮਲਿਆਂ ਦੇ ਸਕੱਤਰ ਸਮੀਪ ਸਿੰਘ ਗੁੰਮਟਾਲਾ ਨੇ ਦੱਸਿਆ ਕਿ ਇਸ ਸਾਲ ਅਪਰੈਲ ਤੋਂ ਅਕਤੂਬਰ ਦੇ 7 ਮਹੀਨਿਆਂ ਵਿਚ 868162 ਯਾਤਰੂਆਂ ਨੇ ਘਰੇਲੂ ਉਡਾਣਾਂ ਵਿਚ ਸਫਰ ਕੀਤਾ ਜਦੋਂ ਕਿ ਪਿਛਲੇ ਸਾਲ ਇਸ ਸਮੇਂ ਇਹ ਗਿਣਤੀ 567738 ਸੀ। ਇਸ ਤਰ੍ਹਾਂ ਇਹ ਵਾਧਾ 52 ਫੀਸਦੀ ਹੈ। ਇਹ ਵਾਧਾ ਇੰਡੀਗੋ ਅਤੇ ਵਿਸਤਾਰਾ ਵੱਲੋਂ ਅੰਮ੍ਰਿਤਸਰ ਤੋਂ ਦਿੱਲੀ, ਮੁੰਬਈ, ਜੰਮੂ, ਸ੍ਰੀਨਗਰ ਅਤੇ ਬੰਗਲੌਰ ਲਈ ਉਡਾਣਾਂ ਸ਼ੁਰੂ ਕਰਨ ਨਾਲ ਹੋਇਆ ਹੈ।

# ਕਾਂਗਰਸੀਆਂ ਨੇ ਅਕਾਲੀਆਂ ਦੀ ਬੁਰਛਾਗਰਦੀ ਨੂੰ ਵੀ ਪਾਈ ਮਾਤ

**ਚੰਡੀਗੜ੍ਹ:** ਨਗਰ ਨਿਗਮ ਤੇ ਕੌਂਸਲ ਚੋਣਾਂ ਵਿਚ ਧੱਕੇਸ਼ਾਹੀ ਤੇ ਕੁੱਟਮਾਰ ਦੀਆਂ ਘਟਨਾਵਾਂ ਨੇ ਅਕਾਲੀ-ਭਾਜਪਾ ਦੀ ਸੱਤਾ ਵਾਲੇ ਦਿਨ ਚੇਤੇ ਕਰਵਾ ਦਿੱਤੇ। ਉਸ ਵੇਲੇ ਵਿਰੋਧੀ ਧਿਰ ਕਾਂਗਰਸ ਨੇ ਤਾਂ ਚੋਣਾਂ ਤੋਂ ਲਾਂਭੇ ਹੋਣ ਦਾ ਐਲਾਨ ਤੱਕ ਕਰ ਦਿੱਤਾ ਸੀ। ਹੁਣ ਸੱਤਾ ਵਿਚ ਆਉਂਦਿਆਂ ਹੀ ਕਾਂਗਰਸ ਨੇ ਇਤਿਹਾਸ ਦੁਹਰਾਇਆ। ਧੱਕੇਸ਼ਾਹੀ ਇਸ ਪੱਧਰ ਦੀ ਸੀ ਕਿ ਪੁਲਿਸ ਨੇ ਮੀਡੀਆ ਨੂੰ ਵੀ ਨਹੀਂ ਬਖਸ਼ਿਆ। ਮੁੱਖ ਮੰਤਰੀ ਦੇ ਸ਼ਹਿਰ ਵਿਚ ਸੱਤਾਧਾਰੀ ਧਿਰ ਕਾਂਗਰਸ ਨੇ ਬਾਹਰੋਂ ਬੁਲਾਏ ਵਰਕਰਾਂ ਦੀ ਮਦਦ ਨਾਲ ਅਕਾਲੀ-ਭਾਜਪਾ ਗੱਠਜੋੜ, 'ਆਪ' ਅਤੇ ਹੋਰ ਆਜ਼ਾਦ ਉਮੀਦਵਾਰਾਂ ਸਮੇਤ ਉਨ੍ਹਾਂ ਦੇ ਪੋਲਿੰਗ ਏਜੰਟਾਂ ਨੂੰ ਖਦੇੜ ਕੇ ਬਹੁਤੇ ਥਾਈਂ ਮਨਮਰਜ਼ੀ ਨਾਲ ਵੋਟਾਂ ਪਾਈਆਂ। ਕੁਝ ਥਾਈਂ ਝੜਪਾਂ ਵੀ ਹੋਈਆਂ। ਅਕਾਲੀ ਦਲ ਦੇ ਮੌਜੂਦਾ ਮੇਅਰ ਅਮਰਿੰਦਰ ਸਿੰਘ ਬਜਾਜ ਤੇ ਅਕਾਲੀ ਦਲ ਦੇ ਹੀ ਜੋਗਿੰਦਰ ਸਿੰਘ ਢੀਂਗਾ ਦੀਆਂ ਪੱਗਾਂ ਵੀ ਲੱਥੀਆਂ। ਵਾਰਡ 14 ਵਿਚ ਕਾਂਗਰਸੀ ਵਰਕਰਾਂ ਅਤੇ ਪੁਲਿਸ ਮੁਲਾਜ਼ਮਾਂ ਨੇ ਇਕ ਮਹਿਲਾ ਪੱਤਰਕਾਰ ਸਮੇਤ ਕੁਝ ਹੋਰ ਪੱਤਰਕਾਰਾਂ ਨਾਲ ਧੱਕਾ ਮੁੱਕੀ ਕਰਦਿਆਂ ਉਨ੍ਹਾਂ ਦੇ ਕੈਮਰੇ ਖੋਹ ਲਏ।

ਵਾਰਡ 58 ਦੇ ਅਕਾਲੀ ਉਮੀਦਵਾਰ ਗੁਰਮੁਖ ਢਿੱਲੋਂ ਨੂੰ ਬੂਥ ਵਿਚ ਹੀ ਨਹੀਂ ਵੜਨ ਦਿੱਤਾ। ਵਾਰਡ 14 ਦੇ ਅਕਾਲੀ ਉਮੀਦਵਾਰ ਬਿੱਟੂ ਚੱਠਾ ਨੇ ਦੋਸ਼ ਲਾਏ ਕਿ ਪੁਲਿਸ ਦੀ ਮਦਦ ਨਾਲ ਕਾਂਗਰਸੀਆਂ ਨੇ ਇਕ ਵਾਰ ਤਾਂ ਨੌਂ ਵਜੇ ਹੀ ਕਬਜ਼ਾ ਕਰ ਲਿਆ ਸੀ ਪਰ ਉਹ 12 ਵਜੇ ਤੱਕ ਜੂਝਦੇ ਰਹੇ। ਇਸ ਵਾਰਡ ਵਿਚ ਬਿੱਟੂ ਚੱਠਾ ਤੇ ਕਾਂਗਰਸ ਦੇ ਰਚਿਨ ਡਕਾਲਾ ਦੇ ਹਮਾਇਤੀਆਂ ਵਿਚ ਕਈ ਝੜਪਾਂ ਹੋਈਆਂ।

ਉਧਰ ਸ਼ਾਹੀ ਪਰਿਵਾਰ ਦੀਆਂ ਵੋਟਾਂ ਵਾਲੇ ਵਾਰਡ ਨੰਬਰ 34 ਤੋਂ ਅਕਾਲੀ ਦਲ ਦੇ ਸਥਾਨਕ ਪ੍ਰਧਾਨ ਹਰਪਾਲ ਜੁਨੇਜਾ ਨੇ ਚਚੇਰੇ ਭਰਾ ਲੱਕੀ ਜੁਨੇਜਾ ਨੂੰ ਮੈਦਾਨ ਵਿਚ ਉਤਾਰਿਆ ਸੀ ਪਰ ਉਹ ਵੀ ਦਸ ਕੁ ਵਜੇ ਹੀ ਬਾਈਕਾਟ ਕਰ ਕੇ ਆ ਗਏ। ਜੁਨੇਜਾ ਦਾ ਕਹਿਣਾ ਸੀ ਕਿ ਕਾਂਗਰਸ ਦੇ ਬਾਹਰੋਂ ਲਿਆਂਦੇ ਬੰਦਿਆਂ ਨੇ ਪੁਲੀਸ ਦੀ ਮਦਦ ਨਾਲ ਪੋਲਿੰਗ ਬੂਥਾਂ 'ਤੇ ਕਬਜ਼ੇ ਕਰ ਲਏ ਤੇ ਉਮੀਦਵਾਰ ਸਮੇਤ ਪੋਲਿੰਗ ਏਜੰਟਾਂ ਨੂੰ ਵੀ ਬਾਹਰ ਕੱਢ ਦਿੱਤਾ।

ਅੰਮ੍ਰਿਤਸਰ ਦੇ ਵਾਰਡ ਨੰਬਰ 46 ਤੋਂ ਆਜ਼ਾਦ ਚੋਣ ਲੜੇ ਸਾਬਕਾ ਡਿਪਟੀ ਮੇਅਰ ਅਵਤਾਰ ਸਿੰਘ ਅਤੇ ਕਾਂਗਰਸੀ ਉਮੀਦਵਾਰ ਹਰਜਿੰਦਰ ਸਿੰਘ ਸ਼ੈਲੀ ਵਿਚਕਾਰ ਤਕਰਾਰ ਹੋਇਆ। ਵਾਰਡ ਨੰਬਰ 5 ਦੇ ਮੇਅ ਫਲਾਵਰ ਸੀਨੀਅਰ ਸੈਕੰਡਰੀ ਸਕੂਲ ਗੁਮਟਾਲਾ ਵਿਚ ਬਣੇ ਬੂਥ ਨੰਬਰ ਇਕ ਵਿੱਚ ਬਾਹਰਲੇ ਵਿਅਕਤੀ ਨੂੰ ਏਜੰਟ ਬਣਾਏ ਜਾਣ ਕਾਰਨ ਦੋ ਪਾਰਟੀਆਂ ਦੇ ਆਗੂਆਂ ਵਿਚਾਲੇ ਬਹਿਸ ਹੋ ਜਾਣ ਕਾਰਨ ਤਣਾਅ ਪੈਦਾ ਹੋ ਗਿਆ, ਜਿਸ ਕਾਰਨ ਪੋਲਿੰਗ ਕੁਝ ਸਮਾਂ ਰੁਕੀ ਰਹੀ। ਬੇਸ਼ੱਕ ਕਾਂਗਰਸ ਦੀ ਇਹ ਸਰਾਸਰ ਧੱਕੇਸ਼ਾਹੀ ਸੀ, ਪਰ ਸੋਸ਼ਲ ਮੀਡੀਆ ਉਪਰ ਲੋਕ ਅਕਾਲੀ ਦਲ ਨੂੰ ਹੀ ਕੋਸ ਰਹੇ ਹਨ। ਸੋਸ਼ਲ ਮੀਡੀਆ ਉਪਰ ਚਰਚਾ ਹੈ ਕਿ ਅਕਾਲੀ ਦਲ ਨੂੰ ਪਿਛਲੇ 10 ਸਾਲ ਕੀਤੇ ਧੱਕਿਆਂ ਦਾ ਹੀ ਜਵਾਬ ਮਿਲ ਰਿਹਾ ਹੈ। ਲੋਕ ਸੋਸ਼ਲ ਮੀਡੀਆ ਉਪਰ ਅਕਾਲੀ ਦਲ ਦੇ ਧਰਨਿਆਂ ਦਾ ਵੀ ਮਜ਼ਾਕ ਉਡਾ ਰਹੇ ਹਨ। ਅਕਾਲੀ ਦਲ ਉਤੇ ਸਵਾਲਾਂ ਦੀ ਝੜੀ ਲੱਗ ਰਹੀ ਹੈ ਕਿ ਪਿਛਲੇ 10 ਸਾਲਾਂ ਤੋਂ ਹੱਕ ਮੰਗ ਰਹੇ ਲੋਕਾਂ ਉਤੇ ਤਸ਼ੱਦਦ ਕਰਨ ਵੇਲੇ ਜਮਹੂਰੀਅਤ ਦਾ ਖਿਆਲ ਕਿਉਂ ਨਹੀਂ ਆਇਆ।

ਇਸ ਵੇਲੇ ਮੁੱਖ ਵਿਰੋਧੀ ਧਿਰ ਦਾ ਰੁਤਬਾ ਗਵਾ ਚੁੱਕੇ ਅਕਾਲੀ-ਭਾਜਪਾ ਗੱਠਜੋੜ ਦਾ ਕਹਿਣਾ ਹੈ ਕਿ ਨਗਰ ਨਿਗਮ ਤੇ ਕੌਂਸਲ ਚੋਣਾਂ ਵਿਚ ਕਾਂਗਰਸ ਨੇ ਸ਼ਰੇਆਮ ਧੱਕੇਸ਼ਾਹੀ ਕੀਤੀ ਹੈ। ਪੁਲਿਸ ਤੇ ਸਿਵਲ ਪ੍ਰਸ਼ਾਸਨ ਵੀ ਕਾਂਗਰਸ ਦੇ ਹੀ ਹਿੱਤ 'ਚ ਭੁਗਤਿਆ ਹੈ। ਪਹਿਲਾਂ ਕਾਗਜ਼ ਨਹੀਂ ਭਰਨ ਦਿੱਤੇ ਤੇ ਕਈਆਂ ਦੇ ਰੱਦ ਕਰਵਾ ਦਿੱਤੇ। ਫਿਰ ਬੂਥਾਂ 'ਤੇ ਕਬਜ਼ਾ ਕੀਤਾ। ਦਿਲਚਸਪ ਗੱਲ ਹੈ ਕਿ ਬੇਸ਼ੱਕ ਅਕਾਲੀ ਦਲ ਇਸ ਵੇਲੇ ਕਾਂਗਰਸ ਉਤੇ ਇਲਜ਼ਾਮ ਲਾ ਰਿਹਾ ਹੈ ਪਰ ਪਿਛਲੇ 10 ਸਾਲ ਉਹ ਵੀ ਇਹੀ ਸਭ ਕਰਦਾ ਰਿਹਾ ਹੈ। ਉਸ ਵੇਲੇ ਕਾਂਗਰਸ ਪੀੜਤ ਸੀ ਤੇ ਹੁਣ ਅਕਾਲੀ ਦਲ।

### ਸ਼ਹਿਰੀ ਚੋਣਾਂ ਵਿਚ ਬੂਥਾਂ ਉਤੇ ਖੁੱਲ੍ਹ ਕੇ ਚੱਲੇ ਇੱਟਾਂ ਰੋੜੇ





### ਵਧੀਕੀਆਂ ਖਿਲਾਫ ਅਕਾਲੀਆਂ ਦਾ ਮੋਰਚਾ

**ਚੰਡੀਗੜ੍ਹ:** ਚੋਣ ਨਤੀਜਿਆਂ ਤੋਂ ਤੁਰਤ ਪਿੱਛੋਂ ਵਧੀਕੀਆਂ ਦੀ ਸ਼ਿਕਾਇਤ ਲੈ ਕੇ ਅਕਾਲੀ ਦਲ ਤੇ ਭਾਜਪਾ ਦਾ ਵਫਦ ਪੰਜਾਬ ਚੋਣ ਕਮਿਸ਼ਨ ਦੇ ਦਫਤਰ ਪੁੱਜ ਗਿਆ। ਅਕਾਲੀ-ਭਾਜਪਾ ਆਗੂਆਂ ਨੇ ਚੋਣ ਕਮਿਸ਼ਨ ਕੋਲ ਪਟਿਆਲਾ ਨਗਰ ਨਿਗਮ ਦੀ ਚੋਣ ਰੱਦ ਕਰ ਕੇ ਮੁੜ ਤੋਂ ਕਰਵਾਉਣ ਦੀ ਮੰਗ ਕਰ ਦਿੱਤੀ। ਵਫਦ ਨੇ ਦੋਸ਼ ਲਾਇਆ ਕਿ ਪਟਿਆਲਾ ਦੇ ਕਈ ਬੂਥਾਂ ਨੂੰ ਕਾਂਗਰਸੀਆਂ ਨੇ ਕਬਜ਼ੇ ਵਿਚ ਲੈ ਲਿਆ ਸੀ। ਉਨ੍ਹਾਂ ਦੇ ਵਰਕਰਾਂ ਨਾਲ ਧੱਕੇਸ਼ਾਹੀ ਕੀਤੀ। ਇਸ ਲਈ ਇਥੇ ਚੋਣ ਦੁਬਾਰਾ ਹੋਣੀ ਚਾਹੀਦੀ ਹੈ। ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਡਾ. ਦਲਜੀਤ ਸਿੰਘ ਚੀਮਾ ਦੀ ਅਗਵਾਈ ਵਿਚ ਵਫਦ ਦੇ ਮੈਂਬਰਾਂ ਨੇ ਪੰਜਾਬ ਚੋਣ ਕਮਿਸ਼ਨਰ ਦੇ ਦਫਤਰ ਦੇ ਬਾਹਰ ਧਰਨਾ ਵੀ ਦਿੱਤਾ।

### ਸਾਬਕਾ ਆਗੂਆਂ ਨੂੰ 'ਆਪ' ਦੀ ਹਾਲਤ 'ਤੇ ਆਇਆ ਤਰਸ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਵਿਚੋਂ ਛਾਂਗੇ ਸੂਬਾਈ ਕਨਵੀਨਰਾਂ ਗੁਰਪ੍ਰੀਤ ਸਿੰਘ ਘੁੱਗੀ, ਸੁੱਚਾ ਸਿੰਘ ਛੋਟੇਪੁਰ ਤੇ ਪਾਰਟੀ ਵਿਚੋਂ ਮੁਅੱਤਲ ਕੀਤੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਨਿਗਮ ਚੋਣਾਂ ਦੇ ਨਤੀਜੇ ਸੁਣ ਕੇ ਉਨ੍ਹਾਂ ਦਾ ਮਨ ਰੋਇਆ ਹੈ। ਤਿੰਨਾਂ ਆਗੂਆਂ ਨੇ ਕਿਹਾ ਕਿ ਉਹ ਅਕਾਲੀ ਦਲ ਤੇ ਕਾਂਗਰਸ ਤੋਂ ਛੁਟਕਾਰਾ ਪਾਉਣ ਲਈ 'ਆਪ' ਵੱਲੋਂ ਉਲੀਕੇ ਕ੍ਰਾਂਤੀਕਾਰੀ ਪ੍ਰੋਗਰਾਮ ਨੂੰ ਲੈ ਕੇ ਪੰਜਾਬ ਦੇ ਸਿਆਸੀ ਪਿੜ ਵਿਚ ਨਿੱਤਰੇ ਸਨ, ਪਰ ਦਿੱਲੀ ਦੀ ਲੀਡਰਸ਼ਿਪ ਨੇ ਆਪਣੀ ਵਿਚਾਰਧਾਰਾ ਤੋਂ ਭਟਕ ਕੇ ਜਿਥੇ ਪਾਰਟੀ ਦਾ ਭੱਠਾ ਬਿਠਾ ਦਿੱਤਾ ਹੈ, ਉਥੇ ਪੰਜਾਬੀਆਂ ਵੱਲੋਂ ਆਪਣੇ ਮਨ ਵਿਚ ਉਸਾਰੀ ਇਨਕਲਾਬੀ ਸੋਚ ਦਾ ਵੀ ਘਾਣ ਕਰ ਦਿੱਤਾ ਹੈ। ਲੀਡਰਸ਼ਿਪ ਦੇ ਹੰਕਾਰ, ਨਲਾਇਕੀ ਤੇ ਵਾਲੰਟੀਅਰਾਂ ਨੂੰ ਨਜ਼ਰ ਅੰਦਾਜ਼ ਕਰਨ ਦੀ ਬਿਰਤੀ ਨੇ ਪਾਰਟੀ ਨੂੰ ਅਰਸ਼ ਤੋਂ ਫਰਸ਼ 'ਤੇ ਲੈ ਆਂਦਾ ਹੈ।

### ਲੋਕਤੰਤਰ ਦੀ ਸ਼ਰੇਆਮ ਹੱਤਿਆ ਕੀਤੀ: ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਰਕਾਰ ਨੇ ਲੋਕਤੰਤਰ ਦੀ ਸ਼ਰੇਆਮ ਹੱਤਿਆ ਕੀਤੀ ਹੈ। ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਤੇ ਸੂਬਾ ਸਹਿ ਪ੍ਰਧਾਨ ਤੇ ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਸੱਤਾ ਦੇ ਸਿਰ 'ਤੇ ਸਿਆਸੀ ਗੁੰਡਾਗਰਦੀ ਕਰਨ ਵਿਚ ਕੈਪਟਨ ਸਰਕਾਰ ਨੇ ਪਿਛਲੀ ਬਾਦਲ ਸਰਕਾਰ ਦੀ 10 ਸਾਲਾਂ ਦੀ ਗੁੰਡਾਗਰਦੀ ਨੂੰ ਮਾਤ ਦੇ ਦਿੱਤੀ ਹੈ।

### ਕਾਂਗਰਸ ਦੇ ਹੱਕ 'ਚ ਭੁਗਤੇ ਬਲਵੰਤ ਸਿੰਘ ਨੰਦਗੜ੍ਹ



**ਬਠਿੰਡਾ:** ਤਖਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਪਹਿਲੀ ਵਾਰ ਭਰੇ ਮਨ ਨਾਲ ਨਗਰ ਪੰਚਾਇਤ, ਤਲਵੰਡੀ ਸਾਬੋ ਦੀ ਹੋਈ ਚੋਣ ਵਿਚ ਕਾਂਗਰਸ ਨੂੰ ਵੋਟ ਪਾਈ ਹੈ। ਜਥੇਦਾਰ ਨੰਦਗੜ੍ਹ ਦੀ ਪਤਨੀ ਨੇ ਵੀ ਕਾਂਗਰਸ ਨੂੰ ਵੋਟ ਪਾਈ ਹੈ। ਜਥੇਦਾਰ ਨੰਦਗੜ੍ਹ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਕਦੇ ਪੰਥਕ ਅਲੰਬਰਦਾਰ ਹੁੰਦਾ ਸੀ ਪਰ ਬਾਦਲ ਪਰਿਵਾਰ ਨੇ ਦਲ ਦਾ ਵਜੂਦ ਰੋਲ ਕੇ ਰੱਖ ਦਿੱਤਾ ਹੈ।

# ਗੁਜਰਾਤ 'ਚ ਮੁੜ ਭਾਜਪਾ ਸਰਕਾਰ ਬਣਨ ਤੋਂ ਘਾਬਰੇ ਪੰਜਾਬੀ ਕਿਸਾਨ

**ਬਠਿੰਡਾ:** ਗੁਜਰਾਤ ਵਿਚ ਪੰਜਾਬੀ ਕਿਸਾਨ ਸਿਆਸੀ ਤਬਦੀਲੀ ਦੀ ਆਸ ਵਿਚ ਬੈਠੇ ਸਨ, ਮੁੜ ਭਾਜਪਾ ਸਰਕਾਰ ਆਉਣ ਕਾਰਨ ਕਿਸਾਨਾਂ ਦੇ ਚਿਹਰੇ ਮੁਰਝਾ ਗਏ ਹਨ। ਭਾਵੇਂ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਨੇ ਵਿਧਾਨ ਸਭਾ ਸੀਟ ਅਬਡਾਸਾ ਤੋਂ ਕਾਂਗਰਸੀ ਉਮੀਦਵਾਰ ਪੀ.ਜਡੇਜਾ ਨੂੰ ਜਿਤਾ ਦਿੱਤਾ ਹੈ ਪਰ ਸੱਤਾ ਭਾਜਪਾ ਦੇ ਹੱਥ ਆਉਣ ਕਾਰਨ ਉਹ ਫਿਕਰਮੰਦ ਹਨ।

ਦੱਸਣਯੋਗ ਹੈ ਕਿ ਮਰਹੂਮ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਸਾਲ 1964 ਵਿਚ 'ਜੈ ਜਵਾਨ ਜੈ ਕਿਸਾਨ' ਦੇ ਨਾਅਰੇ ਤਹਿਤ ਪੰਜਾਬੀ ਕਿਸਾਨਾਂ ਨੂੰ ਗੁਜਰਾਤ ਵਿਚ ਜ਼ਮੀਨ ਅਲਾਟ ਕੀਤੀ ਸੀ। ਪਿਛਲੇ ਸਮੇਂ ਤੋਂ ਇਨ੍ਹਾਂ ਕਿਸਾਨਾਂ 'ਤੇ ਹਮਲੇ ਹੋ ਰਹੇ ਹਨ। ਬਹੁਤੇ ਕਿਸਾਨ ਗੁਜਰਾਤ ਛੱਡ ਕੇ ਆ ਗਏ ਹਨ। ਭੁੱਜ ਵਿਚ ਰਹਿੰਦੇ ਕਿਸਾਨ ਜਸਵੀਰ ਸਿੰਘ ਬਰਾੜ ਨੇ ਕਿਹਾ ਕਿ ਭਾਜਪਾ ਦੇ ਮੁੜ ਸੱਤਾ ਵਿਚ ਆਉਣ ਬਾਅਦ ਪੰਜਾਬੀ ਕਿਸਾਨਾਂ ਨੂੰ ਹੁਣ ਨਿਆਂ ਦੀ ਕੋਈ ਉਮੀਦ ਨਹੀਂ ਰਹੀ ਬਲਕਿ ਕਿਸਾਨਾਂ ਵਿਚ ਭੈਅ ਵਧ ਗਿਆ ਹੈ। ਉਨ੍ਹਾਂ ਦੱਸਿਆ ਕਿ ਚੋਣ ਪ੍ਰਚਾਰ ਦੌਰਾਨ ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਭੁੱਜ ਇਲਾਕੇ 'ਚ ਆਏ ਸਨ ਅਤੇ ਪੰਜਾਬੀ ਕਿਸਾਨਾਂ ਨੂੰ ਮਿਲੇ ਸਨ। ਮਨਪ੍ਰੀਤ ਨੇ ਭਰੋਸਾ ਦਿੱਤਾ ਸੀ ਕਿ ਕਾਂਗਰਸ ਸੱਤਾ ਵਿਚ ਆਈ ਤਾਂ ਪੰਜਾਬੀ ਕਿਸਾਨਾਂ ਨੂੰ ਤੱਤੀ ਵਾਅ ਨਹੀਂ ਲੱਗਣ ਦਿਆਂਗੇ। ਦੱਸਣਯੋਗ ਹੈ ਕਿ ਜ਼ਿਲ੍ਹਾ ਕੱਛ ਦੀ ਇਕੱਲੀ ਅਬਡਾਸਾ ਸੀਟ ਹੈ ਜਿਥੇ ਕਾਂਗਰਸ ਜਿੱਤੀ ਹੈ ਅਤੇ ਇਸ ਹਲਕੇ ਵਿਚ ਬਹੁਗਿਣਤੀ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਦੀ ਹੈ।



ਇਸ ਸਮੇਂ ਪੰਜਾਬੀ ਕਿਸਾਨਾਂ ਦੇ 28 ਕੇਸ ਸੁਪਰੀਮ ਕੋਰਟ ਵਿਚ ਚੱਲ ਰਹੇ ਹਨ। ਗੁਜਰਾਤ ਦੇ ਭੂ-ਮਾਫੀਆ ਦੀ ਮਾਰ ਝੱਲ ਰਹੇ ਰਵਿੰਦਰ ਸਿੰਘ ਨੇ ਕਿਹਾ ਕਿ ਹੁਣ ਉਨ੍ਹਾਂ ਨੂੰ ਕੋਈ ਆਸ ਨਹੀਂ ਹੈ ਬਲਕਿ ਭੂ-ਮਾਫੀਆ ਦੇ ਹੌਸਲੇ ਵਧ ਜਾਣੇ ਹਨ। ਕੱਛ ਦੇ ਪਿੰਡ ਕੁਠਾਰਾ ਦੇ ਪ੍ਰਿਥੀ ਸਿੰਘ ਅਤੇ ਮੋਹਨ ਸਿੰਘ ਨੇ ਕਿਹਾ ਕਿ ਹੁਣ ਤਾਂ ਸੁਪਰੀਮ ਕੋਰਟ 'ਤੇ ਹੀ ਟੇਕ ਰਹਿ ਗਈ ਹੈ। ਲੋਰੀਆ ਦੇ ਵਸਨੀਕ ਹਰਵਿੰਦਰ ਸਿੰਘ ਨੇ ਕਿਹਾ ਕਿ ਭਾਜਪਾ ਦੇ ਮੁੜ ਸੱਤਾ ਵਿਚ ਆਉਣ ਕਰਕੇ ਪੰਜਾਬੀ ਕਿਸਾਨਾਂ 'ਚ ਦਹਿਸ਼ਤ ਹੈ ਕਿਉਂਕਿ ਭਾਜਪਾ ਦੇ ਸਥਾਨਕ ਨੇਤਾ ਹੀ ਭੂ-ਮਾਫੀਆ ਦੀ ਪਿੱਠ ਥਾਪੜ ਰਹੇ ਹਨ।

ਦੱਸਣਯੋਗ ਹੈ ਕਿ ਪਿਛਲੀਆਂ ਚੋਣਾਂ ਵਿਚ ਵੀ ਅਬਡਾਸਾ ਸੀਟ ਤੋਂ ਕਿਸਾਨਾਂ ਨੇ ਕਾਂਗਰਸੀ ਉਮੀਦਵਾਰ ਜਿਤਾ ਦਿੱਤਾ ਸੀ, ਜੋ ਮਗਰੋਂ ਭਾਜਪਾ 'ਚ ਸ਼ਾਮਲ ਹੋ ਗਿਆ ਸੀ। ਕਿਸਾਨ ਅਮਨਦੀਪ ਸਿੰਘ ਨੇ ਦੱਸਿਆ ਕਿ ਐਤਕੀਂ ਕਿਸਾਨਾਂ ਵਿਚ ਗੁੱਸਾ ਜ਼ਿਆਦਾ ਸੀ, ਜਿਸ ਕਰ ਕੇ ਅਬਡਾਸਾ ਸੀਟ ਤੋਂ ਮੁੜ ਕਾਂਗਰਸ ਨੂੰ ਜਿਤਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਜ਼ਮੀਨ ਨੂੰ ਉਨ੍ਹਾਂ ਨੇ ਖੂਨ ਪਸੀਨਾ ਡੋਲ੍ਹ ਕੇ ਆਬਾਦ ਕੀਤਾ ਹੈ ਪਰ ਹੁਣ ਭੂ-ਮਾਫੀਆ ਇਸ ਜ਼ਮੀਨ ਨੂੰ ਹੜੱਪਣਾ ਚਾਹੁੰਦਾ ਹੈ।

### ਈ-ਰਾਹਦਾਰੀ ਪ੍ਰਣਾਲੀ ਨੂੰ ਹਰੀ ਝੰਡੀ

**ਨਵੀਂ ਦਿੱਲੀ:** ਜੀ.ਐਸ.ਟੀ. ਕੌਂਸਲ ਨੇ ਆਈ.ਟੀ. ਨੈਟਵਰਕ ਦੀ ਤਿਆਰੀ ਦੀ ਸਮੀਖਿਆ ਬਾਅਦ ਪਹਿਲੀ ਜੂਨ, 2018 ਤੋਂ ਮੁਲਕ ਭਰ ਵਿਚ ਈ-ਵੇਅ ਬਿੱਲ (ਇਲੈਕਟ੍ਰਾਨਿਕ ਰਾਹਦਾਰੀ) ਪ੍ਰਣਾਲੀ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਈ-ਵੇਅ ਬਿੱਲ ਜੀ.ਐਸ.ਟੀ.ਐਨ. ਪੋਰਟਲ ਤੋਂ ਲਿਆ ਜਾ ਸਕਦਾ ਹੈ।

ਈ-ਵੇਅ ਬਿੱਲ ਪ੍ਰਣਾਲੀ ਅਧੀਨ ਜੀ.ਐਸ.ਟੀ. ਤਹਿਤ ਦਰਜ ਵਿਅਕਤੀ ਵੱਲੋਂ 50 ਹਜ਼ਾਰ ਤੋਂ ਵੱਧ ਕੀਮਤ ਦੀਆਂ ਵਸਤਾਂ ਨੂੰ ਇਕ ਤੋਂ ਦੂਜੇ ਸਥਾਨ ਉਤੇ ਲਿਜਾਣ ਲਈ ਅਗਾਊਂ ਆਨਲਾਈਨ ਦਰਜ ਕਰਾਉਣਾ ਪਵੇਗਾ। ਜਦੋਂ ਈ-ਵੇਅ ਬਿੱਲ ਤਿਆਰ ਹੋ ਜਾਵੇਗਾ ਤਾਂ ਵਿਲੱਖਣ ਈ-ਵੇਅ ਬਿੱਲ ਨੰਬਰ (ਈ.ਬੀ.ਐਨ.) ਜਾਰੀ ਕੀਤਾ ਜਾਵੇਗਾ, ਜੋ ਸਪਲਾਇਰ, ਪ੍ਰਾਪਤਕਰਤਾ ਅਤੇ ਟਰਾਂਸਪੋਰਟਰ ਨੂੰ ਮੁਹੱਈਆ ਕਰਾਇਆ ਜਾਵੇਗਾ।

# ਸ਼ਾਹਰੁਖ ਨੇ ਵੀ ਦਿੱਤੀ ਕੌਰ ਸਿੰਘ ਨੂੰ ਸਲਾਮੀ

**ਜਲੰਧਰ:** 1982 ਦੀਆਂ ਏਸ਼ਿਆਈ ਖੇਡਾਂ ਵਿਚ ਸੋਨੇ ਦਾ ਤਮਗਾ ਜਿੱਤਣ ਵਾਲੇ ਕੌਰ ਸਿੰਘ ਦੀ ਮਦਦ ਲਈ ਬਾਲੀਵੁੱਡ ਸਟਾਰ ਸ਼ਾਹਰੁਖ ਖਾਨ ਅੱਗੇ ਆਏ ਹਨ। ਉਨ੍ਹਾਂ ਕੌਰ ਸਿੰਘ ਦੇ ਇਲਾਜ ਲਈ ਪੰਜ ਲੱਖ ਰੁਪਏ ਦੀ ਮਾਲੀ ਸਹਾਇਤਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਕੌਰ ਸਿੰਘ ਨੂੰ ਬਿਮਾਰੀ ਦੇ ਇਲਾਜ ਲਈ 2 ਲੱਖ ਰੁਪਏ ਦੇਣ ਲਈ ਸੰਘਰਸ਼ ਕਰਨਾ ਪੈ ਰਿਹਾ ਸੀ। ਇਹ ਰਾਸ਼ੀ ਸ਼ਾਹਰੁਖ ਦੇ ਕੋਲਕਾਤਾ ਨਾਈਟ ਰਾਈਡਰਸ (ਕੇ.ਕੇ.ਆਰ.) ਫਾਊਂਡੇਸ਼ਨ ਰਾਹੀਂ ਭੇਜੀ ਗਈ ਹੈ। ਕੇ.ਕੇ.ਆਰ. ਨੇ ਇਹ ਰਾਸ਼ੀ ਕੌਰ ਸਿੰਘ ਦੇ ਬੈਂਕ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੀ ਹੈ।

ਸ਼ਾਹਰੁਖ ਖਾਨ ਮੁਤਾਬਕ ਉਸ ਨੇ ਪਿਛਲੇ ਦਿਨੀਂ ਕੌਰ ਸਿੰਘ ਦੀ ਤਰਸਯੋਗ ਹਾਲਤ ਬਾਰੇ ਖਬਰਾਂ ਪੜ੍ਹੀਆਂ ਸਨ। ਇਸ ਮਗਰੋਂ ਉਨ੍ਹਾਂ ਭਾਵੁਕ ਹੋ ਕੇ ਮੱਦਦ ਕਰਨ ਦਾ ਫੈਸਲਾ ਕੀਤਾ। ਸ਼ਾਹਰੁਖ ਨੇ ਕਿਹਾ ਕਿ ਖਿਡਾਰੀ ਦੇਸ਼ ਵਾਸੀਆਂ ਨੂੰ ਮਾਣ ਮਹਿਸੂਸ ਕਰਨ ਦੇ ਮੌਕੇ ਪ੍ਰਦਾਨ ਕਰਦੇ ਹਨ।



ਇਸ ਲਈ ਸਮਾਜ ਦਾ ਫਰਜ਼ ਬਣਦਾ ਹੈ ਕਿ ਖਿਡਾਰੀਆਂ ਦੀ ਦੇਖਭਾਲ ਕੀਤੀ ਜਾਵੇ। ਇਸ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੌਰ ਸਿੰਘ ਨੂੰ 2 ਲੱਖ ਰੁਪਏ ਅਤੇ ਬਾਕਸਿੰਗ ਫੈਡਰੇਸ਼ਨ ਆਫ ਇੰਡੀਆ ਨੇ ਇਕ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਸੀ। ਕੌਰ ਸਿੰਘ ਇਕਲੌਤਾ ਭਾਰਤੀ ਬਾਕਸਰ ਹੈ ਜਿਸ ਨੇ ਵਿਸ਼ਵ ਚੈਂਪੀਅਨ ਮੁਹੰਮਦ ਅਲੀ ਨਾਲ ਰਿੰਗ ਵਿਚ ਦੋ-ਦੋ ਹੱਥ ਕੀਤੇ ਸਨ।

### ਸ਼੍ਰੋਮਣੀ ਕਮੇਟੀ ਵੀ ਆਵੇਗੀ ਹੁਣ ਸੋਸ਼ਲ ਮੀਡੀਆ ਉਤੇ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਨੌਜਵਾਨਾਂ ਨੂੰ ਸਿੱਖ ਧਰਮ ਦੇ ਮਾਣਮੱਤੇ ਇਤਿਹਾਸ ਦੀ ਜਾਣਕਾਰੀ ਦੇਣ ਲਈ ਸ਼੍ਰੋਮਣੀ ਕਮੇਟੀ ਛੇਤੀ ਹੀ ਸੋਸ਼ਲ ਮੀਡੀਆ ਵਿੰਗ ਦੀ ਸਥਾਪਨਾ ਕਰੇਗੀ।

ਛੇਤੀ ਹੀ ਐਸ.ਜੀ.ਪੀ.ਸੀ. ਇਸ਼ਤਿਹਾਰ ਜਾਰੀ ਕਰ ਕੇ ਸੂਚਨਾ ਤਕਨੀਕ ਦੇ ਮਾਹਰਾਂ ਦੀ ਭਰਤੀ ਕਰੇਗੀ। ਨੌਜਵਾਨਾਂ ਨੂੰ ਸਿੱਖ ਧਰਮ ਨਾਲ ਜੋੜਨ ਵਿਚ ਸੋਸ਼ਲ ਮੀਡੀਆ ਅਹਿਮ ਰੋਲ ਅਦਾ ਕਰੇਗਾ।

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਗੁਜਰਾਤ 'ਚ ਠੰਢੀ ਪਈ ਮੋਦੀ ਲਹਿਰ

**ਅਹਿਮਦਾਬਾਦ:** ਗੁਜਰਾਤ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਮੋਦੀ ਦੀ ਜੇਤੂ ਲਹਿਰ ਠੰਢੀ ਪੈਣ ਵੱਲ ਸੰਕੇਤ ਦਿੱਤੇ ਹਨ। ਭਾਵੇਂ ਭਾਜਪਾ 22 ਸਾਲਾ ਸੱਤਾ ਨੂੰ ਕਾਇਮ ਰੱਖਣ ਵਿਚ ਸਫਲ ਰਹੀ ਹੈ, ਪਰ ਇਹ ਪਹਿਲੀ ਵਾਰ ਹੈ ਜਦੋਂ ਉਸ ਦੀਆਂ ਸੀਟਾਂ ਦੀ ਗਿਣਤੀ 100 ਤੋਂ ਥੱਲੇ ਆ ਗਈ। ਪ੍ਰਧਾਨ ਮੰਤਰੀ ਦੇ ਜੱਦੀ ਸੂਬੇ ਵਿਚੋਂ ਭਾਜਪਾ ਨੂੰ ਅਜਿਹੇ ਨਤੀਜੇ ਮਿਲਣੇ 2019 ਦੀਆਂ ਲੋਕ ਸਭਾ ਚੋਣਾਂ ਵਿਚ ਵੱਡੇ ਸਿਆਸੀ ਫੇਰਬਦਲ ਵੱਲ ਇਸ਼ਾਰਾ ਕਰਦੇ ਹਨ। ਪਹਿਲੀ ਵਾਰ ਭਾਜਪਾ ਨੂੰ ਸਿਰਫ 99 ਸੀਟਾਂ 'ਤੇ ਸਬਰ ਕਰਨਾ ਪਿਆ, ਜਦ ਕਿ ਕਾਂਗਰਸ 80 ਸੀਟਾਂ ਜਿੱਤ ਕੇ ਵੱਡੀ ਟੱਕਰ ਦੇਣ ਵਿਚ ਸਫਲ ਰਹੀ।



ਯਾਦ ਰਹੇ, ਗੁਜਰਾਤ ਚੋਣ ਪ੍ਰਧਾਨ ਮੰਤਰੀ ਮੋਦੀ ਬਨਾਮ ਰਾਹੁਲ ਗਾਂਧੀ ਲੜੀ ਗਈ ਸੀ। ਮੋਦੀ ਨੇ ਚੋਣ ਜਿੱਤਣ ਲਈ ਪੂਰਾ ਤਾਣ ਲਾਅ ਦਿੱਤਾ। ਪ੍ਰਧਾਨ ਮੰਤਰੀ ਮੋਦੀ ਦੇ ਗੁਜਰਾਤ ਤੋਂ ਦਿੱਲੀ ਪੁੱਜਣ ਮਗਰੋਂ ਗੁਜਰਾਤ ਵਿਚ ਇਹ ਪਹਿਲੀ ਚੋਣ ਸੀ। ਇਹ ਸਿੱਧੇ ਪ੍ਰਧਾਨ ਮੰਤਰੀ ਮੋਦੀ ਦੀ ਇੱਜ਼ਤ ਦਾ ਸਵਾਲ ਸੀ। ਪਾਰਟੀ ਆਗੂਆਂ ਦਾ 150 ਤੋਂ ਵੱਧ ਸੀਟਾਂ ਜਿੱਤਣ ਦਾ ਟੀਚਾ ਸੀ, ਪਰ ਰਾਹੁਲ ਗਾਂਧੀ ਦੀ ਅਗਵਾਈ ਹੇਠ ਉਭਰੀ ਕਾਂਗਰਸ ਦੇ ਨਾਲ ਨਾਲ ਪਾਟੀਦਾਰ ਤੇ ਦਲਿਤ ਆਗੂਆਂ ਹਾਰਦਿਕ ਪਟੇਲ, ਅਲਪੇਸ਼ ਠਾਕੁਰ ਤੇ ਜਿਗਨੇਸ਼ ਮੇਵਾਨੀ ਤੋਂ ਭਾਜਪਾ ਨੂੰ ਤਕੜੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ। ਕਾਂਗਰਸ ਨੂੰ 80 ਸੀਟਾਂ ਮਿਲੀਆਂ ਜਦ ਕਿ 2012 ਦੀਆਂ ਚੋਣਾਂ ਵਿਚ ਉਸ ਕੋਲ 61 ਸੀਟਾਂ ਸਨ।

ਭਾਜਪਾ ਲਈ ਵੱਡੀ ਨਮੋਸ਼ੀ ਇਹ ਰਹੀ ਕਿ ਉਸ ਨੂੰ ਪ੍ਰਧਾਨ ਮੰਤਰੀ ਮੋਦੀ ਦੇ ਗ੍ਰਹਿ ਜ਼ਿਲ੍ਹੇ ਵਡਨਗਰ ਵਿਚ ਪੈਂਦੇ ਉਂਝਾ ਹਲਕੇ ਵਿਚ ਹਾਰ ਦਾ ਸਾਹਮਣਾ ਕਰਨਾ ਪਿਆ। ਭਾਜਪਾ ਦੇ 85 ਵਿਚੋਂ 26 ਵਿਧਾਇਕਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਇਨ੍ਹਾਂ ਚੋਣਾਂ ਵਿਚ ਮੋਦੀ ਦੇ ਗੁਜਰਾਤ ਮਾਡਲ ਦੀ ਫੂਕ ਨਿਕਲ ਗਈ। ਚੋਣਾਂ ਦੇ ਪਹਿਲੇ ਪੜਾਅ ਤੋਂ ਬਾਅਦ ਨਰੇਂਦਰ ਮੋਦੀ ਸਮਝ ਗਏ ਸਨ ਕਿ ਉਨ੍ਹਾਂ ਦਾ ਜਾਦੂ ਹੁਣ ਗੁਜਰਾਤੀ ਲੋਕਾਂ ਦੇ ਸਿਰਾਂ ਤੋਂ ਉਤਰਦਾ ਜਾ ਰਿਹਾ ਹੈ। ਇਸੇ ਲਈ ਉਨ੍ਹਾਂ ਨੇ ਦੂਜੇ ਪੜਾਅ ਦੇ ਮੱਤਦਾਨ ਤੋਂ ਪਹਿਲਾਂ ਆਪਣੇ ਭਾਸ਼ਣਾਂ ਨੂੰ ਵੱਧ ਫਿਰਕੂ, ਵੱਧ ਟਕਰਾਵਾਦੀ ਬਣਾਇਆ। ਕਾਂਗਰਸੀ ਆਗੂ ਵੱਲੋਂ ਮੋਦੀ ਨੂੰ 'ਨੀਚ' ਆਖਣਾ ਵਾਲਾ ਬਿਆਨ ਭਗਵਾ ਧਿਰ ਨੂੰ ਖੂਬ ਰਾਸ ਆਇਆ। ਮੋਦੀ ਨੇ ਚੋਣਾਂ ਦੇ ਦੂਜੇ ਪੜਾਅ ਵਿਚ ਜਿਥੇ ਇਸ ਮੁੱਦੇ ਨੂੰ ਚੁੱਕਿਆ ਸੀ, ਉਥੇ ਭਾਜਪਾ ਨੇ 16 ਵਿਚੋਂ 15 ਸੀਟਾਂ ਜਿੱਤ ਲਈਆਂ। ਹਾਲਾਂਕਿ ਰਾਹੁਲ ਗਾਂਧੀ ਦੇ ਗੈਰ ਹਿੰਦੂ ਹੋਣ ਦਾ ਮੁੱਦਾ ਚੁੱਕਣਾ ਭਾਜਪਾ ਨੂੰ ਉਲਟਾ ਪਿਆ।

## ਹਿਮਾਚਲ 'ਚ ਕਾਂਗਰਸ ਰਾਜ ਦਾ ਅੰਤ

**ਸ਼ਿਮਲਾ:** ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੇ ਕਾਂਗਰਸ ਨੂੰ ਹਰਾ ਕੇ ਸੱਤਾ ਵਿਚ ਵਾਪਸੀ ਕੀਤੀ ਹੈ। 68 ਮੈਂਬਰੀ ਵਿਧਾਨ ਸਭਾ ਵਿਚ ਭਾਜਪਾ ਨੇ 44 ਸੀਟਾਂ ਜਿੱਤ ਕੇ ਬਹੁਮਤ ਹਾਸਲ ਕੀਤਾ ਹੈ। ਵੀਰਭੱਦਰ ਸਿੰਘ ਦੀ ਅਗਵਾਈ ਵਿਚ ਚੋਣ ਲੜਨ ਵਾਲੀ ਕਾਂਗਰਸ ਪਾਰਟੀ ਨੇ 21 ਸੀਟਾਂ ਉਤੇ ਜਿੱਤ ਹਾਸਲ ਕੀਤੀ ਹੈ ਅਤੇ ਤਿੰਨ ਹੋਰ ਉਮੀਦਵਾਰ ਜਿੱਤੇ ਹਨ। ਭਾਜਪਾ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਪ੍ਰੇਮ ਕੁਮਾਰ ਧੂਮਲ ਨੂੰ ਸੁਜਾਨਪੁਰ ਹਲਕੇ ਤੋਂ ਕਾਂਗਰਸ ਦੇ ਰਾਜਿੰਦਰ ਸਿੰਘ ਰਾਣਾ ਨੇ 3500 ਵੋਟਾਂ ਦੇ ਫਰਕ ਨਾਲ ਧੂੜ ਚਟਾ ਦਿੱਤੀ। ਪਿਛਲੀ ਵਾਰ ਕਾਂਗਰਸ ਕੋਲ 36 ਅਤੇ ਭਾਜਪਾ ਕੋਲ 26 ਸੀਟਾਂ ਸਨ।

## ਸ਼੍ਰੋਮਣੀ ਕਮੇਟੀ ਵੱਲੋਂ ਸਿੰਗਾਪੁਰ ਦੀ ਟੀਮ ਦਾ ਸਨਮਾਨ

**ਸੰਗਰੂਰ:** ਪਿੰਡ ਰੱਤੋਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਨੁਹਾਰ ਬਦਲਣ ਵਿਚ ਸਿੰਗਾਪੁਰ ਦੇ ਵਿਦਿਆਰਥੀਆਂ ਦੀ ਟੀਮ ਜੁਟੀ ਹੋਈ ਹੈ। ਵਿਦਿਆਰਥੀਆਂ ਦੀ ਮਿਹਨਤ ਸਦਕਾ ਜਿਥੇ ਸਕੂਲ ਦੀ ਦਿੱਖ ਚਮਕਣ ਲੱਗੀ ਹੈ ਉਥੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਨ ਪ੍ਰਮੁੱਖ ਸ਼ਖਸੀਅਤਾਂ ਪੁੱਜ ਰਹੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਪਿੰਡ ਰੱਤੋਕੇ ਪੁੱਜ ਕੇ ਵਿਦਿਆਰਥੀ ਟੀਮ ਦਾ ਸਨਮਾਨ ਕੀਤਾ ਅਤੇ ਅੰਮ੍ਰਿਤਸਰ ਯਾਤਰਾ ਦੌਰਾਨ ਰਿਹਾਇਸ਼ ਦੇ ਪੁਖਤਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਲਈ।

ਇਸ ਤੋਂ ਇਲਾਵਾ ਸਕੂਲ ਵਿੱਚ ਪੜ੍ਹਦੇ ਵੱਖ-ਵੱਖ ਪਿੰਡਾਂ ਦੇ ਬੱਚਿਆਂ ਦੇ ਮਾਪੇ ਵੀ ਵੱਡੀ ਗਿਣਤੀ ਵਿਚ ਸਕੂਲ ਪੁੱਜੇ। ਮਾਪਿਆਂ ਨੇ ਸਿੰਗਾਪੁਰ ਦੀ ਟੀਮ ਦੇ ਇੰਚਾਰਜ ਅਤੇ ਯੰਗ ਸਿੱਖ ਐਸੋਸੀਏਸ਼ਨ ਦੇ ਪ੍ਰਮੁੱਖ ਐਡਵੋਕੇਟ ਸਤਵੰਤ ਸਿੰਘ ਨੂੰ ਸ੍ਰੀ ਸਾਹਿਬ, ਵਿਦਿਆਰਥੀਆਂ ਨੂੰ ਲੋਈਆਂ ਅਤੇ ਵਿਦਿਆਰਥਣਾਂ ਨੂੰ ਸ਼ਾਲ ਭੇਟ ਕਰ ਕੇ ਵਿਸ਼ੇਸ਼ ਤੌਰ ਉਤੇ ਸਨਮਾਨਤ ਕੀਤਾ ਗਿਆ।

## ਏਜੰਟ ਦੇ ਧੱਕੇ ਚੜ੍ਹੇ ਨੌਜਵਾਨ ਦੀ ਮਲੇਸ਼ੀਆ ਵਿਚ ਮੌਤ

**ਅਜਨਾਲਾ:** ਰੋਜ਼ੀ ਰੋਟੀ ਲਈ ਮਲੇਸ਼ੀਆ ਗਏ ਪਿੰਡ ਲੰਗੋਮਾਹਲ ਦੇ ਨੌਜਵਾਨ ਅਵਤਾਰ ਸਿੰਘ (23 ਸਾਲ) ਦੀ ਮੌਤ ਹੋ ਗਈ। ਅਵਤਾਰ ਸਿੰਘ ਤਿੰਨ ਮਹੀਨੇ ਪਹਿਲਾਂ ਮਲੇਸ਼ੀਆ ਗਿਆ ਸੀ, ਜਿਥੇ ਬਿਮਾਰ ਹੋਣ ਮਗਰੋਂ ਉਸ ਦੀ ਮੌਤ ਹੋ ਗਈ। ਅਵਤਾਰ ਸਿੰਘ ਤਿੰਨ ਭੈਣਾਂ ਦਾ ਇਕੱਲਾ ਭਰਾ ਸੀ। ਅਵਤਾਰ ਸਿੰਘ ਦਾ ਵਿਆਹ ਕਰੀਬ ਡੇਢ ਸਾਲ ਪਹਿਲਾਂ ਹੋਇਆ ਸੀ। ਏਜੰਟ ਨੇ ਉਸ ਨੂੰ ਇਹ ਕਹਿ ਕੇ ਬਾਹਰ ਭੇਜਿਆ ਸੀ ਕਿ ਉਸ ਨੂੰ ਵਿਦੇਸ਼ ਵਿਚ ਚੰਗਾ ਕੰਮ ਦਿਵਾਏਗਾ, ਪਰ ਉਥੇ ਉਸ ਨੂੰ ਕੋਈ ਕੰਮ ਨਹੀਂ ਮਿਲਿਆ।

## ਪਾਕਿਸਤਾਨ ਦੀਆਂ ਜੇਲ੍ਹਾਂ 'ਚ ਪੰਜ ਸੌ ਤੋਂ ਵੱਧ ਭਾਰਤੀ ਬੰਦ

**ਲਾਹੌਰ:** ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਇਸ ਸਮੇਂ 500 ਤੋਂ ਵੱਧ ਭਾਰਤੀ ਬੰਦ ਹਨ, ਜਿਨ੍ਹਾਂ 'ਚ ਵੱਡੀ ਗਿਣਤੀ ਮਛੇਰਿਆਂ ਦੀ ਹੈ। ਗ੍ਰਹਿ ਮੰਤਰਾਲੇ ਨੇ ਦੱਸਿਆ ਕਿ ਪਾਕਿਸਤਾਨ ਦੀਆਂ ਜੇਲ੍ਹਾਂ 'ਚ ਵੱਖ-ਵੱਖ ਮੁਲਕਾਂ ਦੇ 996 ਨਾਗਰਿਕ ਬੰਦ ਹਨ, ਜਿਨ੍ਹਾਂ ਵਿਚੋਂ 527 ਭਾਰਤੀ ਹਨ। ਇਹ ਵਿਅਕਤੀ ਅਤਿਵਾਦ, ਕਤਲ, ਨਸ਼ਾ ਤਸਕਰੀ ਤੇ ਗੈਰਕਾਨੂੰਨੀ ਢੰਗ ਨਾਲ ਪਾਕਿਸਤਾਨ ਅੰਦਰ ਦਾਖਲ ਹੋਣ ਸਮੇਤ ਵੱਖ ਵੱਖ ਅਪਰਾਧਾਂ ਤਹਿਤ ਜੇਲ੍ਹਾਂ 'ਚ ਬੰਦ ਹਨ।

ਭਾਰਤੀ ਕੈਦੀਆਂ 'ਚ ਵੱਡੀ ਗਿਣਤੀ ਮਛੇਰਿਆਂ ਦੀ ਹੈ, ਜਿਨ੍ਹਾਂ ਨੂੰ ਅਰਬ ਸਾਗਰ ਵਿਚੋਂ ਪਾਕਿਸਤਾਨ ਦੇ ਅਧਿਕਾਰ ਖੇਤਰ ਵਾਲੇ ਪਾਣੀ ਅੰਦਰ ਦਾਖਲ ਹੋਣ ਉਤੇ ਫੜਿਆ ਗਿਆ ਹੈ। ਅਰਬ ਸਾਗਰ 'ਚ ਕੋਈ ਸਪੱਸ਼ਟ ਜਲ ਸਰਹੱਦ ਨਾ ਹੋਣ ਕਾਰਨ ਭਾਰਤ ਤੇ ਪਾਕਿਸਤਾਨ ਵੱਲੋਂ ਆਮ ਹੀ ਦੋਵਾਂ ਮੁਲਕਾਂ ਦੇ ਮਛੇਰਿਆਂ ਨੂੰ ਆਪੋ-ਆਪਣੀ ਹੱਦ 'ਚ ਦਾਖਲ ਹੋਣ ਦੇ ਦੋਸ਼ ਹੇਠ ਫੜ ਲਿਆ ਜਾਂਦਾ ਹੈ। ਪਿਛਲੇ ਮਹੀਨੇ ਪਾਕਿਸਤਾਨ ਤੱਟ ਰੱਖਿਆ ਏਜੰਸੀ ਵੱਲੋਂ 55 ਭਾਰਤੀ ਮਛੇਰੇ ਫੜੇ ਗਏ ਹਨ।

## ਭਗਤ ਸਿੰਘ ਨੂੰ ਸ਼ਹੀਦ ਦੇ ਰੁਤਬੇ ਸਬੰਧੀ ਪਟੀਸ਼ਨ ਖਾਰਜ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਆਜ਼ਾਦੀ ਘੁਲਾਟੀਆਂ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਸ਼ਹੀਦ ਦਾ ਰੁਤਬਾ ਦੇਣ ਦੀ ਮੰਗ ਕਰਦੀ ਪਟੀਸ਼ਨ ਖਾਰਜ ਕਰ ਦਿੱਤੀ ਹੈ। ਬੈਂਚ ਨੇ ਕਿਹਾ ਕਿ ਉਹ ਅਜਿਹੀ ਕੋਈ ਹਦਾਇਤ ਜਾਰੀ ਨਹੀਂ ਕਰ ਸਕਦੇ। ਉਂਜ ਪਟੀਸ਼ਨ ਦੀ ਸੁਣਵਾਈ ਦੌਰਾਨ ਪਟੀਸ਼ਨਰ ਅਦਾਲਤ ਦੇ ਇਸ ਸਵਾਲ ਦਾ ਜਵਾਬ ਨਹੀਂ ਦੇ ਸਕਿਆ ਕਿ ਅਦਾਲਤ ਇਸ ਮਾਮਲੇ ਵਿਚ ਕਿਸ ਕਾਨੂੰਨ ਤਹਿਤ ਹਦਾਇਤਾਂ ਜਾਰੀ ਕਰ ਸਕਦੀ ਹੈ।

ਐਡਵੋਕੇਟ ਬੀਰੇਂਦਰ ਸਾਂਗਵਾਨ ਨੇ ਆਪਣੀ ਪਟੀਸ਼ਨ ਵਿਚ 1931 ਵਿਚ ਬਰਤਾਨਵੀ ਹਕੂਮਤ ਵੱਲੋਂ ਫਾਹੇ ਲਾਏ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ 'ਸ਼ਹੀਦ' ਦਾ ਰੁਤਬਾ ਦੇਣ ਦੀ ਮੰਗ ਕੀਤੀ ਸੀ। ਪਟੀਸ਼ਨਕਰਤਾ ਨੇ ਕਿਹਾ ਸੀ ਕਿ ਦੇਸ਼ ਲਈ ਜਾਨਾਂ ਵਾਰਨ ਵਾਲਿਆਂ ਲਈ ਸ਼ਹੀਦ ਦਾ ਰੁਤਬਾ ਬਹੁਤ ਜ਼ਰੂਰੀ ਹੈ ਤੇ ਇਹ ਉਨ੍ਹਾਂ ਦਾ ਕਾਨੂੰਨੀ ਹੱਕ ਬਣਦਾ ਹੈ।

## ਦਾਗੀ ਕਾਨੂੰਨਸਾਜ਼ਾਂ ਨੂੰ ਘੇਰਨ ਦੀ ਤਿਆਰੀ

**ਨਵੀਂ ਦਿੱਲੀ:** ਦਾਗੀ ਸੰਸਦ ਮੈਂਬਰਾਂ ਤੇ ਵਿਧਾਨਕਾਰਾਂ ਦੀ ਹੁਣ ਖੈਰ ਨਹੀਂ। ਦਾਗੀ ਕਾਨੂੰਨਸਾਜ਼ਾਂ ਖਿਲਾਫ਼ ਫੌਜਦਾਰੀ ਮੁਕੱਦਮਿਆਂ ਦੇ ਛੇਤੀ ਨਿਪਟਾਰੇ ਲਈ 12 ਵਿਸ਼ੇਸ਼ ਅਦਾਲਤਾਂ ਕਾਇਮ ਕੀਤੀਆਂ ਜਾਣਗੀਆਂ। ਅਜਿਹੇ ਸੰਸਦ ਮੈਂਬਰਾਂ/ਵਿਧਾਨਕਾਰਾਂ ਦੀ ਗਿਣਤੀ 1581 ਹੈ ਜਿਨ੍ਹਾਂ ਖਿਲਾਫ਼ ਤਕਰੀਬਨ 13,500 ਫੌਜਦਾਰੀ ਮੁਕੱਦਮੇ ਚੱਲ ਰਹੇ ਹਨ। ਇਹ ਮੁਕੱਦਮੇ ਵਰ੍ਹਿਆਂ ਤੱਕ ਚੱਲਦੇ ਰਹਿੰਦੇ ਹਨ ਜਿਸ ਕਾਰਨ ਇਨ੍ਹਾਂ ਵਿਚੋਂ ਬਹੁਤਿਆਂ ਨੂੰ ਤਾਂ ਰਾਜਸੀ ਫਾਇਦਾ ਹੁੰਦਾ ਹੈ, ਪਰ ਕਈ ਅਜਿਹੇ ਰਾਜਨੇਤਾਵਾਂ ਦਾ ਨੁਕਸਾਨ ਹੁੰਦਾ ਹੈ ਜਿਨ੍ਹਾਂ ਨੂੰ ਨਿਰੋਲ ਰਾਜਸੀ ਕਾਰਨਾਂ ਕਰ ਕੇ ਫੌਜਦਾਰੀ ਮਾਮਲਿਆਂ ਵਿਚ ਫਸਾਇਆ ਗਿਆ ਹੁੰਦਾ ਹੈ।

ਭਾਰਤੀ ਜਨਤਾ ਪਾਰਟੀ ਨੇ 2014 ਦੀਆਂ ਲੋਕ ਸਭਾ ਚੋਣਾਂ ਵੇਲੇ ਅਜਿਹੀਆਂ ਵਿਸ਼ੇਸ਼ ਅਦਾਲਤਾਂ ਕਾਇਮ ਕਰਨ ਦਾ ਵਾਅਦਾ ਜਨਤਕ ਤੌਰ ਉਤੇ ਕੀਤਾ ਸੀ, ਪਰ ਚੋਣਾਂ ਤੋਂ ਬਾਅਦ ਇਸ ਨੂੰ ਵਿਸਾਰ ਦਿੱਤਾ ਗਿਆ। ਹੁਣ ਸੁਪਰੀਮ ਕੋਰਟ ਵੱਲੋਂ ਅਚਾਨਕ ਪਹਿਲੀ ਨਵੰਬਰ ਨੂੰ ਇਸ ਸਬੰਧੀ ਹਦਾਇਤ ਜਾਰੀ ਕੀਤੇ ਜਾਣ ਮਗਰੋਂ ਸਰਕਾਰ ਨੇ ਇਕ ਹਲਫਨਾਮਾ ਦਾਖਲ ਕਰ ਕੇ ਵਿਸ਼ੇਸ਼ ਅਦਾਲਤਾਂ ਦੀ ਰੂਪ-ਰੇਖਾ ਪੇਸ਼ ਕੀਤੀ ਹੈ।

ਸਰਕਾਰੀ ਹਲਫਨਾਮੇ ਅਨੁਸਾਰ 12 ਵਿਚੋਂ ਦੋ ਵਿਸ਼ੇਸ਼ ਅਦਾਲਤਾਂ 228 ਸੰਸਦ ਮੈਂਬਰਾਂ ਖਿਲਾਫ਼ ਦਰਜ ਕੇਸਾਂ ਦਾ ਨਿਪਟਾਰਾ ਕਰਨਗੀਆਂ ਜਦੋਂਕਿ ਬਾਕੀ ਦੀਆਂ 10 ਵਿਧਾਨਕਾਰਾਂ ਦੇ ਫੌਜਦਾਰੀ ਕੇਸ ਨਿਪਟਾਉਣਗੀਆਂ। ਇਹ 10 ਅਦਾਲਤਾਂ ਆਂਧਰਾ ਪ੍ਰਦੇਸ਼, ਬਿਹਾਰ, ਕਰਨਾਟਕ, ਕੇਰਲਾ, ਮੱਧ ਪ੍ਰਦੇਸ਼, ਮਹਾਰਾਸ਼ਟਰ, ਤਾਮਿਲ ਨਾਡੂ, ਤੇਲੰਗਾਨਾ, ਉਤਰ ਪ੍ਰਦੇਸ਼ ਤੇ ਪੱਛਮੀ ਬੰਗਾਲ ਵਿਚ ਕੰਮ ਕਰਨਗੀਆਂ। ਇਨ੍ਹਾਂ ਸਾਰੇ ਰਾਜਾਂ ਵਿਚ ਇਹ ਅਦਾਲਤਾਂ ਇਸ ਆਧਾਰ ਉਤੇ ਕਾਇਮ ਕੀਤੀਆਂ ਜਾ ਰਹੀਆਂ ਹਨ ਕਿ ਇਨ੍ਹਾਂ ਵਿਚ ਫੌਜਦਾਰੀ ਕੇਸਾਂ ਵਾਲੇ ਵਿਧਾਨਕਾਰਾਂ ਦੀ ਗਿਣਤੀ 65 ਤੋਂ ਵੱਧ ਹੈ। ਹਲਫਨਾਮੇ ਵਿਚ ਇਹ ਵੀ ਕਿਹਾ ਗਿਆ ਹੈ ਕਿ ਸਾਰੇ ਕੇਸ ਇਕ ਸਾਲ ਦੇ ਅੰਦਰ ਨਿਪਟਾਉਣੇ ਹੋਣਗੇ। ਇਸ ਤਰ੍ਹਾਂ ਹਰ ਵਿਸ਼ੇਸ਼ ਅਦਾਲਤ ਨੂੰ ਇਕ ਸਾਲ ਵਿਚ 1,125 ਭਾਵ ਹਰ ਰੋਜ਼ 4.6 ਮੁਕੱਦਮੇ ਨਿਪਟਾਉਣਗੇ ਪੈਣਗੇ।

## ਐਨ.ਡੀ.ਪੀ. ਆਗੂ ਜਗਮੀਤ ਸਿੰਘ ਦੀ ਕੁੜਮਾਈ ਦੀ ਚਰਚਾ

**ਟੋਰਾਂਟੋ:** ਕੈਨੇਡਾ ਦੀ ਸਿਆਸਤ ਵਿਚ ਉਭਰਦੇ ਸਿੱਖ ਲੀਡਰ ਦੀ ਕੁੜਮਾਈ ਦੇ ਚਰਚੇ ਚੱਲ ਰਹੇ ਹਨ। ਸੋਸ਼ਲ ਮੀਡੀਆ ਉਤੇ ਇਕ ਨਿੱਜੀ ਸਮਾਗਮ ਦੀਆਂ ਤਸਵੀਰਾਂ ਅਤੇ ਵੀਡੀਓ 'ਚ ਐਨ.ਡੀ.ਪੀ. ਆਗੂ ਜਗਮੀਤ ਸਿੰਘ ਤੇ ਗੁਰਕਿਰਨ ਸਿੱਧੂ (ਗਿਨੂੰ) (27) ਸ਼ਗਨਾਂ ਵਾਲੀਆਂ ਪੁਸ਼ਾਕਾਂ 'ਚ ਦਿੱਸ ਰਹੇ ਹਨ। ਕੁਝ ਵੀਡੀਓ ਵਿਚ ਇਹ ਜੋੜਾ ਪੰਜਾਬੀ ਗੀਤਾਂ ਉਤੇ ਨੱਚਦਾ ਨਜ਼ਰ ਆ ਰਿਹਾ ਹੈ।

ਇੰਸਟਾਗ੍ਰਾਮ ਦੇ ਪੇਜ 'ਜੰਗੀਰੋ' ਦੀਆਂ ਪੋਸਟਾਂ ਵਿਚ ਜਗਮੀਤ ਸਿੰਘ ਅਤੇ ਗੁਰਕਿਰਨ ਨੂੰ ਇਕ ਵਿਆਂਦੜ ਜੋੜੇ ਵਜੋਂ ਦਿਖਾਇਆ ਗਿਆ ਹੈ। 'ਜੰਗੀਰੋ' ਗੁਰਕਿਰਨ ਸਿੱਧੂ ਦੀ ਪੰਜਾਬੀ ਪੁਸ਼ਾਕਾਂ ਦੀ ਨਵੀਂ ਲੜੀ ਹੈ। ਬੀਤੇ ਐਤਵਾਰ ਹੋਏ ਇਸ ਸਮਾਗਮ ਨੂੰ ਜਗਮੀਤ ਦੇ ਬੁਲਾਰੇ ਜੇਮਜ਼ ਸਮਿੱਥ ਨੇ ਇਸ ਨੂੰ ਨਾ ਤਾਂ ਮੰਗਣੀ ਤੇ ਨਾ ਹੀ ਵਿਆਹ ਦੀ ਰਸਮ ਆਖਿਆ ਸਗੋਂ ਇੰਨਾਂ ਕਿਹਾ ਕਿ ਇਹ ਦੋਵਾਂ ਪਰਿਵਾਰਾਂ ਦੀ ਪਹਿਲੀ ਮਿਲਣੀ ਸੀ। ਪਰ ਲੋਕਾਂ ਵੱਲੋਂ ਇਸ ਨੂੰ 'ਰੋਕਾ' ਸਮਝਿਆ ਜਾ ਰਿਹਾ ਹੈ ਅਤੇ ਸੋਸ਼ਲ ਮੀਡੀਆ ਉਤੇ ਦੋਵਾਂ ਨੂੰ ਖੂਬ ਵਧਾਈਆਂ ਮਿਲ ਰਹੀਆਂ ਹਨ। ਫੋਟੋਗ੍ਰਾਫਰ ਗਗਨਦੀਪ ਨੇ ਦੱਸਿਆ ਕਿ ਕੁੜੀ ਦੇ ਘਰ ਉਸ ਨੂੰ 'ਰੋਕੇ' ਦੀ ਰਸਮ ਲਈ ਬੁੱਕ ਕੀਤਾ ਗਿਆ ਸੀ। ਪੇਸ਼ੇਵਰ ਵਕੀਲ 38 ਸਾਲਾ ਅੰਮ੍ਰਿਤਧਾਰੀ ਜਗਮੀਤ ਸਿੰਘ ਇਸੇ ਸਾਲ ਕੈਨੇਡਾ ਦੀ ਸਿਆਸੀ ਪਾਰਟੀ ਐਨ. ਡੀ. ਪੀ. ਦਾ ਨੇਤਾ ਬਣਿਆ ਹੈ। ਉਸ ਨੂੰ ਮੁਲਕ ਦੇ ਅਗਾਂਹਵਧੂ ਆਗੂ ਵਜੋਂ ਵੇਖਿਆ ਜਾ ਰਿਹਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਬਾਦਲਾਂ ਤੇ ਕੈਪਟਨ ਵਿਚ ਸਿਆਸੀ ਸਾਂਝੇਦਾਰੀ ਦੀ ਮੁੜ ਚਰਚਾ

**ਚੰਡੀਗੜ੍ਹ:** ਪੰਜਾਬ ਵਿਚ ਸੱਤਾ ਤਬਦੀਲੀ ਦੇ ਨੌਂ ਮਹੀਨਿਆਂ ਬਾਅਦ ਵੀ ਸਰਕਾਰ ਦੇ ਕਈ ਮਹੱਤਵਪੂਰਨ ਅਦਾਰਿਆਂ ਉਤੇ ਅਕਾਲੀ ਦਲ ਦੇ ਆਗੂਆਂ ਦਾ ਕਬਜ਼ਾ ਬਰਕਰਾਰ ਰਹਿਣ ਨਾਲ ਰਾਜਸੀ ਹਲਕਿਆਂ ਵਿਚ 'ਸਿਆਸੀ ਸਾਂਝੇਦਾਰੀਆਂ' ਦੀ ਚਰਚਾ ਭਾਰੂ ਹੋ ਗਈ ਹੈ।

ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪੁਲਿਸ ਤੇ ਸਿਵਲ ਪ੍ਰਸ਼ਾਸਨ ਵਿਚਲੇ ਵੱਡੇ ਅਹੁਦਿਆਂ ਉਤੇ ਬੈਠੇ ਅਧਿਕਾਰੀਆਂ ਦੇ ਰੁਤਬੇ ਹੀ ਬਰਕਰਾਰ ਨਹੀਂ ਰੱਖੇ, ਸਗੋਂ ਸਿਆਸੀ ਅਹੁਦੇਦਾਰਾਂ ਨੂੰ ਲਾਹੁਣ ਦਾ ਵੀ ਫੈਸਲਾ ਨਹੀਂ ਲਿਆ। ਇਨ੍ਹਾਂ ਅਦਾਰਿਆਂ ਵਿਚ ਅਹਿਮ ਸੰਸਥਾ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ (ਐਸ.ਐਸ.ਬੋਰਡ) ਹੈ। ਇਸ ਬੋਰਡ ਦੇ ਚੇਅਰਮੈਨ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਗੁਰਮੀਤ ਸਿੰਘ ਦਾਦੂਵਾਲ ਹਨ। ਪੰਜਾਬ ਦੇ ਸਮੂਹ ਵਿਭਾਗਾਂ ਵਿਚ ਮੁਲਾਜ਼ਮਾਂ ਦੀ ਭਰਤੀ ਲਈ ਕਾਇਮ ਕੀਤੀ ਇਸ ਸੰਸਥਾ ਵੱਲੋਂ ਕੈਪਟਨ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਬਾਅਦ ਭਰਤੀ



ਦਾ ਕੰਮ ਵੀ ਅਰੰਭ ਦਿੱਤਾ ਗਿਆ ਹੈ। ਐਸ.ਐਸ. ਬੋਰਡ ਵੱਲੋਂ ਇਨ੍ਹੀਂ ਦਿਨੀਂ ਕਲਰਕਾਂ, ਡਰਾਈਵਰਾਂ ਅਤੇ ਕਰ ਤੇ ਆਬਕਾਰੀ ਵਿਭਾਗ ਦੇ ਇੰਸਪੈਕਟਰਾਂ ਸਮੇਤ ਕੁਝ ਹੋਰ ਵਰਗ ਦੇ ਮੁਲਾਜ਼ਮਾਂ ਦੀ ਭਰਤੀ ਪ੍ਰਕਿਰਿਆ ਅਰੰਭੀ ਗਈ ਹੈ।

ਪੰਜਾਬ ਵਿਚ ਆਮ ਤੌਰ ਉਤੇ ਇਹੀ ਰਵਾਇਤ ਰਹੀ ਹੈ ਕਿ ਪੁਰਾਣੀ ਸਰਕਾਰ ਵੱਲੋਂ ਕਾਇਮ ਕੀਤੇ ਬੋਰਡਾਂ ਅਤੇ ਨਿਗਮਾਂ ਨੂੰ ਭੰਗ ਕਰ ਕੇ ਨਵੇਂ ਸਿਰੇ ਤੋਂ ਗਠਿਤ ਕੀਤਾ ਜਾਂਦਾ ਹੈ ਤੇ ਹਾਕਮ ਪਾਰਟੀ ਆਪਣੇ ਆਗੂਆਂ ਦੀਆਂ ਨਿਯੁਕਤੀਆਂ ਕਰਦੀ ਹੈ। ਇਥੋਂ ਤੱਕ ਕਿ ਡੀ.ਜੀ.ਪੀ. ਤੇ ਮੁੱਖ ਸਕੱਤਰ ਵੀ ਬਦਲ ਦਿੱਤੇ ਜਾਂਦੇ ਹਨ। ਪੰਜਾਬ ਵਿਚ 16 ਮਾਰਚ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਦੀ ਸਰਕਾਰ ਹੋਂਦ ਵਿਚ ਆਈ। ਪੰਜਾਬ ਪੁਲਿਸ ਦੇ ਮੁਖੀ ਸੁਰੇਸ਼ ਅਰੋੜਾ ਜੋ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਕਰੀਬੀ ਮੰਨੇ ਜਾਂਦੇ ਸਨ, ਨੂੰ ਕਾਂਗਰਸ ਸਰਕਾਰ ਨੇ ਕਾਇਮ ਰੱਖਿਆ। ਇਸ ਤੋਂ ਬਾਅਦ ਬੋਰਡਾਂ ਅਤੇ ਨਿਗਮਾਂ ਨੂੰ ਭੰਗ ਕਰਨ ਦੀ ਕਾਰਵਾਈ ਨੂੰ ਵੀ ਇਕ ਤਰ੍ਹਾਂ ਨਾਲ ਠੰਢੇ ਬਸਤੇ ਵਿਚ ਹੀ ਪਾ ਦਿੱਤਾ ਗਿਆ ਹੈ।

ਐਸ.ਐਸ.ਬੋਰਡ ਨੂੰ ਭੰਗ ਨਾ ਕਰਨਾ ਰਾਜਸੀ ਤੇ ਪ੍ਰਸ਼ਾਸਕੀ ਹਲਕਿਆਂ ਅੰਦਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸੂਤਰਾਂ ਅਨੁਸਾਰ ਐਸ.ਐਸ.ਬੋਰਡ ਨੇ ਸਰਕਾਰੀ ਪਹਿਲਕਦਮੀ ਦੀ ਭਿਣਕ ਲੈਣ ਲਈ ਭਰਤੀ ਦਾ ਸ਼ਡਿਊਲ ਪ੍ਰਸੋਨਲ ਵਿਭਾਗ ਨੂੰ ਜਾਣਕਾਰੀ ਹਿਤ ਕੁਝ ਮਹੀਨੇ ਪਹਿਲਾਂ ਭੇਜਿਆ ਸੀ। ਇਹ ਵਿਭਾਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਅਧੀਨ ਹੈ ਤੇ ਇਸ ਵਿਭਾਗ ਨੇ ਅਕਾਲੀਆਂ ਦੇ ਬੋਰਡ ਵੱਲੋਂ ਭਰਤੀ ਕੀਤੇ ਜਾਣ ਵਾਲੇ ਸ਼ਡਿਊਲ ਨੂੰ ਮਾਨਤਾ ਦੇ ਦਿੱਤੀ ਹੈ।

ਪੰਜਾਬ ਸਰਕਾਰ ਦੇ ਰਿਕਾਰਡ ਮੁਤਾਬਕ ਐਸ.ਐਸ. ਬੋਰਡ ਦੇ ਚੇਅਰਮੈਨ ਗੁਰਮੀਤ ਸਿੰਘ ਦਾਦੂਵਾਲ ਹਨ ਤੇ ਮੈਂਬਰਾਂ ਵਿਚ ਜੀਵਨ ਧਵਨ, ਦਰਸ਼ਨ ਲਾਲ ਜੇਠੂਮਜਾਰਾ, ਰਾਜਿੰਦਰ ਸਿੰਘ ਦਾਲਮ, ਨਰਿੰਦਰ ਪਰਮਾਰ, ਅਸ਼ੋਕ ਲੂੰਬਾ, ਜਤਿੰਦਰ ਕਾਲਰਾ ਅਤੇ ਡਾ. ਰਚਨਾ ਸ਼ਰਮਾ ਸ਼ਾਮਲ ਹਨ। ਇਹ ਸਾਰੇ ਮੈਂਬਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦਾ ਕਹਿਣਾ ਹੈ ਕਿ ਐਸ.ਐਸ.ਬੋਰਡ ਵਰਗੇ ਅਦਾਰੇ 'ਤੇ ਅਕਾਲੀ-ਭਾਜਪਾ ਨਾਲ ਸਬੰਧਤ ਵਿਅਕਤੀਆਂ ਦੀ ਨਿਯੁਕਤੀ ਬਰਕਰਾਰ ਰਹਿਣ ਦਾ ਮਾਮਲਾ ਫਿਲਹਾਲ ਮੇਰੇ ਧਿਆਨ ਵਿਚ ਨਹੀਂ ਹੈ।

## ਗਣਤੰਤਰ ਦਿਵਸ ਸਮਾਗਮ 'ਚ ਮਹਿਮਾਨ ਹੋਣਗੇ 10 ਆਸੀਆਨ ਦੇਸ਼ਾਂ ਦੇ ਮੁਖੀ

**ਨਵੀਂ ਦਿੱਲੀ:** ਇਸ ਵਾਰ 69ਵਾਂ ਗਣਤੰਤਰ ਦਿਵਸ ਦੇਸ਼ ਲਈ ਬਹੁਤ ਖਾਸ ਹੋਵੇਗਾ ਕਿਉਂਕਿ ਪਹਿਲੀ ਵਾਰ ਆਸੀਆਨ ਦੇਸ਼ਾਂ ਦੇ 10 ਮੁਖੀ ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਆਸੀਆਨ ਦੇਸ਼ਾਂ ਦੇ ਬਹੁਤ ਸਾਰੇ ਮੁਖੀਆਂ ਦੀ ਮੌਜੂਦਗੀ ਭਾਰਤ-ਆਸੀਆਨ ਰਣਨੀਤਕ ਸਾਂਝੇਦਾਰੀ ਤੇ ਭਾਰਤ ਦੀ ਪੂਰਬੀ ਨੀਤੀ ਨੂੰ ਸਮਰਪਤ ਹੋਵੇਗੀ। ਇਹ ਨੇਤਾ 25 ਜਨਵਰੀ ਨੂੰ ਭਾਰਤ-ਆਸੀਆਨ ਸੰਮੇਲਨ ਵਿਚ ਹਿੱਸਾ ਲੈਣਗੇ, ਜੋ ਕਿ ਭਾਰਤ ਦੇ ਇਸ ਸਮੂਹ ਨਾਲ ਰਿਸ਼ਤਿਆਂ ਦੀ 25ਵੀਂ ਵਰ੍ਹੇਗੰਢ ਮੌਕੇ ਕਰਵਾਇਆ ਜਾ ਰਿਹਾ ਹੈ। ਗਣਤੰਤਰ ਦਿਵਸ ਪਰੇਡ 'ਚ ਭਾਰਤ ਦੇ ਦੱਖਣ-ਪੂਰਬੀ ਏਸ਼ੀਅਨ ਦੇਸ਼ਾਂ ਨਾਲ ਸਬੰਧਾਂ ਨੂੰ ਦਰਸਾਉਂਦੀਆਂ ਝਾਕੀਆਂ ਨੂੰ ਵਿਖਾਇਆ ਜਾਵੇਗਾ।

## ਸਾਈਬਰ ਅਪਰਾਧ ਦੇ ਲਪੇਟੇ ਵਿਚ ਆਇਆ ਭਾਰਤ

**ਲੁਧਿਆਣਾ:** ਕੰਪਿਊਟਰ ਤੇ ਇੰਟਰਨੈਟ ਦੇ ਫੈਲਾਅ ਦੇ ਨਾਲ ਹੀ ਦੇਸ਼ ਵਿਚ ਦੂਜੇ ਫੌਜਦਾਰੀ ਅਪਰਾਧਾਂ ਵਾਂਗ ਸਾਈਬਰ ਅਪਰਾਧਾਂ ਵਿਚ ਵੀ ਤੇਜੀ ਨਾਲ ਵਾਧਾ ਹੋ ਰਿਹਾ ਹੈ ਅਤੇ ਪਿਛਲੇ ਤਿੰਨ ਸਾਲਾਂ ਦੌਰਾਨ ਦੇਸ਼ ਵਿਚ ਇਹ ਅਪਰਾਧ 28 ਫੀਸਦੀ ਵਧ ਗਏ ਹਨ।

ਦੇਸ਼ ਭਰ ਵਿਚ ਕੀਤੇ ਗਏ ਸਾਈਬਰ ਅਪਰਾਧਾਂ ਦੇ ਮਾਮਲਿਆਂ ਵਿਚੋਂ 50 ਫੀਸਦੀ ਸਿਰਫ ਤਿੰਨ ਸੂਬਿਆਂ ਮਹਾਰਾਸ਼ਟਰ, ਉਤਰ ਪ੍ਰਦੇਸ਼ ਅਤੇ ਕਰਨਾਟਕਾ ਵਿਚ ਕੀਤੇ ਗਏ ਹਨ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਕ ਦੇਸ਼ ਦੇ ਵੱਖ-ਵੱਖ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਸਾਈਬਰ ਅਪਰਾਧਾਂ ਦੇ ਦਰਜ ਕੀਤੇ ਗਏ ਕੁੱਲ 12,317 ਮਾਮਲਿਆਂ ਵਿਚੋਂ ਉਤਰ ਪ੍ਰਦੇਸ਼ ਵਿਚ 2639, ਮਹਾਰਾਸ਼ਟਰ ਵਿਚ 2380 ਅਤੇ ਕਰਨਾਟਕਾ ਵਿਚ 1101 ਮਾਮਲੇ ਦਰਜ ਕੀਤੇ ਗਏ ਹਨ।

ਇਨ੍ਹਾਂ ਵਿਚੋਂ ਉਤਰ ਪ੍ਰਦੇਸ਼ ਵਿਚ ਸਭ ਤੋਂ ਵੱਧ 2562 ਕੇਸ ਆਈ.ਟੀ. ਐਕਟ ਦੇ ਹਨ, ਜਦੋਂ ਕਿ ਮਹਾਰਾਸ਼ਟਰ ਵਿਚ ਸਭ ਤੋਂ ਵੱਧ 2006 ਕੇਸ ਆਈ.ਪੀ.ਸੀ. ਕਾਨੂੰਨਾਂ ਦੀ ਉਲੰਘਣਾ ਦੇ ਹਨ। ਆਸਾਮ, ਬਿਹਾਰ, ਆਂਧਰਾ ਪ੍ਰਦੇਸ਼, ਉੜੀਸਾ ਅਤੇ ਹਰਿਆਣਾ ਵਿਚ ਇਨ੍ਹਾਂ ਅਪਰਾਧਾਂ ਵਿਚ 2014 ਦੇ ਮੁਕਾਬਲੇ ਲਗਭਗ ਤਿੰਨ ਗੁਣਾ ਵਾਧਾ ਹੋਇਆ ਹੈ ਜਦਕਿ ਪੰਜਾਬ, ਕੇਰਲਾ ਅਤੇ ਦਿੱਲੀ ਵਿਚ ਪਿਛਲੇ ਤਿੰਨ ਸਾਲਾਂ ਦੌਰਾਨ ਸਾਈਬਰ ਅਪਰਾਧਾਂ ਵਿਚ 50 ਫੀਸਦੀ ਦੇ ਕਰੀਬ ਕਮੀ ਆਈ ਹੈ। ਇਸੇ ਤਰ੍ਹਾਂ ਰਾਜਧਾਨੀ ਦਿੱਲੀ ਵਿਚ ਵੀ ਇਨ੍ਹਾਂ ਅਪਰਾਧਾਂ ਦੀ ਗਿਣਤੀ ਪਿਛਲੇ ਤਿੰਨ ਸਾਲਾਂ ਵਿਚ 226 ਤੋਂ ਘੱਟ ਕੇ 98 ਰਹਿ ਗਈ ਹੈ। ਆਸਾਮ ਨੂੰ ਛੱਡ ਕੇ ਬਾਕੀ ਪੂਰਬੀ ਸੂਬੇ ਸਾਈਬਰ ਅਪਰਾਧਾਂ ਤੋਂ



### ਔਰਤਾਂ ਖਿਲਾਫ ਅਪਰਾਧਾਂ ਵਿਚ ਮੁੰਬਈ ਅੱਗੇ

**ਮੁੰਬਈ:** ਔਰਤਾਂ ਦੀ ਕਿਰਦਾਰਕੁਸ਼ੀ ਜਾਂ ਹੋਰ ਸਾਈਬਰ ਅਪਰਾਧਾਂ ਦੇ ਮਾਮਲਿਆਂ ਵਿਚ ਸਭ ਤੋਂ ਵੱਧ ਖਤਰਨਾਕ ਫਿਲਮੀ ਨਗਰੀ ਮੁੰਬਈ ਹੈ ਕਿਉਂਕਿ ਦੇਸ਼ ਭਰ ਵਿਚ ਵਾਪਰੇ ਅਜਿਹੇ ਕੁੱਲ ਅਪਰਾਧਾਂ ਵਿਚੋਂ 70 ਫੀਸਦੀ ਇਕੱਲੇ ਮੁੰਬਈ ਵਿਚ ਹੀ ਹੋਏ ਹਨ। ਔਰਤਾਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਸਾਈਬਰ ਅਪਰਾਧਾਂ ਸਬੰਧੀ ਦੇਸ਼ ਦੇ ਪ੍ਰਮੁੱਖ ਸ਼ਹਿਰਾਂ ਵਿਚ ਦਰਜ ਹੋਏ ਕੁੱਲ 294 ਕੇਸਾਂ ਵਿਚੋਂ 207 ਇਕੱਲੇ ਮੁੰਬਈ ਵਿਚ ਦਰਜ ਕੀਤੇ ਗਏ ਹਨ।

ਸੁਰੱਖਿਅਤ ਹਨ। ਅਰੁਣਾਚਲ ਪ੍ਰਦੇਸ਼ ਵਿਚ 4, ਮਿਜ਼ੋਰਮ ਤੇ ਸਿੱਕਮ ਵਿਚ ਸਿਰਫ 1-1, ਨਾਗਾਲੈਂਡ ਵਿਚ 2, ਤ੍ਰਿਪੁਰਾ ਵਿਚ 8 ਅਤੇ ਮਨੀਪੁਰ ਵਿਚ 11 ਮਾਮਲੇ ਦਰਜ ਕੀਤੇ ਗਏ ਹਨ।

## ਵਿਸ਼ਵ ਪੰਜਾਬੀ ਕਾਨਫਰੰਸ ਮੁਲਤਵੀ

**ਜਲੰਧਰ:** ਚੰਡੀਗੜ੍ਹ ਵਿਚ ਜਨਵਰੀ 2018 ਨੂੰ ਹੋਣ ਵਾਲੀ ਵਿਸ਼ਵ ਪੰਜਾਬੀ ਕਾਨਫਰੰਸ ਮਾਰਚ, 2018 ਤੱਕ ਮੁਲਤਵੀ ਕਰ ਦਿੱਤੀ ਗਈ ਹੈ।

ਇਹ ਫੈਸਲਾ ਵਰਲਡ ਪੰਜਾਬੀ ਕਾਨਫਰੰਸ ਦੇ ਚੇਅਰਮੈਨ ਹਰਵਿੰਦਰ ਸਿੰਘ ਹੰਸਪਾਲ ਦੀ ਪ੍ਰਧਾਨਗੀ ਹੇਠ ਨਵੀਂ ਦਿੱਲੀ ਵਿਚ ਇਸ ਦੀ ਕਾਰਜਕਾਰਨੀ ਦੀ ਮੀਟਿੰਗ ਵਿਚ ਲਿਆ ਗਿਆ। ਮੀਟਿੰਗ ਮਗਰੋਂ ਸ੍ਰੀ ਹੰਸਪਾਲ ਨੇ ਦੱਸਿਆ ਕਿ ਭਾਵੇਂ ਕਾਨਫਰੰਸ ਲਈ ਤਿਆਰੀਆਂ ਪੂਰੇ ਜ਼ੋਰਾਂ ਨਾਲ ਚੱਲ ਰਹੀਆਂ ਸਨ ਪਰ ਵਿਦੇਸ਼ਾਂ ਤੋਂ ਆਉਣ ਵਾਲੇ ਡੈਲੀਗੇਟਾਂ ਅਤੇ ਪਾਕਿਸਤਾਨ ਤੋਂ ਆ ਰਹੇ ਡੈਲੀਗੇਸ਼ਨ ਨੂੰ ਵੀਜ਼ਾ ਮਿਲਣ ਦੀ ਮੁਸ਼ਕਲ ਆ ਰਹੀ ਹੈ। ਇਸ ਲਈ ਸਰਬਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਕਾਨਫਰੰਸ ਹੁਣ ਮਾਰਚ, 2018 ਵਿਚ ਕੀਤੀ ਜਾਵੇਗੀ।

## ਦਿਨ ਦਿਹਾੜੇ ਬੈਂਕ ਵਿਚ 7 ਲੱਖ ਦਾ ਡਾਕਾ

**ਤਰਨ ਤਾਰਨ:** ਪਿੰਡ ਨੌਰੰਗਾਬਾਦ ਵਿਚ ਐਕਸਿਸ ਬੈਂਕ ਦੀ ਸ਼ਾਖਾ ਵਿਚੋਂ ਨਕਾਬਪੋਸ਼ ਲੁਟੇਰੇ ਦਿਨ ਦਿਹਾੜੇ 7 ਲੱਖ 25 ਹਜ਼ਾਰ 710 ਰੁਪਏ ਦੀ ਨਗਦੀ ਲੁੱਟ ਕੇ ਫਰਾਰ ਹੋ ਗਏ। ਘਟਨਾ ਨੂੰ ਅੰਜਾਮ ਤਿੰਨ ਨਕਾਬਪੋਸ਼ ਲੁਟੇਰਿਆਂ ਨੇ ਦਿੱਤਾ, ਜਦ ਕਿ ਉਨ੍ਹਾਂ ਦਾ ਇਕ ਸਾਥੀ ਬੈਂਕ ਦੇ ਬਾਹਰ ਸਿਲਵਰ ਰੰਗ ਦੀ ਆਈਕੋਨ ਫੋਰਡ ਕਾਰ ਵਿਚ ਹੀ ਬੈਠਾ ਰਿਹਾ।

ਲੁਟੇਰਿਆਂ ਨੇ ਘਟਨਾ ਨੂੰ ਅੰਜਾਮ ਦੇਣ ਤੋਂ ਪਹਿਲਾਂ ਬੈਂਕ ਦੇ ਬਾਹਰ ਹਵਾਈ ਫਾਇਰ ਕੀਤਾ ਅਤੇ ਫਿਰ ਨਗਦੀ ਲੁੱਟਣ ਤੋਂ ਬਾਅਦ ਸੀ.ਸੀ.ਟੀ.ਵੀ. ਕੈਮਰੇ ਦੀ ਸਕਰੀਨ ਅਤੇ ਇਕ ਲੈਪਟਾਪ ਨੂੰ ਗੋਲੀਆਂ ਮਾਰ ਕੇ ਤੋੜ ਦਿੱਤਾ। ਲੁਟੇਰੇ ਜਾਂਦੇ ਸਮੇਂ ਬੈਂਕ ਦੇ ਸੇਲ ਅਫਸਰ ਰਾਹੁਲ ਸ਼ਰਮਾ ਦਾ ਮੋਬਾਈਲ ਫੋਨ ਵੀ ਖੋਹ ਕੇ ਲੈ ਗਏ। ਸਾਰੀ ਘਟਨਾ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਕੈਦ ਹੋ ਗਈ ਅਤੇ ਪੁਲਿਸ ਨੇ ਸੀ.ਸੀ.ਟੀ.ਵੀ. ਵਿਚੋਂ ਲੁਟੇਰਿਆਂ ਦੀ ਫੁਟੇਜ ਲੈ ਕੇ ਬੈਂਕ ਅਧਿਕਾਰੀਆਂ ਦੇ ਬਿਆਨਾਂ ਉਤੇ ਮਾਮਲਾ ਦਰਜ ਕਰ ਲਿਆ। ਬੈਂਕ ਅੰਦਰ ਆਏ ਤਿੰਨ ਲੁਟੇਰਿਆਂ ਵਿਚੋਂ ਦੋ ਕੋਲ ਪਿਸਤੌਲ ਅਤੇ ਇਕ ਕੋਲ ਬੰਦੂਕ ਸੀ। ਅੰਦਰ ਆਉਂਦਿਆਂ ਹੀ ਉਨ੍ਹਾਂ ਨੇ ਬੈਂਕ ਦੀ ਕੈਸ਼ੀਅਰ ਹਰਪ੍ਰੀਤ ਕੌਰ ਨੂੰ ਹਥਿਆਰਾਂ ਦੀ ਨੋਕ ਉਤੇ ਕੈਸ਼ ਸਬੰਧੀ ਪੁੱਛਿਆ ਅਤੇ ਦੋ ਲੁਟੇਰਿਆਂ ਨੇ ਨਗਦੀ ਵਾਲੇ ਕੈਬਿਨ ਵਿਚ ਜਾ ਕੇ ਉਥੇ ਪਏ 7 ਲੱਖ 25 ਹਜ਼ਾਰ 710 ਰੁਪਏ ਲੁੱਟ ਲਏ।

### ਲੁਟੇਰੇ ਵੇਖ ਭੱਜ ਗਿਆ ਸੁਰੱਖਿਆ ਗਾਰਡ

ਲੁਟੇਰਿਆਂ ਨੇ ਜਦ ਬੈਂਕ ਅੰਦਰ ਦਾਖਲ ਹੋਣ ਮੌਕੇ ਹਵਾਈ ਫਾਇਰ ਕੀਤੇ ਤਾਂ ਬੈਂਕ ਵਿਚ ਤਾਇਨਾਤ ਸੁਰੱਖਿਆ ਗਾਰਡ ਬਲਦੇਵ ਸਿੰਘ ਦੋਨਾਲੀ ਬੰਦੂਕ ਲੋਡਿਡ ਹੋਣ ਦੇ ਬਾਵਜੂਦ ਬੈਂਕ ਦੇ ਪਿਛਲੇ ਪਾਸੇ ਭੱਜ ਗਿਆ।

ਬੈਂਕ ਦੇ ਸੇਲ ਅਫਸਰ ਰਾਹੁਲ ਸ਼ਰਮਾ ਨੇ ਦੱਸਿਆ ਕਿ ਜੇਕਰ ਸੁਰੱਖਿਆ ਕਰਮਚਾਰੀ ਥੋੜ੍ਹੀ ਬਹੁਤੀ ਮੁਸਤੈਦੀ ਦਿਖਾਉਂਦਾ ਤਾਂ ਇਹ ਲੁੱਟ ਦੀ ਘਟਨਾ ਟਲ ਸਕਦੀ ਸੀ ਜਾਂ ਲੁਟੇਰਿਆਂ ਨੂੰ ਫੜਿਆ ਜਾ ਸਕਦਾ ਸੀ। ਸੁਰੱਖਿਆ ਕਰਮਚਾਰੀ ਲੁਟੇਰਿਆਂ ਦਾ ਸਾਹਮਣਾ ਕਰਨ ਦੀ ਬਜਾਏ ਡਰ ਕੇ ਪਿਛਲੇ ਪਾਸੇ ਭੱਜ ਗਿਆ।

# ਕੇਂਦਰੀ ਸਕੀਮਾਂ ਵਿਚ ਹਿੱਸੇਦਾਰੀ ਦੇਣ ਜੋਗੀ ਨਾ ਰਹੀ ਪੰਜਾਬ ਸਰਕਾਰ

**ਜਲੰਧਰ:** ਪੰਜਾਬ ਸਰਕਾਰ, ਕੇਂਦਰ ਕੋਲੋਂ ਮਿਡ-ਡੇਅ ਮੀਲ ਦੇ 75 ਕਰੋੜ ਰੁਪਏ ਨਹੀਂ ਲੈ ਸਕੀ ਹੈ, ਕਿਉਂਕਿ ਵਿੱਤੀ ਤੰਗੀ ਕਾਰਨ ਸੂਬਾ ਸਰਕਾਰ ਨੇ ਬਣਦਾ 40 ਫੀਸਦੀ ਹਿੱਸਾ ਨਹੀਂ ਪਾਇਆ ਹੈ। ਅਕਤੂਬਰ ਤੋਂ ਲੈ ਕੇ ਹੁਣ ਤੱਕ ਮਿਡ-ਡੇਅ ਮੀਲ ਦੇ ਪੈਸੇ ਨਾ ਆਉਣ ਕਾਰਨ ਕਈ ਸਕੂਲਾਂ ਵਿਚ ਇਹ ਸਕੀਮ ਬੰਦ ਹੋ ਗਈ ਹੈ ਤੇ ਕਈ ਸਕੂਲਾਂ ਵਿਚ ਅਧਿਆਪਕ ਆਪਣੀਆਂ ਜੇਬਾਂ ਵਿਚੋਂ ਪੈਸੇ ਖਰਚ ਰਹੇ ਹਨ।

ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਵਿਚ ਬਹੁਤੇ ਕਰਿਆਨੇ ਵਾਲਿਆਂ ਨੇ ਮਿਡ-ਡੇਅ ਮੀਲ ਲਈ ਉਧਾਰ ਦੇਣਾ ਬੰਦ ਕਰ ਦਿੱਤਾ ਹੈ। ਪੰਜਾਬ ਦੇ 20 ਹਜ਼ਾਰ ਸਕੂਲਾਂ ਵਿਚ ਪਹਿਲੀ ਤੋਂ ਲੈ ਕੇ ਅੱਠਵੀਂ ਜਮਾਤ ਤੱਕ 21 ਲੱਖ ਬੱਚੇ ਪੜ੍ਹਦੇ ਹਨ, ਜਿਨ੍ਹਾਂ ਨੂੰ ਮਿਡ-ਡੇਅ ਮੀਲ ਸਕੀਮ ਤਹਿਤ ਖਾਣਾ ਦਿੱਤਾ ਜਾਂਦਾ ਹੈ।

ਸੂਬਾ ਸਰਕਾਰ ਵੱਲੋਂ 75 ਕਰੋੜ ਦੀ ਰਕਮ ਹਾਸਲ ਨਾ ਕਰਨ ਕਰ ਕੇ ਕਈ ਸਕੂਲਾਂ ਦੇ ਅਧਿਆਪਕ ਆਪਣੀਆਂ ਜੇਬਾਂ ਵਿਚੋਂ ਪੈਸੇ ਖਰਚ ਕੇ ਜਾਂ ਫਿਰ ਕਰਿਆਨੇ ਵਾਲਿਆਂ ਨਾਲ



ਉਧਾਰ ਕਰ ਕੇ ਵਿਦਿਆਰਥੀਆਂ ਦਾ ਪੇਟ ਭਰਦੇ ਹਨ। ਜਲੰਧਰ ਜ਼ਿਲ੍ਹੇ ਦੇ ਇਕ ਸਕੂਲ ਅਧਿਆਪਕ ਨੇ ਦੱਸਿਆ ਕਿ ਹੁਣ ਤੱਕ ਉਹ ਆਪਣੀ ਜੇਬ ਵਿਚੋਂ ਮਿਡ-ਡੇਅ ਮੀਲ ਲਈ 23 ਹਜ਼ਾਰ ਰੁਪਏ ਤੋਂ ਵੱਧ ਦੀ ਰਕਮ ਖਰਚ ਕਰ ਚੁੱਕੇ ਹਨ। ਨਵਾਂ ਸ਼ਹਿਰ, ਹੁਸ਼ਿਆਰਪੁਰ ਤੇ ਕਪੂਰਥਲਾ ਜ਼ਿਲ੍ਹਿਆਂ ਦੇ ਸਰਕਾਰੀ ਸਕੂਲਾਂ ਵਿਚ ਕਈ ਅਧਿਆਪਕਾਂ ਨੇ ਤਾਂ ਇਕ ਲੱਖ ਰੁਪਏ ਤੋਂ ਉਪਰ ਦੀ ਰਕਮ ਉਧਾਰ ਫੜ ਕੇ ਮਿਡ-ਡੇਅ ਮੀਲ ਵਿਚ ਲਾ ਦਿੱਤੀ ਹੈ। ਅਧਿਆਪਕਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਆਪਣੀ ਤਨਖਾਹ ਵੀ ਦੋ-ਦੋ, ਤਿੰਨ-ਤਿੰਨ ਮਹੀਨੇ ਲੇਟ ਮਿਲਦੀ ਹੈ, ਇਸ ਦੇ ਬਾਵਜੂਦ ਉਨ੍ਹਾਂ ਨੂੰ ਮਿਡ-ਡੇਅ ਮੀਲ ਸਕੀਮ ਜਾਰੀ ਰੱਖਣ ਲਈ ਕਿਹਾ ਜਾ ਰਿਹਾ ਹੈ।

ਮਿਡ-ਡੇਅ ਮੀਲ ਆਫਿਸ ਵਰਕਰਜ਼ ਅਤੇ ਕੁਕਿੰਗ ਸਟਾਫ ਯੂਨੀਅਨ ਪੰਜਾਬ ਦੇ ਪ੍ਰਧਾਨ ਪ੍ਰਵੀਨ ਸ਼ਰਮਾ ਨੇ ਦੱਸਿਆ ਕਿ ਅਬੋਹਰ-ਫਾਜ਼ਿਲਕਾ ਵਿਚ ਤਾਂ 150 ਦੇ ਕਰੀਬ ਸਕੂਲਾਂ ਵਿਚ ਪੈਸੇ ਨਾ ਹੋਣ ਕਾਰਨ ਮਿਡ-ਡੇਅ ਮੀਲ ਸਕੀਮ ਬੰਦ ਕਰਨੀ ਪਈ। ਉਨ੍ਹਾਂ ਦੱਸਿਆ ਕਿ 46 ਹਜ਼ਾਰ ਦੇ ਕਰੀਬ ਕੁਕਿੰਗ ਸਟਾਫ ਤੇ ਹੋਰ ਕਰਮਚਾਰੀ ਇਸ ਸਕੀਮ ਤਹਿਤ ਕੰਮ ਕਰ ਰਹੇ ਹਨ, ਉਨ੍ਹਾਂ ਲਈ ਵੀ ਪੈਸੇ ਨਹੀਂ ਆ ਰਹੇ। ਜ਼ਿਕਰਯੋਗ ਹੈ ਕਿ ਮਿਡ-ਡੇਅ ਮੀਲ ਸਕੀਮ ਤਹਿਤ 60 ਫੀਸਦੀ ਰਕਮ ਕੇਂਦਰ ਸਰਕਾਰ ਦਿੰਦੀ ਹੈ ਤੇ 40 ਫੀਸਦੀ ਰਕਮ ਸੂਬਾ ਸਰਕਾਰ ਨੂੰ ਪਾਉਣੀ ਪੈਂਦੀ ਹੈ। ਕੇਂਦਰ ਵੱਲੋਂ ਇਹ ਰਕਮ ਉਦੋਂ ਹੀ ਜਾਰੀ ਕੀਤੀ ਜਾਂਦੀ ਹੈ, ਜਦੋਂ ਸੂਬਾ ਸਰਕਾਰ ਆਪਣਾ ਬਣਦਾ 40 ਫੀਸਦੀ ਹਿੱਸਾ ਜਮ੍ਹਾਂ ਕਰਵਾ ਦਿੰਦੀ ਹੈ। ਪੰਜਾਬ ਸਰਕਾਰ ਵੱਲੋਂ ਆਪਣਾ ਹਿੱਸਾ ਨਾ ਦੇਣ ਕਾਰਨ ਇਹ ਫੰਡ ਅਕਤੂਬਰ ਤੋਂ ਹੀ ਲਟਕਿਆ ਪਿਆ ਹੈ।

### ਕਾਂਗਰਸ ਨੇ ਸੂਬੇ ਨੂੰ ਵਿੱਤੀ ਐਮਰਜੈਂਸੀ 'ਚ ਝੋਕਿਆ: ਆਪ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਪੰਜਾਬ ਨੂੰ ਵਿੱਤੀ ਐਮਰਜੈਂਸੀ ਵਿਚ ਝੋਕ ਦਿੱਤਾ ਹੈ। ਪਾਰਟੀ ਦੇ ਸਹਿ-ਪ੍ਰਧਾਨ ਤੇ ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਦੌਰਾਨ ਪੰਜਾਬ ਨੂੰ ਆਰਥਿਕ ਸੰਕਟ ਵਿਚੋਂ ਕੱਢਣ ਦੇ ਵਾਅਦੇ ਕੀਤੇ ਸਨ ਪਰ ਆਪਣੇ 10 ਮਹੀਨਿਆਂ ਦੇ ਕਾਰਜਕਾਲ ਕਾਰਨ ਅੱਜ ਪੰਜਾਬ ਦੀ ਆਰਥਿਕ ਹਾਲਤ ਬਦ ਤੋਂ ਬਦਤਰ ਕਰ ਦਿੱਤੀ ਹੈ, ਜਿਸ ਦਾ ਮੁੱਲ ਸੂਬੇ ਦੇ ਹਰ ਵਰਗ ਨੂੰ ਚੁਕਾਉਣਾ ਪੈ ਰਿਹਾ ਹੈ।

# ਨਸ਼ਿਆਂ ਦੀ ਮੰਡੀ ਵਜੋਂ ਬਣਦੀ ਜਾ ਰਹੀ ਹੈ ਪੰਜਾਬ ਦੀ ਪਛਾਣ

**ਚੰਡੀਗੜ੍ਹ:** ਪੰਜਾਬ ਦੀ ਪਛਾਣ ਨਸ਼ੇ ਦੀ ਮੰਡੀ ਵਜੋਂ ਬਣਦੀ ਜਾ ਰਹੀ ਹੈ। ਦਿੱਲੀ ਦੇ ਏਮਜ਼ ਹਸਪਤਾਲ ਵੱਲੋਂ ਨਸ਼ਿਆਂ ਬਾਰੇ ਕਰਵਾਏ ਸਰਵੇਖਣ ਮੁਤਾਬਕ ਪੰਜਾਬ ਵਿਚ ਹਰ ਸਾਲ 7500 ਕਰੋੜ ਦੇ ਨਸ਼ੀਲੇ ਪਦਾਰਥ ਵਿਕਦੇ ਹਨ। ਗ੍ਰਹਿ ਮੰਤਰਾਲੇ ਦੀ ਇਕ ਰਿਪੋਰਟ ਦੱਸਦੀ ਹੈ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਦੇਸ਼ ਵਿਚੋਂ ਫੜੇ ਗਏ ਨਸ਼ਾ ਤਸਕਰਾਂ 'ਚੋਂ 37 ਫੀਸਦੀ ਪੰਜਾਬ ਦੇ ਹੀ ਹਨ। ਵਿਸ਼ਵ ਭਰ ਵਿਚ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਮੌਤਾਂ 'ਚ ਸ਼ਰਾਬ ਅਤੇ ਨਸ਼ਿਆਂ ਦੇ ਸੇਵਨ ਦਾ 5ਵਾਂ ਕਾਰਨ ਮੰਨਿਆ ਗਿਆ ਹੈ। ਜਦੋਂਕਿ ਆਬਕਾਰੀ ਨੀਤੀ ਤਹਿਤ ਪੰਜਾਬ ਵਿਚ ਪਿਛਲੇ ਵਰ੍ਹੇ 5500 ਕਰੋੜ ਰੁਪਏ ਦੀ ਸ਼ਰਾਬ ਵੇਚੀ ਗਈ ਅਤੇ ਇਸ ਸਾਲ 5100 ਕਰੋੜ ਰੁਪਏ ਦੀ ਸ਼ਰਾਬ ਵੇਚੀ ਜਾਵੇਗੀ।

ਬੀਤੇ ਦੋ ਦਹਾਕਿਆਂ ਉਤੇ ਝਾਤ ਮਾਰੀ ਜਾਵੇ ਤਾਂ ਪੰਜਾਬ ਅੰਦਰ ਵਿਕ ਰਿਹਾ ਨਸ਼ਾ ਪੁਲਿਸ ਅਤੇ ਨਸ਼ਾ ਤਸਕਰਾਂ ਦੀ ਮਿਲੀਭੁਗਤ ਹੈ। ਨਸ਼ਾ ਤਸਕਰਾਂ ਦੇ ਨਾਲ-ਨਾਲ ਕੁਝ ਭ੍ਰਿਸ਼ਟ ਅਧਿਕਾਰੀਆਂ ਨੇ ਵੀ ਪੰਜਾਬ ਦੇ ਮੱਥੇ ਉਤੇ ਨਸ਼ਿਆਂ ਦਾ ਕਲੰਕ ਲਗਾਇਆ ਹੈ। ਪੁਲਿਸ ਥਾਣੇ ਵਿਚ ਬਣੇ ਮਾਲ ਖਾਨਿਆਂ 'ਚ ਜ਼ਬਤ ਕੀਤੇ ਨਸ਼ੇ ਨੂੰ ਚੋਰੀ ਕਰ ਕੇ ਵੇਚਣ ਵਾਲੇ ਪੁਲਿਸ ਕਰਮਚਾਰੀਆਂ ਉਤੇ ਹੋਏ ਪਰਚੇ ਇਸ ਦੀ ਗਵਾਹੀ ਭਰ ਰਹੇ ਹਨ। ਪੰਜਾਬ ਨੂੰ ਮਹਿਜ 4 ਹਫਤਿਆਂ ਵਿਚ ਨਸ਼ਾ ਮੁਕਤ ਕਰਵਾਉਣ ਵਾਲੀ ਕਾਂਗਰਸ ਸਰਕਾਰ 9 ਮਹੀਨਿਆਂ ਬਾਅਦ ਵੀ ਨਸ਼ਾ ਤਸਕਰੀ ਕਰਨ ਵਾਲਿਆਂ ਨੂੰ ਕਾਬੂ ਨਾ ਕਰ ਸਕੀ। ਬੇਸ਼ੱਕ ਪੰਜਾਬ ਅੰਦਰ ਨਸ਼ਾ ਖਤਮ ਕਰਨ ਦੇ ਮਨੋਰਥ ਨਾਲ ਪੁਲਿਸ ਦੀਆਂ ਵਿਸ਼ੇਸ਼ ਟੁਕੜੀਆਂ ਬਣਾ ਕੇ ਨਸ਼ਾ ਤਸਕਰਾਂ ਉਤੇ ਸ਼ਿਕੰਜਾ ਕੱਸਿਆ ਜਾ ਰਿਹਾ ਹੈ, ਪਰ ਨਸ਼ਿਆਂ ਦੇ ਕਾਰੋਬਾਰ ਕਰਨ ਵਾਲੇ ਵੱਡੇ-ਵੱਡੇ ਧੁਨੰਤਰਾਂ ਨੂੰ ਨੱਥ ਪਾਉਣ ਦੀ ਬਜਾਏ ਮਾਲ ਨੂੰ ਇਕ ਥਾਂ ਤੋਂ ਦੂਜੀ ਥਾਂ ਪਹੁੰਚਾਉਣ ਵਾਲੇ ਛੋਟੇ-ਮੋਟੇ ਤਸਕਰਾਂ ਨੂੰ ਫੜ ਕੇ ਖਾਨਾਪੂਰਤੀ ਕੀਤੀ ਜਾ ਰਹੀ ਹੈ। ਆਲਮ ਇਹ ਹੈ ਕਿ ਪੰਜਾਬ 'ਚ ਅੱਜ ਵੀ ਚਿੱਟਾ, ਸਮੈਕ, ਗੋਲੀਆਂ ਆਦਿ ਜਿਉਂ ਦੀਆਂ ਤਿਉਂ ਹੀ ਵਿਕ ਰਹੀਆਂ ਹਨ ਤੇ ਪੰਜਾਬ ਦੀ ਜਵਾਨੀ ਨਸ਼ਿਆਂ ਵਿਚ ਗਰਕ ਹੋ ਰਹੀ ਹੈ।

ਮੋਗਾ ਜ਼ਿਲ੍ਹੇ ਦੇ ਤਿੰਨ ਪਿੰਡ ਦੋਲੇ ਵਾਲਾ, ਨੂਰਪੁਰ ਹਕੀਮਾਂ ਅਤੇ ਮਾਹਲਾ ਨਸ਼ਾ ਤਸਕਰੀ 'ਚ ਪੂਰੇ ਪੰਜਾਬ ਅੰਦਰ ਮਸ਼ਹੂਰ ਹਨ, ਜਿਥੋਂ ਦੇ ਵਸਨੀਕਾਂ ਵਿਚੋਂ 70-80 ਫੀਸਦੀ ਲੋਕ ਨਸ਼ਿਆਂ ਦਾ ਕਾਰੋਬਾਰ ਕਰਦੇ ਹਨ। ਨਸ਼ਾ ਤਸਕਰੀ ਵਿਚ ਪੰਜਾਬ 'ਚ ਸਭ ਤੋਂ ਮੋਹਰੀ ਇਨ੍ਹਾਂ ਪਿੰਡਾਂ ਦੀਆਂ ਫਿਰਨੀਆਂ ਉਤੇ ਚੰਡੀਗੜ੍ਹ ਤੱਕ ਦੀਆਂ ਗੱਡੀਆਂ ਆਮ ਹੀ ਘੁੰਮਦੀਆਂ ਰਹਿੰਦੀਆਂ ਹਨ।

ਪਿੰਡ ਦੋਲੇ ਵਾਲਾ ਦੇ 400 ਤੋਂ ਵਧੇਰੇ ਵਿਅਕਤੀਆਂ ਉਤੇ ਨਸ਼ਾ ਤਸਕਰੀ ਦੇ ਕੇਸ ਦਰਜ ਹਨ, ਜਿਨ੍ਹਾਂ 'ਚ 125 ਦੇ ਕਰੀਬ ਔਰਤਾਂ ਹਨ। ਪਿੰਡ ਨੂਰਪੁਰ ਹਕੀਮਾਂ 'ਚ 250 ਤੋਂ ਵਧੇਰੇ ਲੋਕਾਂ ਖਿਲਾਫ਼ ਅਤੇ ਪਿੰਡ ਮਾਹਲਾ 'ਚ 300 ਦੇ ਕਰੀਬ ਲੋਕਾਂ ਖਿਲਾਫ਼ ਨਸ਼ਾ ਤਸਕਰੀ ਦੇ ਮਾਮਲੇ ਦਰਜ ਹਨ। ਨਸ਼ਾ ਤਸਕਰੀ ਲਈ ਬਦਨਾਮ ਇਨ੍ਹਾਂ ਪਿੰਡਾਂ ਦੇ ਨਸ਼ਾ ਤਸਕਰਾਂ ਵਿਰੁੱਧ ਬਾਹਰਲੇ ਪਿੰਡਾਂ ਵੱਲੋਂ ਸਮਾਜਿਕ ਬਾਈਕਾਟ ਚੱਲ ਰਿਹਾ ਹੈ ਅਤੇ ਕੋਈ ਵੀ ਆਪਣੇ ਧੀ-ਪੁੱਤ ਦਾ ਵਿਆਹ, ਇਨ੍ਹਾਂ ਨਸ਼ਾ ਤਸਕਰਾਂ ਦੇ ਘਰ ਨਹੀਂ ਕਰਦਾ, ਜਿਸ ਕਾਰਨ ਉਕਤ ਨਸ਼ਾ ਤਸਕਰ ਮਜਬੂਰੀ ਵੱਸ ਆਪਣੇ ਪਿੰਡ 'ਚ ਹੀ ਆਪਣੇ ਧੀ-ਪੁੱਤ ਵਿਆਹ ਰਹੇ ਹਨ। ਪਿੰਡ ਦੋਲੇ ਵਾਲਾ ਵਿਚ ਵਿਕ ਰਿਹਾ ਸ਼ਰੇਆਮ ਚਿੱਟਾ, ਸਮੈਕ ਨੂੰ ਰੋਕਣ ਲਈ 4 ਕੁ ਮਹੀਨੇ ਪਹਿਲਾਂ ਪਿੰਡ 'ਚ ਪੁਲਿਸ ਚੌਕੀ ਵੀ ਸਥਾਪਤ ਕੀਤੀ ਗਈ, ਪਰ ਕੋਈ ਸਿੱਟਾ ਨਾ ਨਿਕਲਦਾ ਵੇਖ ਪੁਲਿਸ ਨੂੰ ਇਹ ਚੌਕੀ ਚੁੱਕਣੀ ਪਈ। ਉਕਤ ਨਸ਼ਿਆਂ ਦਾ ਕਾਰੋਬਾਰ ਇਸ ਕਦਰ ਘਰ ਕਰ ਚੁੱਕਾ ਹੈ ਕਿ ਨੌਜਵਾਨ ਮੁੰਡੇ, 13-14 ਸਾਲਾਂ ਤੱਕ ਦੀ ਉਮਰ ਦੇ ਕੁਝ ਬੱਚੇ ਅਤੇ ਕੁਝ ਜਵਾਨ ਲੜਕੀਆਂ ਇਸ ਦੀ ਲਪੇਟ 'ਚ ਆ ਕੇ ਆਪਣੀ ਜਾਨ ਗਵਾ ਬੈਠੇ ਹਨ।

### ਕਾਬੂ ਕੀਤੇ ਨਸ਼ਾ ਤਸਕਰਾਂ ਵਿਚੋਂ 37 ਫੀਸਦੀ ਪੰਜਾਬ ਦੇ



### ਸਖਤੀ ਕਰ ਕੇ ਨਸ਼ਾ ਤਸਕਰੀ ਦਾ ਰੂਟ ਬਦਲਿਆ : ਸ਼ਸ਼ੀਕਾਂਤ

**ਜਲੰਧਰ:** ਸਾਬਕਾ ਪੁਲਿਸ ਮੁਖੀ (ਜੇਲ੍ਹਾਂ) ਸ਼ਸ਼ੀਕਾਂਤ ਨੇ ਕਿਹਾ ਹੈ ਕਿ ਪੰਜਾਬ ਵਿਚ ਸਰਕਾਰ ਵੱਲੋਂ ਵਧਾਈ ਸਖਤੀ ਕਰ ਕੇ ਜਿਥੇ ਸਰਹੱਦਾਂ ਤੋਂ ਨਸ਼ੇ ਆਉਣ ਦੀ ਸਪਲਾਈ ਰੁਕ ਗਈ ਹੈ, ਉਥੇ ਹੁਣ ਨਸ਼ਾ ਤਸਕਰਾਂ ਨੇ ਜੰਮੂ-ਕਸ਼ਮੀਰ ਦੇ ਪੁਣਛ ਅਤੇ ਉੜੀ ਸਰਹੱਦ ਦੇ ਰਸਤੇ ਨਸ਼ੇ ਲਿਆ ਕੇ ਪੰਜਾਬ ਤੋਂ ਦਿੱਲੀ ਤੱਕ ਪਹੁੰਚਾਉਣ ਦਾ ਨਵਾਂ ਕੰਮ ਸ਼ੁਰੂ ਕਰ ਦਿੱਤਾ ਹੈ। ਨਸ਼ਾ ਤਸਕਰ ਮੁਜ਼ੱਫਰਾਬਾਦ ਪਾਰ ਕਰ ਕੇ ਪੁਣਛ, ਉੜੀ ਸਰਹੱਦ ਤੋਂ ਹੈਰੋਇਨ ਲੰਘਾ ਰਹੇ ਹਨ। ਨਸ਼ਾ ਤਸਕਰੀ ਦੇ ਹੋਰ ਰੂਟਾਂ ਬਾਰੇ ਉਨ੍ਹਾਂ ਕਿਹਾ ਕਿ ਅਫਗਾਨਿਸਤਾਨ, ਬਰਮਾ, ਕੰਬੋਡੀਆ ਤੋਂ ਪੂਰਬੀ ਰਾਜਾਂ ਤੋਂ ਹੁੰਦੀ ਹੋਈ ਹੈਰੋਇਨ ਦੀ ਤਸਕਰੀ ਕੋਲਕਾਤਾ ਤੋਂ ਹੋ ਕੇ ਦਿੱਲੀ ਤੱਕ ਪੁੱਜ ਰਹੀ ਹੈ ਪਰ ਇਸ ਮਾਮਲੇ ਵਿਚ ਅਜੇ ਤੱਕ ਪ੍ਰਭਾਵੀ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ।

# ਲਸ਼ਕਰ ਨੇ ਪੰਜਾਬ ਦੀਆਂ ਜੇਲ੍ਹਾਂ ਤੱਕ ਕੀਤੀ ਪਹੁੰਚ

**ਪਟਿਆਲਾ:** ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਲਸ਼ਕਰ-ਏ-ਤੋਇਬਾ ਦੇ ਅਤਿਵਾਦੀਆਂ ਨੂੰ ਮੋਬਾਈਲ ਫੋਨਾਂ ਰਾਹੀਂ ਪਾਕਿਸਤਾਨ ਵਿਚ ਬੈਠੇ ਆਪਣੇ ਆਕਾਵਾਂ ਅਤੇ ਭਾਰਤ ਵਿਚ ਗੱਲ ਕਰਨ ਦੀ ਆਗਿਆ ਦੇਣ ਅਤੇ ਡਿਊਟੀ 'ਚ ਅਣਗਹਿਲੀ ਦੇ ਦੋਸ਼ੀ ਪਾਏ ਜਾਣ ਵਾਲੇ ਦੋ ਜੇਲ੍ਹ ਸੁਪਰਡੈਂਟ ਕਟਹਿਰੇ 'ਚ ਆ ਗਏ ਹਨ। ਜੈਪੁਰ ਦੀ ਇਕ ਅਦਾਲਤ ਨੇ 10 ਦਸੰਬਰ ਨੂੰ ਲਸ਼ਕਰ ਦੇ ਅੱਠ ਅਤਿਵਾਦੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਨ੍ਹਾਂ ਵਿਚੋਂ ਦੋ ਅਤਿਵਾਦੀ ਪੰਜਾਬ ਦੀਆਂ ਜੇਲ੍ਹ 'ਚ ਬੰਦ ਸਨ। ਪੰਜਾਬ ਸਰਕਾਰ ਨੇ ਇਸ ਮਾਮਲੇ ਦੀ ਜਾਂਚ ਦਾ ਹੁਕਮ ਦਿੱਤਾ ਹੈ। ਲਸ਼ਕਰ-ਏ-ਤੋਇਬਾ ਦਾ ਸ਼ੱਕਰ ਉਲ੍ਹਾ ਅਤਿ-ਸੁਰੱਖਿਆ ਵਾਲੀ ਨਾਭਾ ਜੇਲ੍ਹ ਵਿਚ ਅਤੇ ਮੁਹੰਮਦ ਇਕਬਾਲ ਅੰਮ੍ਰਿਤਸਰ ਜੇਲ੍ਹ ਵਿਚ ਬੰਦ ਸਨ ਜਦੋਂਕਿ ਬਾਕੀ ਲਸ਼ਕਰ ਮੈਂਬਰ ਭਾਰਤ 'ਚ ਹੋਰ ਜੇਲ੍ਹਾਂ ਵਿਚ ਬੰਦ ਸਨ।

ਜੇਲ੍ਹ ਵਿਚ ਬੰਦ ਹੋਣ ਦੇ ਬਾਵਜੂਦ ਇਨ੍ਹਾਂ ਵੱਲੋਂ ਫੋਨਾਂ ਰਾਹੀਂ ਪਾਕਿਸਤਾਨ ਵਿਚ ਬੈਠੇ ਆਪਣੇ ਆਕਾਵਾਂ ਨਾਲ ਗੱਲਬਾਤ ਕੀਤੀ ਜਾਂਦੀ ਸੀ ਅਤੇ ਭਾਰਤ ਵਿਚ ਆਪਣੀ ਜਥੇਬੰਦੀ ਲਈ ਭਰਤੀ ਕੀਤੀ ਜਾਂਦੀ ਸੀ। ਇਨ੍ਹਾਂ ਵੱਲੋਂ ਪਾਕਿਸਤਾਨ ਵਿਚ ਬੈਠੇ ਲਸ਼ਕਰ ਕਮਾਂਡਰ ਵਾਲਿਦ ਉਰਫ ਵਿੱਕੀ ਦੇ ਇਸ਼ਾਰੇ ਉਤੇ ਕੰਮ ਕੀਤਾ ਜਾ ਰਿਹਾ ਸੀ। ਕੇਂਦਰੀ ਸੂਹੀਆ ਏਜੰਸੀਆਂ ਦੇ ਅਲਰਟ ਬਾਅਦ ਰਾਜਸਥਾਨ ਅਤਿਵਾਦ ਵਿਰੋਧੀ ਦਸਤੇ (ਏ.ਟੀ.ਐਸ.) ਨੇ 2010 ਵਿਚ ਇਨ੍ਹਾਂ ਨੂੰ ਗ੍ਰਿਫਤਾਰ ਕੀਤਾ ਸੀ। 110 ਸਫਿਆਂ ਦੇ ਹੁਕਮ ਵਿਚ ਅਦਾਲਤ ਨੇ ਜੇਲ੍ਹ ਅਧਿਕਾਰੀਆਂ ਉਤੇ ਮੁਲਜ਼ਮਾਂ ਨੂੰ ਮੋਬਾਈਲ ਫੋਨ ਵਰਤਣ ਦੀ 'ਖੁੱਲ੍ਹੀ ਛੋਟ' ਦੇਣ ਦਾ ਦੋਸ਼ ਲਾਇਆ ਹੈ। ਅਦਾਲਤ ਨੇ ਰਾਜਸਥਾਨ ਅਤੇ ਪੰਜਾਬ ਦੇ ਗ੍ਰਹਿ ਵਿਭਾਗਾਂ ਨੂੰ ਕ੍ਰਮਵਾਰ ਜੋਧਪੁਰ (ਰਾਜਸਥਾਨ) ਅਤੇ ਪੰਜਾਬ ਦੀਆਂ ਨਾਭਾ ਅਤੇ ਅੰਮ੍ਰਿਤਸਰ ਜੇਲ੍ਹ ਦੇ ਤਤਕਾਲੀ ਸੁਪਰਡੈਂਟਾਂ ਖਿਲਾਫ਼ ਕਾਰਵਾਈ ਲਈ ਕਿਹਾ ਹੈ।



# ਪੰਜਾਬ 'ਚ ਨਸ਼ਿਆਂ ਨਾਲ ਨਜਿੱਠਣ ਲਈ 'ਓਟ' ਪ੍ਰਾਜੈਕਟ ਦੀ ਤਿਆਰੀ

**ਗੁਰਦਾਸਪੁਰ:** ਪੰਜਾਬ ਵਿਚ ਨਸ਼ੇ ਨੂੰ ਠੱਲ੍ਹ ਪਾਉਣ ਲਈ ਸਿਹਤ ਵਿਭਾਗ ਅਤੇ ਪੁਲਿਸ ਪ੍ਰਸ਼ਾਸਨ ਇਕ ਵਿਸ਼ੇਸ਼ ਉਪਰਾਲਾ ਕਰਨ ਦੀ ਤਿਆਰ ਵਿਚ ਹੈ। ਪੰਜਾਬ ਸਰਕਾਰ ਸੂਬੇ ਵਿਚ ਇਕ 'ਓਟ' ਨਾਂ ਦਾ ਪ੍ਰੋਜੈਕਟ ਜਨਵਰੀ ਮਹੀਨੇ ਵਿਚ ਲੈ ਕੇ ਆ ਰਹੀ ਹੈ।

'ਆਊਟ ਪੇਸ਼ੇਂਟ ਓਪੀਅਡ ਅਸਿਸਟੈਂਸ ਟਰੀਟਮੈਂਟ' (ਓਟ) ਨਾਂ ਦਾ ਇਹ ਪ੍ਰੋਜੈਕਟ ਸੂਬੇ 'ਚ ਪਹਿਲਾ ਅਜਿਹਾ ਪ੍ਰੋਜੈਕਟ ਹੈ, ਜਿਸ ਤਹਿਤ ਸਿਰਫ ਉਨ੍ਹਾਂ ਨਸ਼ੇ ਦੇ ਆਦੀਆਂ ਦਾ ਇਲਾਜ ਹੋਵੇਗਾ, ਜੋ ਕਿ ਸਮੈਕ, ਅਫੀਮ, ਹੈਰੋਇਨ ਆਦਿ ਵੱਡੇ ਪੱਧਰ ਦੇ ਨਸ਼ਿਆਂ ਦੇ ਆਦੀ ਹਨ। ਇਸ ਪ੍ਰੋਜੈਕਟ ਦੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਸਿਹਤ ਵਿਭਾਗ ਵੱਲੋਂ ਤਰਨ ਤਾਰਨ, ਅੰਮ੍ਰਿਤਸਰ ਅਤੇ ਮੋਗਾ ਵਿਚ ਪਾਇਲਟ ਪ੍ਰੋਜੈਕਟ ਸ਼ੁਰੂ ਕਰ ਦਿੱਤੇ ਗਏ ਹਨ ਅਤੇ ਇਸ ਪ੍ਰੋਜੈਕਟ ਨੂੰ ਸਫਲ ਕਰਨ ਲਈ ਜਿਨ੍ਹਾਂ ਮੁਲਾਜ਼ਮਾਂ ਦੀਆਂ ਡਿਊਟੀਆਂ ਇਨ੍ਹਾਂ ਸੈਂਟਰਾਂ ਵਿਚ ਲੱਗਣੀਆਂ ਹਨ, ਉਨ੍ਹਾਂ ਦੀ ਵਿਸ਼ੇਸ਼ ਸਿਖਲਾਈ ਅੰਮ੍ਰਿਤਸਰ ਵਿਚ ਡਾ. ਰਾਣਾ ਰਣਜੀਤ ਸਿੰਘ ਦੀ ਅਗਵਾਈ ਹੇਠ ਚੱਲ ਰਹੀ ਹੈ।

ਇਸ ਪ੍ਰੋਜੈਕਟ ਤਹਿਤ ਸੂਬੇ ਦੇ 22 ਜ਼ਿਲ੍ਹਿਆਂ 'ਚ ਪੈਂਦੇ ਸਬ-ਡਵੀਜ਼ਨਲ ਹਸਪਤਾਲ ਅਤੇ ਕਮਿਊਨਿਟੀ ਹੈਲਥ ਸੈਂਟਰਾਂ ਵਿਚ 100 ਤੋਂ ਵਧੇਰੇ 'ਓਟ' ਸੈਂਟਰ ਖੁੱਲ੍ਹਣਗੇ। ਇਨ੍ਹਾਂ ਸੈਂਟਰਾਂ ਵਿਚ ਇਕ ਨਸ਼ਾ ਛੁਡਾਉਣ ਦੇ ਮਾਹਿਰ ਡਾਕਟਰ, ਕਾਊਂਸਲਰ, ਸਟਾਫ ਨਰਸ, ਡਾਟਾ ਐਂਟਰੀ ਉਪ੍ਰੇਟਰ ਸ਼ਾਮਲ ਕੀਤੇ ਜਾਣਗੇ। ਇਨ੍ਹਾਂ ਸੈਂਟਰਾਂ ਵਿਚ ਜੋ ਵੀ ਮਰੀਜ਼ ਆਵੇਗਾ, ਨੂੰ ਇਕ ਯੂਨੀਕ ਰਜਿਸਟਰੇਸ਼ਨ ਨੰਬਰ ਜਾਰੀ ਕੀਤਾ ਜਾਵੇਗਾ ਅਤੇ ਮਰੀਜ਼ ਇਸ ਨੰਬਰ ਦੇ ਜਰੀਏ ਪੰਜਾਬ ਦੇ ਕਿਸੇ ਵੀ 'ਓਟ' ਸੈਂਟਰ ਤੋਂ ਆਪਣਾ ਇਲਾਜ ਕਰਵਾ ਸਕਦਾ ਹੈ। ਇਹ ਸਾਰੇ ਸੈਂਟਰ ਜ਼ਿਲ੍ਹਾ ਸਿਵਲ ਸਰਜਨ ਦੀ ਦੇਖ-ਰੇਖ ਹੇਠ ਚੱਲਣਗੇ।

## ਗੁਰਦਾਸਪੁਰ ਪੁੱਜੀਆਂ ਦੋ ਪਾਕਿਸਤਾਨੀ ਬੇੜੀਆਂ

**ਬਟਾਲਾ:** ਗੁਰਦਾਸਪੁਰ ਸੈਕਟਰ ਦੀ ਨਗਲੀ ਪੋਸਟ ਉਤੇ ਰਾਵੀ ਦਰਿਆ ਰਾਹੀਂ ਪਾਕਿਸਤਾਨ ਤੋਂ ਦੋ ਕਿਸ਼ਤੀਆਂ ਭਾਰਤ ਪਹੁੰਚੀਆਂ ਗਈਆਂ। ਇਕ ਛੋਟੀ ਕਿਸ਼ਤੀ ਦੇਰ ਰਾਤ ਨਗਲੀ ਪੋਸਟ ਉਤੇ ਪਹੁੰਚੀ ਜਦਕਿ ਸਵੇਰੇ ਇਕ ਵੱਡੀ ਕਿਸ਼ਤੀ ਧਰਮਕੋਟ ਪੱਤਣ ਨੇੜੇ ਆ ਪਹੁੰਚੀ। ਦੋਵੇਂ ਕਿਸ਼ਤੀਆਂ ਨੂੰ ਸੀਮਾ ਸੁਰੱਖਿਆ ਬਲ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਹੈ। ਰਾਵੀ ਦਰਿਆ ਉਤੇ ਨੌਕਰੀ ਕਰਦੇ ਮਾਝੀ ਨੇ ਦੱਸਿਆ ਕਿ ਉਸ ਨੇ ਸਵੇਰੇ 5 ਵਜੇ ਦੇ ਕਰੀਬ ਪਾਕਿਸਤਾਨ ਵੱਲੋਂ ਆਉਂਦੀ ਕਿਸ਼ਤੀ ਦੇਖੀ ਜਿਸ ਉਤੇ ਪਾਕਿਸਤਾਨ ਦੇ ਨਰੋਵਾਲ ਦਾ ਪਤਾ ਲਿਖਿਆ ਹੋਇਆ ਸੀ। ਕਿਸ਼ਤੀਆਂ ਉਤੇ ਉਰਦੂ ਵਿਚ ਵੀ ਕੁਝ ਉਕਰਿਆ ਹੋਇਆ ਹੈ ਅਤੇ ਪਾਕਿਸਤਾਨ ਦਾ ਝੰਡਾ ਵੀ ਛਪਿਆ ਹੈ।

# ਕਾਰ ਖੋਹ ਕੇ ਭੱਜ ਰਹੇ ਦੋ ਗੈਂਗਸਟਰ ਪੁਲਿਸ ਮੁਕਾਬਲੇ ਵਿਚ ਹਲਾਕ, ਤਿੰਨ ਕਾਬੂ

**ਬਠਿੰਡਾ**: ਪਿੰਡ ਗੁਲਾਬਗੜ੍ਹ (ਬਠਿੰਡਾ) ਵਿਚ ਪੁਲਿਸ ਨਾਲ ਮੁਕਾਬਲੇ ਵਿਚ ਵਿੱਕੀ ਗੌਂਡਰ ਗਰੋਹ ਦੇ ਦੋ ਗੈਂਗਸਟਰ ਮਾਰੇ ਗਏ ਅਤੇ ਇਕ ਫੱਟੜ ਹੋ ਗਿਆ। ਬਠਿੰਡਾ ਪੁਲਿਸ ਨੇ ਮੌਕੇ ਤੋਂ ਦੋ ਹੋਰ ਗੈਂਗਸਟਰ ਦਬੋਚੇ ਹਨ। ਪਿੰਡ ਭੁੱਚੋ ਖੁਰਦ ਨੇੜਿਉਂ ਬਠਿੰਡਾ-ਬਰਨਾਲਾ ਸੜਕ ਉਤੇ ਫਾਰਚੂਨਰ ਗੱਡੀ ਖੋਹ ਕੇ ਪੰਜ ਗੈਂਗਸਟਰ ਵਾਇਆ ਤੁੰਗਵਾਲੀ ਫਰਾਰ ਹੋਏ ਸਨ। ਭੁੱਚੋ ਪੁਲਿਸ ਨੇ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਜ਼ਿਲ੍ਹਾ ਪੁਲਿਸ ਦੀ ਇਕ ਮੀਟਿੰਗ ਦੌਰਾਨ ਇਸ ਵਾਰਦਾਤ ਦਾ ਪਤਾ ਲੱਗਾ ਤਾਂ ਪੁਲਿਸ ਦੀਆਂ ਟੀਮਾਂ ਨੇ ਪਿੰਡ ਗੁਲਾਬਗੜ੍ਹ ਕੋਲ ਘੇਰਾਬੰਦੀ ਕਰ ਲਈ।

ਪੁਲਿਸ ਨਾਲ ਮੁਕਾਬਲੇ 'ਚ ਤਿੰਨ ਗੈਂਗਸਟਰ ਗੰਭੀਰ ਜਖ਼ਮੀ ਹੋ ਗਏ, ਜਿਨ੍ਹਾਂ ਵਿਚੋਂ ਦੋ ਗੈਂਗਸਟਰ ਪ੍ਰਭਦੀਪ ਸਿੰਘ ਉਰਫ ਦੀਪ ਵਾਸੀ ਮਾਮੂਖੇੜਾ (ਫਾਜ਼ਿਲਕਾ) ਅਤੇ ਮਨਪ੍ਰੀਤ ਸਿੰਘ ਉਰਫ ਮੰਨਾ ਵਾਸੀ ਮੈਟਰੋ ਸਿਟੀ ਅਬੋਹਰ ਇਲਾਜ ਦੌਰਾਨ ਦਮ ਤੋੜ ਗਏ। ਗੈਂਗਸਟਰ ਅੰਮ੍ਰਿਤਪਾਲ ਸਿੰਘ ਵਾਸੀ ਅਬੋਹਰ ਦੀ ਹਾਲਤ ਗੰਭੀਰ ਹੋਣ ਕਰ ਕੇ ਮੈਡੀਕਲ ਕਾਲਜ ਤੇ ਹਸਪਤਾਲ, ਫਰੀਦਕੋਟ ਭੇਜ ਦਿੱਤਾ। ਪੁਲਿਸ ਨੇ ਮੌਕੇ ਉਤੇ ਗੈਂਗਸਟਰ ਸ਼ੇਰਾ ਖੁੱਬਣ ਦੇ ਚਚੇਰੇ ਭਰਾ ਹਰਵਿੰਦਰ ਸਿੰਘ ਭਿੰਦਾ ਵਾਸੀ ਆਲਮਗੜ੍ਹ (ਅਬੋਹਰ) ਅਤੇ ਗੁਰਬਿੰਦਰ ਸਿੰਘ ਗਿੰਦਾ ਵਾਸੀ ਕਮਾਲਵਾਲਾ ਨੂੰ ਕਾਬੂ ਕੀਤਾ ਹੈ। ਇਹ ਪੰਜ ਗੈਂਗਸਟਰ ਸ਼ੇਰਾ ਖੁੱਬਣ ਦੀ ਮੌਤ ਮਗਰੋਂ ਗੌਂਡਰ ਗੈਂਗ ਵਿਚ ਸ਼ਾਮਲ ਹੋਏ ਸਨ। ਪੁਲਿਸ ਮੁਤਾਬਕ ਚੋਰੀ ਦੀ ਸਕਾਰਪੀਓ (ਪੀਬੀ 02 ਸੀਐਕਸ 8395) ਵਿਚ ਸਵਾਰ ਪੰਜ ਗੈਂਗਸਟਰਾਂ ਨੇ ਪਿੰਡ ਭੁੱਚੋ ਖੁਰਦ ਨੇੜੇ ਫਾਰਚੂਨਰ ਗੱਡੀ (ਪੀਬੀ 13 ਆਰ 2222), ਜੋ ਸੁਨਾਮ ਦੇ ਨਿਸ਼ਾਨ ਸਿੰਘ ਪੁੱਤਰ ਰੂਪ ਸਿੰਘ ਦੀ ਸੀ, ਖੋਹੀ। ਇਸ ਵਾਰਦਾਤ ਬਾਰੇ ਪਤਾ ਲੱਗਣ ਉਤੇ ਪੂਰੇ ਜ਼ਿਲ੍ਹੇ ਵਿਚ ਰੈੱਡ ਅਲਰਟ ਜਾਰੀ ਕੀਤਾ ਗਿਆ ਸੀ। ਪੁਲਿਸ ਦੀਆਂ ਦੋ ਟੀਮਾਂ ਨੇ ਪਿੰਡ ਗੁਲਾਬਗੜ੍ਹ ਨੇੜੇ ਗੈਂਗਸਟਰਾਂ ਨੂੰ ਘੇਰਾ ਪਾ ਲਿਆ।

ਗੈਂਗਸਟਰਾਂ ਨੇ ਪੁਲਿਸ ਉਤੇ ਗੋਲੀਆਂ ਚਲਾਈਆਂ, ਜੋ ਪੁਲਿਸ ਵਾਹਨ ਨੂੰ ਲੱਗੀਆਂ। ਪੁਲਿਸ ਨੇ ਬਚਾਅ ਵਿਚ ਫਾਇਰਿੰਗ ਕੀਤੀ, ਜਿਸ 'ਚ ਤਿੰਨ ਗੈਂਗਸਟਰ ਜਖ਼ਮੀ ਹੋ ਗਏ, ਜਿਨ੍ਹਾਂ ਵਿਚੋਂ ਦੋ ਗੈਂਗਸਟਰ ਮੈਕਸ ਹਸਪਤਾਲ ਵਿਚ ਇਲਾਜ ਦੌਰਾਨ ਦਮ ਤੋੜ ਗਏ। ਗੈਂਗਸਟਰਾਂ ਕੋਲੋਂ ਇਕ 9 ਐਮ.ਐਮ. ਪਿਸਤੌਲ, .32 ਬੋਰ ਪਿਸਤੌਲ ਅਤੇ .315 ਬੋਰ ਪਿਸਤੌਲ ਸਮੇਤ ਹੋਰ ਅਸਲਾ ਬਰਾਮਦ ਹੋਇਆ ਹੈ। ਜਖ਼ਮੀ ਗੈਂਗਸਟਰ ਅੰਮ੍ਰਿਤਪਾਲ ਸਿੰਘ ਉਤੇ ਥਾਣਾ ਅਬੋਹਰ ਅਤੇ ਬਹਾਵ ਵਾਲਾ ਵਿਚ ਕਤਲ ਸਮੇਤ ਤਿੰਨ ਕੇਸ ਦਰਜ ਹਨ ਅਤੇ ਉਹ 27 ਸਤੰਬਰ ਨੂੰ ਅਬੋਹਰ ਤੋਂ ਅਦਾਲਤੀ ਪੇਸ਼ੀ ਦੌਰਾਨ ਗੈਂਗਸਟਰ ਮੰਨਾ ਤੇ ਦੀਪ ਦੀ ਮਦਦ ਨਾਲ ਫਰਾਰ ਹੋਇਆ ਸੀ।



### ਪੁਲਿਸ ਉਤੇ ਜਾਣਬੁਝ ਕੇ ਮਾਰਨ ਦੇ ਦੋਸ਼

**ਬਠਿੰਡਾ:** ਪੁਲਿਸ ਮੁਕਾਬਲੇ ਵਿਚ ਮਾਰੇ ਦੋ ਗੈਂਗਸਟਰਾਂ ਮਨਪ੍ਰੀਤ ਮੰਨਾ ਅਤੇ ਪ੍ਰਭਦੀਪ ਸਿੰਘ ਦੀਪ ਦੇ ਮਾਪਿਆਂ ਨੇ ਪੁਲਿਸ ਉਤੇ ਉਨ੍ਹਾਂ ਦੇ ਪੁੱਤਰਾਂ ਨੂੰ ਜਾਣਬੁਝ ਕੇ ਗੋਲੀਆਂ ਮਾਰਨ ਦਾ ਦੋਸ਼ ਲਾਇਆ ਹੈ। ਮਾਪਿਆਂ ਦਾ ਕਹਿਣਾ ਹੈ ਕਿ ਜੇਕਰ ਉਨ੍ਹਾਂ ਨੂੰ ਪੁਲਿਸ ਫੜਨਾ ਚਾਹੁੰਦੀ ਤਾਂ ਪੈਰਾਂ ਤੇ ਗੋਡਿਆਂ ਵਿਚ ਗੋਲੀਆਂ ਮਾਰ ਕੇ ਜਿਊਂਦਾ ਫੜਿਆ ਜਾ ਸਕਦਾ ਸੀ, ਨਾ ਕਿ ਉਸ ਨੂੰ 13 ਗੋਲੀਆਂ ਮਾਰੀਆਂ ਜਾਂਦੀਆਂ। ਮਨਪ੍ਰੀਤ ਸਿੰਘ ਮੰਨਾ ਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਉਨ੍ਹਾਂ ਦਾ ਲੜਕਾ ਕੋਈ ਗੈਂਗਸਟਰ ਨਹੀਂ ਸੀ, ਬਲਕਿ ਪੁਲਿਸ ਨੇ ਉਸ ਉਤੇ ਅਸਲਾ ਐਕਟ ਅਤੇ ਕੁੱਟਮਾਰ ਦੇ ਝੂਠੇ ਮਾਮਲੇ ਦਰਜ ਕੀਤੇ ਸਨ। ਪ੍ਰਭਦੀਪ ਬੀ.-ਟੈਕ ਸੀ। ਉਹ ਸਤੰਬਰ 2017 ਵਿਚ ਗਲਤ ਲੋਕਾਂ ਦੇ ਸੰਪਰਕ ਵਿਚ ਆ ਗਿਆ। 16 ਸਤੰਬਰ 2017 ਨੂੰ ਪੁਲਿਸ ਨੇ ਉਸ ਉਤੇ ਇਕ ਠੇਕਾ ਲੁੱਟਣ ਦਾ ਕੇਸ ਦਰਜ ਕਰ ਦਿੱਤਾ।

### ਮਾਰੇ ਗਏ ਗੈਂਗਸਟਰਾਂ ਨਾਲ ਹੀ ਸੀ ਵਿੱਕੀ ਗੌਂਡਰ


**ਬਠਿੰਡਾ:** ਪਤਾ ਲੱਗਾ ਹੈ ਕਿ ਗੈਂਗਸਟਰ ਵਿੱਕੀ ਗੌਂਡਰ ਵੀ ਇਸ ਸਮੇਂ ਇਨ੍ਹਾਂ ਗੈਂਗਸਟਰਾਂ ਨਾਲ ਮੌਜੂਦ ਸੀ। ਹਿੰਦੁਸਤਾਨ ਟਾਈਮਜ਼ ਦੀ ਰਿਪੋਰਟ ਮੁਤਾਬਕ ਗੌਂਡਰ ਸਾਥੀਆਂ ਨਾਵ ਸਫੈਦ ਸਕਾਰਪੀਓ ਕਾਰ (ਪੀ.ਬੀ. 02 ਸੀ.ਐਕਸ. 8395) ਵਿਚ ਜਾ ਰਿਹਾ ਸੀ। ਉਨ੍ਹਾਂ ਨੇ ਭੁੱਚੋ ਕੋਲ ਆ ਕੇ ਟੋਲੀਆਂ ਵਿਚ ਵੰਡੇ ਜਾਣ ਦਾ ਫੈਸਲਾ ਲਿਆ।

# ਖੇਡ ਲੇਖਕ ਪਿਆਰਾ ਸਿੰਘ ਰਛੀਨ ਸਵਰਗਵਾਸ

**ਨਿਊ ਯਾਰਕ (ਇਕਬਾਲ ਜੱਬੋਵਾਲੀਆ):** ਕੁਝ ਮਹੀਨੇ ਪਹਿਲਾਂ ਹਵਾ ਉਡੀ ਸੀ ਕਿ ਪਿਆਰਾ ਸਿੰਘ ਰਛੀਨ ਪੂਰਾ ਹੋ ਗਿਐ। ਬੜਾ ਦੁੱਖ ਲੱਗਾ। ਯਕੀਨ ਨਹੀਂ ਸੀ ਆ ਰਿਹਾ। ਝਿਜਕਦਿਆਂ ਉਹਦੇ ਨੰਬਰ 'ਤੇ ਫੋਨ ਕੀਤਾ। ਫੋਨ ਕੁਦਰਤੀ ਪਿਆਰਾ ਸਿੰਘ ਨੇ ਚੁੱਕਿਆ। ਸਾਰਾ ਹਾਲ-ਚਾਲ ਪੁੱਛਿਆ। ਉਡੀ ਹਵਾ ਬਾਰੇ ਸੁਣ ਕੇ ਬੜਾ ਹੱਸਿਆ ਤੇ ਕਹਿਣ ਲੱਗਾ, "ਇਕਬਾਲ ਸਿੰਹਾਂ, ਮੈਂ ਹਾਲੇ ਨਹੀਂ ਮਰਨਾ, ਹਾਲੇ ਤਾਂ ਬੜਾ ਕੁਝ ਲਿਖਣੈ।" ਪਰ ਉਸ ਦੀ ਤਮੰਨਾ ਪੂਰੀ ਨਾ ਹੋ ਸਕੀ ਤੇ ਉਹ ਇਸ ਸੰਸਾਰ ਨੂੰ ਅਲਵਿਦਾ ਆਖ ਗਿਆ। ਉਹ 73 ਸਾਲਾਂ ਦੇ ਸਨ।

ਪਹਿਲਵਾਨੀ ਸਭਿਆਚਾਰ ਤੇ ਪੰਜਾਬ ਦੇ ਅਖਾੜਿਆਂ ਬਾਰੇ ਪਿਆਰਾ ਸਿੰਘ ਨੇ ਕਈ ਕਿਤਾਬਾਂ ਲਿਖੀਆਂ। ਪੈਦਲ, ਸਾਇਕਲ, ਸਕੂਟਰ ਜਾਂ ਬੱਸਾਂ 'ਚ ਬਹਿ ਕੇ ਜਾਣ ਦੀ ਕਦੇ ਘੌਲ ਨਾ ਕੀਤੀ। ਪਹਿਲਵਾਨੀ ਸਭਿਆਚਾਰ ਨੂੰ ਜੀਵਤ ਰੱਖਣ ਲਈ ਉਹ ਪੰਜਾਬ ਤੋਂ ਇਲਾਵਾ ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼ ਤੇ ਦਿੱਲੀ ਵਿਚ ਪਹਿਲਵਾਨਾਂ ਬਾਰੇ ਲਿਖਣ ਜਾਂਦਾ ਰਿਹਾ। ਪੁਰਾਣੇ ਤੋਂ ਪੁਰਾਣੇ ਪਹਿਲਵਾਨਾਂ ਬਾਰੇ ਵੱਧ ਤੋਂ ਵੱਧ ਲਿਖਣ ਦੀ ਕੋਸ਼ਿਸ਼ ਕੀਤੀ। ਅਦਾਕਾਰ ਸੁਹੇਲ ਖਾਨ (ਸਲਮਾਨ ਦਾ ਭਰਾ) ਵਲੋਂ ਪਹਿਲਵਾਨ ਗਾਮੇ ਬਾਰੇ ਬਣਾਈ ਜਾ ਰਹੀ ਫਿਲਮ ਵੀ ਰਛੀਨ ਦੀ ਕਿਤਾਬ 'ਤੇ ਆਧਾਰਤ ਹੈ। 8-10 ਕਿਤਾਬਾਂ ਪਹਿਲਵਾਨਾਂ ਤੇ ਪੰਜਾਬ ਦੇ ਅਖਾੜਿਆਂ ਬਾਰੇ ਛਪ ਚੁੱਕੀਆਂ ਹਨ ਤੇ 8-10 ਕਿਤਾਬਾਂ ਦਾ ਖਰੜਾ ਅਣਛਪਿਆ ਲਿਖਿਆ ਪਿਆ ਹੈ।

2010 ਤੋਂ ਉਹ ਆਪਣੇ ਬੇਟੇ ਕੁਲਰਾਜ ਸਿੰਘ ਕੋਲ ਡੈਲਸ (ਟੈਕਸਸ) ਰਹਿੰਦਾ ਸੀ। ਦੂਜਾ ਬੇਟਾ ਮਨਜੀਤ ਸਿੰਘ ਕੈਨੇਡਾ ਰਹਿੰਦਾ ਹੈ।



ਪੂਰਾ ਹੋਣ ਤੋਂ ਇਕ ਦਿਨ ਪਹਿਲਾਂ ਪਹਿਲਵਾਨ ਬੁੱਧ ਸਿੰਘ ਨਾਲ ਡੇਢ ਘੰਟਾ ਭਾਰਤ ਦੀ ਪਹਿਲਵਾਨੀ ਬਾਰੇ ਫੋਨ 'ਤੇ ਗੱਲ ਚੱਲੀ। ਬਿਨਾ ਕਿਸੇ ਲੋਭ-ਲਾਲਚ ਦੇ ਲਿਖਣ ਵਾਲੇ ਨੂੰ ਬੁੱਧ ਸਿੰਘ ਨੇ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਪਿਆਰਾ ਸਿੰਘ ਰਛੀਨ ਦਾ ਸਸਕਾਰ ਸਨਿਚਰਵਾਰ 23 ਦਸੰਬਰ ਨੂੰ ਹੋਵੇਗਾ ਤੇ ਭੋਗ ਵੀ ਉਸ ਦਿਨ ਹੈ। ਬੇਟੇ ਕੁਲਰਾਜ ਨਾਲ ਸੰਪਰਕ ਫੋਨ 972-612-9570 ਰਾਹੀਂ ਕੀਤਾ ਜਾ ਸਕਦਾ ਹੈ।

# ਪੰਜਾਬ ਨੂੰ 175 ਕਰੋੜ ਵਿਚ ਪਿਆ ਡੇਰਾ ਵਿਵਾਦ



**ਬਠਿੰਡਾ:** ਪੰਜਾਬ ਸਰਕਾਰ ਨੂੰ ਡੇਰਾ ਸਿਰਸਾ ਦਾ ਮਾਮਲਾ ਪੌਣੇ ਦੋ ਸੌ ਕਰੋੜ ਵਿਚ ਪਿਆ ਹੈ। ਵੱਡਾ ਖਰਚਾ ਕੇਂਦਰੀ ਨੀਮ ਫੌਜੀ ਬਲਾਂ ਦਾ ਝੱਲਣਾ ਪਿਆ ਹੈ। ਡੇਰਾ ਸਿਰਸਾ ਦੇ ਮੁਖੀ ਨੂੰ ਸਜ਼ਾ ਸੁਣਾਏ ਜਾਣ ਮਗਰੋਂ ਪੰਜਾਬ ਵਿਚ ਮਾਹੌਲ ਖਰਾਬ ਹੋਣ ਲੱਗਾ ਸੀ। ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਫੌਜ ਸੱਦਣੀ ਪਈ ਸੀ। ਗ੍ਰਿਹ ਵਿਭਾਗ ਨੇ ਹੁਣ ਮਿਲਟਰੀ ਉਪਰੇਸ਼ਨ, ਨਵੀਂ ਦਿੱਲੀ ਦੇ ਡਾਇਰੈਕਟੋਰੇਟ ਨੂੰ ਫੌਜ ਦੀ ਤਾਇਨਾਤੀ ਉਤੇ ਆਏ ਖਰਚੇ ਦੇ ਬਿੱਲ ਭੇਜੇ ਹਨ। ਪੰਜਾਬ ਸਰਕਾਰ ਨੂੰ ਕਿਧਰੋਂ ਵੀ ਕੋਈ ਖਰਚਾ ਨਹੀਂ ਮਿਲਿਆ ਹੈ। ਗ੍ਰਿਹ ਵਿਭਾਗ ਨੇ ਕੇਂਦਰ ਸਰਕਾਰ ਨੂੰ ਕੇਂਦਰੀ ਬਲਾਂ ਦੀ ਤਾਇਨਾਤੀ ਦੇ ਵੀ ਬਿੱਲ ਵੀ ਭੇਜੇ ਹਨ। ਪੰਜਾਬ ਵਿਚ 21 ਅਗਸਤ ਤੋਂ 20 ਸਤੰਬਰ ਤੱਕ ਕੇਂਦਰੀ ਬਲਾਂ ਦੀ ਤਾਇਨਾਤੀ ਰਹੀ ਹੈ।

ਗ੍ਰਿਹ ਵਿਭਾਗ ਵੱਲੋਂ ਜੋ ਆਰ.ਟੀ.ਆਈ. ਵਿਚ ਵੇਰਵੇ ਦਿੱਤੇ ਗਏ ਹਨ, ਉਨ੍ਹਾਂ ਅਨੁਸਾਰ ਪੰਜਾਬ 'ਚ ਕੇਂਦਰੀ ਨੀਮ ਬਲਾਂ ਤੇ ਪੁਲਿਸ ਦੀ ਤਾਇਨਾਤੀ ਉਤੇ ਕੁੱਲ 169.34 ਕਰੋੜ ਰੁਪਏ ਦਾ ਖਰਚਾ ਆਇਆ ਹੈ। 75 ਕੰਪਨੀਆਂ ਦੀ ਤਾਇਨਾਤੀ 21 ਅਗਸਤ ਤੋਂ ਹੋ ਗਈ ਸੀ ਜਦੋਂ ਕਿ 10 ਕੰਪਨੀਆਂ ਬੀ.ਐਸ.ਐਫ. ਦੀਆਂ ਵੀ ਤਾਇਨਾਤ ਰਹੀਆਂ ਹਨ। ਇਸ ਤੋਂ ਇਲਾਵਾ 13 ਕੰਪਨੀਆਂ 14 ਸਤੰਬਰ ਤੋਂ 20 ਸਤੰਬਰ ਤੱਕ ਰਹੀਆਂ ਹਨ। ਡੇਰਾ ਵਿਵਾਦ ਕਰ ਕੇ ਸਰਕਾਰ ਨੂੰ ਫੌਰੀ 1.94 ਕਰੋੜ ਰੁਪਏ ਦੀਆਂ ਡਾਂਗਾਂ, ਸ਼ੀਲਡਾਂ ਅਤੇ ਹੋਰ ਸਾਜ਼ੋ-ਸਾਮਾਨ ਦੀ ਖਰੀਦ ਕਰਨੀ ਪਈ ਹੈ। ਕੇਂਦਰੀ ਬਲਾਂ ਤੇ ਪੁਲਿਸ ਦੀ ਰਿਹਾਇਸ਼ ਉਤੇ 89.39 ਲੱਖ ਰੁਪਏ ਦਾ ਖਰਚਾ ਆਇਆ ਹੈ। ਇਵੇਂ ਹੀ ਕੇਂਦਰੀ ਬਲਾਂ ਤੇ ਪੁਲਿਸ ਨੂੰ ਦਿੱਤੇ ਫੂਡ ਪ੍ਰੋਜੈਕਟਾਂ ਤੇ ਪਾਣੀ ਉਤੇ 3.91 ਕਰੋੜ ਰੁਪਏ ਦਾ ਖਰਚਾ ਪਿਆ ਹੈ। ਇਨ੍ਹਾਂ ਵਾਸਤੇ ਜੋ ਵਾਹਨ ਲਏ ਗਏ ਹਨ, ਉਨ੍ਹਾਂ ਦਾ ਬਿੱਲ ਵੀ 4.47 ਕਰੋੜ ਰੁਪਏ ਬਣਿਆ ਹੈ। ਵੱਡਾ ਖਰਚਾ ਤੇਲ ਦਾ ਰਿਹਾ ਹੈ ਅਤੇ ਡੇਰਾ ਵਿਵਾਦ ਸੰਭਾਲਣ ਲਈ 5.97 ਕਰੋੜ ਰੁਪਏ ਇਕੱਲੇ ਤੇਲ ਉਤੇ ਖਰਚਣੇ ਪਏ।

## ਭਜਣ ਦੀ ਪੂਰੀ ਤਿਆਰੀ ਕਰ ਕੇ ਆਇਆ ਸੀ ਰਾਮ ਰਹੀਮ

**ਚੰਡੀਗੜ੍ਹ:** ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੀ ਮੂੰਹ ਬੋਲੀ ਬੇਟੀ ਹਨੀਪ੍ਰੀਤ ਨੇ ਪੁਲਿਸ ਸਾਹਮਣੇ ਜਾਂਚ ਦੌਰਾਨ ਕਈ ਅਹਿਮ ਖੁਲਾਸੇ ਕੀਤੇ ਹਨ। ਹਨੀਪ੍ਰੀਤ ਖਿਲਾਫ਼ ਦਾਇਰ ਕੀਤੇ ਦੋਸ਼ ਪੱਤਰ 'ਚ ਉਸ ਦੇ ਕਬੂਲਨਾਮੇ ਦਾ ਵੀ ਜ਼ਿਕਰ ਹੈ ਜਿਸ ਵਿਚ ਹਨੀਪ੍ਰੀਤ ਨੇ ਮੰਨਿਆ ਹੈ ਕਿ ਡੇਰਾ ਮੁਖੀ ਨੂੰ ਅਦਾਲਤ ਕੰਪਲੈਕਸ ਪੰਚਕੂਲਾ ਤੋਂ ਹੀ ਪੁਲਿਸ ਹਿਰਾਸਤ 'ਚੋਂ ਫਰਾਰ ਕਰਵਾਉਣ ਤੇ ਜ਼ਰੂਰਤ ਪੈਣ ਉਤੇ ਸਰਕਾਰ ਦਾ ਤਖਤਾ ਪਲਟ ਕਰਨ ਦੀ ਵੀ ਯੋਜਨਾ ਸੀ। ਹਨੀਪ੍ਰੀਤ ਨੇ ਮੰਨਿਆ ਕਿ ਡੇਰਾ ਮੁਖੀ ਖਿਲਾਫ਼ ਫੈਸਲਾ ਆਉਣ ਦੀ ਸੂਰਤ 'ਚ ਰਾਮ ਰਹੀਮ ਨੂੰ ਅਦਾਲਤ ਕੰਪਲੈਕਸ ਪੰਚਕੁਲਾ ਵਿਚੋਂ ਭਜਾਉਣ ਦੀ ਜ਼ਿੰਮੇਵਾਰੀ ਰਾਕੇਸ਼ ਕੁਮਾਰ, ਡਰਾਈਵਰ ਫੂਲ ਸਿੰਘ, ਪ੍ਰਾਈਵੇਟ ਪੀ.ਐਸ.ਓ. ਪ੍ਰੀਤਮ ਸਿੰਘ ਤੇ ਪੰਜਾਬ ਪੁਲਿਸ ਦੇ ਪੀ.ਐਸ.ਓ. ਕਰਮਜੀਤ ਦੀ ਲਾਈ ਗਈ ਸੀ। 25 ਅਗਸਤ ਨੂੰ ਡੇਰਾ ਮੁਖੀ ਖਿਲਾਫ਼ ਸਾਧਵੀ ਮਾਮਲੇ 'ਚ ਹੋਣ ਵਾਲੀ ਸੁਣਵਾਈ ਤੋਂ ਪਹਿਲਾਂ 17 ਅਗਸਤ ਨੂੰ ਡੇਰੇ ਦੇ ਅਧਿਕਾਰੀਆਂ ਤੇ ਜ਼ਿੰਮੇਵਾਰ ਲੋਕਾਂ ਨਾਲ ਉਸ ਨੇ ਅਤੇ ਅਦਿੱਤਿਆ ਇੰਸਾਂ ਨੇ ਇਕ ਮੀਟਿੰਗ ਕਰ ਇਹ ਯੋਜਨਾ ਬਣਾਈ ਸੀ।

# ਸਾਬਕਾ ਅਕਾਲੀ ਵਜ਼ੀਰ ਵੀ ਆਏ ਬਹੁ-ਕਰੋੜੀ ਸਿੰਜਾਈ ਘਪਲੇ ਦੇ ਲਪੇਟੇ ਵਿਚ

**ਚੰਡੀਗੜ੍ਹ:** ਬਹੁ-ਕਰੋੜੀ ਸਿੰਜਾਈ ਘੁਟਾਲੇ ਵਿਚ ਪੰਜਾਬ ਦੇ ਦੋ ਸਾਬਕਾ ਅਕਾਲੀ ਮੰਤਰੀਆਂ ਦਾ ਨਾਂ ਵੀ ਆ ਗਿਆ ਹੈ। ਠੇਕੇਦਾਰ ਗੁਰਿੰਦਰ ਸਿੰਘ ਦੀ ਗ੍ਰਿਫਤਾਰੀ ਪੰਜਾਬ 'ਚ ਅਫਸਰਸ਼ਾਹੀ, ਸਿਆਸਤਦਾਨਾਂ ਤੇ ਠੇਕੇਦਾਰਾਂ ਦੇ ਨਾਪਾਕ ਗੱਠਜੋੜ ਨੂੰ ਬੇਪਰਦ ਕਰਨ 'ਚ ਸਹਾਈ ਹੋਈ ਹੈ। ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫਤਾਰ ਕੀਤੇ ਸਿੰਜਾਈ ਵਿਭਾਗ ਦੇ ਸੇਵਾ ਮੁਕਤ ਮੁੱਖ ਇੰਜੀਨੀਅਰ ਹਰਵਿੰਦਰ ਸਿੰਘ ਅਤੇ ਠੇਕੇਦਾਰ ਗੁਰਿੰਦਰ ਸਿੰਘ ਦੀ ਪੁੱਛ-ਪੜਤਾਲ ਦੌਰਾਨ ਦੋ ਸਾਬਕਾ ਅਕਾਲੀ ਮੰਤਰੀਆਂ ਅਤੇ ਆਈ.ਏ.ਐਸ. ਅਫਸਰਾਂ ਦੇ ਨਾਂ ਸਾਹਮਣੇ ਆਏ ਹਨ। ਪਤਾ ਲੱਗਾ ਹੈ ਕਿ ਹਰਵਿੰਦਰ ਸਿੰਘ ਨੇ ਸਬੰਧਤ ਸਾਬਕਾ ਮੰਤਰੀਆਂ ਦੇ ਨਿੱਜੀ ਸਕੱਤਰਾਂ ਰਾਹੀਂ ਗੁਰਿੰਦਰ ਸਿੰਘ ਨਾਲ ਮੰਤਰੀਆਂ ਦੀ ਗੱਲ ਕਰਵਾਈ ਸੀ। ਇਸ ਤੋਂ ਬਾਅਦ ਠੇਕੇਦਾਰ ਉਤੇ ਸਰਕਾਰ ਦੀ ਸਵੱਲੀ ਨਜ਼ਰ ਹੋ ਗਈ।



ਜ਼ਿਕਰਯੋਗ ਹੈ ਕਿ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਪਿਛਲੇ ਸਮੇਂ ਦੌਰਾਨ ਇਕ ਹੀ ਠੇਕੇਦਾਰ ਗੁਰਿੰਦਰ ਸਿੰਘ ਨੂੰ ਵਿਭਾਗ ਦੇ ਕੁੱਲ ਕੰਮਾਂ ਵਿਚੋਂ ਕੀਮਤ ਮੁਤਾਬਕ 60 ਫੀਸਦੀ ਤੋਂ ਵੱਧ ਕੰਮ ਨਿਯਮਾਂ ਅਤੇ ਹਦਾਇਤਾਂ ਦੀ ਅਣਦੇਖੀ ਕਰਦਿਆਂ ਅਲਾਟ ਕੀਤੇ ਸਨ। ਵਿਜੀਲੈਂਸ ਅਨੁਸਾਰ ਪੜਤਾਲ ਦੌਰਾਨ ਇਹ ਵੀ ਪਤਾ ਲੱਗਾ ਕਿ ਠੇਕੇਦਾਰ ਦੀ ਕੰਪਨੀ ਦਾ ਸਾਲਾਨਾ ਕਾਰੋਬਾਰ ਥੋੜ੍ਹੇ ਸਮੇਂ ਵਿਚ ਹੀ 4.50 ਕਰੋੜ ਰੁਪਏ ਤੋਂ ਵਧ ਕੇ 300 ਕਰੋੜ ਰੁਪਏ ਹੋ ਗਿਆ। ਵਿਜੀਲੈਂਸ ਮੁਤਾਬਕ ਇਸ 'ਗੱਠਜੋੜ' ਕਾਰਨ ਸਿੰਜਾਈ ਘੁਟਾਲੇ ਰਾਹੀਂ ਸਰਕਾਰੀ ਖਜ਼ਾਨੇ ਨੂੰ ਕਰੋੜਾਂ ਰੁਪਏ ਦਾ ਰਗੜਾ ਲੱਗਾ ਹੈ। ਸਿੰਜਾਈ ਵਿਭਾਗ ਦੇ ਕੰਮਾਂ ਦੀ ਮੁਢਲੀ ਪੜਤਾਲ ਦੌਰਾਨ ਪਤਾ ਲੱਗਾ ਹੈ ਕਿ ਸੀਨੀਅਰ ਆਈ.ਏ.ਐਸ. ਅਫਸਰਾਂ, ਇੰਜੀਨੀਅਰਾਂ, ਠੇਕੇਦਾਰਾਂ ਤੇ ਸਿਆਸਤਦਾਨਾਂ ਦਰਮਿਆਨ ਭ੍ਰਿਸ਼ਟਾਚਾਰ ਦੇ ਇਕ ਹਜ਼ਾਰ ਕਰੋੜ ਦਾ ਆਦਾਨ ਪ੍ਰਦਾਨ ਹੋਇਆ ਹੈ।

ਸੂਬੇ 'ਚ ਸੱਤਾ ਤਬਦੀਲੀ ਬਾਅਦ ਵਿਜੀਲੈਂਸ ਵੱਲੋਂ ਬੇਪਰਦ ਕੀਤਾ ਗਿਆ ਇਹ ਸਭ ਤੋਂ ਵੱਡਾ ਘੁਟਾਲਾ ਮੰਨਿਆ ਜਾ ਰਿਹਾ ਹੈ। ਸਿੰਜਾਈ ਘੁਟਾਲੇ 'ਚ ਇਕ ਠੇਕੇਦਾਰ ਰਾਤੋਂ ਰਾਤ ਅਰਬਪਤੀ ਹੀ ਨਹੀਂ ਬਣਿਆ ਸਗੋਂ ਇਕ ਅਹਿਮ ਵਿਭਾਗ ਦੇ ਇੰਜੀਨੀਅਰ ਵਿੰਗ ਦੇ ਚੀਫ ਇੰਜੀਨੀਅਰ ਤੱਕ ਦੀਆਂ ਤਾਇਨਾਤੀਆਂ ਕਰਾਉਣ ਦੇ ਵੀ ਸਮਰੱਥ ਹੋ ਗਿਆ। ਇਸ ਘੁਟਾਲੇ ਬਾਅਦ ਅਫ਼ਸਰਸ਼ਾਹੀ ਦਰਮਿਆਨ ਧੜੇਬੰਦੀ ਵੀ ਸਾਹਮਣੇ ਆਈ ਹੈ। ਕੈਪਟਨ ਸਰਕਾਰ ਦੇ ਸੀਨੀਅਰ ਅਫਸਰਾਂ ਦਾ ਮੰਨਣਾ ਹੈ ਕਿ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਦੀ ਨਿਯੁਕਤੀ ਨੂੰ ਹਾਈ ਕੋਰਟ ਵਿਚ ਚੁਣੌਤੀ ਦੇਣ ਦੇ ਮਾਮਲੇ ਨੂੰ ਵੀ ਇਸ ਘੁਟਾਲੇ ਨਾਲ ਜੁੜੇ ਅਫਸਰਾਂ ਦੇ ਦਿਮਾਗ ਦੀ ਕਾਢ ਹੀ ਮੰਨਿਆ ਜਾ ਰਿਹਾ ਹੈ।

ਸਿੰਜਾਈ ਘੁਟਾਲੇ ਦੀ ਤਫਤੀਸ਼ ਨਾਲ ਜੁੜੇ ਵਿਜੀਲੈਂਸ ਅਫਸਰਾਂ ਨੇ ਦੱਸਿਆ ਕਿ ਪੰਜਾਬ ਦੇ ਦੋ ਸੀਨੀਅਰ ਆਈ.ਏ.ਐਸ. ਅਧਿਕਾਰੀਆਂ ਦਾ ਗੁਰਿੰਦਰ ਸਿੰਘ ਭਾਪਾ ਨੂੰ ਸਿੱਧਾ ਆਸ਼ੀਰਵਾਦ ਹੋਣ ਕਰ ਕੇ ਇਸ ਦਾ ਕਾਰੋਬਾਰ ਛੜੱਪੇ ਮਾਰ ਕੇ ਵਧਿਆ। ਇਨ੍ਹਾਂ ਆਈ.ਏ.ਐਸ. ਅਧਿਕਾਰੀਆਂ ਖਿਲਾਫ ਕਾਰਵਾਈ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਾਲ ਦੀ ਘੜੀ ਵਿਜੀਲੈਂਸ ਨੂੰ ਕੋਈ ਹੁਕਮ ਨਹੀਂ ਦਿੱਤਾ ਹੈ।

ਵਿਜੀਲੈਂਸ ਦੀ ਮੁਢਲੀ ਤਫਤੀਸ਼ ਮੁਤਾਬਕ ਸਾਲ 2006-07 ਦੌਰਾਨ ਗੁਰਿੰਦਰ ਸਿੰਘ ਠੇਕੇਦਾਰ ਦੀ ਕੰਪਨੀ ਦੀ ਸਾਲਾਨਾ ਆਮਦਨ ਮਹਿਜ਼ 4.74 ਕਰੋੜ ਰੁਪਏ ਸੀ। ਅਕਾਲੀ-ਭਾਜਪਾ ਸਰਕਾਰ ਦੌਰਾਨ ਸੀਨੀਅਰ ਅਧਿਕਾਰੀਆਂ ਤੇ ਸਿਆਸਤਦਾਨਾਂ ਦੀ ਅਜਿਹੀ ਕਿਰਪਾ ਹੋਈ ਕਿ 2016-17 ਦੌਰਾਨ ਇਹ ਆਮਦਨ 300 ਕਰੋੜ ਤਕ ਅੱਪੜ ਗਈ।

## ਐਮਟਰੈਕ ਟਰੇਨ ਲੀਹੋਂ ਲੱਥੀ; 3 ਮੌਤਾਂ, ਸੌ ਜ਼ਖਮੀ

**ਸਿਆਟਲ, ਵਾਸ਼ਿੰਗਟਨ (ਬਿਊਰੋ):** ਸਿਆਟਲ ਤੋਂ ਪੋਰਟਲੈਂਡ ਨੂੰ ਜਾਂਦੀ ਐਮਟਰੈਕ ਟਰੇਨ ਹਾਈਵੇਅ ਆਈ-5 'ਤੇ ਡੂਪੋਂਟ ਨਜ਼ਦੀਕ ਬਣੇ ਇਕ ਪੁਲ ਤੋਂ ਲੀਹੋਂ ਲਹਿ ਕੇ ਹਾਈਵੇਅ 'ਚ ਡਿਗ ਪਈ, ਜਿਸ ਕਾਰਨ ਘੱਟੋ ਘੱਟ 3 ਲੋਕ ਮਾਰੇ ਗਏ ਤੇ ਸੌ ਜ਼ਖਮੀ ਹੋ ਗਏ। ਟਰੇਨ 'ਚ 5 ਮੁਲਾਜ਼ਮਾਂ ਸਣੇ 83 ਜਣੇ ਸਵਾਰ ਸਨ।

ਜਾਣਕਾਰੀ ਅਨੁਸਾਰ ਐਮਟਰੈਕ ਟਰੇਨ ਫਰੀਵੇਅ 'ਤੇ ਬਣੇ ਪੁਲ ਉਤੋਂ ਲੰਘ ਰਹੀ ਸੀ ਕਿ ਅਚਾਨਕ ਉਹ ਲੀਹੋਂ ਲੱਥ ਗਈ, ਜਿਸ ਕਾਰਨ ਗੱਡੀ ਦੇ ਕਈ ਡੱਬੇ ਪੁਲ ਤੋਂ ਹੇਠਾਂ ਲਟਕ ਗਏ। ਹਾਦਸੇ ਕਾਰਨ 65 ਟਨ ਪੈਸੰਜਰ ਰੇਲ ਕਾਰਾਂ ਹਾਈਵੇਅ 'ਤੇ ਉਲਟੀਆਂ ਪਈਆਂ ਸਨ। ਇਕ ਡੱਬਾ ਪੁਲ ਤੋਂ ਹੇਠਾਂ ਲਟਕ ਰਿਹਾ ਸੀ। ਰੇਲ ਦੇ ਕੁਲ 13 ਡੱਬੇ ਲੀਹੋਂ ਲੱਥ ਗਏ ਸਨ।

ਇਸ ਹਾਦਸੇ ਕਾਰਨ ਇੰਟਰਸਟੇਟ ਹਾਈਵੇ-5 ਉਤੇ ਜਾਂਦੇ ਦੋ ਟਰੈਕਟਰਾਂ-ਟਰੇਲਰਾਂ ਸਮੇਤ ਘੱਟੋ ਘੱਟ ਪੰਜ ਗੱਡੀਆਂ ਨੂੰ ਭਾਰੀ ਨੁਕਸਾਨ ਪਹੁੰਚਿਆ। ਐਕਸੀਡੈਂਟ ਹੋਣ ਕਾਰਨ ਫਰੀਵੇਅ 5 ਲੰਮਾ ਸਮਾਂ ਬੰਦ ਰਿਹਾ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ
ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ
ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਟਾਈਟਲਰ ਖਿਲਾਫ ਗਵਾਹੀ ਲਈ ਤਿਆਰ ਹੋਏ ਅਮਰੀਕਾ ਰਹਿੰਦੇ ਸਿੱਖ

**ਨਵੀਂ ਦਿੱਲੀ:** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਦਾਅਵਾ ਕੀਤਾ ਕਿ ਅਮਰੀਕਾ ਰਹਿੰਦੇ ਦੋ ਸਿੱਖ ਜਸਬੀਰ ਸਿੰਘ ਤੇ ਰੇਸ਼ਮ ਸਿੰਘ, ਨਵੰਬਰ 1984 ਸਿੱਖ ਕਤਲੇਆਮ ਕੇਸਾਂ ਵਿਚ ਨਾਮਜ਼ਦ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖਿਲਾਫ ਗਵਾਹੀ ਦੇਣਾ ਚਾਹੁੰਦੇ ਹਨ। ਉਨ੍ਹਾਂ ਇਸ ਸਬੰਧੀ ਹਲਫੀਆ ਬਿਆਨ ਵੀ ਦਾਇਰ ਕੀਤਾ ਹੈ। ਫੈਡਰੇਸ਼ਨ ਮੁਖੀ ਨੇ ਸੀ.ਬੀ.ਆਈ. ਤੇ ਵਿਸ਼ੇਸ਼ ਜਾਂਚ ਟੀਮ ਨੂੰ ਦੋਵਾਂ ਗਵਾਹਾਂ ਦੇ ਬਿਆਨ ਕਲਮਬੰਦ ਕੀਤੇ ਜਾਣ ਦੀ ਮੰਗ ਕੀਤੀ ਹੈ।

ਇਥੇ ਕਾਂਸਟੀਚਿਊਸ਼ਨ ਕਲੱਬ ਵਿਚ ਪੀਰਮੁਹੰਮਦ ਨੇ ਕਿਹਾ ਕਿ ਰੇਸ਼ਮ ਸਿੰਘ ਨਾਂ ਦਾ ਵਿਅਕਤੀ ਟਾਈਟਲਰ ਖਿਲਾਫ ਧਾਰਾ 164 ਤਹਿਤ ਗਵਾਹੀ ਦੇਣ ਲਈ ਤਿਆਰ ਹੈ। ਰੇਸ਼ਮ ਸਿੰਘ ਰੋਡੇ (ਜ਼ਿਲ੍ਹਾ ਮੋਗਾ) ਪਿੰਡ ਦਾ ਮੂਲ ਵਾਸੀ ਹੈ ਤੇ ਅੱਜ ਕੱਲ੍ਹ ਅਮਰੀਕਾ ਰਹਿੰਦਾ ਹੈ। ਇਸੇ ਤਰ੍ਹਾਂ ਜਾਨ ਦਾ ਡਰ ਹੋਣ ਦੇ ਬਾਵਜੂਦ ਕੈਲੀਫੋਰਨੀਆ ਰਹਿੰਦਾ ਜਸਵੀਰ ਸਿੰਘ ਭਾਰਤ ਆ ਕੇ ਟਾਈਟਲਰ ਖਿਲਾਫ ਗਵਾਹੀ ਦੇਣ ਲਈ ਤਿਆਰ ਹੈ। ਰੇਸ਼ਮ ਸਿੰਘ ਨੇ ਪਹਿਲੀ ਨਵੰਬਰ, 1984 ਨੂੰ ਗੁਰਦੁਆਰਾ ਪੁਲ ਬੰਗਸ਼ ਵਿਖੇ ਟਾਈਟਲਰ ਨੂੰ ਭੜਕੀ ਭੀੜ ਦੀ ਅਗਵਾਈ ਕਰਦੇ ਅਤੇ 'ਖੂਨ ਦਾ ਬਦਲਾ ਖੂਨ' ਦੇ ਨਾਅਰੇ ਲਾਉਂਦਿਆਂ ਦੇਖਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਸਾਢੇ ਤਿੰਨ ਸਾਲ ਬੀਤਣ ਦੇ ਬਾਵਜੂਦ ਮੋਦੀ ਸਰਕਾਰ ਵੱਲੋਂ ਗਠਿਤ ਸਿੱਟ ਤੇ ਸੀ.ਬੀ.ਆਈ. ਨੇ ਗਵਾਹਾਂ ਤੱਕ ਪਹੁੰਚ ਨਹੀਂ ਕੀਤੀ। ਉਨ੍ਹਾਂ ਕਾਂਗਰਸ ਨਵ ਨਿਯੁਕਤ ਪ੍ਰਧਾਨ ਰਾਹੁਲ ਗਾਂਧੀ ਨੂੰ ਬੇਨਤੀ ਕੀਤੀ ਕਿ ਜਗਦੀਸ਼ ਟਾਈਟਲਰ ਨੂੰ ਪਾਰਟੀ ਵਿਚੋਂ ਬਾਹਰ ਦਾ ਰਾਹ ਦਿਖਾਇਆ ਜਾਵੇ।



## ਜੀ.ਕੇ. ਵੱਲੋਂ ਕੇਜਰੀਵਾਲ ਸਰਕਾਰ ਵੱਲ ਉਂਗਲ

**ਨਵੀਂ ਦਿੱਲੀ:** 1984 ਸਿੱਖ ਕਤਲੇਆਮ ਮਾਮਲੇ ਵਿਚ ਨਾਮਜ਼ਦ ਜਗਦੀਸ਼ ਟਾਈਟਲਰ ਖਿਲਾਫ਼ ਗਵਾਹ ਖਰੀਦ ਮਾਮਲੇ ਵਿਚ ਹਥਿਆਰ ਕਾਰੋਬਾਰੀ ਅਭਿਸ਼ੇਕ ਵਰਮਾ ਵੱਲੋਂ ਪਾਲੀਗ੍ਰਾਫ ਟੈਸਟ ਦੇਣ ਦੀ ਹਾਮੀ ਭਰਨ ਦੇ ਬਾਵਜੂਦ ਦਿੱਲੀ ਸਰਕਾਰ ਅਧੀਨ ਲੈਬ ਵੱਲੋਂ ਵਰਮਾ ਦਾ ਟੈਸਟ ਕਰਨ ਤੋਂ ਪਾਸਾ ਵੱਟੇ ਜਾਣ ਦਾ ਦੋਸ਼ ਲਗਾ ਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਦਿੱਲੀ ਸਰਕਾਰ ਦੀ ਕਾਰਜਸ਼ੈਲੀ ਅਤੇ ਮੁੱਖ ਮੰਤਰੀ ਕੇਜਰੀਵਾਲ ਤੇ ਟਾਈਟਲਰ ਵਿਚਕਾਰ ਸਿਆਸੀ ਰਿਸ਼ਤਿਆਂ ਉਤੇ ਸਵਾਲ ਖੜੇ ਕੀਤੇ ਹਨ। ਜੀ.ਕੇ. ਨੇ ਦਾਅਵਾ ਕੀਤਾ ਕਿ ਕੇਜਰੀਵਾਲ ਹੁਣ ਟਾਈਟਲਰ ਦੀ ਪਿੱਠ ਪਿੱਛੇ ਖੜੇ ਹੋ ਕੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ।

## ਟਾਈਟਲਰ ਖਿਲਾਫ਼ ਮਾਨਹਾਨੀ ਮਾਮਲੇ 'ਚ ਗਵਾਹੀਆਂ ਸ਼ੁਰੂ

**ਨਵੀਂ ਦਿੱਲੀ:** ਸਿੱਖ ਕਤਲੇਆਮ ਬਾਰੇ ਇਕ ਪ੍ਰਾਈਵੇਟ ਟੀਵੀ ਚੈਨਲ ਉਤੇ ਚਰਚਾ ਦੌਰਾਨ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਵੱਲੋਂ ਪੀੜਤਾਂ ਦੇ ਵਕੀਲ ਐਚ.ਐਸ. ਫੂਲਕਾ ਨੂੰ ਦਿੱਤੀ ਧਮਕੀ ਦੇ ਮਾਮਲੇ ਵਿਚ ਪਟਿਆਲਾ ਹਾਊਸ ਅਦਾਲਤ ਵਿਚ ਗਵਾਹੀਆਂ ਸ਼ੁਰੂ ਹੋਈਆਂ। ਅਦਾਲਤ ਵਿਚ ਸ੍ਰੀ ਫੂਲਕਾ ਨੇ ਗਵਾਹੀ ਦਿੱਤੀ, ਜੋ 6 ਜਨਵਰੀ ਨੂੰ ਅਗਲੀ ਸੁਣਵਾਈ ਦੌਰਾਨ ਵੀ ਜਾਰੀ ਰਹੇਗੀ। ਇਸ ਮੌਕੇ ਇਕ ਹੋਰ ਗਵਾਹ ਅਵਤਾਰ ਸਿੰਘ ਢੀਂਡਸਾ ਵੀ ਅਦਾਲਤ ਵਿਚ ਹਾਜ਼ਰ ਸੀ ਪਰ ਉਸ ਦੀ ਗਵਾਹੀ ਨਾ ਹੋ ਸਕੀ। ਸ੍ਰੀ ਫੂਲਕਾ ਨੇ ਟਾਈਟਲਰ ਖਿਲਾਫ ਇਹ ਕੇਸ ਟੀਵੀ ਸ਼ੋਅ ਦੌਰਾਨ ਜਾਨੋਂ ਮਾਰਨ ਦੀ ਧਮਕੀ ਮਗਰੋਂ ਲੁਧਿਆਣਾ ਦੀ ਅਦਾਲਤ ਵਿਚ ਦਾਇਰ ਕੀਤਾ ਸੀ, ਜੋ ਬਾਅਦ ਵਿਚ ਇਥੇ ਤਬਦੀਲ ਹੋ ਗਿਆ।

# ਪਟਿਆਲਾ ਦੇ ਮਨਦੀਪ ਦੀ ਲੱਕੜ ਵਾਲੀ ਕਾਰ ਵਿਦੇਸ਼ਾਂ 'ਚ ਵੀ ਛਾਈ

**ਚੰਡੀਗੜ੍ਹ:** ਪਟਿਆਲਾ ਦੇ ਨੌਜਵਾਨ ਮਨਦੀਪ ਵੱਲੋਂ ਬਣਾਈ ਲੱਕੜ ਦੀ ਕਾਰ ਦੇ ਚਰਚੇ ਵਿਦੇਸ਼ਾਂ ਵਿਚ ਵੀ ਹੋਣ ਲੱਗ ਪਏ ਹਨ। ਇੰਗਲੈਂਡ ਦੇ ਚੈਨਲ ਨੇ ਦਸਤਾਵੇਜ਼ੀ ਫਿਲਮ ਦੇ ਤੌਰ ਉਤੇ ਇਸ ਕਾਰ ਨੂੰ ਵਿਖਾਇਆ ਹੈ। ਮਨਦੀਪ ਨੇ ਆਪਣੇ ਪਿਤਾ ਨਾਲ ਮਿਲ ਕੇ ਦੋ ਮਹੀਨਿਆਂ ਦੀ ਸਖਤ ਮਿਹਨਤ ਨਾਲ ਅਜਿਹੀ ਕਾਰ ਤਿਆਰ ਕਰ ਦਿੱਤੀ ਜਿਸ ਵਿਚ ਇੰਜਣ ਤੇ ਪਹੀਆਂ ਆਦਿ ਤੋਂ ਛੁੱਟ ਬਾਕੀ ਸਭ ਲੱਕੜੀ ਦਾ ਹੈ। ਮਨਦੀਪ ਦੀ ਇਹ ਕਾਰ ਤਕਰੀਬਨ 110 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਦੌੜਦੀ ਹੈ।



ਮਨਦੀਪ ਮੁਤਾਬਕ ਉਹ ਆਪਣੇ ਸੁਪਨੇ ਨੂੰ ਸਾਕਾਰ ਕਰਨ ਲਈ ਵਿਸ਼ੇਸ਼ ਤਰ੍ਹਾਂ ਦੀ ਵਰਕਸ਼ਾਪ ਜਾਣ ਲਈ ਆਰਥਿਕ ਤੌਰ ਉਤੇ ਸਮਰੱਥ ਨਹੀਂ ਸੀ, ਇਸ ਲਈ ਉਸ ਨੇ ਇਹ ਕੰਮ ਆਪਣੇ ਘਰ ਵਿਚ ਹੀ ਕੀਤਾ। ਉਸ ਨੇ ਆਪਣੇ ਪਿਤਾ ਮੁਹਿੰਦਰ ਸਿੰਘ ਨਾਲ ਮਿਲ ਕੇ ਮਾਰੂਤੀ 800 ਸੀ.ਸੀ. ਦੇ ਇੰਜਣ ਦੀ ਵਰਤੋਂ ਕਰ ਕੇ ਲੱਕੜ ਦੀ ਇਹ ਕਾਰ ਤਿਆਰ ਕਰ ਲਈ। ਆਪਣੇ ਇਸ ਕਾਰਨਾਮੇ ਨਾਲ ਅਮਨਦੀਪ ਪਟਿਆਲਾ ਦਾ ਹੀਰੋ ਬਣ ਗਿਆ ਹੈ। ਜਦੋਂ ਵੀ ਉਹ ਆਪਣੀ ਕਾਰ ਵਿਚ ਕਿਧਰੇ ਨਿਕਲਦਾ ਹੈ ਤਾਂ ਲੋਕ ਕਾਰ ਬਾਰੇ ਖੜ੍ਹਾ-ਖੜ੍ਹਾ ਕੇ ਸਵਾਲ ਕਰਦੇ ਹਨ ਤੇ ਤਾਰੀਫ ਵੀ ਕਰਦੇ ਹਨ। ਅਮਨਦੀਪ ਦੀ ਮਾਂ ਜਸਵਿੰਦਰ ਕੌਰ ਪੁੱਤਰ ਦੀ ਇਸ ਕਾਮਯਾਬੀ ਤੋਂ ਖੁਸ਼ ਹੈ। ਉਨ੍ਹਾਂ ਕਿਹਾ ਕਿ ਅਮਨਦੀਪ ਨੇ ਕਾਫੀ ਵਧੀਆ ਕੰਮ ਕੀਤਾ ਹੈ ਤੇ ਉਸ ਵੱਲੋਂ ਬਣਾਈ ਲੱਕੜ ਦੀ ਕਾਰ ਨਾਲ ਉਨ੍ਹਾਂ ਦਾ ਨਾਂ ਪੰਜਾਬ ਵਿਚ ਹੀ ਨਹੀਂ ਸਗੋਂ ਦੇਸ਼ ਵਿਦੇਸ਼ ਵਿਚ ਰੌਸ਼ਨ ਹੋ ਗਿਆ ਹੈ।

ਉਨ੍ਹਾਂ ਦੱਸਿਆ ਕਿ ਅਮਨਦੀਪ ਦਾ ਸੁਪਨਾ ਹੈ ਕਿ ਉਹ ਖੁਦ ਦੀ ਡਿਜ਼ਾਈਨ ਕੀਤੀ ਕਾਰ ਬਣਾਵੇ ਜਿਸ ਦੀ ਦਿੱਖ ਵਿੰਟੇਜ ਕਾਰ ਜਿਹੀ ਹੋਵੇ। ਅਮਨਦੀਪ ਨੇ ਦੱਸਿਆ ਕਿ ਇਸ ਕੰਮ ਵਿਚ ਉਸ ਦੇ ਪਿਤਾ ਵੀ ਮਦਦ ਕਰਨਗੇ।

# ਜ਼ਮੀਨ ਘੁਟਾਲੇ ਬਾਰੇ ਰਿਪੋਰਟ ਪੇਸ਼ ਕਰਨ ਤੋਂ ਟਾਲਾ

**ਮੁਹਾਲੀ:** ਅਕਾਲੀ-ਭਾਜਪਾ ਸਰਕਾਰ ਵੇਲੇ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ 32 ਏਕੜ ਜ਼ਮੀਨ ਘੁਟਾਲੇ ਦੇ ਮਾਮਲੇ ਵਿਚ ਨਾਮਜ਼ਦ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕਈ ਹੋਰ ਮੁਲਜ਼ਮ ਮੁੜ ਅਦਾਲਤ ਵਿਚ ਪੇਸ਼ ਨਾ ਹੋਏ।

ਕੈਪਟਨ ਨੇ ਆਪਣੇ ਵਕੀਲ ਰਾਹੀਂ ਅਦਾਲਤ ਵਿਚ ਇਕ ਅਰਜ਼ੀ ਦਾਇਰ ਕਰ ਕੇ ਸਰਕਾਰੀ ਰੁਝੇਵਿਆਂ ਦੀ ਦੁਹਾਈ ਦੇ ਕੇ ਨਿੱਜੀ ਪੇਸ਼ੀ ਤੋਂ ਛੋਟ ਮੰਗੀ, ਜਿਸ ਨੂੰ ਅਦਾਲਤ ਨੇ ਪ੍ਰਵਾਨ ਕਰ ਲਿਆ। ਕੈਪਟਨ ਵਿਰੁੱਧ ਸਰਕਾਰੀ ਗਵਾਹ ਬਣਨ ਦੀ ਪੇਸ਼ਕਸ਼ ਕਰਨ ਵਾਲੇ ਸ਼ਿਕਾਇਤਕਰਤਾ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਵਕੀਲ ਸਮੇਤ ਅਦਾਲਤ ਵਿਚ ਹਾਜ਼ਰ ਸਨ। ਉਧਰ, ਵਿਜੀਲੈਂਸ ਬਿਊਰੋ ਨੇ ਪੜਤਾਲੀਆ ਰਿਪੋਰਟ ਅਦਾਲਤ ਵਿਚ ਪੇਸ਼ ਨਹੀਂ ਕੀਤੀ।

## ਏਜੰਸੀ ਤੇ ਮੁਲਜ਼ਮਾਂ ਵਿਚਾਲੇ ਮਿਲੀਭੁਗਤ: ਬੀਰਦਵਿੰਦਰ

**ਮੁਹਾਲੀ:** ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਦੋਸ਼ ਲਾਇਆ ਕਿ ਜਾਂਚ ਏਜੰਸੀ ਅਤੇ ਮੁਲਜ਼ਮ ਆਪਸ ਵਿਚ ਮਿਲੇ ਹੋਏ ਹਨ। ਵਿਜੀਲੈਂਸ ਨੇ ਕੈਪਟਨ ਵਿਰੁੱਧ ਕੇਸ ਖਤਮ ਕਰਨ ਲਈ ਅਰਜ਼ੀ ਦਾਇਰ ਕਰਨ ਵਿਚ ਤਾਂ ਰੱਤੀ ਭਰ ਵੀ ਦੇਰ ਨਹੀਂ ਕੀਤੀ ਸੀ ਪਰ ਹੁਣ ਨਵੇਂ ਸਿਰਿਉਂ ਜਾਂਚ ਰਿਪੋਰਟ ਪੇਸ਼ ਕਰਨ ਵਿਚ ਬਹਾਨੇਬਾਜ਼ੀ ਕੀਤੀ ਜਾ ਰਹੀ ਹੈ।




ਵਿਜੀਲੈਂਸ ਨੇ ਸਰਕਾਰੀ ਵਕੀਲ ਰਾਹੀਂ ਅਦਾਲਤ ਤੋਂ ਮੰਗ ਕੀਤੀ ਕਿ ਜਾਂਚ ਏਜੰਸੀ ਨੂੰ ਰਿਪੋਰਟ ਪੇਸ਼ ਕਰਨ ਲਈ ਇਕ ਮਹੀਨੇ ਦੀ ਹੋਰ ਮੋਹਲਤ ਦਿੱਤੀ ਜਾਵੇ।

ਅਦਾਲਤ ਨੇ ਵਿਜੀਲੈਂਸ ਦੀ ਬੇਨਤੀ ਮਨਜ਼ੂਰ ਕਰਦਿਆਂ ਕੇਸ ਦੀ ਸੁਣਵਾਈ 20 ਜਨਵਰੀ ਤੱਕ ਅੱਗੇ ਟਾਲ ਦਿੱਤੀ। ਦੱਸਣਯੋਗ ਕਿ ਵਧੀਕ ਜ਼ਿਲ੍ਹਾ ਅਦਾਲਤ ਨੇ ਕੈਪਟਨ ਤੇ ਹੋਰਨਾਂ ਵਿਰੁੱਧ ਦਰਜ ਭ੍ਰਿਸ਼ਟਾਚਾਰ ਦਾ ਕੇਸ ਖਤਮ ਕਰਨ ਦੀ ਅਰਜ਼ੀ ਰੱਦ ਕਰ ਕੇ ਵਿਜੀਲੈਂਸ ਨੂੰ ਨਵੇਂ ਸਿਰਿਉਂ ਜਾਂਚ ਕਰ ਕੇ ਪੜਤਾਲੀਆ ਰਿਪੋਰਟ ਅਦਾਲਤ ਵਿਚ ਪੇਸ਼ ਕਰਨ ਲਈ ਆਖਿਆ ਸੀ।

# ਸਿੱਖ ਇਤਿਹਾਸ ਨਾਲ ਛੇੜਛਾੜ ਕਰਨ ਵਾਲਿਆਂ ਨੂੰ ਤਾੜਨਾ

**ਸੰਗਰੂਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਗੁਰਦੁਆਰਾ ਨਾਨਕਿਆਣਾ ਸਾਹਿਬ ਵਿਖੇ ਹੋਈ। ਇਸ ਦੌਰਾਨ ਸਿੱਖ ਭਾਵਨਾਵਾਂ ਨਾਲ ਖਿਲਵਾੜ ਅਤੇ ਇਤਿਹਾਸ ਨਾਲ ਛੇੜਛਾੜ ਕਰਨ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਦਾ ਫੈਸਲਾ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸਮੇਂ ਸਮੇਂ ਉਤੇ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਨ ਅਤੇ ਆਪਣੀਆਂ ਲਿਖਤਾਂ ਰਾਹੀਂ ਇਤਿਹਾਸ ਨਾਲ ਛੇੜਛਾੜ ਕਰਨ ਦੇ ਸਾਹਮਣੇ ਆ ਰਹੇ ਮਾਮਲਿਆਂ ਉਤੇ ਵਿਚਾਰ ਕਰਨ ਤੋਂ ਬਾਅਦ ਫੈਸਲਾ ਕੀਤਾ ਗਿਆ ਹੈ ਕਿ ਅਜਿਹੇ ਕੇਸਾਂ ਵਿਚ ਸਬੰਧਤ ਵਿਅਕਤੀਆਂ ਖਿਲਾਫ਼ ਸਖਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।



ਉਨ੍ਹਾਂ ਕਿਹਾ ਕਿ ਦੂਜੇ ਪਾਸੇ ਸਿੱਖੀ ਪ੍ਰਚਾਰ ਅਤੇ ਆਪਣੀਆਂ ਲਿਖਤਾਂ ਰਾਹੀਂ ਪੰਥ ਦੀ ਚੜ੍ਹਦੀ ਕਲਾ ਵਿਚ ਹਿੱਸਾ ਪਾਉਣ ਵਾਲੇ ਸਿੱਖ ਵਿਦਵਾਨਾਂ, ਸਿੱਖ ਕਥਾਕਾਰਾਂ ਤੇ ਪ੍ਰਚਾਰਕਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਨਮਾਨਿਆ ਜਾਵੇਗਾ। ਬੱਚਿਆਂ ਨੂੰ ਸਿੱਖ ਇਤਿਹਾਸ ਅਤੇ ਵਿਰਸੇ ਨਾਲ ਜੋੜਨ ਲਈ ਪੁਸਤਕਾਂ ਮੁਫਤ ਵੰਡੀਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਕਮੇਟੀ ਵਿਚ ਕਾਰਜਸ਼ੀਲ ਪ੍ਰਚਾਰਕਾਂ, ਕਵੀਸ਼ਰਾਂ, ਢਾਡੀਆਂ, ਧਾਰਮਿਕ ਅਧਿਆਪਕਾਂ ਅਤੇ ਵੱਖ-ਵੱਖ ਸੂਬਿਆਂ ਦੇ ਮਿਸ਼ਨਾਂ ਦੇ ਇੰਚਾਰਜਾਂ ਨਾਲ 10 ਜਨਵਰੀ ਨੂੰ ਤਖਤ ਕੇਸਗੜ੍ਹ ਸਾਹਿਬ ਵਿਖੇ ਮੀਟਿੰਗ ਕਰ ਕੇ ਧਰਮ ਪ੍ਰਚਾਰ ਲਹਿਰ ਬਾਰੇ ਨਿਰਦੇਸ਼ ਦਿੱਤੇ ਜਾਣਗੇ।

# ਲਹਿੰਦੇ ਪੰਜਾਬ 'ਚ ਅੱਜ ਵੀ ਪੰਜਾਬੀ ਦੀ ਚੌਧਰ

**ਲਾਹੌਰ:** ਪਾਕਿਸਤਾਨ ਦੇ ਵੱਖ-ਵੱਖ ਸੂਬਿਆਂ ਵਿਚ ਬੋਲੀਆਂ ਜਾਣ ਵਾਲੀਆਂ ਸਥਾਨਕ ਭਾਸ਼ਾਵਾਂ ਬਾਰੇ ਸਰਕਾਰੀ ਪੱਧਰ ਉਤੇ ਜਾਰੀ ਰਿਪੋਰਟ ਵਿਚ ਮਾਂ ਬੋਲੀ ਪੰਜਾਬੀ ਨੂੰ ਪਹਿਲਾ, ਪਸ਼ਤੋ ਨੂੰ ਦੂਸਰਾ, ਸਿੰਧੀ ਨੂੰ ਤੀਸਰਾ ਅਤੇ ਬਲੋਚੀ ਭਾਸ਼ਾ ਨੂੰ ਚੌਥਾ ਸਥਾਨ ਦਿੱਤਾ ਗਿਆ ਹੈ।

ਪੰਜਾਬੀ ਨੂੰ ਉਸ ਦਾ ਬਣਦਾ ਹੱਕ, ਸਨਮਾਨ ਤੇ ਇਨਸਾਫ ਦਿਵਾਉਣ ਲਈ ਲੰਮੇ ਸਮੇਂ ਤੋਂ ਜੱਦੋਜਹਿਦ ਕਰ ਰਹੇ ਪੰਜਾਬੀ ਪ੍ਰਚਾਰ ਸੰਸਥਾ ਦੇ ਸਦਰ ਅਹਿਮਦ ਰਜ਼ਾ ਖਾਂ ਤੇ ਜਨਰਲ ਸਕੱਤਰ ਬਾਬਰ ਜਲੰਧਰੀ ਨੇ ਦੱਸਿਆ ਕਿ ਪਾਕਿਸਤਾਨ ਦੀ ਕੁੱਲ ਆਬਾਦੀ ਵਿਚ 7.57 ਫੀਸਦੀ ਲੋਕ ਉਰਦੂ, 44.15 ਫੀਸਦੀ ਪੰਜਾਬੀ, 14.1 ਫੀਸਦੀ ਸਿੰਧੀ, 15.42 ਫੀਸਦੀ ਪਸ਼ਤੋ, 3.57 ਫੀਸਦੀ ਬਲੋਚੀ, 10.53 ਫੀਸਦੀ ਸਰਾਇਕੀ ਅਤੇ 4.66 ਫੀਸਦੀ ਲੋਕ ਹੋਰ ਸਥਾਨਕ ਭਾਸ਼ਾਵਾਂ ਬੋਲਦੇ ਹਨ। ਉਕਤ ਤੋਂ ਇਲਾਵਾ ਸੂਬਾ ਪੰਜਾਬ ਵਿਚ 75.23 ਫੀਸਦੀ ਲੋਕ ਪੰਜਾਬੀ, 4.51 ਫੀਸਦੀ ਉਰਦੂ, 0.13 ਫੀਸਦੀ ਸਿੰਧੀ, 1.16 ਫੀਸਦੀ ਪਸ਼ਤੋ, 0.66 ਫੀਸਦੀ ਬਲੋਚੀ, 17.36 ਫੀਸਦੀ ਸਰਾਇਕੀ ਤੇ 0.95 ਫੀਸਦੀ ਹੋਰ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਇਸ ਦੇ ਬਾਵਜੂਦ ਪੰਜਾਬ ਵਿਚ ਪੰਜਾਬੀ ਨੂੰ ਪ੍ਰਮੁੱਖ ਭਾਸ਼ਾ ਦਾ ਸਥਾਨ ਨਹੀਂ ਦਿੱਤਾ ਜਾ ਰਿਹਾ ਹੈ। ਅਹਿਮਦ ਰਜ਼ਾ ਖਾਂ ਨੇ ਕਿਹਾ ਕਿ ਮਾਂ ਬੋਲੀ ਪੰਜਾਬੀ ਨੂੰ ਇਨਸਾਫ ਦਿਵਾਉਣ ਲਈ ਪੰਜਾਬੀ ਭਾਸ਼ਾ ਪ੍ਰੇਮੀ ਕਦੇ ਪਿੱਛੇ ਨਹੀਂ ਹਟਣਗੇ ਅਤੇ ਜਦੋਂ ਤੱਕ ਪੰਜਾਬ ਦੇ ਸਕੂਲਾਂ ਵਿਚ ਨਰਸਰੀ ਜਮਾਤ ਤੋਂ ਗਰੈਜੂਏਸ਼ਨ ਤੱਕ ਪੰਜਾਬੀ ਨੂੰ ਵਿਸ਼ੇ ਦੇ ਤੌਰ ਉਤੇ ਲਾਗੂ ਨਹੀਂ ਕੀਤਾ ਜਾਂਦਾ, ਸੰਘਰਸ਼ ਜਾਰੀ ਰੱਖਿਆ ਜਾਵੇਗਾ। ਬਾਬਰ ਜਲੰਧਰੀ ਨੇ ਪੰਜਾਬ ਵਿਚ ਮਾਂ-ਬੋਲੀ ਪੰਜਾਬੀ ਨਾਲ ਕੀਤੇ ਜਾ ਰਹੇ ਮਤਰੇਈ ਮਾਂ ਵਾਲੇ ਸਲੂਕ ਲਈ ਸੂਬਾ ਸਰਕਾਰ ਨੂੰ ਜ਼ਿੰਮੇਵਾਰ ਦੱਸਦਿਆਂ ਕਿਹਾ ਕਿ ਸੂਬੇ ਵਿਚ ਪੰਜਾਬੀ ਭਾਸ਼ਾ ਨੂੰ ਸਰਕਾਰ ਵੱਲੋਂ ਲਗਾਤਾਰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ। ਪੰਜਾਬ ਅਸੈਂਬਲੀ ਵਿਚ ਪੰਜਾਬੀ ਬੋਲਣ ਉਤੇ ਲਗਾਈ ਗਈ ਪਾਬੰਦੀ ਨੂੰ ਖਤਮ ਕਰਨ ਦੇ ਨਾਲ-ਨਾਲ ਸੂਬਾ ਸਰਕਾਰ ਨੂੰ ਸਕੂਲੀ ਪੰਜਾਬੀ ਪੁਸਤਕਾਂ ਵਿਚ ਬਾਬਾ ਬੁੱਲ੍ਹਾ ਸ਼ਾਹ, ਸ਼ਾਹ ਹੁਸੈਨ, ਬਾਬਾ ਗੁਰੂ ਨਾਨਕ ਦੇਵ ਜੀ, ਸ਼ੇਖ ਫਰੀਦ, ਵਾਰਿਸ ਸ਼ਾਹ ਆਦਿ ਦੇ ਪੰਜਾਬੀ ਸੂਫੀ ਕਲਾਮ ਪਹਿਲ ਦੇ ਆਧਾਰ ਉਤੇ ਸ਼ਾਮਲ ਕਰਨੇ ਚਾਹੀਦੇ ਹਨ।



# ਪ੍ਰਬੰਧਕਾਂ ਵੱਲੋਂ ਦਲਿਤਾਂ ਨੂੰ ਵਿਆਹ ਮੌਕੇ ਭਾਂਡੇ ਨਾ ਦੇਣ ਦਾ ਮਾਮਲਾ ਭਖਿਆ

**ਸੰਗਰੂਰ:** ਪਿੰਡ ਸ਼ੇਰਗੜ੍ਹ ਚੀਮਾ ਵਿਚ ਇਕ ਦਲਿਤ ਪਰਿਵਾਰ ਦੀ ਲੜਕੀ ਦੀ ਵਿਆਹ ਮੌਕੇ ਪਿੰਡ ਦੇ ਗੁਰਦੁਆਰੇ ਦੇ ਪ੍ਰਬੰਧਕਾਂ ਵੱਲੋਂ ਭਾਂਡੇ ਨਾ ਦੇਣ ਦਾ ਮਾਮਲਾ ਭਖ ਗਿਆ ਹੈ। ਲੜਕੀ ਦੇ ਪਿਤਾ ਨੇ ਦੋਸ਼ ਲਾਇਆ ਹੈ ਕਿ ਦਲਿਤ ਹੋਣ ਕਾਰਨ ਉਸ ਦੇ ਪਰਿਵਾਰ ਨੂੰ ਗੁਰਦੁਆਰਾ ਪ੍ਰਬੰਧਕਾਂ ਨੇ ਭਾਂਡੇ ਦੇਣ ਤੋਂ ਇਨਕਾਰ ਕਰ ਦਿੱਤਾ। ਪੀੜਤ ਪਰਿਵਾਰ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਸ਼ਿਕਾਇਤ ਸੌਂਪਦਿਆਂ ਬਰਤਨ ਦੇਣ ਤੋਂ ਨਾਂਹ ਕਰਨ ਵਾਲਿਆਂ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।

ਸ਼ਿਕਾਇਤਕਰਤਾ ਜਗਤਾਰ ਸਿੰਘ ਨੇ ਦੱਸਿਆ ਕਿ ਉਸ ਦੇ ਪਿੰਡ ਸ਼ੇਰਗੜ੍ਹ ਚੀਮਾ ਵਿਚ ਦੋ ਗੁਰਦੁਆਰੇ ਬਣੇ ਹੋਏ ਹਨ। ਵੱਡਾ ਗੁਰਦੁਆਰਾ ਜਨਰਲ ਵਰਗ ਦੀ ਆਬਾਦੀ ਵਿਚ ਹੈ, ਜਦੋਂਕਿ ਇਕ ਗੁਰਦੁਆਰਾ ਦਲਿਤ ਵਸੋਂ ਵਿਚ ਹੈ। ਪਿੰਡ ਵਿਚ ਵਿਆਹ ਸਮਾਗਮ ਦੌਰਾਨ ਬਰਤਨ ਆਦਿ ਵੱਡੇ ਗੁਰਦੁਆਰੇ ਤੋਂ ਲਏ ਜਾਂਦੇ ਹਨ।

ਉਨ੍ਹਾਂ ਦੱਸਿਆ ਕਿ 14 ਨਵੰਬਰ ਨੂੰ ਉਸ ਦੀ ਲੜਕੀ ਦਾ ਵਿਆਹ ਸੀ। ਉਹ ਗੁਰਦੁਆਰੇ ਤੋਂ ਬਰਤਨ ਲੈਣ ਗਿਆ ਤਾਂ ਪ੍ਰਬੰਧਕਾਂ ਨੇ ਬਰਤਨ ਦੇਣ ਤੋਂ ਇਹ ਆਖਦਿਆਂ ਇਨਕਾਰ ਕਰ ਦਿੱਤਾ ਕਿ ਇਸ ਗੁਰਦੁਆਰੇ ਤੋਂ ਦਲਿਤਾਂ ਨੂੰ ਬਰਤਨ ਨਹੀਂ ਦਿੱਤੇ ਜਾ ਸਕਦੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦਾ ਕਹਿਣਾ ਹੈ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਜਾਂਚ ਕਰਵਾਈ ਜਾਵੇਗੀ।

# 'ਸਭ ਤੋਂ ਵੱਡੀ ਸੈਕੂਲਰ' ਹੋਣ ਦੇ ਵਹਿਮ ਹੇਠ ਹੈ ਕਾਂਗਰਸ ਪਾਰਟੀ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਹੱਥਲੀ ਲਿਖਤ ਗੁਜਰਾਤ ਵਿਧਾਨ ਸਭਾ ਲਈ ਵੋਟਾਂ ਪੈਣ ਤੋਂ ਬਾਅਦ ਅਤੇ ਨਤੀਜਾ ਨਿਕਲਣ ਤੋਂ ਪਹਿਲਾਂ ਜਾਣ-ਬੁੱਝ ਕੇ ਇਸ ਲਈ ਲਿਖੀ ਗਈ ਹੈ ਕਿ ਇਸ ਨੂੰ ਨਤੀਜਿਆਂ ਦੇ ਇੱਕ ਜਾਂ ਦੂਸਰੇ ਪੱਖ ਵਿਚ ਭੁਗਤਣ ਨਾਲ ਜੋੜੇ ਬਿਨਾ ਪੜ੍ਹਨ ਦੀ ਕੋਸ਼ਿਸ਼ ਕੀਤੀ ਜਾਵੇ। ਉਮਰ ਦੇ 14ਵੇਂ ਸਾਲ ਵਿਚ ਪਹਿਲੀ ਵਾਰ ਵਿਧਾਨ ਸਭਾ ਚੋਣਾਂ ਦੀ ਸਰਗਰਮੀ ਵੇਖੀ ਸੀ, ਜਿਸ ਵਿਚ ਹਰਿਆਣੇ ਤੋਂ ਵੱਖ ਹੋਏ ਪੰਜਾਬ ਦਾ ਮੁੱਖ ਮੰਤਰੀ ਗਿਆਨੀ ਗੁਰਮੁਖ ਸਿੰਘ ਮੁਸਾਫਰ ਵੀ ਬੋਲਦਾ ਸੁਣ ਲਿਆ ਸੀ ਤੇ ਅਕਾਲੀ ਦਲ ਦਾ ਪ੍ਰਧਾਨ ਸੰਤ ਫਤਿਹ ਸਿੰਘ ਵੀ। ਉਨ੍ਹਾਂ ਦੇ ਭਾਸ਼ਣ ਸਿਰਾਂ ਉਤੋਂ ਲੰਘ ਗਏ ਸਨ। ਸਿਆਸੀ ਸੂਝ ਨਾ ਹੋਣ ਕਾਰਨ ਬਹੁਤਾ ਕੁਝ ਯਾਦ ਨਹੀਂ ਰਹਿ ਸਕਿਆ, ਪਰ ਉਦੋਂ ਬਾਅਦ ਪੰਜਾਹ ਸਾਲਾਂ ਵਿਚ ਜਿੰਨੀਆਂ ਵੀ ਚੋਣਾਂ ਵੇਖਣ ਦਾ ਮੌਕਾ ਮਿਲਿਆ, ਸਿਆਸੀ ਤੋਹਮਤਾਂ ਦੀ ਏਨੀ ਵਾਛੜ ਕਦੀ ਨਹੀਂ ਸੀ ਵੇਖੀ, ਜਿੰਨੀ ਇਸ ਵਾਰੀ ਚੋਣਾਂ ਦੌਰਾਨ ਗੁਜਰਾਤ ਵਿਚ ਵੇਖਣ ਨੂੰ ਮਿਲੀ ਹੈ। ਘੱਟ ਕਿਸ ਨੇ ਕੀਤੀ ਤੇ ਬਹੁਤਾ ਕੌਣ ਵਰ੍ਹਿਆ, ਕਹਿ ਸਕਣਾ ਔਖਾ ਹੈ। ਉਂਜ ਸਿਆਣੇ ਇਹ ਕਹਿੰਦੇ ਸੁਣੇ ਸਨ ਕਿ ਜਿਸ ਦਾ ਜਿੰਨਾ ਰੁਤਬਾ ਉਚਾ ਹੋਵੇ, ਉਸ ਕੋਲੋਂ ਓਨੀ ਵੱਧ ਠਰ੍ਹੰਮੇ ਅਤੇ ਅਕਲ ਨਾਲ ਬੋਲਣ ਦੀ ਆਸ ਹੁੰਦੀ ਹੈ। ਇਸ ਵਾਰੀ ਇਹ



*ਮਣੀ ਸ਼ੰਕਰ ਅਈਅਰ*

ਆਸ ਪ੍ਰਧਾਨ ਮੰਤਰੀ ਮੋਦੀ ਤੋਂ ਸੀ, ਪਰ ਪੂਰੀ ਨਹੀਂ ਹੋਈ।


ਅਸੀਂ ਬਹੁਤ ਸਾਰੇ ਲੋਕਾਂ ਨਾਲ ਇਸ ਪੱਖੋਂ ਸਹਿਮਤ ਹਾਂ ਕਿ ਪ੍ਰਧਾਨ ਮੰਤਰੀ ਨੇ ਕਈ ਮੌਕਿਆਂ ਉਤੇ ਆਪਣੇ ਅਹੁਦੇ ਦਾ ਅਹਿਸਾਸ ਭੁਲਾ ਕੇ ਦੂਸਰਿਆਂ ਉਤੇ ਹਮਲੇ ਕੀਤੇ ਸਨ। ਰਾਹੁਲ ਗਾਂਧੀ ਨੂੰ ਮੁਗਲ-ਵੰਸ਼ ਨਾਲ ਜੋੜ ਦੇਣਾ ਇਸੇ ਦੀ ਇੱਕ ਵੰਨਗੀ ਸੀ। ਦੂਸਰਾ ਮੌਕਾ ਉਹ ਸੀ, ਜਦੋਂ ਉਨ੍ਹਾਂ ਨੇ ਗੁਜਰਾਤ ਚੋਣਾਂ ਵਿਚ ਪਾਕਿਸਤਾਨ ਦਾ ਜ਼ਿਕਰ ਛੋਹ ਦਿੱਤਾ ਅਤੇ ਇੱਕ ਰਾਜ ਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਲਈ ਕਾਂਗਰਸ ਪਾਰਟੀ ਦੇ ਆਗੂਆਂ ਉਤੇ ਗਵਾਂਢੀ ਦੇਸ਼ ਨਾਲ 'ਸਾਜ਼ਿਸ਼ ਵਰਗੀ ਮੀਟਿੰਗ ਕਰਨ' ਦੀ ਦੁਹਾਈ ਪਾ ਦਿੱਤੀ। ਇਹ ਗੱਲ ਪ੍ਰਧਾਨ ਮੰਤਰੀ ਦੇ ਪੱਧਰ ਦੀ ਨਹੀਂ ਲੱਗਦੀ। ਜਿਸ ਮੀਟਿੰਗ ਦੀ ਗੱਲ ਉਨ੍ਹਾਂ ਨੇ ਛੇੜੀ, ਉਸ ਵਿਚ ਗਏ ਲੋਕਾਂ ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਰਹਿ ਚੁੱਕੇ ਮਨਮੋਹਨ ਸਿੰਘ ਵੀ ਸਨ, ਦੇਸ਼ ਦੇ ਸਾਬਕਾ ਉਪ ਰਾਸ਼ਟਰਪਤੀ ਹਾਮਿਦ ਅਨਸਾਰੀ ਵੀ ਤੇ ਭਾਰਤੀ ਫੌਜ ਦਾ ਇੱਕ



ਸਾਬਕਾ ਮੁਖੀ ਵੀ। ਪ੍ਰਧਾਨ ਮੰਤਰੀ ਮੋਦੀ ਨੇ ਜਦੋਂ ਇਹ ਮੁੱਦਾ ਚੁੱਕ ਲਿਆ, ਮੀਟਿੰਗ ਵਿਚ ਗਏ ਸਾਰੇ ਲੋਕ ਸਫਾਈਆਂ ਦੇਣ ਵਿਚ ਉਲਝ ਗਏ। ਨਰਿੰਦਰ ਮੋਦੀ ਨੇ ਇਹ ਵੀ ਗੱਲ ਉਛਾਲ ਦਿੱਤੀ ਕਿ ਰਾਤੀਂ ਮੀਟਿੰਗ ਹੋਈ ਅਤੇ ਅਗਲੇ ਦਿਨ ਕਾਂਗਰਸ ਆਗੂ ਮਣੀ ਸ਼ੰਕਰ ਨੇ ਮੇਰੇ ਬਾਰੇ ਇੱਕ ਬੜੇ ਨੀਵੇਂ ਪੱਧਰ ਦੀ ਟਿੱਪਣੀ ਕਰ ਦਿੱਤੀ। ਕਾਂਗਰਸ ਆਗੂ ਮਣੀ ਸ਼ੰਕਰ ਦੀ ਉਹ ਟਿੱਪਣੀ ਵਾਹਯਾਤ ਸੀ। ਕਾਂਗਰਸ ਪਾਰਟੀ ਨੇ ਉਸ ਨੂੰ ਪਹਿਲਾਂ ਸਿਰਫ ਮੁਆਫੀ ਮੰਗਣ ਨੂੰ ਕਿਹਾ ਤੇ ਜਦੋਂ ਏਨੇ ਨਾਲ ਗੱਲ ਨਾ ਬਣੀ ਤਾਂ ਸਸਪੈਂਡ ਕਰ ਦਿੱਤਾ। ਇਹ ਕੰਮ ਪਹਿਲੇ ਪੜਾਅ ਉਤੇ ਕੀਤਾ ਜਾ ਸਕਦਾ ਸੀ, ਉਂਜ ਏਦਾਂ ਦਾ ਮੂੰਹ-ਫੱਟ ਲੀਡਰ ਬੜਾ ਪਹਿਲਾਂ ਦਾ ਕਾਂਗਰਸ ਵਿਚੋਂ ਕੱਢਿਆ ਜਾਣਾ ਚਾਹੀਦਾ ਸੀ, ਜਿਹੜਾ ਜਦੋਂ ਵੀ ਬੋਲਦਾ ਹੈ, ਕੰਨਾਂ ਤੱਕ ਮੂੰਹ ਪਾੜ ਕੇ ਬੋਲਦਾ ਹੈ। ਪਾਰਟੀ ਵਿਚ ਉਸ ਨੂੰ ਸਿਆਣਾ ਗਿਣਿਆ ਜਾਂਦਾ ਹੈ ਤੇ ਜਿੱਥੇ ਏਦਾਂ ਦੇ 'ਸਿਆਣੇ' ਮੌਜੂਦ ਹਨ, ਉਸ ਪਾਰਟੀ ਨੂੰ ਦੁਸ਼ਮਣਾਂ ਦੀ ਕੀ ਲੋੜ ਹੈ!

ਮੈਂ ਭਾਜਪਾ ਤੇ ਇਸ ਦੇ ਸਿਆਸੀ ਪੈਂਤੜਿਆਂ ਨੂੰ ਸਹੀ ਠਹਿਰਾਉਣ ਵਾਲਿਆਂ ਨਾਲ ਨਹੀਂ, ਪਰ ਇਸ ਮੌਕੇ ਇਹ ਕਹੇ ਬਿਨਾ ਵੀ ਨਹੀਂ ਰਹਿ ਸਕਦਾ ਕਿ ਭਾਜਪਾ ਅਤੇ ਭਾਰਤ ਨੂੰ ਇਸ ਹੱਦ ਤੱਕ ਉਨ੍ਹਾਂ ਕਾਂਗਰਸ ਵਾਲਿਆਂ ਨੇ ਹੀ ਪੁਚਾਇਆ ਹੈ, ਜੋ ਸੈਕੂਲਰ ਫੋਰਸਾਂ ਦੇ ਆਗੂ ਹੋਣ ਦਾ ਦਾਅਵਾ ਕਰਨ ਲੱਗੇ ਰਹਿੰਦੇ ਹਨ। ਕਾਂਗਰਸ ਨੂੰ ਸੈਕੂਲਰ ਫੋਰਸਾਂ ਦੀ ਅਗਵਾਈ ਮੰਨਣ ਵਾਲੇ ਸੱਜਣ ਇਹ ਗੱਲ ਭੁੱਲ ਜਾਂਦੇ ਹਨ ਕਿ ਉਸ ਦੇ ਆਪਣੇ ਛੱਤੀ ਨੁਕਸ ਸਨ, ਜਿਨ੍ਹਾਂ ਕਾਰਨ ਦੇਸ਼ ਅੱਜ ਵਾਲੇ ਮੋੜ ਤੱਕ ਆ ਪਹੁੰਚਿਆ ਹੈ, ਪਰ ਕਾਂਗਰਸੀ ਤੇ ਉਨ੍ਹਾਂ ਦੇ ਹਮਾਇਤੀ ਇਹ ਗੱਲ ਯਾਦ ਨਹੀਂ ਕਰਨਾ ਚਾਹੁੰਦੇ। ਜਦੋਂ ਪਿਛਲ ਝਾਤ ਮਾਰੀਏ ਤਾਂ ਬਹੁਤ ਸਾਰੇ ਮਾਮਲੇ ਇਹੋ ਜਿਹੇ ਸਿਰ ਚੁੱਕ ਲੈਂਦੇ ਹਨ, ਜੋ ਜਵਾਬ ਮੰਗ ਸਕਦੇ ਹਨ।

ਹਾਲੇ ਕੁਝ ਦਿਨ ਹੋਏ, ਇੱਕ ਮੀਡੀਆ ਚੈਨਲ ਦੀ ਬਹਿਸ ਵਿਚ ਕੁਝ ਅਕਾਲੀ ਤੇ ਕੁਝ ਕਾਂਗਰਸੀ ਖਹਿਬੜਦੇ ਵੇਖੇ ਸਨ। ਕਾਂਗਰਸੀ ਸੱਜਣ ਅਕਾਲੀਆਂ ਨੂੰ ਇਹ ਮਿਹਣਾ ਦੇ ਰਿਹਾ ਸੀ ਕਿ ਤੁਸੀਂ ਤਾਂ ਖਾਲਿਸਤਾਨ ਦੀ ਨੀਂਹ ਤਿਆਰ ਕੀਤੀ ਤੇ ਫਿਰ ਸਾਰਾ ਮਾਹੌਲ ਵਿਗਾੜ ਕੇ ਤੁਹਾਡੇ ਆਗੂ ਕੰਨੀ ਕੱਟ ਗਏ ਸਨ। ਮੈਨੂੰ ਉਹ ਦਿਨ ਯਾਦ ਹੈ, ਜਦੋਂ ਪੰਜਾਬ ਵਿਚ ਪਹਿਲੀ ਗੈਰ ਕਾਂਗਰਸੀ ਸਰਕਾਰ ਦੇ ਇੱਕ ਮੰਤਰੀ ਲਛਮਣ ਸਿੰਘ ਗਿੱਲ ਨੂੰ ਅਕਾਲੀ ਦਲ ਤੋਂ ਬਾਗੀ ਕਰਵਾ ਕੇ ਉਸ ਦੀ ਅਗਵਾਈ ਹੇਠ ਸਰਕਾਰ ਬਣਵਾਈ ਗਈ ਤੇ ਡਾ. ਜਗਜੀਤ ਸਿੰਘ ਚੌਹਾਨ ਵਰਗਾ ਬੰਦਾ ਕਾਂਗਰਸ ਦੀ ਮਦਦ ਨਾਲ ਉਸ ਸਰਕਾਰ ਦਾ ਖਜ਼ਾਨਾ ਮੰਤਰੀ ਬਣਿਆ ਸੀ। ਉਦੋਂ ਤੱਕ ਖਾਲਿਸਤਾਨ ਦਾ ਕਿਸੇ ਨੇ ਨਾਂ ਨਹੀਂ ਸੀ ਸੁਣਿਆ। 'ਸਿੱਖ ਹੋਮਲੈਂਡ' ਵਾਲਾ ਨਾਅਰਾ ਪਹਿਲੀ ਵਾਰ ਲੱਗਾ ਸੀ ਤੇ ਇਹ ਲਛਮਣ ਸਿੰਘ ਗਿੱਲ ਦੀ ਅਗਵਾਈ ਵਾਲੀ ਸਰਕਾਰ ਟੁੱਟਣ ਪਿੱਛੋਂ ਉਸੇ ਡਾ. ਜਗਜੀਤ ਸਿੰਘ ਚੌਹਾਨ ਨੇ ਲਾਇਆ ਸੀ। ਕਾਂਗਰਸੀ ਆਗੂ ਉਦੋਂ ਹੱਸਦੇ ਸਨ ਕਿ ਅਕਾਲੀ ਇਸ ਚਾਲ ਵਿਚ ਫਸ ਗਏ ਹਨ, ਪਰ ਹੁਣ ਅਕਾਲੀਆਂ ਨੂੰ ਉਸੇ ਨਾਅਰੇ ਲਈ ਦੋਸ਼ੀ ਠਹਿਰਾਉਂਦੇ ਅਤੇ ਆਪ ਸੈਕੂਲਰ ਬਣਨਾ ਚਾਹੁੰਦੇ



*ਨਟਵਰ ਸਿੰਘ*

ਹਨ। ਇਤਿਹਾਸ ਆਪਣੀ ਬੁੱਕਲ ਦੇ ਕਾਗਜ਼ ਕਦੇ ਫੂਕਦਾ ਨਹੀਂ ਹੁੰਦਾ, ਉਹ ਹਾਲੇ ਵੀ ਕਾਇਮ ਹਨ।

ਇੱਕ ਮਿਸਾਲ ਹੋਰ ਹੈ। ਕਈ ਸਾਲ ਪਹਿਲਾਂ ਇੱਕ ਵਾਰ ਆਜ਼ਾਦੀ ਦਿਨ ਮੌਕੇ ਜਦੋਂ ਅਸੀਂ ਵਿਦੇਸ਼ ਵਿਚ ਸਾਂ, ਭਾਰਤ ਦੇ ਦੂਤਘਰ ਵਿਚ ਉਸ ਦਿਨ ਕੀਤੇ ਜਾ ਰਹੇ ਸਮਾਗਮ ਦਾ ਸੱਦਾ ਕਿਸੇ ਨੇ ਦੇ ਦਿੱਤਾ। ਭਾਰਤ ਵਿਚ ਕਾਂਗਰਸ ਦੀ ਸਰਕਾਰ ਸੀ, ਪਰ ਸਮਾਗਮ ਪਿੱਛੋਂ ਖਾਣਾ ਖਾਂਦੇ ਸਮੇਂ ਉਸ ਦੂਤਘਰ ਦਾ ਸਭ ਤੋਂ ਵੱਡਾ ਅਧਿਕਾਰੀ ਦੇਸ਼ ਦੀ ਕਾਂਗਰਸੀ ਸਰਕਾਰ ਹੁੰਦਿਆਂ ਵੀ ਇੱਕ ਨਾ ਇੱਕ ਦਿਨ ਭਾਜਪਾ ਰਾਜ ਆਉਣ ਦੀ ਗੱਲ ਏਦਾਂ ਕਹੀ ਜਾਂਦਾ ਸੀ, ਜਿਵੇਂ ਭਾਜਪਾ ਆਗੂ ਕਹਿੰਦੇ ਸੁਣਦੇ ਸਨ। ਉਸ ਵੱਡੇ ਅਹਿਲਕਾਰ ਦਾ ਪੁੱਤਰ ਭਾਰਤ ਵਿਚ ਕਾਂਗਰਸ ਪਾਰਟੀ ਦਾ ਆਗੂ ਸੀ। ਫਿਰ ਉਹ ਰਾਜਦੂਤ ਵਾਪਸ ਆ ਕੇ ਖੁਦ ਭਾਜਪਾ ਦਾ ਆਗੂ ਜਾ ਬਣਿਆ ਤੇ ਪੁੱਤਰ ਕਾਂਗਰਸ ਨਾਲ ਜੁੜਿਆ ਰਿਹਾ। ਜਾਣਕਾਰ ਕਹਿੰਦੇ ਸਨ ਕਿ ਇਸ ਦਾ ਪੁੱਤਰ ਵੀ ਕਾਂਗਰਸੀ ਨਹੀਂ, ਕਾਂਗਰਸ ਦੇ ਵਿਚ ਭਾਜਪਾ ਦਾ ਸੈਲ ਹੈ। ਕੁਝ ਚਿਰ ਪਿੱਛੋਂ ਅਸੀਂ ਵੇਖਿਆ ਕਿ ਨਰਿੰਦਰ ਮੋਦੀ ਦੀ ਚੜ੍ਹਤ ਵੇਲੇ ਕਾਂਗਰਸ ਵਿਚੋਂ ਅਜਿਹੇ ਕਈ ਬੰਦੇ ਨਿਬੇੜੇ ਦੀ ਘੜੀ ਛੜੱਪਾ ਮਾਰ ਕੇ ਭਾਜਪਾ ਵਿਚ ਜਾ ਵੜੇ ਸਨ।

ਕੀ ਇਹ ਗੱਲ ਹੁਣ ਨਹੀਂ ਹੋ ਸਕਦੀ? ਅੱਜ ਦੀ ਕਾਂਗਰਸ ਵੀ ਕਿਹੜੀ ਕਿਸੇ ਜਵਾਹਰ ਲਾਲ ਨਹਿਰੂ ਦੀ ਅਗਵਾਈ ਹੇਠ ਚੱਲਦੀ ਹੈ, ਜਿਸ ਵਿਚ ਅਜਿਹੇ ਤੱਤਾਂ ਲਈ ਥਾਂ ਨਹੀਂ ਹੋਵੇਗੀ! ਏਦਾਂ ਲੱਗਦਾ ਹੈ ਕਿ ਕੁਝ ਤੱਤ ਖਾਸ ਮੌਕਾ ਚੁਣਦੇ ਤੇ ਕਾਂਗਰਸ ਲੀਡਰਸ਼ਿਪ ਦਾ ਭੱਠਾ ਬਿਠਾਉਣ ਲਈ ਏਦਾਂ ਦਾ ਪੈਂਤੜਾ ਵਰਤਦੇ ਹਨ ਕਿ ਪਾਰਟੀ ਨੂੰ ਆਪਣੇ ਬਚਾਅ ਵਾਸਤੇ ਦਲੀਲਾਂ ਨਹੀਂ ਲੱਭਦੀਆਂ। ਜਦੋਂ ਡੋਕਲਾਮ ਵਿਚ ਚੀਨ ਨਾਲ ਬੜੀ ਤਣਾਓ ਦੀ ਸਥਿਤੀ ਬਣੀ ਹੋਈ ਸੀ, ਉਦੋਂ ਰਾਹੁਲ ਗਾਂਧੀ ਭਾਰਤ ਵਿਚ ਚੀਨ ਦੇ ਰਾਜਦੂਤ ਨੂੰ ਮਿਲਣ ਚਲਾ ਗਿਆ। ਖਬਰ ਫੈਲ ਗਈ ਤਾਂ ਪਹਿਲਾਂ ਕਾਂਗਰਸ ਨੇ ਇਸ ਦਾ ਖੰਡਨ ਕਰ ਕੇ ਅਤੇ ਬਾਅਦ 'ਚ ਇਸ ਨੂੰ ਇੱਕ ਸਧਾਰਨ ਮਿਲਣੀ ਕਹਿ ਕੇ ਟਾਲਣ ਦੀ ਕੋਸ਼ਿਸ਼ ਕੀਤੀ। ਰਾਹੁਲ ਨੇ ਉਹ ਮੌਕਾ ਚੁਣਿਆ ਕਿਉਂ ਸੀ, ਇਹ ਮਿਲਣੀ ਇੱਕ ਮਹੀਨਾ ਪਹਿਲਾਂ ਜਾਂ ਇੱਕ ਮਹੀਨਾ ਮਗਰੋਂ ਕਿਉਂ ਨਹੀਂ ਸੀ ਹੋ ਸਕਦੀ? ਮਣੀ ਸ਼ੰਕਰ ਅਈਅਰ ਦੀ ਜਿਸ ਮੀਟਿੰਗ ਨੇ ਹੁਣ ਆਖਰੀ ਦਿਨਾਂ ਵਿਚ ਗੁਜਰਾਤ ਚੋਣਾਂ ਦਾ ਰਾਜਸੀ ਦ੍ਰਿਸ਼ ਸਾਜ਼ਿਸ਼ ਵਰਗਾ ਬਣਾਉਣ ਵਾਲਾ ਮੌਕਾ ਪੇਸ਼ ਕੀਤਾ, ਇਹ ਮੀਟਿੰਗ ਗੁਜਰਾਤ ਦੀਆਂ ਚੋਣਾਂ ਦੌਰਾਨ ਕਰਨ ਦੀ ਕੀ ਲੋੜ ਸੀ? ਕਮਾਲ ਦੀ ਗੱਲ ਹੈ ਕਿ ਉਸ ਮੀਟਿੰਗ ਵਿਚ ਜਿਹੜੇ ਲੋਕ ਗਏ, ਉਨ੍ਹਾਂ ਵਿਚ ਨਟਵਰ ਸਿੰਘ ਦਾ ਨਾਂ ਵੀ ਹੈ, ਜੋ ਕਦੀ ਦੇਸ਼ ਦਾ ਵਿਦੇਸ਼ ਮੰਤਰੀ ਹੁੰਦਾ ਸੀ ਤੇ ਇਰਾਕ ਨਾਲ ਅਨਾਜ ਬਦਲੇ ਤੇਲ ਦੇ ਸਕੈਂਡਲ ਵਿਚ ਫਸਣ ਪਿੱਛੋਂ ਅਹੁਦਾ ਛੱਡਣ ਨੂੰ ਮਜਬੂਰ ਹੋਇਆ ਸੀ। ਅਹੁਦਾ ਛੱਡਣ ਤੱਕ ਉਸ ਨੂੰ ਭਾਜਪਾ ਨੇ ਘੇਰੀ ਰੱਖਿਆ ਤੇ ਛੱਡਦੇ ਸਾਰ ਉਹ ਭਾਜਪਾ ਨਾਲ ਸੈਨਤ ਮਿਲਾ ਕੇ ਇੱਕ ਕਿਤਾਬ ਲਿਖਣ ਬੈਠ ਗਿਆ, ਜਿਸ ਵਿਚ ਨਹਿਰੂ-ਗਾਂਧੀ ਖਾਨਦਾਨ ਦੇ ਖਿਲਾਫ ਕਈ ਕੁਝ ਲਿਖ ਦਿੱਤਾ ਸੀ। ਇਸ ਕਿਤਾਬ ਵਿਚ ਸੰਭਲ ਕੇ ਕੁਝ ਲਿਖਣ ਲਈ ਉਸ ਨੂੰ ਮਨਾਉਣ ਵਾਸਤੇ ਸੋਨੀਆ ਗਾਂਧੀ ਤੇ ਰਾਹੁਲ ਦੋਵੇਂ ਮਾਂ-ਪੁੱਤਰ ਉਚੇਚੇ ਉਸ ਕੋਲ ਗਏ ਸਨ, ਪਰ ਉਹ ਮੰਨਿਆ ਨਹੀਂ ਸੀ ਅਤੇ ਨਾ ਮੰਨਣ ਬਦਲੇ ਅਗਲੀ ਵਾਰੀ ਰਾਜਸਥਾਨ ਵਿਧਾਨ ਸਭਾ ਚੋਣਾਂ ਵਿਚ ਉਸ ਦੇ ਪੁੱਤਰ ਜਗਤ ਨੂੰ ਭਾਜਪਾ ਨੇ ਟਿਕਟ ਦੇ ਕੇ ਵਿਧਾਇਕ ਬਣਵਾ ਦਿੱਤਾ ਸੀ। ਉਹ ਕਾਂਗਰਸੀ ਲੀਡਰ ਨਟਵਰ ਸਿੰਘ ਵੀ ਮਣੀ ਸ਼ੰਕਰ ਅਈਅਰ ਨੂੰ ਏਨਾ ਯੋਗ ਵਿਅਕਤੀ ਜਾਪਿਆ ਕਿ ਇਸ ਚਰਚਿਤ ਮੀਟਿੰਗ ਵਿਚ ਸੱਦ ਲਿਆ ਗਿਆ। ਅਜਿਹੇ ਕਈ ਕਿੱਸੇ ਗਿਣਾਏ ਜਾ ਸਕਦੇ ਹਨ, ਜਿਹੜੇ ਸਾਬਤ ਕਰਨਗੇ ਕਿ ਕਾਂਗਰਸ ਪਾਰਟੀ ਦੇ ਵੱਡੇ ਦੁਸ਼ਮਣ ਤਾਂ ਖੁਦ ਕਾਂਗਰਸੀ ਹਨ।

ਜਿਹੜਾ ਰੰਗ ਗੁਜਰਾਤ ਦੀਆਂ ਚੋਣਾਂ ਦੌਰਾਨ ਵੇਖਿਆ ਗਿਆ ਹੈ, ਇਹ ਸੁਲੱਖਣਾ ਨਹੀਂ ਸੀ। ਫਿਰ ਵੀ ਇਹ ਰੰਗ ਨਾ ਪਹਿਲੀ ਵਾਰ ਵੇਖਣ ਨੂੰ ਮਿਲਿਆ ਹੈ ਤੇ ਨਾ ਇਹ ਆਖਰੀ ਵਾਰੀ ਹੋਣਾ ਹੈ। ਆਮ ਗੱਲ ਸੁਣੀ ਜਾਂਦੀ ਰਹੀ ਕਿ ਗੁਜਰਾਤ ਦੇ ਲੋਕਾਂ ਨੇ ਫਿਰਕੂ ਤੇ ਸੈਕੂਲਰ ਧਿਰਾਂ ਵਿਚੋਂ ਕਿਸੇ ਇੱਕ ਨੂੰ ਚੁਣਨਾ ਹੈ, ਪਰ ਸੈਕੂਲਰ ਧਿਰਾਂ ਦੀ ਅਗਵਾਈ ਦੇ ਦਾਅਵੇ ਕਰ ਰਹੀ ਕਾਂਗਰਸ ਪਹਿਲਾਂ ਇੱਕ-ਸਾਰ ਸੈਕੂਲਰ ਬਣ ਕੇ ਤਾਂ ਵਿਖਾਵੇ। ਉਸ ਕਾਂਗਰਸ ਦਾ ਤਾਂ ਸਿਰਫ ਨਾਂ ਹੈ, ਜੋ ਕਦੇ ਸੈਕੂਲਰ ਵੀ ਹੁੰਦੀ ਸੀ ਤੇ ਕਿਸੇ ਪੈਂਤੜੇ ਵਾਲੀ ਵੀ; ਹੁਣ ਵਾਲੀ ਕਾਂਗਰਸ ਤਾਂ ਹੈ ਹੀ ਹੋਰ ਤਰ੍ਹਾਂ ਦੀ, ਜਿਸ ਦੇ ਲੀਡਰਾਂ ਦਾ ਭਰੋਸਾ ਕਰਨ ਵਾਸਤੇ ਨਾਲ ਤੁਰੇ ਜਾਂਦੇ ਲੋਕਾਂ ਨੂੰ ਵੀ ਸੌ ਵਾਰ ਸੋਚਣਾ ਪੈਂਦਾ ਹੈ। ਪੰਜਾਬੀ ਦਾ ਅਖਾਣ ਹੈ, 'ਬੇਵਕੂਫ ਦੀ ਬਰਾਤੇ ਜਾਣ ਨਾਲੋਂ ਅਕਲਮੰਦ ਦੀ ਅਰਥੀ ਨਾਲ ਜਾਣਾ ਬਿਹਤਰ ਹੁੰਦਾ ਹੈ।' ਇਸ ਅਖਾਣ ਵਿਚ ਦਮ ਹੈ। ਕਾਂਗਰਸ ਪਾਰਟੀ ਇਸ ਵਕਤ 'ਬੇਵਕੂਫਾਂ ਦੀ ਬਰਾਤ' ਵਾਲੇ ਹਾਲਾਤ 'ਚ ਫਸੀ ਦਿਖਾਈ ਦਿੰਦੀ ਹੈ।

ਭਾਰਤ ਦੇਸ਼ ਅੱਜ ਜਿਹੜੀ ਜਿੱਲ੍ਹਣ ਵਿਚ ਫਸਿਆ ਪਿਆ ਹੈ, ਸਭ ਤੋਂ ਵੱਡੀ ਸੈਕੂਲਰ ਧਿਰ ਹੋਣ ਦੇ ਦਾਅਵੇ ਕਰਨ ਵਾਲੀ ਪਾਰਟੀ ਨੇ ਹੀ ਇਸ ਨੂੰ ਫਸਾਇਆ ਹੈ। ਇਹ ਹੁਣ ਵੀ ਬੁੱਕਲ ਵਿਚ ਨਹੀਂ ਝਾਕਦੀ। ਜਦੋਂ ਇਹ ਬੁੱਕਲ ਵਿਚ ਝਾਤੀ ਮਾਰਨ ਦੀ ਹਿੰਮਤ ਕਰੇਗੀ, ਫਿਰ ਇਸ ਨੂੰ ਕਈ ਭਬੀਖਣ ਆਪਣੇ ਵਿਹੜੇ ਵਿਚ ਨਜ਼ਰ ਆ ਜਾਣਗੇ। ਉਂਜ ਇਹ ਗੱਲ ਸਾਰਿਆਂ ਨੂੰ ਪਤਾ ਹੈ ਕਿ ਇਹ ਪਾਰਟੀ ਆਪਣੇ ਅੰਦਰਲੇ ਮਣੀ ਸ਼ੰਕਰਾਂ ਨੂੰ ਕੰਟਰੋਲ ਕਰਨ ਜੋਗੀ ਰਹੀ ਹੀ ਨਹੀਂ।

RJ Cargo Inc.

ਡਰਾਈਵਰ, ਓਨਰ ਆਪਰੇਟਰ ਅਤੇ ਟੀਮ ਡਰਾਈਵਰ ਚਾਹੀਦੇ ਹਨ

IN, OH, KY To NJ, NY, PA
Pays .44 Cents/Mile
IN, OH, KY To CA, AZ, TX, CO, KS, MO, AR, FL, GA
And Back Pays .42 Cents/Mile



ਟਰੱਕ ਚਲਾਉਣ ਦਾ ਘੱਟ ਤੋਂ ਘੱਟ ਡੇਢ ਸਾਲ ਦਾ ਤਜਰਬਾ ਹੋਵੇ

ਇੰਡੀਆਨਾ ਤੋਂ ਲੋਡ ਚੁੱਕ ਕੇ ਇੰਡੀਆਨਾ, ਮਿਸ਼ੀਗਨ, ਕੈਨਟੱਕੀ ਤੇ ਓਹਾਇਓ ਛੱਡ ਕੇ ਆਉਣ ਤੇ ਵਾਪਸ ਚੁੱਕ ਕੇ ਲਿਆਉਣ ਲਈ ਡਰਾਈਵਰ ਚਾਹੀਦੇ ਹਨ। .50 ਸੈਂਟ ਪ੍ਰਤੀ ਮੀਲ
ਅਸੀਂ ਹਰ ਸ਼ੁੱਕਰਵਾਰ ਅਦਾਇਗੀ ਕਰਦੇ ਹਾਂ ਅਤੇ ਸਾਲ ਦੇ ਅਖੀਰ ਵਿਚ 1099 ਦਿੰਦੇ ਹਾਂ। ਕੋਈ ਪੈਸਾ ਰੋਕ ਕੇ ਨਹੀਂ ਰੱਖਦੇ

ਸੰਪਰਕ ਕਰੋ: ਸੁਰਜੀਤ ਸਿੰਘ
ਫੋਨ: 317-702-2803 ਜਾਂ 317-215-4536
49-52

ਪ੍ਰਤੀਕਰਮ

# ਮਾਤਾ ਸਾਹਿਬ ਦੇਵਾਂ

'ਪੰਜਾਬ ਟਾਈਮਜ਼' ਦੇ 16 ਦਸੰਬਰ ਦੇ ਅੰਕ ਵਿਚ ਡਾ. ਬਲਕਾਰ ਸਿੰਘ ਦਾ ਮਾਤਾ ਸਾਹਿਬ ਦੇਵਾਂ ਬਾਰੇ ਲਿਖਿਆ ਲੇਖ ਪੜ੍ਹਿਆ। ਉਨ੍ਹਾਂ ਨੇ ਮਾਤਾ ਲਿਖਣ ਦੀ ਥਾਂ ਸਿਰਲੇਖ ਮਾਤ-ਮੂਰਤ ਕਿਉਂ ਲਿਖਿਆ, ਪਤਾ ਨਹੀਂ, ਕਿਉਂਕਿ ਮਾਤ-ਮੂਰਤ ਮਾਇਨੇ ਮਾਂ ਵਰਗੀ, ਜੋ ਮਾਂ ਨਹੀਂ, ਮਾਂ ਸਮਾਨ ਹੈ। ਸੁਖਬੀਰ ਸਿੰਘ ਬਾਦਲ ਨੇ ਸਟੇਜ ਤੋਂ ਵੱਡੇ ਬਾਦਲ ਨੂੰ 'ਪਿਤਾ ਸਮਾਨ' ਕਹਿ ਦਿੱਤਾ ਸੀ ਜਿਸ ਸਦਕਾ ਸਿੱਖ ਜਗਤ 'ਚ ਉਸ ਦੀ ਪੂਰੀ ਖਿੱਲੀ ਉਡੀ।

ਦੂਜੀ ਅਹਿਮ ਗੱਲ, ਲੇਖਕ ਹਵਾਲਾ ਨਹੀਂ ਦਿੰਦਾ ਕਿ ਮਾਤਾ ਸਾਹਿਬ ਦੇਵਾਂ ਨੇ ਅੰਮ੍ਰਿਤ ਛਕਿਆ ਸੀ, ਕਿਸ ਗ੍ਰੰਥ ਵਿਚੋਂ ਲਿਆ ਹੈ ਕਿਉਂਕਿ ਹਵਾਲਾ ਹੈ ਨਹੀਂ। ਮਾਤਾ ਗੁਜਰੀ ਜੀ, ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਦੇਵਾਂ ਨਾਲ 'ਕੌਰ' ਅਤੇ ਭਾਈ ਨੰਦ ਲਾਲ ਨਾਲ 'ਸਿੰਘ' ਲਫਜ਼ ਜੋੜਨੇ ਮਨਮਤ ਹੈ। ਅਧਪੜ੍ਹ ਪ੍ਰਚਾਰਕ ਤਾਂ ਮਨਆਈ ਕਰਨ, ਪਰ ਡਾ. ਬਲਕਾਰ ਸਿੰਘ ਇੰਜ ਕਿਉਂ ਕਰ ਰਹੇ ਹਨ?

ਡਾਕਟਰ ਸਾਹਿਬ ਲਿਖਦੇ ਹਨ, ਭਾਈਚਾਰੇ ਸਮੇਤ ਮਾਤਾ ਸਾਹਿਬ ਦੇਵਾਂ ਦੇ ਅਨੰਦਪੁਰ ਪਹੁੰਚਣ ਤੋਂ ਪਹਿਲਾਂ ਉਥੇ ਅੰਮ੍ਰਿਤ ਦੀ ਰੀਤ ਚੱਲ ਚੁਕੀ ਸੀ। ਫਿਰ ਮਾਤਾ ਜੀ ਨੂੰ ਖਾਲਸਾ ਪੰਥ ਦੀ ਮਾਂ ਹੋਣ ਦਾ ਰੁਤਬਾ ਕਿਵੇਂ ਮਿਲ ਗਿਆ? ਭਾਈ ਸਰੂਪ ਸਿੰਘ ਕੌਸ਼ਿਸ਼ ਦਾ ਹਵਾਲਾ ਦੇਣਾ ਮੁਨਾਸਿਬ ਸਮਝਦੇ ਹਾਂ, ਸਾਖੀ ਖਾਂਡੇ ਕੀ ਪਾਹੁਲ ਦੇਨੇ ਕੀ ਚਾਲੀ॥

"ਗੁਰੂ ਜੀ ਨੇ...ਪ੍ਰਿਥਮੇ ਸ੍ਰੀ ਜਪੁ ਜੀ ਕਾ ਪਾਠ ਕੀਆ॥ ਮਾਤਾ ਸਾਹਿਬ (ਦੇਵਾਂ) ਨੇ ਭਾਈ ਕ੍ਰਿਪਾ ਰਾਮ ਸੇ ਪੂਛਾ ਕਿ ਗੁਰੂ ਜੀ ਕਿਆ ਕਰ ਰਹੇ ਹੈਂ...ਪ੍ਰਿਥਮੇ ਇਸੇ ਸਤਿਗੁਰਾਂ ਕੋ ਸੀਸ ਨਿਵਾਇ ਝੋਲੀ ਮੇਂ ਸੇ ਪਤਾਸੇ ਬਾਟੇ ਬੀਚ ਪਾਏ ਦੀਏ...॥" ਭਾਈ ਸਰੂਪ ਸਿੰਘ ਕੌਸ਼ਿਸ਼, ਗੁਰੂ ਕੀਆਂ ਸਾਖੀਆਂ, (ਸੰ.) ਗਿ. ਗਰਜਾ ਸਿੰਘ, ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1995 (ਪੰਨਾ 122, ਸਾਖੀ 59)। ਅਸੀਂ ਕੇਵਲ ਪ੍ਰਸੰਗ ਲਈ ਲੋੜੀਂਦੇ ਸ਼ਬਦ ਵਰਤੇ ਹਨ। ਇਸ ਸਾਖੀ ਰਾਹੀਂ ਸਿੱਖ ਚੇਤਨਾ ਜਾਣਦੀ ਹੈ ਕਿ ਪੰਥ ਵਿਚਲੀ ਮਿਠਾਸ ਪਤਾਸਿਆਂ ਸਦਕਾ ਸਦੈਵ ਕਾਇਮ ਰਹੀ ਅਤੇ ਰਹੇਗੀ।

ਲੇਖਕ ਦਾ ਪਹਿਲਾ ਹੀ ਵਾਕ ਇਤਰਾਜ਼ਯੋਗ ਹੈ, "ਮਾਤਾ ਸਾਹਿਬ ਕੌਰ ਨੂੰ ਪੰਥਕ ਲੋੜ ਮੁਤਾਬਕ ਵਰਤਣ ਵਿਚ ਕੋਈ ਕਸਰ ਨਹੀਂ ਰਹੀ ਪਰ ਮਾਤਾ ਜੀ ਨੂੰ ਸਿੱਖ ਸੁਰ ਵਿਚ ਉਸਾਰਨ ਦੀ ਕੋਸ਼ਿਸ਼ ਅਜੇ ਹੋਣੀ ਹੈ।" ਪੰਥ ਨੇ ਮਾਤਾ ਸਾਹਿਬ ਦੇਵਾਂ ਨੂੰ ਕਦੋਂ ਸਤਿਕਾਰ ਨਹੀਂ ਦਿੱਤਾ? ਪੰਥ ਨੇ ਉਨ੍ਹਾਂ ਨੂੰ ਹਮੇਸ਼ਾ ਉਹੀ ਉਚਾ ਮਰਾਤਬਾ ਦਿੱਤਾ ਜਿਸ ਦੇ ਉਹ ਸਦੈਵ ਹੱਕਦਾਰ ਹਨ।

ਈਸਾਈ ਮਤ ਦਾ ਸਰੋਤ ਕੁਆਰੀ ਮਾਂ ਮਰੀਅਮ ਹੈ ਜਿਨ੍ਹਾਂ ਨੂੰ ਉਹ 'ਮੇਰੀ ਵਰਜਿਨ' ਆਖ ਕੇ ਸਿਰ ਝੁਕਾਉਂਦੇ ਹਨ। ਮੇਰੀ ਵਰਜਿਨ ਦਾ ਉਲੱਥਾ ਪੰਜਾਬੀ ਵਿਚ ਕਰੀਏ ਤਾਂ ਇਹ ਕੁਆਰਾ ਡੋਲਾ ਹੈ। ਇਹੋ ਸਤਿਕਾਰਯੋਗ ਲਫਜ਼ ਕੁਆਰਾ ਡੋਲਾ ਮਾਤਾ ਸਾਹਿਬ ਦੇਵਾਂ ਵਾਸਤੇ ਖਾਲਸਾ ਪੰਥ ਨੇ ਰਾਖਵਾਂ ਰੱਖਿਆ ਹੋਇਆ ਹੈ। ਖਾਲਸਾ ਪੰਥ ਸੰਨ 1699 ਵਿਚ ਪ੍ਰਕਾਸ਼ਿਤ ਹੋਣ ਦੇ ਦਿਨ ਤੋਂ ਲੈ ਕੇ ਅੱਜ ਤੱਕ ਹਰੇਕ ਅੰਮ੍ਰਿਤ ਅਭਿਲਾਖੀ ਨੂੰ ਕਿਹਾ ਜਾਂਦਾ ਹੈ, "ਅੱਜ ਤੋਂ ਬਾਅਦ ਤੁਹਾਡਾ ਪਿਛਲਾ ਕਰਮ, ਧਰਮ ਅਤੇ ਜਨਮ ਖਤਮ ਹੋਇਆ। ਅੱਜ ਤੁਹਾਡਾ ਨਵਾਂ ਜਨਮ ਹੋਇਆ ਹੈ। ਅੱਜ ਤੋਂ ਬਾਅਦ ਤੁਹਾਡੇ ਪਿਤਾ ਗੁਰੂ ਗੋਬਿੰਦ ਸਿੰਘ ਤੇ ਮਾਤਾ ਸਾਹਿਬ ਦੇਵਾਂ ਹੋਣਗੇ, ਵਾਸੀ ਤੁਸੀਂ ਅਨੰਦਪੁਰ ਦੇ ਹੋਵੋਗੇ।" ਕਿਸੇ ਕਲਾਸਿਕ ਗੁਰਮਤਿ ਗ੍ਰੰਥ ਵਿਚ ਮਾਤਾ ਜੀ ਲਈ ਬੇਅਦਬੀਪੂਰਨ ਇਕ ਵਾਕ ਨਹੀਂ ਮਿਲਦਾ।

ਲੇਖਕ ਨੇ ਕਈ ਵਾਰ ਇਕ ਲਫਜ਼ ਦਿੱਬਤਾ-ਦਿੱਬ ਗਲਤ ਵਰਤਿਆ ਹੈ। ਮੂਲ ਸੰਸਕ੍ਰਿਤ ਦਿਵਯ ਨੂੰ ਪੰਜਾਬੀ ਵਿਚ ਦਿੱਬ ਜਾਂ ਦੈਵੀ ਤਾਂ ਲਿਖਿਆ ਜਾਂਦਾ ਹੈ, ਦਿੱਭ ਬਿਲਕੁਲ ਨਹੀਂ। ਦਿਵਯ ਮਾਇਨੇ ਆਕਾਸ਼, ਰੌਸ਼ਨੀ ਹੈ; ਇਸੇ ਤੋਂ ਦੇਵਤਾ ਬਣਿਆ-ਦੇਵਤਾ ਮਾਇਨੇ ਅਸਮਾਨ ਦਾ ਵਸਨੀਕ। ਅਨਜਾਣ ਲੋਕ ਦੇਵ ਸ਼ਬਦ ਨੂੰ ਹਿੰਦੂ ਉਪਾਧੀ ਜਾਣ ਕੇ ਗੁਰੂ ਸਾਹਿਬਾਨ ਦੇ ਨਾਂਵਾਂ ਨਾਲ ਦੇਵ ਦੀ ਥਾਂ ਸਾਹਿਬ ਲਿਖਦੇ ਹਨ, ਗੁਰੂ ਨਾਨਕ ਦੇਵ ਨਹੀਂ, ਗੁਰੂ ਨਾਨਕ ਸਾਹਿਬ, ਜਿਵੇਂ ਹਰਿੰਦਰ ਸਿੰਘ ਮਹਿਬੂਬ। ਇਸੇ ਸੰਕੀਰਣ ਮਾਨਸਿਕਤਾ ਦੇ ਪਿਛੋਕੜ ਵਿਚ ਕੁਝ ਲੋਕ ਮਾਤਾ ਜੀ ਦੇ ਨਾਮ ਨਾਲ ਦੇਵਾਂ ਨਹੀਂ ਲਾਉਂਦੇ, ਅਗਿਆਨਵੱਸ 'ਕੌਰ' ਪਿਛੇਤਰ ਲਿਖਦੇ ਹਨ।

ਗੁਰ ਜੈਸਾ ਨਾਹੀ ਕੋ ਦੇਵ॥
ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ॥
*(ਭੈਰਉ ਮਹਲਾ 5, ਪੰਨਾ 1142)*

-ਡਾ. ਹਰਪਾਲ ਸਿੰਘ ਪੰਨੂ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪੰਜਾਬ ਟਾਈਮਜ਼

ਸਨਿਚਰਵਾਰ, 23 ਦਸੰਬਰ 2017

# ਚੋਣਾਂ, ਲੋਕ ਅਤੇ ਸਿਆਸਤ

ਇਹ ਹਫਤਾ ਚੋਣਾਂ ਦੇ ਨਤੀਜਿਆਂ ਨੂੰ ਸਮਰਪਿਤ ਰਿਹਾ। ਪੰਜਾਬ ਵਿਚ ਹੁਣੇ ਹੁਣੇ ਮਿਉਂਸਪਲ ਚੋਣਾਂ ਹੋ ਕੇ ਹਟੀਆਂ ਹਨ ਅਤੇ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਨੇ ਤਾਂ ਸੰਸਾਰ ਭਰ ਦਾ ਧਿਆਨ ਖਿੱਚਿਆ ਹੋਇਆ ਸੀ। ਪੰਜਾਬ ਦੀਆਂ ਮਿਉਂਸਪਲ ਅਤੇ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦਾ ਤਕਰੀਬਨ ਸਭ ਨੂੰ ਇਲਮ ਹੀ ਸੀ, ਪਰ ਗੁਜਰਾਤ ਵਿਚ ਜਿੰਨਾ ਜ਼ੋਰ ਸਿਆਸੀ ਧਿਰਾਂ ਦਾ ਲੱਗਾ ਹੋਇਆ ਸੀ, ਉਸ ਨਾਲ ਮੁਕਾਬਲਾ ਬਹੁਤ ਦਿਲਚਸਪ ਬਣ ਗਿਆ। ਕੁਝ ਮਹੀਨੇ ਪਹਿਲਾਂ ਤੱਕ ਜਿਥੇ ਗੁਜਰਾਤ ਵਿਚ ਕਾਂਗਰਸ ਨੂੰ ਕੰਬਣੀ ਛਿੜੀ ਹੋਈ ਸੀ, ਉਹ ਭਾਜਪਾ ਨੂੰ ਬਰਾਬਰ ਦੀ ਟੱਕਰ ਦੇਣ ਦੇ ਸਮਰੱਥ ਹੋ ਗਈ। ਅਸਲ ਵਿਚ ਗੁਜਰਾਤ ਵਿਚ ਕਾਂਗਰਸ ਨੇ ਕੁਝ ਧਿਰਾਂ ਨੂੰ ਜਿਸ ਤਰ੍ਹਾਂ ਆਪਣੇ ਨਾਲ ਜੋੜਿਆ, ਉਸ ਤੋਂ ਚੋਣ ਪਿੜ ਦੀ ਸਫਬੰਦੀ ਇਕਦਮ ਬਦਲ ਗਈ। ਜਿਥੋਂ ਤੱਕ ਪੰਜਾਬ ਦੀਆਂ ਮਿਉਂਸਪਲ ਚੋਣਾਂ ਦਾ ਸਬੰਧ ਹੈ, ਸੱਤਾਧਾਰੀ ਧਿਰ ਨੇ ਇਹ ਚੋਣਾਂ ਜਿੱਤਣ ਲਈ ਹਰ ਹਰਬਾ ਵਰਤਿਆ। ਹੁਣ ਤੱਕ ਦਾ ਰਿਕਾਰਡ ਰਿਹਾ ਹੈ ਕਿ ਅਜਿਹੀਆਂ ਸਥਾਨਕ ਚੋਣਾਂ ਵਿਚ ਸੱਤਾਧਾਰੀ ਧਿਰ ਹੀ ਜਿੱਤਦੀ ਆਈ ਹੈ। ਦਾਅਵੇ ਭਾਵੇਂ ਇਹੀ ਕੀਤੇ ਜਾਂਦੇ ਹਨ ਕਿ ਚੋਣਾਂ ਨਿਰਪੱਖ ਅਤੇ ਭੈਅ ਮੁਕਤ ਕਰਵਾਈਆਂ ਗਈਆਂ, ਪਰ ਇਸ ਬਾਰੇ ਜਿਹੜਾ ਸੱਚ ਸਾਹਮਣੇ ਆਉਂਦਾ ਹੈ, ਉਸ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ। ਸ਼੍ਰੋਮਣੀ ਅਕਾਲੀ ਦਲ ਦੀ ਸੱਤਾ ਦੌਰਾਨ ਵੀ ਇਨ੍ਹਾਂ ਚੋਣਾਂ ਵੇਲੇ ਵਧੀਕੀਆਂ ਹੋਈਆਂ ਸਨ ਅਤੇ ਹੁਣ ਵੀ ਰੱਜ ਕੇ ਹੋਈਆਂ ਹਨ। ਉਂਜ ਸਾਨ੍ਹਾਂ ਦੇ ਇਸ ਭੇੜ ਵਿਚ ਵਿਚਾਰਨ ਵਾਲਾ ਮੁੱਦਾ ਤੀਜੀ ਧਿਰ ਦੀ ਹੋਂਦ ਦਾ ਹੈ। 2014 ਵਿਚ ਲੋਕ ਸਭਾ ਅਤੇ ਫਿਰ ਇਸੇ ਸਾਲ ਦੇ ਸ਼ੁਰੂ ਵਿਚ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੀ ਬੜੀ ਭਰਵੀਂ ਹਾਜ਼ਰੀ ਲੱਗੀ ਸੀ, ਪਰ ਹੁਣ ਇਸ ਪਾਰਟੀ ਦੀ ਹੋਂਦ ਉਤੇ ਹੀ ਸਵਾਲ ਖੜ੍ਹੇ ਹੋ ਗਏ ਹਨ। ਹੁਣ 400 ਤੋਂ ਉਪਰ ਵਾਰਡਾਂ ਵਿਚ ਚੋਣ ਹੋਈ ਹੈ, ਪਰ ਇਹ ਪਾਰਟੀ ਸਿਰਫ ਇਕ ਵਾਰਡ ਵਿਚ ਹੀ ਜਿੱਤ ਦਰਜ ਕਰ ਸਕੀ ਹੈ।

ਦਰਅਸਲ, ਅੰਦਰੂਨੀ ਕਲੇਸ਼ ਨੇ ਇਸ ਪਾਰਟੀ ਦਾ ਖਹਿੜਾ ਨਹੀਂ ਛੱਡਿਆ। ਕੇਂਦਰੀ ਲਡਿਰਸ਼ਿਪ ਨੇ ਵੀ ਪਹਿਲਾਂ ਆਪਣੇ ਹਿਸਾਬ ਨਾਲ ਪਾਰਟੀ ਚਲਾਉਣ ਦੀ ਕੋਸ਼ਿਸ਼ ਕੀਤੀ ਜੋ ਅਸਫਲ ਹੀ ਸਾਬਤ ਹੋਈ। ਦੂਜਾ, ਪਾਰਟੀ ਦੇ ਜਥੇਬੰਦਕ ਢਾਂਚੇ ਵੱਲ ਉਕਾ ਹੀ ਧਿਆਨ ਨਹੀਂ ਕੀਤਾ ਗਿਆ। ਇਸ ਇਕ ਨੁਕਤੇ ਕਾਰਨ ਹੀ ਹੁਣ ਵਾਲਾ ਨਤੀਜਾ ਸਾਹਮਣੇ ਆਇਆ ਹੈ। ਪਾਰਟੀ ਦੀ ਇਸ ਨਮੋਸ਼ੀ ਭਰੀ ਹਾਰ ਤੋਂ ਬਾਅਦ ਹੁਣ ਕੇਂਦਰੀ ਲੀਡਰਸ਼ਿਪ ਨੇ ਪਾਰਟੀ ਦੇ ਸੀਨੀਆਰ ਆਗੂ ਅਤੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਪੰਜਾਬ ਦਾ ਇੰਚਾਰਜ ਲਾਇਆ ਹੈ। ਮਨੀਸ਼ ਸਿਸੋਦੀਆਂ ਦੇ ਆਪਣੇ ਬਥੇਰੇ ਰੁਝੇਵੇਂ ਹਨ, ਉਹ ਪੰਜਾਬ ਇਕਾਈ ਅਤੇ ਆਗੂਆਂ ਨੂੰ ਕਿਸ ਤਰ੍ਹਾਂ ਲੀਹ ਉਤੇ ਲਿਆਉਣਗੇ, ਇਹ ਵੀ ਸੋਚਣ-ਵਿਚਾਰਨ ਵਾਲਾ ਮਸਲਾ ਹੈ। ਇਹ ਉਹੀ ਪਾਰਟੀ ਹੈ ਜਿਸ ਨੇ ਦਿੱਲੀ ਵਿਚ ਭਾਜਪਾ ਨੂੰ ਭਾਜੜਾਂ ਪੁਆ ਦਿੱਤੀਆਂ ਸਨ। ਦਿੱਲੀ ਵਿਚ ਭਾਜਪਾ ਵੱਲੋਂ ਲੋਕ ਸਭ ਦੀਆਂ ਸੱਤ ਦੀਆਂ ਸੱਤ ਸੀਟਾਂ ਜਿੱਤਣ ਦੇ ਬਾਵਜੂਦ ਇਸ ਪਾਰਟੀ ਨੇ ਦਿੱਲੀ ਵਿਧਾਨ ਸਭਾ ਦੀਆਂ 70 ਵਿਚੋਂ 67 ਸੀਟਾਂ ਉਤੇ ਜਿੱਤ ਹਾਸਲ ਕਰ ਕੇ ਮਿਸਾਲ ਕਾਇਮ ਕਰ ਦਿੱਤੀ ਸੀ। ਇਸ ਤੋਂ ਬਾਅਦ ਗੋਆ ਅੰਦਰ ਪਾਰਟੀ ਦੀ ਪੈਂਠ ਤੋਂ ਲੱਗਦਾ ਸੀ ਕਿ ਉਥੇ ਪਾਸੇ ਪਲਟ ਸਕਦੇ ਹਨ, ਪਰ ਅਜਿਹਾ ਸੰਭਵ ਨਹੀਂ ਹੋ ਸਕਿਆ। ਫਿਰ ਇਸ ਦਾ ਵੱਡਾ ਦਾਈਆ ਪੰਜਾਬ ਬਾਰੇ ਸੀ, ਪਰ ਪੰਜਾਬ ਵਿਚ ਵੀ ਪਾਰਟੀ ਸਰਕਾਰ ਬਣਾਉਂਦੀ ਬਣਾਉਂਦੀ ਮੁੱਖ ਵਿਰੋਧੀ ਧਿਰ ਹੀ ਬਣ ਸਕੀ। ਹੁਣ ਗੁਜਰਾਤ ਦੇ ਨਤੀਜਿਆਂ ਨੇ ਸਾਰਿਆਂ ਨੂੰ ਇਹ ਸੋਚਣ ਲਾ ਦਿੱਤਾ ਹੈ ਕਿ ਇਸ ਪਾਰਟੀ ਦਾ ਦਮ ਹੁਣ ਟੁੱਟ ਰਿਹਾ ਹੈ। ਗੁਜਰਾਤ 'ਚ ਅਸਲ ਵਿਚ, ਤੀਜੀ ਧਿਰ ਲਈ ਗੁੰਜਾਇਸ਼ ਹੀ ਨਹੀਂ ਬਚੀ ਸੀ, ਕਿਉਂਕਿ ਉਥੇ ਸਮੁੱਚੀ ਸਿਆਸੀ ਲਾਮਬੰਦੀ ਭਾਜਪਾ ਅਤੇ ਕਾਂਗਰਸ ਦੁਆਲੇ ਕੇਂਦਰਤ ਹੋ ਗਈ ਸੀ। ਇਸ ਲਾਮਬੰਦੀ ਕਰ ਕੇ ਹੀ ਭਾਜਪਾ ਦੇ ਗੁਜਰਾਤ ਮਾਡਲ ਦੇ ਦਾਅਵਿਆਂ ਦੀ ਪੋਲ ਖੁੱਲ੍ਹ ਗਈ ਹੈ।

ਇਕ ਗੱਲ ਇਹ ਵੀ ਹੈ ਕਿ ਚੋਣਾਂ ਜਿੱਤਣ ਲਈ ਭਾਜਪਾ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਜਾਪਿਆ ਕਿ ਦੂਜੇ ਗੇੜ ਦੌਰਾਨ ਉਨ੍ਹਾਂ ਦੀ ਪਾਰਟੀ ਪਛੜ ਰਹੀ ਹੈ ਤਾਂ ਉਹ ਅਤਿ ਪ੍ਰਚਾਰੇ ਜਾਂਦੇ ਵਿਕਾਸ ਦੇ ਮੁੱਦੇ ਨੂੰ ਛੱਡ ਕੇ ਧਰੁਵੀਕਰਨ ਦੀ ਨੀਤੀ ਉਤੇ ਆ ਗਏ। ਉਤਰ ਪ੍ਰਦੇਸ਼ ਦੀਆਂ ਮਿਉਂਸਪਲ ਚੋਣਾਂ ਦੌਰਾਨ ਪਾਰਟੀ ਨੇ ਇਹ ਨੀਤੀ ਕਾਰਗਰ ਢੰਗ ਨਾਲ ਇਸਤੇਮਾਲ ਕੀਤੀ ਸੀ, ਇਸ ਲਈ ਗੁਜਰਾਤ ਵਿਚ ਵੀ ਇਸੇ ਨੂੰ ਅਜ਼ਮਾਇਆ ਗਿਆ ਅਤੇ ਪ੍ਰਧਾਨ ਮੰਤਰੀ ਨੇ ਹਰ ਸੁਹਜ-ਸਲੀਕਾ ਦਰਕਿਨਾਰ ਕਰ ਕੇ ਵਿਰੋਧੀ ਧਿਰ ਨੂੰ ਪਾਕਿਸਤਾਨ ਨਾਲ ਨੱਥੀ ਕਰ ਦਿੱਤਾ। ਇਹ ਗੱਲ ਵੱਖਰੀ ਹੈ ਕਿ ਪ੍ਰਧਾਨ ਮੰਤਰੀ ਦੇ ਇਸ ਬਿਆਨ ਦੀ ਹਰ ਪਾਸਿਓਂ ਤਿੱਖੀ ਨੁਕਤਾਚੀਨੀ ਹੋਈ ਅਤੇ ਉਨ੍ਹਾਂ ਉਤੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਵੱਕਾਰ ਨੂੰ ਮਿੱਟੀ ਵਿਚ ਰੋਲਣ ਦੇ ਦੋਸ਼ ਵੀ ਲੱਗੇ, ਪਰ ਭਾਜਪਾ ਅਤੇ ਪ੍ਰਧਾਨ ਮੰਤਰੀ ਨੇ ਬੇਹੱਦ ਢੀਠਤਾਈ ਨਾਲ ਆਪਣਾ ਇਹ ਪ੍ਰਚਾਰ ਜਿਉਂ ਦਾ ਤਿਉਂ ਕਾਇਮ ਰੱਖਿਆ। ਇਸ ਸਮੁੱਚੇ ਵਰਤਾਰੇ ਨੂੰ ਘੋਖਦਿਆਂ ਇਹ ਸਵਾਲ ਖੜ੍ਹਾ ਹੁੰਦਾ ਹੈ ਕਿ ਭਾਜਪਾ ਦੀ ਇਸ ਤਰ੍ਹਾਂ ਦੀ ਚੋਣ ਮਸ਼ੀਨਰੀ ਅਤੇ ਸਿਆਸਤ ਦਾ ਮੁਕਾਬਲਾ ਭਲਾ ਕੀਤਾ ਵੀ ਜਾ ਸਕਦਾ ਹੈ? ਇਹ ਹੁਣ ਮੰਨ ਲੈਣਾ ਚਾਹੀਦਾ ਹੈ ਕਿ ਚੋਣਾਂ ਲੜਨ ਅਤੇ ਜਿੱਤਣ ਦੇ ਮਾਮਲੇ ਵਿਚ ਭਾਜਪਾ ਹੋਰ ਪਾਰਟੀਆਂ ਤੋਂ ਦੋ ਕਦਮ ਅਗਾਂਹ ਹੀ ਹੈ। ਇੰਨੀ ਮਜ਼ਬੂਤੀ ਨਾਲ ਅਗਾਂਹ ਵਧ ਰਹੀ ਇਸ ਪਾਰਟੀ ਨੂੰ ਡੱਕਣ ਲਈ ਇੰਨੀ ਹੀ ਮਜ਼ਬੂਤ ਧਿਰ ਦੀ ਲੋੜ ਹੈ ਜੋ ਫਿਲਹਾਲ ਤਾਂ ਸਿਆਸੀ ਪਿੜ ਵਿਚੋਂ ਨਾਦਾਰਦ ਹੀ ਜਾਪਦੀ ਹੈ। ਹੋ ਸਕਦਾ ਹੈ, ਆਉਣ ਵਾਲੇ ਸਮੇਂ ਵਿਚ ਇਸ ਪਾਰਟੀ ਦੀਆਂ ਵਧੀਕੀਆਂ ਅਤੇ ਹਨੇਰਗਰਦੀਆਂ ਖਿਲਾਫ ਕੋਈ ਬੰਨ੍ਹ-ਸੁਬ ਬਣ ਜਾਵੇ, ਜਿਵੇਂ ਐਨ ਮੌਕੇ ਉਤੇ ਗੁਜਰਾਤ ਵਿਚ ਬਣਿਆ ਸੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਜ਼ਮੀਰ ਰਹੇ ਲਾਈਵ!

ਬੁਰਾ ਸੁਣਨ ਨੂੰ ਮਿਲਦਾ ਏ ਰੋਜ ਐਸਾ, ਚੰਗੇ ਭਲਿਆਂ ਦਾ ਦਿਲ ਜੋ ਤੋੜ ਦੇਵੇ।
ਚਮਕ ਦਮਕ ਬਾਜ਼ਾਰ ਦੀ ਛੱਡਦੀ ਨਾ, ਦਿਲ ਦਿਮਾਗ 'ਚੋਂ ਅਕਲ ਨੂੰ ਰੋੜ੍ਹ ਦੇਵੇ।
ਧੱਫਾ ਵੱਜਦਾ ਜਦੋਂ ਮਜਬੂਰੀਆਂ ਦਾ, ਸਿੱਧੇ ਰਸਤਿਓਂ ਪੁੱਠੇ ਨੂੰ ਮੋੜ ਦੇਵੇ।
ਸ਼ਾਂਤ ਚਿੱਤ ਸ਼ਰੀਫ ਜਿਹੇ ਬੰਦਿਆਂ ਦਾ, ਮੱਥਾ ਨਾਲ ਬੁਰਾਈਆਂ ਦੇ ਜੋੜ ਦੇਵੇ।
ਸਿਦਕ ਤੋੜਨੇ ਵਾਸਤੇ ਹੋਰ ਵੀ ਨੇ, 'ਕੱਲੇ ਵੈਰੀ ਪੁਰਾਣੇ ਨਹੀਂ 'ਫਾਈਵ' ਯਾਰੋ।
ਫੇਸਬੁੱਕ 'ਤੇ ਹੋਈਏ ਜਾਂ ਨਾ ਹੋਈਏ, ਰੱਖੋ ਸਦਾ ਜ਼ਮੀਰ ਨੂੰ ਲਾਈਵ ਯਾਰੋ!

# ਭਾਰਤੀ ਚੋਣਾਂ ਅਤੇ ਮੋਦੀ ਦਾ ਪਾਕਿਸਤਾਨੀ ਪੱਤਾ

*ਐਤਕੀਂ ਗੁਜਰਾਤ ਵਿਧਾਨ ਸਭਾ ਚੋਣਾਂ ਦੌਰਾਨ ਬੜਾ ਦਿਲਚਸਪ ਮੁਕਾਬਲਾ ਸਾਹਮਣੇ ਆਇਆ। ਪਿਛਲੇ ਤਿੰਨ ਸਾਲਾਂ ਤੋਂ ਭਾਰਤੀ ਜਨਤਾ ਪਾਰਟੀ ਦੇ ਜੇਤੂ ਰੱਥ ਨੂੰ ਪਹਿਲੀ ਵਾਰ ਵੱਡੀ ਵੰਗਾਰ ਪੇਸ਼ ਆਈ। ਗੁਜਰਾਤ ਵਿਚ ਵਿਰੋਧੀ ਧਿਰ ਵਜੋਂ ਵਿਚਰ ਰਹੀ ਕਾਂਗਰਸ ਦਾ ਹਾਲ ਬੇਹੱਦ ਮਾੜਾ ਸੀ, ਪਰ ਉਥੇ ਜਿਗਨੇਸ਼ ਮੇਵਾਨੀ, ਹਾਰਦਿਕ ਪਟੇਲ ਅਤੇ ਅਲਪੇਸ਼ ਠਾਕੁਰ ਦੀ ਹਮਾਇਤ ਨਾਲ ਕਾਂਗਰਸ ਮੋਦੀ ਨੂੰ ਵੰਗਾਰਨ ਵਿਚ ਕਾਮਯਾਬ ਰਹੀ। ਇਸ ਵੰਗਾਰ ਦਾ ਖੌਫ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਭਾਸ਼ਣਾਂ ਤੋਂ ਸਾਫ ਦਿਸਿਆ। ਉਨ੍ਹਾਂ ਪਾਕਿਸਤਾਨ ਨੂੰ ਜਿਸ ਤਰ੍ਹਾਂ ਚੋਣਾਂ ਵਿਚ ਘੜੀਸਣ ਦਾ ਯਤਨ ਕੀਤਾ, ਉਸ ਦੀ ਚਾਰ-ਚੁਫੇਰਿਓਂ ਤਿੱਖੀ ਨੁਕਤਾਚੀਨੀ ਹੋਈ। ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਫਕੀਰ ਅਜੀਜ਼ੁਦੀਨ ਦੇ ਵੰਸ਼ ਵਿਚੋਂ ਪਾਕਿਸਤਾਨੀ ਇਤਿਹਾਸਕਾਰ ਤੇ ਕਲਾ ਸਮੀਖਿਅਕ ਐਫ.ਐਸ. ਅਜੀਜ਼ੁਦੀਨ ਨੇ ਇਸ ਬਾਬਤ ਬੜੀ ਖਰੀ ਟਿੱਪਣੀ ਕੀਤੀ ਹੈ ਜੋ ਅਸੀਂ ਆਪਣੇ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ*

ਭਾਰਤ ਦੀਆਂ ਚੁਣਾਵੀ ਲੜਾਈਆਂ ਪਾਕਿਸਤਾਨ ਦੇ ਨਾਂ 'ਤੇ ਲੜੀਆਂ ਜਾ ਰਹੀਆਂ ਹਨ। ਗੁਜਰਾਤ ਚੋਣਾਂ ਵਿਚ ਵੀ ਇਸ ਵਾਰ ਇਹੋ ਕੁਝ ਵਾਪਰਿਆ ਹੈ। ਗੁਜਰਾਤੀਆਂ ਅੰਦਰਲੇ 'ਰਾਸ਼ਟਰਵਾਦ' ਨੂੰ ਹਲੂਣਾ ਦੇਣ ਲਈ ਪਾਕਿਸਤਾਨੀ ਪੱਤਾ ਮੁੜ ਵਰਤਿਆ ਗਿਆ ਹੈ ਅਤੇ ਸ਼ਾਇਦ ਅਸਰਦਾਰ ਢੰਗ ਨਾਲ ਵਰਤਿਆ ਗਿਆ ਹੈ। ਜ਼ਿਆਦਾ ਪੁਰਾਣੀ ਗੱਲ ਨਹੀਂ ਹੈ ਜਦੋਂ ਅਸਾਮ ਦੀਆਂ ਚੋਣਾਂ ਦੌਰਾਨ ਅਸਾਮੀਆਂ ਨੂੰ ਪਾਕਿਸਤਾਨ

**ਐਫ.ਐਸ. ਅਜੀਜ਼ੁਦੀਨ**

ਤੋਂ ਖ਼ਤਰੇ ਦੀ ਚਿਤਾਵਨੀ ਦਿੱਤੀ ਗਈ ਸੀ, ਭਾਵੇਂ ਦੁਸ਼ਮਣ ਦੋ ਹਜ਼ਾਰ ਕਿਲੋਮੀਟਰ ਦੂਰ ਖੜ੍ਹਾ ਸੀ। ਹੁਣ, ਗੁਜਰਾਤ ਨੂੰ ਵੀ ਇਸੇ ਢੰਗ ਨਾਲ ਡਰਾਇਆ ਗਿਆ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਲਈ ਪਾਕਿਸਤਾਨ ਬਿਲਕੁਲ ਉਵੇਂ ਹੈ, ਜਿਵੇਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਲਈ ਕਈ ਦਾਨਵੀ ਦੁਸ਼ਮਣ, ਜਿਵੇਂ ਉਤਰੀ ਕੋਰੀਆ, ਇਰਾਨ, ਸੀਰੀਆ, ਅਫ਼ਗਾਨਿਸਤਾਨ, ਕਿਊਬਾ, ਮੈਕਸੀਕੋ ਅਤੇ ਡੈਮੋਕਰੈਟਿਕ ਪਾਰਟੀ। ਟਰੰਪ ਲਈ ਭਾਵੇਂ ਅਜਿਹੇ ਕਈ ਸਿਰਦਰਦ ਹੋ ਸਕਦੇ ਹਨ, ਪਰ ਪ੍ਰਧਾਨ ਮੰਤਰੀ ਮੋਦੀ ਲਈ ਸਿਰਫ਼ ਇਕ ਸਿਰਦਰਦੀ ਹੈ, ਤੇ ਉਹ ਹੈ ਪਾਕਿਸਤਾਨ। ਉਨ੍ਹਾਂ ਨੇ ਇਸ ਦੇ ਇਲਾਜ ਲਈ ਧੂੰਆਂਧਾਰ ਭਾਸ਼ਣਾਂ ਤੋਂ ਲੈ ਕੇ ਸ਼ੇਖ਼ੀਮਾਰ ਜਵਾਬਾਂ ਤਕ ਕਈ ਉਪਾਅ ਕਰਨ ਦਾ ਯਤਨ ਕੀਤਾ। ਹੁਣ ਉਹ ਵੱਧ ਸ਼ਕਤੀਸ਼ਾਲੀ ਤੇ ਕਾਰਗਰ ਇਲਾਜ ਨੇੜੇ ਪੁੱਜਦੇ ਜਾਪਦੇ ਹਨ।

ਸੂਝਵਾਨ ਪਾਕਿਸਤਾਨੀਆਂ ਅਤੇ ਭਾਰਤੀਆਂ ਲਈ ਭਾਰਤ-ਪਾਕਿਸਤਾਨ ਸਬੰਧਾਂ ਵਿਚ ਹਾਲੀਆ ਗਿਰਾਵਟ ਸਚਮੁੱਚ ਹੀ ਚਿੰਤਾ ਦਾ ਵਿਸ਼ਾ ਹੈ। ਇਹ ਗਿਰਾਵਟ ਆਰਜ਼ੀ ਤੋਂ ਸਥਾਈ ਵੱਲ ਵਧ ਚੁੱਕੀ ਹੈ। ਬਾਲੀਵੁੱਡ ਅਦਾਕਾਰ ਸ਼ਾਹਰੁਖ਼ ਖ਼ਾਨ ਜਾਂ ਸ਼ਾਇਰ ਜਾਵੇਦ ਅਖ਼ਤਰ ਵਰਗੇ ਭਾਰਤੀ ਮੁਸਲਮਾਨਾਂ ਨੂੰ ਵੀ ਆਪਣੇ ਦੇਸ਼ ਭਗਤ ਹੋਣ ਦਾ ਪ੍ਰਮਾਣ ਦੇਣ ਲਈ ਜੱਦੋ-ਜਹਿਦ ਕਰਨੀ ਪੈ ਰਹੀ ਹੈ। ਭਾਰਤੀ ਸਿੱਖਾਂ ਨੇ ਖ਼ਾਲਿਸਤਾਨ ਦੇ 'ਸੁਪਨੇ' ਨੂੰ ਏਨਾ ਡੂੰਘਾ ਦਫ਼ਨਾਇਆ ਕਿ ਉਸ ਦੇ ਨਾਅਰੇ ਦੀ ਗੂੰਜ ਹੁਣ ਕਿਸੇ ਨੂੰ ਨਹੀਂ ਸਤਾਉਂਦੀ। ਸਿੱਖਾਂ ਦੀ ਵਫ਼ਾਦਾਰੀ 'ਤੇ ਹੁਣ ਉਂਗਲ ਨਹੀਂ ਉਠਦੀ। ਹੁਣ ਵਾਰੀ ਭਾਰਤੀ ਹਿੰਦੂਆਂ ਦੀ, ਉਦਾਰਵਾਦੀ ਹਿੰਦੂਆਂ ਦੀ ਹੈ। ਉਨ੍ਹਾਂ ਨੂੰ ਵੀ ਹੁਣ ਆਪਣੇ 'ਹਿੰਦੁਸਤਾਨੀ' ਹੋਣ ਦਾ ਸਬੂਤ ਦੇਣ ਲਈ ਪਾਕਿਸਤਾਨ ਨਾਲੋਂ ਸਭ ਤਰ੍ਹਾਂ ਦੇ ਸਬੰਧ ਤੋੜਨ ਲਈ ਕਿਹਾ ਜਾ ਰਿਹਾ ਹੈ।

ਅਗਸਤ 1947 ਤੋਂ ਬਾਅਦ ਮਹਿਜ਼ ਤਿੰਨ ਮੁੱਖ ਭਾਰਤੀਆਂ ਨੇ ਭਾਰਤ-ਪਾਕਿਸਤਾਨ ਦੋਸਤੀ ਦਾ ਜਾਮਾ ਪਹਿਨੀ ਰੱਖਣ ਨੂੰ ਤਰਜੀਹ ਦਿੱਤੀ। ਖ਼ੁਸ਼ਵੰਤ ਸਿੰਘ ਨੇ ਦੁਨੀਆਂ ਤੋਂ ਰੁਖ਼ਸਤੀ ਵਾਲੇ ਦਿਨ ਤਕ ਹਿੰਦ-ਪਾਕ ਸਦਭਾਵਨਾ ਦੀ ਸ਼ਾਹਦੀ ਭਰੀ। ਹੁਣ ਉਹ ਇਸ ਜਹਾਨ ਵਿਚ ਨਹੀਂ ਹਨ। ਕੁਲਦੀਪ ਨਈਅਰ ਨੇ ਦੋਵਾਂ ਦੇਸ਼ਾਂ ਵਿਚਲੇ ਫ਼ਾਸਲੇ ਨੂੰ ਖ਼ਤਮ ਕਰਨ ਲਈ ਆਪਣੇ-ਆਪ ਨੂੰ ਪੁਲ ਵਾਂਗ ਖੜ੍ਹਾ ਕਰੀ ਰੱਖਿਆ, ਪਰ ਹੁਣ ਉਹ ਬੋਚ-ਬੋਚ ਕੇ ਕਦਮ ਚੁੱਕਦੇ ਹਨ। ਮਣੀ ਸ਼ੰਕਰ ਅਈਅਰ ਨੇ ਭਾਰਤ-ਪਾਕਿਸਤਾਨ ਵਾਲੀ 'ਬੋਤਲ' ਅੱਧੀ ਖ਼ਾਲੀ ਮੰਨਣ ਦੀ ਥਾਂ ਅੱਧੀ ਭਰੀ ਮੰਨ ਕੇ ਵਾਰ-ਵਾਰ ਆਪਣੇ ਵੱਕਾਰ ਨੂੰ ਖ਼ਤਰੇ ਵਿਚ ਪਾਇਆ। ਬਦਕਿਸਮਤੀ ਨਾਲ ਕੁਝ ਦਿਨ ਪਹਿਲਾਂ ਉਨ੍ਹਾਂ ਦੀ ਜ਼ੁਬਾਨ ਅਜਿਹੀ ਤਿਲ੍ਹਕੀ ਕਿ ਉਹ ਇਸ ਨਾਲ ਖ਼ੁਦ ਵੀ ਤਿਲ੍ਹਕ ਗਏ।

ਹਫ਼ਤਾ ਪਹਿਲਾਂ ਤਕ ਭਾਜਪਾ ਮਣੀ ਸ਼ੰਕਰ ਅਈਅਰ ਨੂੰ ਹਿਕਾਰਤ ਕਰਦੀ ਸੀ, ਪਰ ਉਸ ਦੀ ਕੌੜੀ, ਪਰ ਸੱਚੀ ਜ਼ੁਬਾਨ ਤੋਂ ਡਰਦੀ ਸੀ। ਉਹ ਭਾਜਪਾ ਬਾਰੇ ਉਹ ਗੱਲਾਂ ਨਿਝੱਕ ਹੋ ਕੇ ਕਹਿ ਦਿੰਦੇ ਸਨ ਜਿਹੜੀ ਕਾਂਗਰਸ ਪਾਰਟੀ ਬੋਲਣਾ ਤਾਂ ਲੋਚਦੀ ਸੀ, ਪਰ ਬੋਲਦੀ ਨਹੀਂ ਸੀ। ਮਰਹੂਮ ਰਾਜੀਵ ਗਾਂਧੀ ਨਾਲ ਉਨ੍ਹਾਂ ਦੀ ਦੋਸਤੀ ਅਤੇ ਸੋਨੀਆ ਗਾਂਧੀ ਦਾ ਉਨ੍ਹਾਂ ਦੇ ਤਜਰਬੇ ਅਤੇ ਫ਼ੈਸਲੇ 'ਤੇ ਵਿਸ਼ਵਾਸ ਹੀ ਉਨ੍ਹਾਂ ਦੀ ਤਾਕਤ ਸੀ। ਉਹ ਪਾਕਿਸਤਾਨ ਨੂੰ ਕਿਸੇ ਹੋਰ ਭਾਰਤੀ ਨਾਲੋਂ ਬਿਹਤਰ ਜਾਣਦੇ ਸਨ। ਪਾਕਿਸਤਾਨ ਬਾਰੇ ਉਨ੍ਹਾਂ ਨੇ ਬੇਬਾਕ ਕਿਤਾਬਾਂ ਅਤੇ ਜਾਣਕਾਰੀ ਭਰਪੂਰ ਲੇਖ ਲਿਖੇ। ਜਦੋਂ ਵੀ ਉਨ੍ਹਾਂ ਨੂੰ ਪੁਰਾਣੀ ਘਸੀ-ਪਿਟੀ ਲਫ਼ਾਜ਼ੀ ਨੂੰ ਦੁਰਕਾਰਨ ਦੀ ਲੋੜ ਮਹਿਸੂਸ ਹੁੰਦੀ ਤਾਂ ਉਹ



ਸਪਸ਼ਟ ਅਤੇ ਜ਼ੋਰਦਾਰ ਢੰਗ ਨਾਲ ਆਪਣਾ ਪੱਖ ਪੇਸ਼ ਕਰਦੇ ਸਨ। ਪਾਕਿਸਤਾਨ ਵਿਚ ਉਹ ਵਫ਼ਾਦਾਰ ਭਾਰਤੀ ਵਾਂਗ ਗੱਲ ਕਰਦੇ ਸਨ, ਪਰ ਭਾਰਤ ਵਿਚ ਉਨ੍ਹਾਂ ਦੀ ਬੋਲਬਾਣੀ ਅਕਲਮੰਦ, ਪਰ ਬੜਬੋਲੇ ਪਾਕਿਸਤਾਨੀ ਵਰਗੀ ਹੁੰਦੀ ਸੀ।

6 ਦਸੰਬਰ ਨੂੰ ਸ੍ਰੀ ਅਈਅਰ ਨੇ ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਖੁਰਸ਼ੀਦ ਅਹਿਮਦ ਕਸੂਰੀ, ਜੋ ਉਨ੍ਹਾਂ ਨਾਲ ਆਕਸਫੋਰਡ ਯੂਨੀਵਰਸਿਟੀ ਵਿਚ ਪੜ੍ਹੇ ਹੋਏ ਹਨ, ਲਈ ਨਵੀਂ ਦਿੱਲੀ ਸਥਿਤ ਆਪਣੇ ਨਿਵਾਸ 'ਤੇ ਰਾਤ ਦੇ ਖਾਣੇ ਦੀ ਮੇਜ਼ਬਾਨੀ ਕੀਤੀ। ਇਹ ਇਕ ਤਰ੍ਹਾਂ ਦਾ ਅਜਿਹੇ ਸੂਝਵਾਨਾਂ ਦਾ ਇਕੱਠ ਸੀ ਜਿਥੇ ਹਰ ਕੋਈ ਆਪਣੀ ਕਹਿੰਦਾ ਹੈ, ਦੂਜੇ ਦੀ ਸੁਣਦਾ ਨਹੀਂ। ਅਗਲੀ ਸਵੇਰ ਸ੍ਰੀ ਅਈਅਰ ਤੇ ਸ੍ਰੀ ਕਸੂਰੀ ਨੇ ਭਾਰਤ-ਪਾਕਿਸਤਾਨ ਸਬੰਧਾਂ 'ਤੇ ਵਿਚਾਰ ਕਰਨ ਲਈ ਇਕ ਮੰਚ 'ਤੇ ਸਾਂਝੀ ਹਾਜ਼ਰੀ ਭਰੀ। ਇਸੇ ਸਮੇਂ ਲਾਪਰਵਾਹੀ ਨਾਲ ਸ੍ਰੀ ਅਈਅਰ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਲਈ 'ਨੀਚ ਆਦਮੀ' ਵਰਗੇ ਸ਼ਬਦ ਵਰਤ ਦਿੱਤੇ। ਇਸ ਤੋਂ ਪੰਗਾ ਪੈਣਾ ਹੀ ਸੀ। ਭਾਜਪਾ ਨੇ ਤਾਂ ਆਪਣੇ ਸਾਰੇ ਘੜੇ ਅਈਅਰ 'ਤੇ ਉਲਟਾ ਦਿੱਤੇ। ਅਈਅਰ ਆਪਣੀ ਗੱਲ 'ਤੇ ਅੜੇ ਰਹੇ, ਪਰ ਜਦੋਂ ਉਨ੍ਹਾਂ ਦੇ ਆਪਣੇ ਹੀ ਚੇਲੇ (ਹੁਣ ਗੁਰੂ) ਰਾਹੁਲ ਗਾਂਧੀ (ਮੌਜੂਦਾ ਪਾਰਟੀ ਪ੍ਰਧਾਨ) ਨੇ ਉਨ੍ਹਾਂ ਨੂੰ ਸ੍ਰੀ ਮੋਦੀ ਤੋਂ ਮੁਆਫ਼ੀ ਮੰਗਣ ਦਾ ਹੁਕਮ ਦੇ ਦਿੱਤਾ ਤਾਂ ਉਨ੍ਹਾਂ ਨੂੰ ਝੁਕਣਾ ਪਿਆ। ਉਨ੍ਹਾਂ ਨੂੰ ਅਗਲਾ ਤੀਰ ਉਦੋਂ ਵੱਜਾ, ਜਦੋਂ ਉਨ੍ਹਾਂ ਨੂੰ ਪਾਰਟੀ ਦੀ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ ਗਿਆ।

ਸ੍ਰੀ ਮੋਦੀ ਲਈ ਅਈਅਰ ਵੱਲੋਂ ਮੁਆਫ਼ੀ ਮੰਗ ਲੈਣਾ ਕਾਫ਼ੀ ਨਹੀਂ ਸੀ। ਇਸ ਤੋਂ ਅੱਗੇ ਵਧਦਿਆਂ ਉਨ੍ਹਾਂ ਨੇ ਰਿਟਾਇਰਡ ਸੀਨੀਅਰ ਪਾਕਿਸਤਾਨੀ ਜਰਨੈਲ ਦੇ ਟਵੀਟ (ਜੋ ਪੋਸਟ ਕਰਨ ਤੋਂ ਤੁਰੰਤ ਬਾਅਦ ਹਟਾ ਦਿੱਤਾ ਗਿਆ) ਨੂੰ ਵੀ ਵਰਤਣਾ ਸ਼ੁਰੂ ਕਰ ਦਿੱਤਾ ਕਿ ਸ੍ਰੀ ਅਹਿਮਦ ਪਟੇਲ ਨੂੰ ਗੁਜਰਾਤ ਦੇ ਮੁੱਖ ਮੰਤਰੀ ਹੋਣਾ ਚਾਹੀਦਾ ਹੈ। ਸ੍ਰੀ ਮੋਦੀ ਨੇ ਇਸ ਨੂੰ ਚਿੰਤਾ ਦਾ ਵਿਸ਼ਾ ਕਿਹਾ, ਭਾਵੇਂ ਉਹ ਜਾਣਦੇ ਸਨ ਕਿ ਇਕ ਬੇਰੁਜ਼ਗਾਰ ਸਾਬਕਾ ਜਰਨੈਲ, ਪਟੇਲ ਦੀ ਚੋਣ ਨੂੰ ਓਨੀ ਹੀ ਮੁਸ਼ਕਿਲ ਨਾਲ ਯਕੀਨੀ ਬਣਾ ਸਕਦਾ ਹੈ, ਜਿੰਨਾ ਰਾਸ਼ਟਰਪਤੀ ਟਰੰਪ ਬ੍ਰਿਟੇਨ ਦੀ ਸਰਕਾਰ ਨੂੰ ਆਪਣੇ ਵਿਵਾਦਾਂ 'ਚ ਘਿਰੇ ਦੋਸਤ ਨਾਈਜਿਲ ਫਰਾਜ ਨੂੰ ਵਾਸ਼ਿੰਗਟਨ ਵਿਚ ਯੂ.ਕੇ. ਦੇ ਦੂਤ ਵਜੋਂ ਨਿਯੁਕਤ ਕਰਨ ਲਈ ਮਨਾ ਸਕਦਾ ਹੈ।

ਇਸ ਤੋਂ ਬਾਅਦ ਸ੍ਰੀ ਮੋਦੀ ਨੇ ਸ਼ੱਕ ਦੀ ਸੂਈ ਕਈ ਪਾਸੇ ਘੁਮਾਈ। ਉਨ੍ਹਾਂ ਦਾਅਵਾ ਕੀਤਾ ਕਿ ਸ੍ਰੀ ਅਈਅਰ ਵੱਲੋਂ ਸ੍ਰੀ ਕਸੂਰੀ ਦੇ ਮਾਣ ਵਿਚ ਦਿੱਤੇ ਡਿਨਰ ਵਿਚ ਗੁਜਰਾਤ ਵਿਚ ਚੋਣਾਂ ਨੂੰ ਢਾਹ ਲਾਉਣ ਦੀ ਸਾਜ਼ਿਸ਼ ਰਚੀ ਗਈ ਸੀ; ਉਹ ਵੀ ਉਦੋਂ, ਜਦੋਂ ਉਥੇ ਹਾਜ਼ਰ ਸਾਰੇ ਮਹਿਮਾਨ ਮੁੱਖ ਭਾਰਤੀ ਸਨ ਜਿਨ੍ਹਾਂ ਵਿਚ ਸਾਬਕਾ ਥਲ ਸੈਨਾ ਮੁਖੀ ਦੀਪਕ ਕਪੂਰ, ਸਾਬਕਾ ਵਿਦੇਸ਼ ਮੰਤਰੀ ਕੇ. ਨਟਵਰ ਸਿੰਘ, ਚਾਰ ਸਾਬਕਾ ਸਫ਼ੀਰ ਸਲਮਾਨ ਹੈਦਰ, ਟੀ.ਸੀ.ਏ. ਰਾਘਵਨ, ਸ਼ਰਤ ਸਭਰਵਾਲ, ਕੇ. ਸ਼ੰਕਰ ਵਾਜਪਈ ਅਤੇ ਚਿਨਮਯ ਘਰੇਖਾਨ, ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਸਾਬਕਾ ਉਪ ਪ੍ਰਧਾਨ ਹਾਮਿਦ ਅੰਸਾਰੀ ਸ਼ਾਮਲ ਸਨ।

ਸ੍ਰੀ ਅਈਅਰ ਨੂੰ ਲਾਰਡ ਹੈਲੀਫੈਕਸ ਦੇ ਵਿਚਾਰ (ਥੋੜ੍ਹੇ ਵੱਖਰੇ ਪ੍ਰਸੰਗ ਵਿਚ) ਤੋਂ ਦਿਲਾਸਾ ਲੈਣਾ ਚਾਹੀਦਾ ਹੈ ਕਿ "ਸਭ ਤੋਂ ਵਧੀਆ ਪਾਰਟੀ ਬਾਕੀ ਦੀ ਕੌਮ ਵਿਰੁਧ ਸਾਜ਼ਿਸ਼ ਹੈ।" ਪਾਕਿਸਤਾਨ ਲਈ ਸ੍ਰੀ ਮੋਦੀ ਦਾ ਬਦਨੁਮਾ ਇਲਜ਼ਾਮ ਇਹ ਹੈ ਕਿ ਉਨ੍ਹਾਂ ਤੋਂ ਪਹਿਲੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ 26/11 ਦੇ ਮੁੰਬਈ ਹਮਲੇ ਤੋਂ ਬਾਅਦ ਸਰਜੀਕਲ ਹਮਲਾ ਕਰਨ ਲਈ ਆਪਣੇ ਮਾਹਿਰਾਂ ਦੀ ਸਲਾਹ ਨੂੰ ਅਣਗੌਲਿਆ ਕੀਤਾ ਸੀ। ਮਨਮੋਹਨ ਸਿੰਘ ਦੀ ਸਾਵਧਾਨੀ ਦੀ ਵਜ੍ਹਾ ਇਕ ਡੂੰਘੀ ਸੋਚ ਸੀ। ਪ੍ਰਾਚੀਨ ਰੋਮਨ ਕਵੀ ਹੋਰੇਸ ਨੇ ਸਾਨੂੰ ਸਭਨਾਂ ਨੂੰ ਚਿਤਾਵਨੀ ਦਿੱਤੀ ਸੀ ਕਿ 'ਸੂਝ-ਵਿਹੂਣੀ ਤਾਕਤ ਹਮੇਸ਼ਾਂ ਮੂੰਹ ਪਰਨੇ ਡਿੱਗਦੀ ਹੈ'।

*ਸੂਝਵਾਨ ਪਾਕਿਸਤਾਨੀਆਂ ਅਤੇ ਭਾਰਤੀਆਂ ਲਈ ਭਾਰਤ-ਪਾਕਿਸਤਾਨ ਸਬੰਧਾਂ ਵਿਚ ਹਾਲੀਆ ਗਿਰਾਵਟ ਸਚਮੁੱਚ ਹੀ ਚਿੰਤਾ ਦਾ ਵਿਸ਼ਾ ਹੈ। ਇਹ ਗਿਰਾਵਟ ਆਰਜ਼ੀ ਤੋਂ ਸਥਾਈ ਵੱਲ ਵਧ ਚੁੱਕੀ ਹੈ। ਬਾਲੀਵੁੱਡ ਅਦਾਕਾਰ ਸ਼ਾਹਰੁਖ਼ ਖ਼ਾਨ ਜਾਂ ਸ਼ਾਇਰ ਜਾਵੇਦ ਅਖ਼ਤਰ ਵਰਗੇ ਭਾਰਤੀ ਮੁਸਲਮਾਨਾਂ ਨੂੰ ਵੀ ਆਪਣੇ ਦੇਸ਼ ਭਗਤ ਹੋਣ ਦਾ ਪ੍ਰਮਾਣ ਦੇਣ ਲਈ ਜੱਦੋ-ਜਹਿਦ ਕਰਨੀ ਪੈ ਰਹੀ ਹੈ। ਭਾਰਤੀ ਸਿੱਖਾਂ ਨੇ ਖ਼ਾਲਿਸਤਾਨ ਦੇ 'ਸੁਪਨੇ' ਨੂੰ ਏਨਾ ਡੂੰਘਾ ਦਫ਼ਨਾਇਆ ਕਿ ਉਸ ਦੇ ਨਾਅਰੇ ਦੀ ਗੂੰਜ ਹੁਣ ਕਿਸੇ ਨੂੰ ਨਹੀਂ ਸਤਾਉਂਦੀ। ਸਿੱਖਾਂ ਦੀ ਵਫ਼ਾਦਾਰੀ 'ਤੇ ਹੁਣ ਉਂਗਲ ਨਹੀਂ ਉਠਦੀ। ਹੁਣ ਵਾਰੀ ਭਾਰਤੀ ਹਿੰਦੂਆਂ ਦੀ, ਉਦਾਰਵਾਦੀ ਹਿੰਦੂਆਂ ਦੀ ਹੈ। ਉਨ੍ਹਾਂ ਨੂੰ ਵੀ ਹੁਣ ਆਪਣੇ 'ਹਿੰਦੁਸਤਾਨੀ' ਹੋਣ ਦਾ ਸਬੂਤ ਦੇਣ ਲਈ ਪਾਕਿਸਤਾਨ ਨਾਲੋਂ ਸਭ ਤਰ੍ਹਾਂ ਦੇ ਸਬੰਧ ਤੋੜਨ ਲਈ ਕਿਹਾ ਜਾ ਰਿਹਾ ਹੈ।*

# ਕੋਬਾਦ ਗਾਂਧੀ ਮਾਮਲਾ: ਫਰਜ਼ੀ ਮਾਮਲੇ ਤੇ ਅਮੁੱਕ ਜੇਲ੍ਹਬੰਦੀ

***ਦੇਹਰਾਦੂਨ ਦੇ ਮਸ਼ਹੂਰ ਦੂਨ ਸਕੂਲ ਅਤੇ ਐਲਫਿੰਸਟਨ ਕਾਲਜ ਮੁੰਬਈ ਦੇ ਪੜ੍ਹੇ ਸੀਨੀਅਰ ਮਾਓਵਾਦੀ ਆਗੂ ਕੋਬਾਦ ਗਾਂਧੀ ਦਾ ਤਬਦੀਲੀਪਸੰਦ ਚਿੰਤਕ ਹੋਣਾ ਹੀ ਉਨ੍ਹਾਂ ਨੂੰ ਜੇਲ੍ਹ ਵਿਚ ਸਾੜਨ ਦਾ ਕਾਰਨ ਬਣਿਆ ਹੋਇਆ ਹੈ। ਮੁੰਬਈ ਦੇ ਇਕ ਅਮੀਰ ਪਾਰਸੀ ਪਰਿਵਾਰ ਵਿਚ ਜਨਮ ਲੈਣ ਵਾਲੇ ਅਤੇ ਲੰਡਨ ਤੋਂ ਚਾਰਟਰਡ ਅਕਾਊਂਟੈਂਟ ਦੀ ਡਿਗਰੀ ਪ੍ਰਾਪਤ ਕੋਬਾਦ ਗਾਂਧੀ ਦਾ ਆਖਰ ਸਮਾਜੀ ਨਾਬਰਾਬਰੀ ਨੂੰ ਮਿਟਾ ਕੇ ਮਨੁੱਖ ਦੇ ਜਿਊਣਯੋਗ ਸਮਾਜ ਸਿਰਜਣ ਦਾ ਸੁਪਨਾ ਲੈਣਾ 'ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ' ਨੂੰ ਮਨਜ਼ੂਰ ਨਹੀਂ। ਅੱਠ ਸਾਲ ਦੋ ਮਹੀਨਿਆਂ ਦੀ ਜੇਲ੍ਹ ਪਿਛੋਂ ਰਿਹਾਈ ਤੋਂ ਤੁਰੰਤ ਬਾਅਦ ਉਨ੍ਹਾਂ ਨੂੰ ਫਿਰ ਗ੍ਰਿਫਤਾਰ ਕਰ ਲਿਆ ਗਿਆ। ਇਸ ਸਮੁੱਚੇ ਅਧਿਆਏ ਉਤੇ ਰੌਸ਼ਨੀ ਪਾ ਰਹੇ ਹਨ, ਸਾਡੇ ਕਾਲਮਨਵੀਸ ਬੂਟਾ ਸਿੰਘ। -ਸੰਪਾਦਕ***

ਕੋਬਾਦ ਗਾਂਧੀ ਨੂੰ ਸਤੰਬਰ 2009 ਤੋਂ ਲੈ ਕੇ ਅੱਠ ਸਾਲ ਦੋ ਮਹੀਨੇ ਲਗਾਤਾਰ ਜੇਲ੍ਹ ਵਿਚ ਸਾੜਿਆ ਗਿਆ ਅਤੇ ਹਾਲ ਹੀ ਵਿਚ ਰਿਹਾਅ ਹੁੰਦੇ ਹੀ ਨਵੇਂ ਮਾਮਲੇ ਵਿਚ ਹੱਥਕੜੀ ਲਾ ਕੇ ਮੁੜ ਜੇਲ੍ਹ ਵਿਚ ਡੱਕ ਦਿੱਤਾ ਗਿਆ। ਉਹ ਦਰਜ ਕੀਤੇ (ਫਰਜ਼ੀ) ਮਾਮਲਿਆਂ ਵਿਚੋਂ ਜ਼ਿਆਦਾਤਰ ਵਿਚ ਬਰੀ ਹੋ ਚੁੱਕੇ ਹਨ, ਪਰ ਹੁਕਮਰਾਨਾਂ ਦੀ ਇਹ ਸਾਜ਼ਿਸ਼ ਹੈ ਕਿ ਕਿਸੇ ਵੀ ਸੂਰਤ ਵਿਚ ਉਨ੍ਹਾਂ ਨੂੰ ਜੇਲ੍ਹ ਵਿਚੋਂ ਬਾਹਰ ਨਾ ਆਉਣ ਦਿੱਤਾ ਜਾਵੇ। ਉਨ੍ਹਾਂ ਨੂੰ ਹੋਰ ਫਰਜ਼ੀ ਮਾਮਲਿਆਂ ਵਿਚ ਫਸਾ ਕੇ ਵੱਧ ਤੋਂ ਵੱਧ ਵਕਤ ਜੇਲ੍ਹ ਵਿਚ ਸਾੜਨ ਦੀ ਮਨਸ਼ਾ ਨਾਲ ਹੀ ਉਨ੍ਹਾਂ ਦੀ ਹਾਲੀਆ ਗ੍ਰਿਫ਼ਤਾਰੀ ਕੀਤੀ ਗਈ ਹੈ। 12 ਦਸੰਬਰ ਨੂੰ ਕੋਬਾਦ ਗਾਂਧੀ ਦੀ

ਬੂਟਾ ਸਿੰਘ
ਫੋਨ: +91-94634-74342

ਰਿਹਾਈ ਤੋਂ ਮਹਿਜ਼ ਤਿੰਨ ਦਿਨ ਬਾਅਦ ਹੀ ਤਿਲੰਗਾਨਾ ਦੀ ਅਦਾਲਤ ਵਿਚੋਂ ਬਾਹਰ ਆਉਂਦੇ ਸਾਰ ਝਾਰਖੰਡ ਪੁਲਿਸ ਨੇ ਉਨ੍ਹਾਂ ਨੂੰ ਮੁੜ ਹੱਥਕੜੀਆਂ ਵਿਚ ਜਕੜ ਲਿਆ।

ਕੋਬਾਦ ਗਾਂਧੀ ਨੂੰ 20 ਸਤੰਬਰ 2009 ਨੂੰ ਆਂਧਰਾ ਪ੍ਰਦੇਸ਼ ਸਟੇਟ ਇੰਟੈਲੀਜੈਂਸ ਬਿਊਰੋ ਵਲੋਂ ਨਵੀਂ ਦਿੱਲੀ ਦੇ ਇਕ ਬੱਸ ਸਟਾਪ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਜਦੋਂ ਉਹ ਪ੍ਰਾਸਟੇਟ ਕੈਂਸਰ ਦੇ ਇਲਾਜ ਲਈ ਉਥੇ ਆਏ ਹੋਏ ਸਨ। ਇਹ ਉਹ ਸਾਲ ਵੀ ਸੀ ਜਦੋਂ ਮਾਓਵਾਦੀ ਪਾਰਟੀ ਦੀ ਅਗਵਾਈ ਹੇਠਲੀ ਇਨਕਲਾਬੀ ਆਦਿਵਾਸੀ ਲਹਿਰ ਨੂੰ ਕੁਚਲਣ ਲਈ ਮਨਮੋਹਨ ਸਿੰਘ ਸਰਕਾਰ ਵਲੋਂ ਮਾਓਵਾਦੀ ਲਹਿਰ ਨੂੰ ਮੁਲਕ ਦੀ ਅੰਦਰੂਨੀ ਸੁਰੱਖਿਆ ਲਈ 'ਸਭ ਤੋਂ ਵੱਡਾ ਖ਼ਤਰਾ' ਕਰਾਰ ਦਿੱਤਾ ਗਿਆ ਸੀ ਅਤੇ 'ਓਪਰੇਸ਼ਨ ਗਰੀਨ ਹੰਟ' ਤਹਿਤ ਵਿਆਪਕ ਜੰਗ ਵਿਢ ਕੇ ਆਪਣੇ ਹੀ ਲੋਕਾਂ ਦੇ ਖ਼ਿਲਾਫ਼ ਹਿੰਦੁਸਤਾਨੀ ਸਟੇਟ ਦੀ ਪੂਰੀ ਤਾਕਤ ਝੋਕ ਦਿੱਤੀ ਗਈ ਸੀ। ਇਹ ਪਿਛੋਕੜ ਸੀ ਜਿਸ ਵਿਚ ਕੋਬਾਦ ਉਪਰ ਫਰਜ਼ੀ ਮਾਮਲੇ ਦਰਜ ਕਰਨ ਲਈ ਸਟੇਟ ਵਲੋਂ ਮਾਓਵਾਦੀ ਪਾਰਟੀ ਦਾ ਆਪਣਾ ਸ਼ਹਿਰੀ ਤਾਣਾਬਾਣਾ ਉਸਾਰਨ ਦੀ ਯੋਜਨਾ ਨੂੰ ਬਹੁਤ ਵੱਡਾ ਹਊਆ ਬਣਾ ਕੇ ਪੇਸ਼ ਕੀਤਾ ਗਿਆ।

ਕਹਾਣੀ ਇਹ ਘੜੀ ਗਈ ਕਿ ਕੋਬਾਦ ਗਾਂਧੀ ਮਾਓਵਾਦੀਆਂ ਦਾ ਸ਼ਹਿਰੀ ਤਾਣਾਬਾਣਾ ਉਸਾਰ ਕੇ ਸ਼ਹਿਰਾਂ ਅੰਦਰ ਸਟੇਟ ਵਿਰੁਧ ਵਿਆਪਕ ਪੱਧਰ 'ਤੇ ਹਿੰਸਕ ਹਮਲਿਆਂ ਦੀ ਯੋਜਨਾ ਤਹਿਤ ਕੰਮ ਕਰ ਰਿਹਾ ਸੀ; ਕਿ ਖ਼ੁਫ਼ੀਆ ਏਜੰਸੀਆਂ ਦੀ ਮੁਸਤੈਦੀ ਨੇ ਉਨ੍ਹਾਂ ਦੀ ਇਹ ਯੋਜਨਾ ਨਾਕਾਮ ਬਣਾ ਦਿੱਤੀ ਹੈ ਅਤੇ ਉਸ ਦੀ ਗ੍ਰਿਫ਼ਤਾਰੀ ਨਾਲ ਮਾਓਵਾਦੀਆਂ ਦੇ ਸ਼ਹਿਰੀ ਤਾਣੇਬਾਣੇ ਦੀ ਰੀੜ੍ਹ ਦੀ ਹੱਡੀ ਤੋੜ ਦਿੱਤੀ ਗਈ ਹੈ। ਇਹ ਕਹਾਣੀ 'ਅੰਦਰੂਨੀ ਖ਼ਤਰੇ' ਵਿਰੁਧ ਜੰਗ ਦੇ ਬਹੁਤ ਵੱਡੇ ਹਾਸਲ ਦੇ ਤੌਰ 'ਤੇ ਖ਼ੁਫ਼ੀਆ ਏਜੰਸੀਆਂ ਅਤੇ ਖ਼ੁਦ ਗ੍ਰਹਿ ਮੰਤਰੀ ਪੀ. ਚਿਦੰਬਰਮ ਵਲੋਂ ਜ਼ੋਰਸ਼ੋਰ ਨਾਲ ਪ੍ਰਚਾਰੀ ਗਈ। ਹੋਰ ਵੀ ਘਿਨਾਉਣਾ ਪੱਖ ਇਹ ਸੀ ਕਿ ਕਾਰਪੋਰੇਟ ਕੰਟਰੋਲ ਵਾਲੇ ਮੀਡੀਆ ਵਲੋਂ ਆਪਣੀ ਜਮਾਤੀ ਖ਼ਸਲਤ ਅਨੁਸਾਰ ਖ਼ੁਫ਼ੀਆ ਏਜੰਸੀਆਂ ਵਲੋਂ ਘੜੀ ਇਸ ਕਹਾਣੀ ਨੂੰ ਹੋਰ ਵੀ ਸਨਸਨੀਖੇਜ਼ ਬਣਾ ਕੇ ਹੁਬ ਹੁਬ ਕੇ ਵਾਰ ਵਾਰ ਪ੍ਰਸਾਰਤ ਕੀਤਾ ਗਿਆ। ਹੁਣ ਜਦੋਂ ਕੋਬਾਦ ਉਨ੍ਹਾਂ ਜ਼ਿਆਦਾਤਰ ਇਲਜ਼ਾਮਾਂ ਵਿਚੋਂ ਸਾਫ਼ ਬਰੀ ਹੋ ਚੁੱਕੇ ਹਨ, ਕੀ ਕਾਰਪੋਰੇਟ ਮੀਡੀਆ ਕੋਈ ਸ਼ਰਮ ਮਹਿਸੂਸ ਕਰੇਗਾ?

ਗੰਭੀਰ ਬਿਮਾਰ ਹੋਣ ਦੇ ਬਾਵਜੂਦ ਪੁਲਿਸ ਹਿਰਾਸਤ ਵਿਚ ਕੋਬਾਦ ਗਾਂਧੀ ਨੂੰ ਲਗਾਤਾਰ ਕਈ ਦਿਨ ਉਨੀਂਦਰਾ ਰੱਖਣ ਤੋਂ ਇਲਾਵਾ ਬੇਤਹਾਸ਼ਾ ਮਾਨਸਿਕ ਤਸੀਹੇ ਦਿੱਤੇ ਗਏ। ਉਨ੍ਹਾਂ ਉਪਰ ਨਾਰਕੋ ਟੈਸਟ ਦੀ ਤਲਵਾਰ ਲਟਕਾਈ ਗਈ। ਆਖ਼ਰਕਾਰ ਉਨ੍ਹਾਂ ਉਪਰ ਇਸ ਤਰੀਕੇ ਨਾਲ ਵੀਹ ਦੇ ਕਰੀਬ ਫਰਜ਼ੀ ਮਾਮਲੇ ਦਰਜ ਕੀਤੇ ਗਏ ਤਾਂ ਜੋ ਬਿਨਾ ਕਸੂਰਵਾਰ ਕਰਾਰ ਦਿੱਤੇ ਹੀ ਉਨ੍ਹਾਂ ਨੂੰ ਘੱਟੋ-ਘੱਟ ਦਸ-ਪੰਦਰਾਂ ਸਾਲ ਜੇਲ੍ਹ ਵਿਚ ਬੰਦ ਰੱਖਿਆ ਜਾ ਸਕੇ। ਸਟੇਟ ਵਿਰੁਧ ਜੰਗ ਦੀ ਸਾਜ਼ਿਸ਼ ਰਚਣ ਅਤੇ ਹਿੰਸਾ ਭੜਕਾਉਣ ਦੀ ਕਹਾਣੀ ਤਹਿਤ ਉਨ੍ਹਾਂ ਉਪਰ ਯੂ.ਏ.ਪੀ.ਏ. ਅਤੇ ਭਾਰਤੀ ਦੰਡਾਵਲੀ ਦੀਆਂ ਸੰਗੀਨ ਤੋਂ ਸੰਗੀਨ ਧਾਰਾਵਾਂ ਲਗਾਈਆਂ ਗਈਆਂ ਅਤੇ ਉਨ੍ਹਾਂ ਨੂੰ ਬਹੁਤ ਖ਼ਤਰਨਾਕ ਦਹਿਸ਼ਤਗਰਦ ਕਰਾਰ ਦੇ ਕੇ ਉਚ ਸੁਰੱਖਿਆ ਤਿਹਾੜ ਜੇਲ੍ਹ ਵਿਚ ਬੰਦ ਰੱਖਿਆ ਗਿਆ।

***ਕੋਬਾਦ ਗਾਂਧੀ ਨੇ ਪ੍ਰੈਸ ਨੂੰ ਜਾਰੀ ਕੀਤੇ ਹੱਥ ਲਿਖਤ ਨੋਟ ਵਿਚ ਦੱਸਿਆ ਕਿ 'ਇਸ ਮਾਮਲੇ ਵਿਚ ਐਫ.ਆਈ.ਆਰ. 2010 ਤੋਂ ਲਟਕੀ ਹੋਈ ਸੀ। ਸੱਤ ਸਾਲ ਪੁਲਿਸ ਨੇ ਇਸ ਮਾਮਲੇ ਨੂੰ ਦਰਕਿਨਾਰ ਕਰੀ ਰੱਖਿਆ, ਮੇਰੇ ਵਲੋਂ ਤਿੰਨ ਵਾਰ ਚਿੱਠੀਆਂ ਲਿਖਣ ਦੇ ਬਾਵਜੂਦ ਇਸ ਮਾਮਲੇ ਵਿਚ ਅਦਾਲਤ ਵਿਚ ਪੇਸ਼ ਨਹੀਂ ਕੀਤਾ ਗਿਆ। ਹੁਣ ਰਿਹਾਈ ਹੋਣ 'ਤੇ ਮੈਨੂੰ ਮੁੜ ਵਿਚਾਰ-ਅਧੀਨ ਕੈਦੀ ਵਜੋਂ ਅਣਮਿਥੇ ਵਕਤ ਲਈ ਜੇਲ੍ਹ ਵਿਚ ਡੱਕਣ ਲਈ ਗ੍ਰਿਫ਼ਤਾਰ ਕਰ ਲਿਆ।' ਇਸੇ ਤਰ੍ਹਾਂ ਗੁਜਰਾਤ ਦੇ ਫਰਜ਼ੀ ਮਾਮਲੇ ਵਿਚ ਕੋਬਾਦ ਗਾਂਧੀ ਦਾ ਨਾਂ ਸ਼ਾਮਲ ਕੀਤਾ ਗਿਆ ਹੈ।***



ਪੁਲਿਸ ਨੇ ਉਨ੍ਹਾਂ ਉਪਰ ਜਰਮਨੀ, ਤੁਰਕੀ, ਫ਼ਿਲਪੀਨਜ਼, ਬੈਲਜੀਅਮ, ਪੀਰੂ ਅਤੇ ਨੇਪਾਲ ਦੀਆਂ ਇਨਕਲਾਬੀ ਕਮਿਊਨਿਸਟ ਪਾਰਟੀਆਂ ਨਾਲ ਮਾਓਵਾਦੀ ਪਾਰਟੀ ਦੇ ਕੌਮਾਂਤਰੀ ਨੁਮਾਇੰਦੇ ਦੇ ਤੌਰ 'ਤੇ ਰਾਬਤਾ ਰੱਖਣ ਅਤੇ ਇਸੇ ਤਰ੍ਹਾਂ ਤਾਮਿਲਨਾਡੂ, ਕਰਨਾਟਕ, ਕੇਰਲ ਅਤੇ ਮਹਾਰਾਸ਼ਟਰ ਵਿਚ ਦੱਖਣੀ-ਪੂਰਬੀ ਖੇਤਰੀ ਬਿਊਰੋ ਦੇ ਇੰਚਾਰਜ ਵਜੋਂ ਮਾਓਵਾਦੀ ਸਰਗਰਮੀਆਂ ਦਾ ਤਾਲਮੇਲ ਰੱਖਣ ਦੇ ਇਲਜ਼ਾਮ ਵੀ ਲਗਾਏ ਹੋਏ ਹਨ।

ਗੰਭੀਰ ਬਿਮਾਰੀਆਂ ਦੇ ਬਾਵਜੂਦ ਉਨ੍ਹਾਂ ਨੂੰ ਨਾ ਸਿਰਫ਼ ਲੋੜੀਂਦੇ ਇਲਾਜ ਤੋਂ ਵਾਂਝੇ ਰੱਖਿਆ ਗਿਆ, ਸਗੋਂ ਉਨ੍ਹਾਂ ਨੂੰ ਕੈਦੀਆਂ ਲਈ ਲੋੜੀਂਦੇ ਕਾਨੂੰਨੀ ਹੱਕਾਂ ਤੋਂ ਵਾਂਝੇ ਰੱਖ ਕੇ ਅੱਠ ਸਾਲ ਤਕ ਜ਼ਿਆਦਾਤਰ ਮਾਮਲਿਆਂ ਦੀ ਚਾਰਜਸ਼ੀਟ ਹੀ ਪੇਸ਼ ਨਹੀਂ ਕੀਤੀ ਗਈ। ਮਾਮਲਿਆਂ ਨੂੰ ਇਸ ਤਰੀਕੇ ਨਾਲ ਚਲਾਇਆ ਗਿਆ ਕਿ ਇਕ ਮਾਮਲੇ ਦੀ ਸੁਣਵਾਈ ਪੂਰੀ ਹੁੰਦਿਆਂ ਹੀ ਪੰਜ-ਸੱਤ ਸਾਲ ਗੁਜ਼ਰ ਜਾਣ। ਜਦੋਂ ਬਹੁਤ ਜ਼ਿਆਦਾ ਦਬਾਓ ਪੈਣ 'ਤੇ ਕਿਸੇ ਇਕ ਮਾਮਲੇ ਵਿਚ ਅਦਾਲਤੀ ਅਮਲ ਸ਼ੁਰੂ ਹੋ ਜਾਂਦਾ, ਪੁਲਿਸ ਬਾਕੀ ਮਾਮਲਿਆਂ ਵਿਚ ਕਾਗਜ਼ਾਂ ਅੰਦਰ ਸਬੰਧਤ ਮੁਲਜ਼ਮ ਨੂੰ ਭਗੌੜਾ ਕਰਾਰ ਦੇ ਕੇ ਵਾਰੰਟ ਕੱਢੀ ਰੱਖਦੀ ਤਾਂ ਜੋ ਇਕ ਮਾਮਲੇ ਵਿਚੋਂ ਰਿਹਾਅ ਹੁੰਦੇ ਸਾਰ ਜਾਂ ਜ਼ਮਾਨਤ ਮਿਲਦੇ ਸਾਰ ਉਸ ਨੂੰ ਹੋਰ ਮਾਮਲੇ ਵਿਚ ਲੋੜੀਂਦਾ ਦਿਖਾ ਕੇ ਤੁਰੰਤ ਗ੍ਰਿਫ਼ਤਾਰ ਕਰ ਲਿਆ ਜਾਵੇ। ਸੈਂਕੜੇ ਮਾਓਵਾਦੀ ਇਨਕਲਾਬੀਆਂ ਦੇ ਮਾਮਲੇ ਵਿਚ ਇਹ ਵਾਪਰ ਚੁੱਕਾ ਹੈ। ਕੁਝ ਮਹੀਨੇ ਪਹਿਲਾਂ ਬੇਲਾਅਲਾ ਪਦਮੱਕਾ ਦੀ ਰਿਹਾਈ ਹੋਈ ਜੋ ਦਸ ਸਾਲ ਤੋਂ ਇਸੇ ਤਰ੍ਹਾਂ ਜੇਲ੍ਹ ਵਿਚ ਸੜ ਰਹੀ ਸੀ। ਪਦਮੱਕਾ ਉਪਰ ਵੀ ਕਤਲਾਂ ਸਮੇਤ ਮਾਓਵਾਦੀ ਪਾਰਟੀ ਦੇ ਸ਼ਹਿਰੀ ਤਾਣੇਬਾਣੇ ਦੇ ਤੌਰ 'ਤੇ ਕੰਮ ਕਰਨ ਵਰਗੇ 10 ਫਰਜ਼ੀ ਮਾਮਲੇ ਦਰਜ ਕੀਤੇ ਗਏ ਸਨ। ਇਕ ਮਾਮਲਾ ਤਾਂ ਉਨ੍ਹਾਂ ਦਿਨਾਂ ਦਾ ਸੀ, ਜਦੋਂ ਉਹ ਖ਼ੁਦ ਜੇਲ੍ਹ ਵਿਚ ਬੰਦ ਸੀ!

ਕੋਬਾਦ ਉਪਰ ਵੀ ਇਸੇ ਮਨਸ਼ਾ ਨਾਲ ਬਹੁਤ ਸਾਰੇ ਫਰਜ਼ੀ ਮਾਮਲੇ ਦਰਜ ਕੀਤੇ ਗਏ, ਪਰ ਅਦਾਲਤ ਵਿਚ ਨਿਸ਼ਚਿਤ ਕਾਨੂੰਨੀ ਵਿਧੀ ਅਨੁਸਾਰ ਚਾਰਜਸ਼ੀਟ ਕਿਸੇ ਮਾਮਲੇ ਵਿਚ ਵੀ ਪੇਸ਼ ਨਹੀਂ ਕੀਤੀ ਗਈ। ਪੁਲਿਸ ਨੇ ਕਈ ਸਾਲ ਬਾਅਦ ਜਾ ਕੇ ਇਕ ਦੋ ਮਾਮਲਿਆਂ ਦੀ ਚਾਰਜਸ਼ੀਟ ਪੇਸ਼ ਕੀਤੀ ਅਤੇ ਉਨ੍ਹਾਂ ਦੀਆਂ ਬਾਕੀ ਮਾਮਲਿਆਂ ਦਾ ਅਦਾਲਤੀ ਅਮਲ ਸ਼ੁਰੂ ਕਰਨ ਦੀਆਂ ਦਰਖ਼ਾਸਤਾਂ ਨੂੰ ਜਾਣ-ਬੁਝ ਕੇ ਦਰਕਿਨਾਰ ਕਰਦੀ ਰਹੀ। ਹਾਲਾਂਕਿ ਉਹ ਵਾਰ ਵਾਰ ਦਰਖ਼ਾਸਤਾਂ ਦੇ ਕੇ ਇਹ ਪੁਰਜ਼ੋਰ ਮੰਗ ਕਰਦੇ ਆ ਰਹੇ ਸਨ।

ਹੁਕਮਰਾਨਾਂ ਦੇ ਸਿਆਸੀ ਇਸ਼ਾਰੇ 'ਤੇ ਪੁਲਿਸ ਦੀਆਂ ਇਨ੍ਹਾਂ ਤਮਾਮ ਪੇਸ਼ਬੰਦੀਆਂ ਦੇ ਬਾਵਜੂਦ, ਜਿਵੇਂ ਸਿਆਸੀ ਕੈਦੀਆਂ ਦੇ ਮਾਮਲੇ ਵਿਚ ਆਮ ਹੀ ਵਾਪਰਦਾ ਹੈ, ਜਿਸ ਜਿਸ ਮਾਮਲੇ ਦਾ ਅਦਾਲਤੀ ਅਮਲ ਸ਼ੁਰੂ ਹੋਇਆ, ਫਰਜ਼ੀ ਮਾਮਲਿਆਂ ਵਿਚ ਲਾਏ ਇਲਜ਼ਾਮਾਂ ਦੀ ਪੋਲ ਅਦਾਲਤ ਵਿਚ ਇਕ ਇਕ ਕਰ ਕੇ ਖੁੱਲ੍ਹਦੀ ਗਈ। ਪਿਛਲੇ ਸਾਲ ਉਹ ਪਟਿਆਲਾ ਵਿਚ ਦਰਜ਼ ਫਰਜ਼ੀ ਮਾਮਲੇ ਵਿਚੋਂ ਬਰੀ ਹੋ ਗਏ। ਜੂਨ 2016 ਵਿਚ ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ਨੇ ਉਨ੍ਹਾਂ ਨੂੰ ਦਹਿਸ਼ਤਵਾਦ ਦੇ ਇਲਜ਼ਾਮਾਂ ਤੋਂ ਬਰੀ ਕਰ ਦਿੱਤਾ। ਇਸ ਦੇ ਬਾਵਜੂਦ ਉਨ੍ਹਾਂ ਨੂੰ ਜ਼ਮਾਨਤ ਉਪਰ ਰਿਹਾਅ ਨਹੀਂ ਕੀਤਾ ਗਿਆ, ਉਨ੍ਹਾਂ ਖ਼ਿਲਾਫ਼ ਅਜੇ 14 ਹੋਰ ਮਾਮਲਿਆਂ ਦੀ ਸੁਣਵਾਈ ਬਾਕੀ ਸੀ।

ਫਿਰ ਉਨ੍ਹਾਂ ਨੂੰ ਹੈਦਰਾਬਾਦ ਦੀ ਚੇਰਲਾਪਲੀ ਕੇਂਦਰੀ ਜੇਲ੍ਹ ਵਿਚ ਕਾਂਗਰਸ ਵਿਧਾਇਕ ਸੀ. ਨਰਸੀ ਰੈਡੀ ਦੇ ਕਤਲ ਦੇ ਮਾਮਲੇ ਵਿਚ ਸ਼ਾਮਲ ਕਰ ਕੇ ਬੰਦ ਰੱਖਿਆ ਗਿਆ ਜਿਸ ਦੀ ਅਗਸਤ 2005 ਵਿਚ ਹੱਤਿਆ ਹੋ ਗਈ ਸੀ। ਇਸੇ ਤਰ੍ਹਾਂ ਉਨ੍ਹਾਂ ਉਪਰ 1999 ਵਿਚ ਆਂਧਰਾ ਪ੍ਰਦੇਸ਼ ਵਿਧਾਨ ਸਭਾ ਦੇ ਸਪੀਕਰ ਦੁਦਿਲਾ ਸ੍ਰੀਪਦ ਰਾਓ ਦੇ ਕਤਲ ਅਤੇ 2008 ਵਿਚ ਜੀ.ਕੇ. ਵੀਡੀ ਬਲਾਕ ਵਿਚ ਕੰਘਾ ਓਪਰੇਸ਼ਨ ਦੌਰਾਨ ਅੱਠ ਗਰੇਅ ਹਾਊਂਡਜ਼ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦੇ ਮੁਕੱਦਮੇ ਸੁਣਵਾਈ ਅਧੀਨ ਹੈ। ਵੱਖ ਵੱਖ ਸੂਬਿਆਂ ਦੀ ਪੁਲਿਸ ਨੂੰ ਭਲੀਭਾਂਤ ਪਤਾ ਹੈ ਕਿ ਕੋਬਾਦ ਦਾ ਇਨ੍ਹਾਂ ਮਾਮਲਿਆਂ ਨਾਲ ਦੂਰ ਦਾ ਵੀ ਵਾਸਤਾ ਨਹੀਂ, ਇਹ ਸਿਰਫ਼ ਹਾਕਮ ਜਮਾਤੀ ਬੌਸਾਂ ਦੇ ਇਸ਼ਾਰੇ 'ਤੇ ਦਰਜ ਕੀਤੇ ਗਏ ਹਨ। ਪਿਛਲੇ ਸਮੇਂ ਵਿਚ ਜੇਲ੍ਹ ਵਿਚੋਂ ਲਿਖੀ ਚਿੱਠੀ ਵਿਚ ਕੋਬਾਦ ਨੇ ਖ਼ੁਲਾਸਾ ਕੀਤਾ ਸੀ ਕਿ ਉਸ ਉਪਰ ਐਸੇ ਮਾਮਲੇ ਵੀ ਦਰਜ ਹਨ ਜਿਨ੍ਹਾਂ ਇਲਾਕਿਆਂ ਵਿਚ ਉਹ ਪੂਰੀ ਜ਼ਿੰਦਗੀ ਕਦੇ ਗਿਆ ਹੀ ਨਹੀਂ।

ਇਸ ਸਾਲ ਅਪਰੈਲ ਮਹੀਨੇ ਉਨ੍ਹਾਂ ਨੂੰ ਅੱਠ ਮਾਮਲਿਆਂ ਦੇ ਸਿਲਸਿਲੇ ਵਿਚ ਆਂਧਰਾ ਪ੍ਰਦੇਸ਼ ਦੀ ਵਿਜ਼ਾਗ (ਵਿਸ਼ਾਖਾਪਟਨਮ) ਕੇਂਦਰੀ ਜੇਲ੍ਹ ਵਿਚ ਲਿਜਾਇਆ ਗਿਆ। ਇਨ੍ਹਾਂ ਵਿਚੋਂ ਤਿੰਨ ਮਾਮਲਿਆਂ ਵਿਚ ਉਹ ਬਰੀ ਹੋ ਗਏ ਅਤੇ ਬਾਕੀਆਂ ਵਿਚ ਉਨ੍ਹਾਂ ਨੂੰ ਜ਼ਮਾਨਤ ਮਿਲ ਗਈ। ਇਸ ਅਦਾਲਤੀ ਹੁਕਮ ਮੁਤਾਬਕ, 12 ਦਸੰਬਰ ਸ਼ਾਮ ਨੂੰ ਉਨ੍ਹਾਂ ਨੂੰ ਵਿਜ਼ਾਗ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ, ਪਰ ਉਨ੍ਹਾਂ ਦੀ ਜੇਲ੍ਹਬੰਦੀ ਦਾ ਸੰਤਾਪ ਅਜੇ ਮੁੱਕਣ ਵਾਲਾ ਨਹੀਂ ਸੀ। ਝਾਰਖੰਡ ਪੁਲਿਸ ਗਿਣੀ-ਮਿਥੀ ਸਾਜ਼ਿਸ਼ ਤਹਿਤ ਉਨ੍ਹਾਂ ਨੂੰ ਅਗਲੇ ਮਾਮਲੇ ਵਿਚ ਗ੍ਰਿਫ਼ਤਾਰ ਕਰਨ ਲਈ ਪੂਰੀ ਯੋਜਨਾ ਬਣਾਈ ਬੈਠੀ ਸੀ।

ਰਿਹਾਈ ਤੋਂ ਬਾਅਦ ਸੰਖੇਪ ਜਿਹੀ ਗੱਲਬਾਤ ਵਿਚ ਕੋਬਾਦ ਗਾਂਧੀ ਨੇ ਖ਼ਦਸ਼ਾ ਜ਼ਾਹਿਰ ਕੀਤਾ ਸੀ ਕਿ ਉਨ੍ਹਾਂ ਦੀ ਰਿਹਾਈ 'ਨੀਮ-ਆਜ਼ਾਦੀ' ਹੈ, ਕਿਉਂਕਿ ਡਰ ਇਹ ਹੈ ਕਿ ਪੁਲਿਸ ਕਿਸੇ ਹੋਰ ਮਾਮਲੇ ਵਿਚ ਉਨ੍ਹਾਂ ਨੂੰ ਦੁਬਾਰਾ ਗ੍ਰਿਫ਼ਤਾਰ ਕਰ ਸਕਦੀ ਹੈ, ਕਿਉਂਕਿ ਉਨ੍ਹਾਂ ਖ਼ਿਲਾਫ਼ ਅਜੇ ਸੱਤ ਮਾਮਲੇ ਬਾਕੀ ਹਨ ਜੋ ਦਸ-ਪੰਦਰਾਂ ਸਾਲ ਪੁਰਾਣੇ ਹਨ। ਉਨ੍ਹਾਂ ਦਾ ਖ਼ਦਸ਼ਾ ਸਹੀ ਸਾਬਤ ਹੋਇਆ। ਰਿਹਾਈ ਤੋਂ ਬਾਅਦ ਜਦੋਂ ਉਹ ਤਿਲੰਗਾਨਾ ਵਿਚ ਅੱਚਮਪੇਟ (ਹੈਦਰਾਬਾਦ ਲਾਗੇ) ਵਿਚ ਇਕ ਮਾਮਲੇ ਦੇ ਸਿਲਸਿਲੇ ਵਿਚ ਅਦਾਲਤ ਵਿਚ ਗਏ ਤਾਂ ਬਾਹਰ ਆਉਂਦੇ ਸਾਰ ਆਂਧਰਾ ਪ੍ਰਦੇਸ਼ ਸਟੇਟ ਇੰਟੈਲੀਜੈਂਸ ਬਿਊਰੋ ਅਤੇ ਝਾਰਖੰਡ ਪੁਲਿਸ ਦੀ ਸਾਂਝੀ ਟੀਮ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ, ਉਨ੍ਹਾਂ ਨੂੰ ਨਾਮਪਲੀ ਕ੍ਰਿਮੀਨਲ ਅਦਾਲਤ ਵਿਚ ਪੇਸ਼ ਕਰਨ ਦੀ ਕਾਗਜ਼ੀ ਕਾਰਵਾਈ ਕੀਤੀ ਅਤੇ 2007 ਦੇ ਇਕ ਮਾਮਲੇ ਵਿਚ ਫਸਾ ਕੇ ਹਵਾਈ ਉਡਾਣ ਰਾਹੀਂ ਤੁਰੰਤ ਬੋਕਾਰੋ ਲੈ ਗਏ। ਯਾਦ ਰਹੇ ਕਿ ਇਸ ਮਾਮਲੇ ਵਿਚ ਨਾਮਜ਼ਦ ਬਾਕੀ ਮੁਲਜ਼ਮ ਜਾਂ ਤਾਂ ਬਰੀ ਹੋ ਚੁੱਕੇ ਹਨ, ਜਾਂ ਜ਼ਮਾਨਤ ਉਪਰ ਰਿਹਾਅ ਹੋ ਚੁੱਕੇ ਹਨ। ਬੋਕਾਰੋ ਦੇ ਐਸ.ਪੀ. ਅਨੁਸਾਰ, ਕੋਬਾਦ ਪੁਲਿਸ ਨੂੰ ਦੋ ਮਾਮਲਿਆਂ ਵਿਚ ਲੋੜੀਂਦਾ ਹੈ: ਸੰਨ 2000 ਵਿਚ ਸੈਂਟਰਲ ਇੰਡਸਟ੍ਰੀਅਲ ਸਕਿਉਰਿਟੀ ਫੋਰਸ ਦੇ ਛੇ ਜਵਾਨਾਂ ਦੀ ਹੱਤਿਆ ਅਤੇ 2006-07 ਵਿਚ ਨਵਾਡੀਹ ਪੁਲਿਸ ਥਾਣੇ ਦੀ ਹੱਦ ਅੰਦਰ ਬਾਰੂਦੀ ਸੁਰੰਗ ਧਮਾਕੇ ਵਿਚ 15 ਵਿਅਕਤੀ ਦੀ ਹੱਤਿਆ; ਭਾਵ ਉਨ੍ਹਾਂ ਨੂੰ ਇਕ ਹੋਰ ਮਾਮਲੇ ਵਿਚ ਮੁਲਜ਼ਮ ਬਣਾ ਲਿਆ ਗਿਆ।

ਕੋਬਾਦ ਗਾਂਧੀ ਨੇ ਪ੍ਰੈੱਸ ਨੂੰ ਜਾਰੀ ਕੀਤੇ ਹੱਥ ਲਿਖਤ ਨੋਟ ਵਿਚ ਦੱਸਿਆ ਕਿ 'ਇਸ ਮਾਮਲੇ ਵਿਚ ਐਫ.ਆਈ.ਆਰ. 2010 ਤੋਂ ਲਟਕੀ ਹੋਈ ਸੀ। ਸੱਤ ਸਾਲ ਪੁਲਿਸ ਨੇ ਇਸ ਮਾਮਲੇ ਨੂੰ ਦਰਕਿਨਾਰ ਕਰੀ ਰੱਖਿਆ, ਮੇਰੇ ਵਲੋਂ ਤਿੰਨ ਵਾਰ ਚਿੱਠੀਆਂ ਲਿਖਣ ਦੇ ਬਾਵਜੂਦ ਇਸ ਮਾਮਲੇ ਵਿਚ ਅਦਾਲਤ ਵਿਚ ਪੇਸ਼ ਨਹੀਂ ਕੀਤਾ ਗਿਆ। ਹੁਣ ਰਿਹਾਈ ਹੋਣ 'ਤੇ ਮੈਨੂੰ ਮੁੜ ਵਿਚਾਰ-ਅਧੀਨ ਕੈਦੀ ਵਜੋਂ ਅਣਮਿਥੇ ਵਕਤ ਲਈ ਜੇਲ੍ਹ ਵਿਚ ਡੱਕਣ ਲਈ ਗ੍ਰਿਫ਼ਤਾਰ ਕਰ ਲਿਆ।' ਇਸੇ ਤਰ੍ਹਾਂ ਗੁਜਰਾਤ ਦੇ ਫਰਜ਼ੀ ਮਾਮਲੇ ਵਿਚ ਕੋਬਾਦ ਗਾਂਧੀ ਦਾ ਨਾਂ ਸ਼ਾਮਲ ਕੀਤਾ ਗਿਆ ਹੈ ਜਿਸ ਵਿਚ ਪਿੱਛੇ ਜਿਹੇ ਇਕ ਹੋਰ ਇਨਕਲਾਬੀ ਕਾਰਕੁਨ ਤੁਸ਼ਾਰ ਭੱਟਾਚਾਰੀਆ ਨੂੰ ਅਚਾਨਕ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਪਿੱਛੋਂ ਉਸ ਨੂੰ ਜ਼ਮਾਨਤ ਉਪਰ ਰਿਹਾਅ ਕਰ ਦਿੱਤਾ ਗਿਆ।

ਹਿੰਦੁਸਤਾਨੀ ਹੁਕਮਰਾਨ ਮਾਓਵਾਦੀ ਅਤੇ ਹੋਰ ਹਥਿਆਰਬੰਦ ਲਹਿਰਾਂ ਉਪਰ ਸੰਵਿਧਾਨ ਨੂੰ ਨਾ ਮੰਨਣ ਅਤੇ ਹਿੰਸਕ ਤਰੀਕੇ ਅਖ਼ਤਿਆਰ ਕਰਨ ਦੇ ਇਲਜ਼ਾਮ ਲਾਉਂਦੇ ਹਨ। ਹਕੀਕਤ ਵਿਚ ਇਹ ਹਿੰਦੁਸਤਾਨੀ ਸਟੇਟ ਅਤੇ ਹੁਕਮਰਾਨ ਜਮਾਤ ਹੈ ਜੋ ਆਪਣੇ ਹੀ ਬਣਾਏ ਸੰਵਿਧਾਨ ਅਤੇ ਕਾਨੂੰਨਾਂ ਦੀਆਂ ਆਮ ਹੀ ਧੱਜੀਆਂ ਉਡਾਉਂਦੀ ਹੈ। ਨਕਸਲੀ/ਮਾਓਵਾਦੀ ਇਨਕਲਾਬੀਆਂ, ਸਵੈਨਿਰਣੇ ਲਈ ਜੂਝ ਰਹੀਆਂ ਕੌਮੀਅਤਾਂ, ਬਹੁ ਗਿਣਤੀ ਦੀ ਧੌਂਸ ਦਾ ਸ਼ਿਕਾਰ ਮੁਸਲਿਮ ਤੇ ਸਿੱਖ ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਆਦਿਵਾਸੀਆਂ ਅਤੇ ਆਪਣੀ ਹੱਕ-ਜਤਾਈ ਲਈ ਜੂਝ ਰਹੇ ਤਮਾਮ ਸੰਘਰਸ਼ਸ਼ੀਲ ਹਿੱਸਿਆਂ ਉਪਰ ਧੜਾਧੜ ਫਰਜ਼ੀ ਮਾਮਲੇ ਦਰਜ ਕਰਨਾ ਅਤੇ ਫਿਰ ਉਨ੍ਹਾਂ ਨੂੰ ਸਿਆਸੀ ਕੈਦੀਆਂ ਵਾਲੇ ਸੰਵਿਧਾਨਕ ਹੱਕਾਂ ਤੋਂ ਪੂਰੀ ਤਰ੍ਹਾਂ ਵਾਂਝੇ ਕਰ ਕੇ ਜੇਲ੍ਹਾਂ ਵਿਚ ਸਾੜਨਾ ਹੁਕਮਰਾਨਾਂ ਅਤੇ ਰਾਜ ਮਸ਼ੀਨਰੀ ਵਲੋਂ ਕਾਨੂੰਨੀ ਵਿਧੀ ਨੂੰ ਟਿੱਚ ਸਮਝਣ ਦੀ ਆਹਲਾ ਮਿਸਾਲ ਹੈ। ਅੱਜ ਤਕ ਪੁਲਿਸ ਇਕ ਵੀ ਹਿੰਸਕ ਮਾਮਲੇ ਵਿਚ ਕੋਬਾਦ ਅਤੇ ਹੋਰ ਬਹੁਤ ਸਾਰੇ ਸੀਨੀਅਰ ਮਾਓਵਾਦੀ ਆਗੂਆਂ ਦੀ ਸ਼ਮੂਲੀਅਤ ਸਾਬਤ ਨਹੀਂ ਕਰ ਸਕੀ ਅਤੇ ਐਸੇ ਮਾਮਲਿਆਂ ਵਿਚ ਕਸੂਰਵਾਰ ਸਾਬਤ ਹੋਣ ਦੀ ਦਰ ਨਾਂ-ਮਾਤਰ ਹੀ ਹੈ।

ਮਹਿਜ਼ ਪਾਬੰਦੀਸ਼ੁਦਾ ਪਾਰਟੀ ਦਾ ਮੈਂਬਰ ਹੋਣਾ ਖ਼ੁਦ ਸੁਪਰੀਮ ਕੋਰਟ ਅਤੇ ਮੁਲਕ ਦੀਆਂ ਕਈ ਹਾਈਕੋਰਟਾਂ ਦੇ ਫ਼ੈਸਲਿਆਂ ਅਨੁਸਾਰ ਕੋਈ ਜੁਰਮ ਨਹੀਂ ਹੈ। ਫਿਰ ਵੀ ਕੋਬਾਦ ਗਾਂਧੀ ਅਤੇ ਉਨ੍ਹਾਂ ਵਾਂਗ ਬਹੁਤ ਸਾਰੇ ਹੋਰ ਇਨਕਲਾਬੀ ਜੇਲ੍ਹਾਂ ਵਿਚ ਸੜ ਰਹੇ ਹਨ। ਪ੍ਰੋਫੈਸਰ ਸਾਈਬਾਬਾ, ਪ੍ਰਸ਼ਾਂਤ ਰਾਹੀ, ਹੇਮ ਮਿਸ਼ਰਾ ਆਦਿ ਜਮਹੂਰੀ ਕਾਰਕੁਨਾਂ ਨੂੰ ਉਚ ਅਦਾਲਤਾਂ ਦੇ ਮਾਰਗ ਦਰਸ਼ਕ ਫ਼ੈਸਲੇ ਉਲੰਘ ਕੇ ਇਕ ਸਥਾਨਕ ਜੱਜ ਨੇ ਉਮਰ ਕੈਦ ਦੀ ਸਜ਼ਾ ਦੇ ਕੇ ਜੇਲ੍ਹ ਵਿਚ ਡੱਕਿਆ ਹੋਇਆ ਹੈ।

ਸਟੇਟ ਖ਼ਿਲਾਫ਼ ਲਹਿਰਾਂ ਨਾਲ ਜੁੜੇ ਕਾਰਕੁਨਾਂ ਨੂੰ ਫਰਜ਼ੀ ਮਾਮਲਿਆਂ ਵਿਚ ਫਸਾਉਣਾ, ਇਕ ਪਿੱਛੋਂ ਇਕ ਮਾਮਲਿਆਂ ਵਿਚੋਂ ਉਨ੍ਹਾਂ ਦਾ ਬਰੀ ਹੁੰਦੇ ਜਾਣਾ, ਫਿਰ ਕਿਸੇ ਹੋਰ ਮਾਮਲੇ ਵਿਚ ਗ੍ਰਿਫ਼ਤਾਰ ਕਰ ਲਏ ਜਾਣਾ ਅਤੇ ਫਿਰ ਬਰੀ ਹੋ ਜਾਣਾ। ਆਖ਼ਰਕਾਰ ਅੱਠ-ਦਸ ਸਾਲ ਬਾਦ ਜੇਲ੍ਹ ਤੋਂ ਰਿਹਾਈ ਹੋਣਾ। ਦਰਅਸਲ ਇਹ ਮਾਓਵਾਦੀ ਲਹਿਰ ਦੇ ਪ੍ਰਭਾਵ ਵਾਲੇ ਸਾਰੇ ਖੇਤਰਾਂ ਤੇ ਕੌਮੀਅਤ ਲਹਿਰਾਂ ਦੇ ਖੇਤਰਾਂ ਵਿਚ ਅਤੇ ਧਾਰਮਿਕ ਘੱਟ ਗਿਣਤੀਆਂ ਦੇ ਮਾਮਲੇ ਵਿਚ ਸਟੇਟ ਦਾ ਆਮ ਦਸਤੂਰ ਹੈ। ਮਾਓਵਾਦੀ ਕੈਦੀਆਂ ਉਪਰ ਇਸ ਮਨਸ਼ਾ ਨਾਲ ਨਵੇਂ ਨਵੇਂ ਫਰਜ਼ੀ ਮਾਮਲੇ ਪਾਏ ਜਾਂਦੇ ਹਨ ਤਾਂ ਜੋ ਉਹ ਵੱਧ ਤੋਂ ਵੱਧ ਵਕਤ ਜੇਲ੍ਹ ਵਿਚ ਸੜਦੇ ਰਹਿਣ।

***ਰਿਹਾਈ ਤੋਂ ਬਾਅਦ ਸੰਖੇਪ ਜਿਹੀ ਗੱਲਬਾਤ ਵਿਚ ਕੋਬਾਦ ਗਾਂਧੀ ਨੇ ਖ਼ਦਸ਼ਾ ਜ਼ਾਹਿਰ ਕੀਤਾ ਸੀ ਕਿ ਉਨ੍ਹਾਂ ਦੀ ਰਿਹਾਈ 'ਨੀਮ-ਆਜ਼ਾਦੀ' ਹੈ, ਕਿਉਂਕਿ ਡਰ ਇਹ ਹੈ ਕਿ ਪੁਲਿਸ ਕਿਸੇ ਹੋਰ ਮਾਮਲੇ ਵਿਚ ਉਨ੍ਹਾਂ ਨੂੰ ਦੁਬਾਰਾ ਗ੍ਰਿਫ਼ਤਾਰ ਕਰ ਸਕਦੀ ਹੈ, ਕਿਉਂਕਿ ਉਨ੍ਹਾਂ ਖ਼ਿਲਾਫ਼ ਅਜੇ ਸੱਤ ਮਾਮਲੇ ਬਾਕੀ ਹਨ ਜੋ ਦਸ-ਪੰਦਰਾਂ ਸਾਲ ਪੁਰਾਣੇ ਹਨ। ਉਨ੍ਹਾਂ ਦਾ ਖ਼ਦਸ਼ਾ ਸਹੀ ਸਾਬਤ ਹੋਇਆ। ਰਿਹਾਈ ਤੋਂ ਬਾਅਦ ਜਦੋਂ ਉਹ ਤਿਲੰਗਾਨਾ ਵਿਚ ਅੱਚਮਪੇਟ (ਹੈਦਰਾਬਾਦ ਲਾਗੇ) ਵਿਚ ਇਕ ਮਾਮਲੇ ਦੇ ਸਿਲਸਿਲੇ ਵਿਚ ਅਦਾਲਤ ਵਿਚ ਗਏ ਤਾਂ ਬਾਹਰ ਆਉਂਦੇ ਸਾਰ ਆਂਧਰਾ ਪ੍ਰਦੇਸ਼ ਸਟੇਟ ਇੰਟੈਲੀਜੈਂਸ ਬਿਊਰੋ ਅਤੇ ਝਾਰਖੰਡ ਪੁਲਿਸ ਦੀ ਸਾਂਝੀ ਟੀਮ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ, ਉਨ੍ਹਾਂ ਨੂੰ ਨਾਮਪਲੀ ਕ੍ਰਿਮੀਨਲ ਅਦਾਲਤ ਵਿਚ ਪੇਸ਼ ਕਰਨ ਦੀ ਕਾਗਜ਼ੀ ਕਾਰਵਾਈ ਕੀਤੀ ਅਤੇ 2007 ਦੇ ਇਕ ਮਾਮਲੇ ਵਿਚ ਫਸਾ ਕੇ ਹਵਾਈ ਉਡਾਣ ਰਾਹੀਂ ਤੁਰੰਤ ਬੋਕਾਰੋ ਲੈ ਗਏ। ਯਾਦ ਰਹੇ ਕਿ ਇਸ ਮਾਮਲੇ ਵਿਚ ਨਾਮਜ਼ਦ ਬਾਕੀ ਮੁਲਜ਼ਮ ਜਾਂ ਤਾਂ ਬਰੀ ਹੋ ਚੁੱਕੇ ਹਨ, ਜਾਂ ਜ਼ਮਾਨਤ ਉਪਰ ਰਿਹਾਅ ਹੋ ਚੁੱਕੇ ਹਨ। ਬੋਕਾਰੋ ਦੇ ਐਸ.ਪੀ. ਅਨੁਸਾਰ, ਕੋਬਾਦ ਪੁਲਿਸ ਨੂੰ ਦੋ ਮਾਮਲਿਆਂ ਵਿਚ ਲੋੜੀਂਦਾ ਹੈ: 2000 ਵਿਚ ਸੀ.ਆਈ.ਐਸ.ਐਫ. ਦੇ ਛੇ ਜਵਾਨਾਂ ਦੀ ਹੱਤਿਆ ਅਤੇ 2006-07 ਵਿਚ ਨਵਾਡੀਹ ਪੁਲਿਸ ਥਾਣੇ ਦੀ ਹੱਦ ਅੰਦਰ ਬਾਰੂਦੀ ਸੁਰੰਗ ਧਮਾਕੇ ਵਿਚ 15 ਵਿਅਕਤੀ ਦੀ ਹੱਤਿਆ।***

## ਪ੍ਰਤੀਕਰਮ

# 'ਸੂਰਜ ਦੀ ਅੱਖ' ਨੂੰ ਗ੍ਰਹਿਣ

ਧਰਮ ਸਿੰਘ ਗੁਰਾਇਆ
ਫੋਨ: 301-653-7029

2 ਦਸੰਬਰ 2017 ਦੇ 'ਪੰਜਾਬ ਟਾਈਮਜ਼' ਵਿਚ ਛਪੇ ਆਪਣੇ ਲੇਖ "ਸੂਰਜ ਦੀ ਅੱਖ: 'ਮਹਾਰਾਜਾ' ਤੇ 'ਮਨੁੱਖ' ਰਣਜੀਤ ਸਿੰਘ" ਵਿਚ ਪ੍ਰਿੰ. ਸਰਵਣ ਸਿੰਘ ਨੇ ਠੀਕ ਹੀ ਲਿਖਿਆ ਹੈ ਕਿ ਰਣਜੀਤ ਸਿੰਘ ਕੋਈ ਪੱਕਾ ਕੱਟੜ ਸਿੱਖ ਨਹੀਂ ਸੀ। ਹਰ ਫੈਸਲਾ ਗੁਰਮਤੇ ਰਾਹੀਂ ਕਰਨ ਦੀ ਸਿੱਖ ਰਵਾਇਤ ਨੂੰ ਰਣਜੀਤ ਸਿੰਘ ਨੇ ਕਦੇ ਨਹੀਂ ਸੀ ਅਪਨਾਇਆ। ਉਂਜ, ਉਸ ਵਿਚ ਰਾਜਿਆਂ ਵਾਲੇ ਗੁਣ ਹੁੰਦੇ ਹੋਏ ਵੀ ਉਸ ਨੇ ਸਾਦਗੀ ਭਰੀ ਜ਼ਿੰਦਗੀ ਨੂੰ ਤਰਜੀਹ ਦਿੱਤੀ। ਜੇ ਉਹ ਬਾਜ਼ ਵਾਲੀ ਅੱਖ ਨਾ ਰੱਖਦਾ ਤਾਂ ਜਨਰਲ ਵੈਂਤੂਰਾ (1794-1858), ਜਨਰਲ ਅਲਾਰਡ (1785-1839), ਕਲਾਂਓਡ ਕੂਰ (1793-1880), ਜਾਂ ਪਾਓਲੋ ਮਾਰਤੀਨੋ (1791-1850) ਦੀ ਪਛਾਣ ਕਦੇ ਨਾ ਕਰ ਸਕਦਾ।

ਇਹ ਕਦੇ ਨਾ ਭੁਲੀਏ ਕਿ ਰਾਜਿਆਂ ਦੇ ਸ਼ੌਕ ਵੀ ਅਵੱਲੇ ਹੁੰਦੇ ਸਨ। ਅਸੀਂ ਰਣਜੀਤ ਸਿੰਘ ਨੂੰ ਇਨ੍ਹਾਂ ਵਿਚੋਂ ਮਨਫੀ ਨਹੀਂ ਕਰ ਸਕਦੇ। ਨੱਚਣ ਵਾਲੀ ਕੁੜੀ ਮੋਰਾਂ 'ਤੇ ਉਹ ਫਿਦਾ ਹੋ ਗਿਆ। ਗੁਲਬਹਾਰ ਉਸ ਦੀ ਬਹਾਰ ਦਾ ਹਿੱਸਾ ਬਣੀ। ਜਵਾਨੀ ਦੀ ਦੁਪਹਿਰ ਜਦ ਦਿਨ ਦੀ ਦੁਪਹਿਰ ਨਾਲ ਇਕ ਮਿਕ ਹੋਣ ਨੂੰ ਆਉਂਦੀ ਹੈ ਤਾਂ ਰਣਜੀਤ ਸਿੰਘ ਜਿਥੇ ਵੀ ਕਿਤੇ ਬਾਹਰ ਸ਼ਿਕਾਰ ਜਾਂ ਸੈਰ ਕਰ ਰਿਹਾ ਹੁੰਦਾ, ਉਸ ਦੇ ਟਹਿਲੀਏ ਉਸ ਦੇ ਚੌਕੜਾ ਮਾਰਨ ਲਈ ਚਟਾਈ ਵਿਛਾ ਦਿੰਦੇ, ਜਿਥੇ ਬੈਠ ਕੇ ਉਹ ਅਫੀਮ ਦਾ ਸੇਵਨ ਕਰਦਾ ਅਤੇ ਨਾਲ ਹੀ ਵੱਖ ਵੱਖ ਦਿਸ਼ਾਵਾਂ ਵੱਲ ਸੁਨੇਹੇ ਲਿਖਵਾ ਕੇ ਭੇਜਦਾ। ਸ਼ਾਮ ਵਕਤ ਸ਼ਰਾਬ ਦੀ ਮਹਿਫਿਲ ਵਿਚ ਵੱਡੇ ਵੱਡੇ ਯੂਰਪੀ ਵੀ ਉਸ ਦੇ ਸਾਹਮਣੇ ਤੌਬਾ ਤੌਬਾ ਕਰ ਉਠਦੇ।

ਪ੍ਰਿੰ. ਸਰਵਣ ਸਿੰਘ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਖਲੋਤੇ ਪਾਣੀ ਅੰਦਰ ਕੁਝ ਹਿਲਜੁਲ ਤਾਂ ਕੀਤੀ। ਸ਼ਾਇਦ ਦੇਖਾ-ਦੇਖੀ ਹੋਰ ਵੀ ਸੁਚੇਤ, ਅਗਾਂਹਵਧੂ ਸੋਚ ਦੇ ਧਾਰਨੀ, ਪੰਜਾਬੀ ਬੋਲੀ ਨੂੰ ਪਿਆਰ ਕਰਨ ਵਾਲੇ ਸ. ਬਲਦੇਵ ਸਿੰਘ ਨੂੰ ਬਾਂਹ ਤੋਂ ਫੜ੍ਹ ਕੇ ਉਠਾਉਣਗੇ। ਮੇਰੇ ਲਈ ਉਨ੍ਹਾਂ ਦੇ ਦੋ ਨਾਵਲ 'ਢਾਹਵਾਂ ਦਿੱਲੀ ਦੇ ਕਿੰਗਰੇ' ਅਤੇ 'ਮਹਾਬਲੀ ਸੂਰਾ' ਹੀ ਮਜ਼ਬੂਤ ਦਸਤਾਵੇਜ਼ੀ ਗਵਾਹ ਹਨ ਕਿ ਉਨ੍ਹਾਂ ਨੇ ਕਿਧਰੇ ਵੀ ਜਾਣਬੁਝ ਕੇ 'ਸੂਰਜ ਦੀ ਅੱਖ' ਵਿਚ ਮਿਰਚਾਂ ਨਹੀਂ ਧੂੜੀਆਂ ਹੋਣਗੀਆਂ। ਯਕੀਨਨ ਉਨ੍ਹਾਂ ਨੇ ਵੱਖ ਵੱਖ ਸਰੋਤਾਂ ਦਾ ਆਸਰਾ ਲਿਆ ਹੋਵੇਗਾ। ਇਸ ਲਈ ਇਸ ਬਾਰੇ ਰਤਾ ਨਿੱਠ ਕੇ ਗੱਲ ਕਰੀਏ।

ਬੁੱਧ ਸਿੰਘ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਛਕਿਆ ਸੀ, ਸ਼ੁਕਰਚੱਕੀਆ ਮਿਸਲ ਦੇ ਬਾਨੀ ਸਨ। 1716 ਵਿਚ ਆਪਣੀ ਮੌਤ ਉਪਰੰਤ ਕੁਝ ਪਿੰਡ ਅਤੇ ਜ਼ਮੀਨ ਆਪਣੇ ਪੁੱਤਰਾਂ ਲਈ ਛੱਡ ਗਏ। ਬੁੱਧ ਸਿੰਘ ਦੇ ਦੋ ਪੁੱਤਰਾਂ ਵਿਚੋਂ ਨੌਧ ਸਿੰਘ (ਮੌਤ 1753) ਤੋਂ ਬਾਅਦ ਉਸ ਦੇ ਚਾਰ ਪੁੱਤਰਾਂ ਵਿਚੋਂ ਚੜ੍ਹਤ ਸਿੰਘ (ਮੌਤ 1774) ਮਗਰੋਂ ਮਹਾਂ ਸਿੰਘ (1760-1792) ਨੇ ਆਪਣੇ ਬਾਪ (ਚੜ੍ਹਤ ਸਿੰਘ) ਦੀ ਵਿਰਾਸਤ ਸੰਭਾਲੀ। ਸ਼ੁਕਰਚਕੀਆ ਮਿਸਲ ਉਦੋਂ ਭਾਵੇਂ ਬਹੁਤ ਵੱਡੀ ਨਹੀਂ ਸੀ, ਪਰ ਜਦੋਂ ਮਹਾਂ ਸਿੰਘ ਨੇ ਜੀਂਦ ਦੇ ਗਜਪਤ ਸਿੰਘ ਦੀ ਲੜਕੀ ਨਾਲ ਵਿਆਹ ਕਰ ਲਿਆ ਤਾਂ ਮਹਾਂ ਸਿੰਘ ਦੀ ਤਾਕਤ ਵਧ ਗਈ। ਕਨ੍ਹਈਆ ਮਿਸਲ ਦੇ ਮੁਖੀ ਜੈ ਸਿੰਘ ਨੂੰ ਮਹਾਂ ਸਿੰਘ ਦੀ ਤਾਕਤ ਅੱਖਾਂ ਵਿਚ ਰੜਕਣ ਲੱਗੀ। ਜਦੋਂ ਦੀਵਾਲੀ ਮੌਕੇ ਮਹਾਂ ਸਿੰਘ ਨੇ ਸਿੱਖ ਸਮੂਹ ਨੂੰ ਹਰਿਮੰਦਰ ਸਾਹਿਬ ਆਉਣ ਲਈ ਸੁਨੇਹੇ ਭੇਜੇ ਤਾਂ ਜੈ ਸਿੰਘ ਨੇ ਕੋਈ ਪਰਵਾਹ ਨਾ ਕੀਤੀ, ਸਗੋਂ ਮਹਾਂ ਸਿੰਘ ਨੂੰ 'ਭਗਤੀਆ' ਤੱਕ ਕਹਿ ਦਿੱਤਾ, ਭਾਵ ਨੱਚਣ ਵਾਲਾ। ਮਹਾਂ ਸਿੰਘ ਦਾ ਗੁੱਸਾ ਜਾਇਜ਼ ਸੀ। ਇਨ੍ਹਾਂ ਦੋਹਾਂ ਦਰਮਿਆਨ ਦੋ ਲੜਾਈਆਂ ਹੋਈਆਂ। ਪਹਿਲੀ ਮਜੀਠੇ ਲਾਗੇ ਅਤੇ ਦੂਜੀ ਨੌਸ਼ਹਿਰਾ ਵਿਚ। ਦੋਹਾਂ ਵਿਚ ਹੀ ਜੈ ਸਿੰਘ ਦੀ ਹਾਰ ਹੋਈ। ਅਖੀਰ ਜੈ ਸਿੰਘ ਸਭ ਕੁਝ ਛੱਡ-ਛਡਾ ਕੇ ਬਟਾਲੇ ਲਾਗੇ ਆਪਣੀ ਜ਼ਿੰਦਗੀ ਦਾ ਆਖਰੀ ਸਮਾਂ ਗੁੰਮਨਾਮੀ ਵਿਚ ਬਿਤਾ ਗਿਆ।


*ਮਹਾਰਾਜਾ ਰਣਜੀਤ ਸਿੰਘ*

ਜਦ 1792 ਵਿਚ ਮਹਾਂ ਸਿੰਘ ਦੀ ਮੌਤ ਹੋਈ, ਉਦੋਂ ਰਣਜੀਤ ਸਿੰਘ (1780-1839) 12 ਵਰ੍ਹਿਆਂ ਦਾ ਸੀ। ਮਹਾਂ ਸਿੰਘ ਦੇ ਜਿਉਂਦੇ ਜੀਅ ਉਹ ਕਈ ਵਾਰ ਆਪਣੇ ਬਾਪ ਨਾਲ ਲੜਾਈ ਦੀਆਂ ਝੜਪਾਂ ਵੇਖ ਚੁਕਾ ਸੀ। ਇਨ੍ਹਾਂ ਲੜਾਈਆਂ ਨੇ ਰਣਜੀਤ ਸਿੰਘ ਨੂੰ ਚੰਗਾ ਘੋੜ-ਸਵਾਰ ਅਤੇ ਤਲਵਾਰਬਾਜ਼ੀ ਦਾ ਮਾਹਿਰ ਬਣਾ ਦਿੱਤਾ। ਰਣਜੀਤ ਸਿੰਘ ਕੱਦ-ਕਾਠ ਵਿਚ ਭਾਵੇਂ ਕਰੀਬ 5 ਫੁੱਟ 4 ਇੰਚ ਹੀ ਸੀ, ਪਰ ਉਸ ਦਾ ਮੱਥਾ ਬਹੁਤ ਚੌੜਾ ਸੀ। ਛੋਟੀ ਉਮਰੇ ਚੇਚਕ ਨੇ ਉਸ ਦੀ ਖੱਬੀ ਅੱਖ ਖੋਹ ਲਈ। ਚਿਹਰੇ 'ਤੇ ਮਾਤਾ ਦੇ ਦਾਗ ਸਨ। ਉਹ ਜੱਟਾਂ ਜ਼ਿਮੀਂਦਾਰਾਂ ਦੇ ਮੁੰਡਿਆਂ ਨਾਲ ਖੇਡਦਾ, ਸ਼ਿਕਾਰ ਕਰਦਾ ਅਤੇ ਪੁੱਠੇ-ਸਿੱਧੇ ਪੰਗੇ ਲੈਂਦਾ। ਉਹ ਕੋਰਾ ਅਨਪੜ੍ਹ ਸੀ, ਪਰ ਜਦ ਲਾਹੌਰ ਦੇ ਸ਼ਾਹੀ ਦਰਬਾਰ 'ਤੇ ਕਬਜ਼ਾ ਕੀਤਾ ਤਾਂ ਦਸਤਖਤ ਕਰਨੇ ਸਿੱਖ ਲਏ ਸਨ।

ਮੈਨੂੰ 'ਸੂਰਜ ਦੀ ਅੱਖ' (ਵਿਵਾਦ ਵਿਚ ਘਿਰਿਆ ਬਲਦੇਵ ਸਿੰਘ ਦਾ ਨਾਵਲ) ਵਿਚ ਅੱਖ ਪਾਉਣ ਦਾ ਅਜੇ ਮੌਕਾ ਨਹੀਂ ਮਿਲਿਆ, ਪਰ ਜਦੋਂ ਇਹ ਕਿਤਾਬ ਛਪੀ ਅਤੇ ਕੁਝ ਕੁ ਨੇ ਪੜ੍ਹੀ, ਤੇ ਬਾਕੀਆਂ ਨੇ ਦੇਖਾ-ਦੇਖੀ, ਬਿਨਾ ਕਿਸੇ ਪੜਚੋਲ ਦੇ ਆਪਣੀਆਂ ਕਲਮਾਂ ਵਿਚੋਂ ਸਿਆਹੀ ਕੱਢ ਮੁਕਾਈ, ਬੜਾ ਅਚੰਭਾ ਹੋਇਆ। ਆਖਰ ਬਲਦੇਵ ਸਿੰਘ ਨੇ ਕਿਹੜਾ ਨਵਾਂ ਸਲਮਾਨ ਰਸ਼ਦੀ ਵਾਲਾ 'ਸਟੈਨਿਕ ਵਰਸਜ਼' ਵਰਗੀ ਰਚਨਾ ਕੀਤੀ ਸੀ। ਇਨ੍ਹਾਂ ਆਲੋਚਕਾਂ ਵਿਚੋਂ ਬਹੁਤਿਆਂ ਨੇ ਸ਼ਾਇਦ ਹੀ ਯੂਰਪੀ ਲਿਖਾਰੀਆਂ ਵੱਲੋਂ ਲਿਖੇ ਪੰਜਾਬ, ਖਾਸ ਕਰ ਕੇ ਰਣਜੀਤ ਸਿੰਘ ਦੇ ਰਾਜ ਕਾਲ ਬਾਰੇ ਪੜ੍ਹਿਆ ਹੋਵੇ। ਇਨ੍ਹਾਂ ਆਲੋਚਕਾਂ ਨੇ ਇਹ ਸੋਚ ਕੇ, ਕਿ 'ਮੈਂ ਕਿਤੇ ਪਿਛੇ ਨਾ ਰਹਿ ਜਾਵਾਂ', ਚਿੱਟੇ ਕਾਗਜ਼ ਕਾਲੇ ਕਰ ਸੁੱਟੇ। ਬਹੁ-ਗਿਣਤੀ ਲੇਖਕ ਚੁੱਪ ਹੋ ਗਏ। ਮਿੱਤਰੋ! ਕਦੇ ਤੁਹਾਡੀ ਵਾਰੀ ਵੀ ਆ ਸਕਦੀ ਹੈ!

ਰਣਜੀਤ ਸਿੰਘ ਦਾ ਪਰਿਵਾਰਕ ਵੇਰਵਾ ਇਸ ਲਈ ਵੀ ਜ਼ਰੂਰੀ ਸੀ ਤਾਂ ਕਿ ਪਤਾ ਲੱਗੇ ਕਿ ਉਹ ਜੰਮਦਿਆਂ ਹੀ ਰਾਜਾ ਨਹੀਂ ਸੀ ਬਣ ਗਿਆ। ਉਂਜ, ਉਸ ਨੇ ਮਹਿਜ਼ 17 ਸਾਲ ਦੀ ਉਮਰ ਵਿਚ ਲਾਹੌਰ ਦਰਬਾਰ ਦੀਆਂ ਪੌੜੀਆਂ ਦੀ ਮਿਣਤੀ ਸ਼ੁਰੂ ਕਰ ਦਿੱਤੀ ਸੀ ਅਤੇ 1799 ਵਿਚ 19 ਸਾਲ ਦੀ ਉਮਰੇ ਸ਼ਾਹੀ ਕਿਲ੍ਹੇ 'ਤੇ ਕਬਜ਼ਾ ਕਰ ਲਿਆ ਸੀ। ਆਪਣੇ 40 ਸਾਲ ਦੇ ਰਾਜ ਕਾਲ ਦੌਰਾਨ ਉਸ ਨੇ ਸਾਬਤ ਕਰ ਦਿੱਤਾ ਸੀ ਕਿ ਉਹ ਵਾਕਿਆ ਹੀ ਵੱਡਾ ਸ਼ਾਹ-ਸਵਾਰ, ਤਲਵਾਰ-ਨੇਜੇ ਦਾ ਧਨੀ, ਲਗਾਤਾਰ 10-10 ਘੰਟੇ ਘੋੜੇ ਦੀ ਪਿੱਠ ਦਾ ਸਵਾਰ ਸੀ। ਉਹ ਇਨਸਾਫਪਸੰਦ, ਹਰ ਧਰਮ ਦੇ ਲੋਕਾਂ ਦਾ ਮਾਣ ਕਰਨ ਵਾਲਾ, ਹਲੀਮੀ ਦਾ ਪਾਤਰ, ਰੱਬ ਤੋਂ ਡਰਨ ਵਾਲਾ, ਕਿਸਾਨਾਂ ਦਾ ਆਪਣਾ ਅਤੇ ਬੇਸਹਾਰਿਆਂ ਦਾ ਸਹਾਰਾ ਸੀ। ਉਸ ਨੇ ਆਪਣੀ ਸੋਚ, ਦੂਰ-ਅੰਦੇਸ਼ੀ ਅਤੇ ਬਾਹੂਬਲ ਨਾਲ ਪੰਜਾਬ ਅੰਦਰ ਅਜਿਹੀ ਹਕੂਮਤ ਕਾਇਮ ਕੀਤੀ ਜਿਸ ਦੀ ਚਰਚਾ ਇੰਗਲੈਂਡ, ਫਰਾਂਸ, ਰੂਸ, ਚੀਨ ਤੱਕ ਹੋਣ ਲੱਗੀ।

ਹੈਰਾਨੀ ਹੁੰਦੀ ਹੈ ਕਿ ਮਹਿਜ਼ 6.5 ਫੀਸਦੀ ਸਿੱਖਾਂ ਦੀ ਆਬਾਦੀ ਨਾਲ 53 ਫੀਸਦੀ ਮੁਸਲਮਾਨ ਅਤੇ 34.8 ਫੀਸਦੀ ਹਿੰਦੂਆਂ ਨੂੰ ਕਿਵੇਂ ਇਕ ਦੂਜੇ ਨਾਲ ਮਿਲ-ਮਿਲਾ ਕੇ ਰਹਿਣ ਦੀ ਜੁਗਤ ਸਿਖਾਈ ਹੋਵੇਗੀ। ਇਨਸਾਫ ਦੇ ਤਰਾਜੂ ਵਿਚ ਕੋਈ ਕਾਣ ਨਹੀਂ ਸੀ। ਜ਼ਮੀਨ ਦਾ ਮਾਮਲਾ ਉਗਰਾਹੁਣ ਲਈ ਫੌਜ ਨਹੀਂ ਸੀ ਭੇਜੀ ਜਾਂਦੀ। ਜੇ ਕਿਧਰੇ ਫਸਲਮਾਰ ਹੋ ਜਾਂਦੀ ਤਾਂ ਮਾਲੀਆ ਮੁਆਫ ਜਾਂ ਘੱਟ ਕਰ ਦਿੱਤਾ ਜਾਂਦਾ ਸੀ। ਸਜ਼ਾ-ਏ-ਮੌਤ ਨਹੀਂ ਸੀ। ਬਹਾਦਰਾਂ ਦਾ ਮਾਣ ਸਤਿਕਾਰ ਕੀਤਾ ਜਾਂਦਾ ਸੀ। ਦੁਸ਼ਮਣ ਨੂੰ ਵੀ ਬਖਸ਼ ਦਿੱਤਾ ਜਾਂਦਾ ਸੀ। ਪੰਜਾਬੀਆਂ ਨੇ ਉਸ ਨੂੰ 'ਮਹਾਰਾਜਾ' ਦਾ ਖਿਤਾਬ ਦਿੱਤਾ ਹੋਇਆ ਸੀ, ਜਿਸ ਦਾ ਭਾਵ (ਅਗਰ ਯੂਰਪੀ ਰਾਜਿਆਂ ਨਾਲ ਮੁਕਾਬਲਾ ਕੀਤਾ ਜਾਵੇ) ਸੀ ਕਿ ਮਹਾਰਾਜੇ ਦਾ ਹੁਕਮ ਰੱਬੀ ਅਤੇ ਆਖਰੀ ਹੁੰਦਾ ਸੀ। ਪਰਜਾ ਲਈ ਹੁਕਮ ਦੀ ਤਾਮੀਲ ਲਾਜ਼ਮੀ ਬਣ ਜਾਂਦੀ ਸੀ, ਪਰ ਪੰਜਾਬ ਅੰਦਰ ਇਉਂ ਨਹੀਂ ਸੀ। ਜੇ ਰਾਜੇ ਦੇ ਹੁਕਮ ਨਾਲ ਆਮ ਜਨਤਾ ਨੂੰ ਕੋਈ ਦੁਖ-ਤਕਲੀਫ ਜਾਂ ਨੁਕਸਾਨ ਹੁੰਦਾ ਸੀ, ਤਾਂ ਉਸ ਨੂੰ ਬਦਲਿਆ ਵੀ ਜਾਂਦਾ ਸੀ।

ਜਦ ਸਿੱਖ ਸਰਦਾਰਾਂ ਨੇ ਰਣਜੀਤ ਸਿੰਘ ਨੂੰ ਕਿਹਾ ਕਿ ਕਿਉਂ ਨਾ ਆਪਾਂ ਜੰਗਲ ਸਾਫ ਕਰ ਕੇ ਪੱਕੇ ਰਾਹ ਬਣਾਈਏ ਅਤੇ ਦਰਿਆਵਾਂ 'ਤੇ ਪੁਲ ਉਸਾਰੀਏ ਤਾਂ ਅੱਗਿਉਂ ਰਣਜੀਤ ਸਿੰਘ ਕਹਿੰਦਾ, "ਕੀ ਗੱਲ, ਤਾਂ ਕਿ ਅੰਗਰੇਜ਼ੀ ਫੌਜ ਬਿਨਾ ਰੋਕ-ਟੋਕ ਆਰਾਮ ਨਾਲ ਪੰਜਾਬ ਅੰਦਰ ਆ ਸਕੇ।" ਜੰਗਲ ਸਾਫ ਕਰਨਾ ਵੀ ਉਸ ਨੂੰ ਵਾਜਿਬ ਨਹੀਂ ਸੀ ਲਗਦਾ, ਕਿਉਂਕਿ ਸਿੱਖਾਂ ਲਈ ਜੰਗਲਾਂ ਅੰਦਰ ਗੁਰੀਲਾ ਯੁੱਧ ਨੀਤੀ ਹੀ ਕਾਰਗਰ ਸੀ।

ਰਣਜੀਤ ਸਿੰਘ ਅੰਦਰ ਪੰਜਾਬ ਨੂੰ ਵੱਡੇ ਆਕਾਰ ਵਿਚ ਅਤੇ ਮਜ਼ਬੂਤ ਫੌਜੀ ਸ਼ਕਤੀ ਕਾਇਮ ਕਰਨ ਦੀ ਹਮੇਸ਼ਾ ਤੜਫ ਸੀ। ਇਹੀ ਕਾਰਨ ਸੀ ਕਿ ਉਸ ਦੇ ਰਾਜ ਅੰਦਰ ਵੱਖ ਵੱਖ ਫਿਰਕਿਆਂ ਨੂੰ ਉਨ੍ਹਾਂ ਦੇ ਗੁਣਾਂ ਦੇ ਆਧਾਰ 'ਤੇ ਰੁਤਬੇ ਦਿੱਤੇ ਜਾਂਦੇ ਸਨ; ਜਿਵੇਂ ਫਕੀਰ ਅਜ਼ੀਜ਼-ਉਦ-ਦੀਨ ਵਿਦੇਸ਼ ਮੰਤਰੀ, ਦੀਨਾ ਨਾਥ ਮਾਲ ਮੰਤਰੀ ਅਤੇ ਇਮਾਮ-ਉਦ-ਦੀਨ ਤੇ ਨੂਰ-ਉਦ-ਦੀਨ ਤੋਪਖਾਨੇ ਦੇ ਕਮਾਂਡਰ ਸਨ। ਉਸ ਨੇ ਆਪਣੀ ਪਰਜਾ ਨੂੰ ਹਰ ਸੁਖਾਵਾਂ ਮਾਹੌਲ ਦੇਣ ਦਾ ਯਤਨ ਕੀਤਾ। ਉਸ ਦਾ ਆਕਾਰ ਵੱਡੇ ਬੋਹੜ ਦੀ ਨਿਆਈਂ ਸੀ। ਉਸ ਦੇ ਹੇਠਾਂ ਘਾਹ-ਫੂਸ ਦੇ ਸਿਵਾਏ ਹੋਰ ਕੁਝ ਨਾ ਉਗ ਸਕਿਆ। ਜੋ ਕੁਝ ਉਸ ਦੀ ਮੌਤ ਤੋਂ ਬਾਅਦ ਹੋਇਆ, ਸਭ ਜਾਣਦੇ ਹਨ।

**ਆਉ, ਹੁਣ ਤਸਵੀਰ ਦਾ ਦੂਜਾ ਪਾਸਾ ਦੇਖੀਏ:**

ਬਿਨਾ ਸ਼ੱਕ ਰਣਜੀਤ ਸਿੰਘ ਮਹਾਂ ਯੋਧਾ ਸੀ। ਉਸ ਦੇ ਚਿਹਰੇ ਦਾ ਤੇਜ ਪਰਤਾਪ ਸੀ। ਆਪਣੇ ਸਾਥੀਆਂ ਦੇ ਮੂਹਰੇ ਹੋ ਕੇ ਮੈਦਾਨੇ ਜੰਗ ਵਿਚ ਲੜਨ-ਮਰਨ ਵਾਲਾ ਜੁਝਾਰੂ ਸੀ। ਸ਼ਾਇਦ ਕਿਪਲਿੰਗ ਦਾ ਇਸ਼ਾਰਾ ਰਣਜੀਤ ਸਿੰਘ ਵੱਲ ਕੁਝ ਇੰਦਾਂ ਸੀ:

ਚਹੁੰ ਚੀਜ਼ਾਂ ਦੀ ਜੀਵਨ ਵਿਚ ਰਹਿੰਦੀ ਮਹਾਂ ਉਮੰਗ,
ਇਸਤਰੀਆਂ ਤੇ ਘੋੜੇ ਅਤੇ ਹਕੂਮਤ ਤੇ ਜੰਗ।

ਰਣਜੀਤ ਸਿੰਘ ਖੁਦ ਭਾਵੇਂ ਸ਼ਕਲੋਂ ਕਰੂਪ ਸੀ, ਪਰ ਸੁਹਣੇ ਰੰਗ-ਰੂਪ ਅਤੇ ਸੁੰਦਰਤਾ ਦਾ ਸ਼ੈਦਾਈ ਸੀ। ਚੰਗੀ ਸ਼ਰਾਬ ਅਤੇ ਅਫੀਮ ਵੀ ਉਸ ਦੇ ਸ਼ੌਕ ਸਨ। ਸੁੰਦਰ ਕਸ਼ਮੀਰੀ ਕੁੜੀਆਂ ਦੇ ਨਾਚ-ਗਾਣੇ ਅਤੇ ਘੁੰਗਰੂਆਂ ਦੀ ਮਸਤ ਆਵਾਜ਼ ਉਸ ਦੀ ਮੌਜ-ਮਸਤੀ ਦਾ ਹਿੱਸਾ ਸਨ। ਉਸ ਦੀਆਂ ਰਾਣੀਆਂ ਅਤੇ ਦਾਸੀਆਂ ਦੀ ਗਿਣਤੀ ਵੀ ਚੋਖੀ ਸੀ। ਸੱਤ ਪੁੱਤਰ ਸਨ ਜੋ ਵੱਖ ਵੱਖ ਪੇਟੋਂ ਪੈਦਾ ਹੋਏ ਸਨ। ਉਨ੍ਹਾਂ ਅੰਦਰ ਬਜਾਏ ਇਸ ਦੇ ਕਿ ਆਪਸੀ ਪਿਆਰ-ਮੁਹੱਬਤ ਅਤੇ ਭਾਈਚਾਰਕ ਸਾਂਝ ਹੁੰਦੀ, ਵੈਰ ਤੇ ਸ਼ਰੀਕਾ ਆ ਗਿਆ। ਸਿੱਟਾ ਇਹ ਨਿਕਲਿਆ ਕਿ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਾਰੇ ਦੇ ਸਾਰੇ ਮਾਰੇ ਗਏ, ਤੇ ਜੋ ਬਚਿਆ ਸੀ ਦਲੀਪ ਸਿੰਘ, ਜਿਸ ਨੂੰ ਕਈ ਲੋਕ ਰਣਜੀਤ ਸਿੰਘ ਦੀ ਸ਼ੱਕੀ ਔਲਾਦ ਵੀ ਮੰਨਦੇ ਹਨ, ਨੂੰ ਅੰਗਰੇਜ਼ ਇੰਗਲੈਂਡ ਲੈ ਗਏ। ਬੇਵਸੀ, ਇਕੱਲ ਅਤੇ ਅਖੀਰ ਗਰੀਬੀ ਵਾਸੇ ਦੌਰਾਨ 22 ਅਕਤੂਬਰ 1893 ਨੂੰ ਪੈਰਿਸ ਦੇ ਇਕ ਹੋਟਲ ਵਿਚ ਉਸ ਦੀ ਮੌਤ ਹੋ ਗਈ।

# 'ਤੋਰ ਦਿੱਤਾ ਲਾਲਾਂ ਨੂੰ' ਨਾਲ ਕਮਲਜੀਤ ਨੀਰੂ ਦੀ ਸ਼ਰਧਾਵਾਨ ਪੇਸ਼ਕਾਰੀ

ਕਰੀਬ ਦੋ ਦਹਾਕੇ ਆਪਣੀ ਗਾਇਕੀ ਨਾਲ ਪੰਜਾਬੀਆਂ ਦੇ ਮਨਾਂ 'ਤੇ ਰਾਜ ਕਰਨ ਵਾਲੀ ਕਮਲਜੀਤ ਨੀਰੂ ਕਾਫੀ ਸਮਾਂ ਚੁੱਪ ਰਹਿਣ ਪਿਛੋਂ



ਮੁੜ ਸੰਗੀਤਕ ਬਰੂਹਾਂ 'ਤੇ ਨਰੋਏ ਪੈਰੀਂ ਦਸਤਕ ਦੇਣ ਲਈ ਆ ਖੜ੍ਹੀ ਹੈ। ਖੂਬਸੂਰਤੀ ਤੇ ਵਿਲੱਖਣ ਪੇਸ਼ਕਾਰੀ ਕਰਕੇ 'ਰੂੜਾ ਮੰਡੀ ਜਾਵੇ' ਨਾਲ ਉਹ ਲੋਕ ਗਾਇਕਾ ਬਣਨ ਦੇ ਸਿਧਾਂਤਕ ਪੱਖ ਨਾਲ ਜੁੜੀ ਰਹੀ ਹੈ। ਹਾਲ ਹੀ ਵਿਚ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ 'ਤੇ ਆਇਆ ਸਿੱਖ ਇਤਿਹਾਸ ਦੇ ਸ਼ਹਾਦਤ ਨਾਲ ਭਰੇ ਪੰਨਿਆਂ ਨੂੰ ਫਰੋਲਦਾ ਨੀਰੂ ਦਾ ਗੀਤ 'ਨਾ ਹੀ ਕਿਸੇ ਸਿਹਰੇ ਬੰਨ੍ਹੇ ਨਾ ਗਾਈਆਂ ਘੋੜੀਆਂ, ਤੋਰ ਦਿੱਤਾ ਲਾਲਾਂ ਨੂੰ ਬਣਾ ਕੇ ਮਾਏ ਜੋੜੀਆਂ' ਇਸ ਵੇਲੇ ਸਿੱਖ ਹਲਕਿਆਂ ਵਿਚ ਨੀਰੂ ਪ੍ਰਤੀ ਹੋਰ ਵੀ ਤੇਹ ਮੋਹ ਪੈਦਾ ਕਰ ਰਿਹਾ ਹੈ। ਖਾਸ ਗੱਲ ਇਹ ਕਿ ਨੀਰੂ ਆਪਣੀ ਗਾਇਕੀ ਦੇ ਰੰਗ ਤੋਂ ਕਿਸੇ ਵੀ ਤਰ੍ਹਾਂ ਪਿਛੇ ਨਹੀਂ ਪਰਤਦੀ ਦਿਸਦੀ। ਹਾਲਾਂਕਿ ਉਸ ਦੀ ਲੰਬੀ ਚੁੱਪ ਪੰਜਾਬੀ ਸੰਗੀਤ ਦੇ ਚਾਹਵਾਨਾਂ ਨੂੰ ਰੜਕਦੀ ਰਹੀ ਹੈ। ਪੰਜਾਬ ਦੇ ਵੱਡੇ ਮੇਲਿਆਂ 'ਚ ਰੱਜ ਕੇ ਪੰਜਾਬੀਆਂ ਦਾ ਸਤਿਕਾਰ ਖੱਟਣ ਵਾਲੀ ਨੀਰੂ ਨੇ ਪੁਰਾਣੇ ਸੰਗੀਤਕਾਰ ਹਰਜੀਤ ਗੁੱਡੂ ਨੂੰ ਇਸ ਗੀਤ ਦਾ ਮਿਊਜ਼ਿਕ ਤਿਆਰ ਕਰਨ ਲਈ ਹੀ ਨਾਲ ਨਹੀਂ ਜੋੜਿਆ ਸਗੋਂ ਕਿਸੇ ਵੇਲੇ ਸੰਗੀਤਕ ਖੇਤਰ ਵਿਚ ਪੂਰੀ ਤਰ੍ਹਾਂ ਸਥਾਪਿਤ ਰਹਿਣ ਵਾਲੇ ਗੁੱਡੂ ਲਈ ਮੁੜ ਪ੍ਰਵੇਸ਼ ਦਾ ਦਰਵਾਜ਼ਾ ਵੀ ਖੋਲ੍ਹਿਆ ਹੈ। ਕੁਝ ਲੋਕ ਪੌੜੀਆਂ ਦੀ ਵਰਤੋਂ ਸਿਰਫ ਚੁਬਾਰੇ ਚੜ੍ਹਨ ਲਈ ਕਰਦੇ ਨੇ ਤੇ ਕੁਝ ਲੋਕ ਉਚੀਆਂ ਉਡਾਰੀਆਂ ਭਰਨ ਲਈ ਅਸਮਾਨ ਵੱਲ ਵੇਖਦੇ ਨੇ। ਕਮਲਜੀਤ ਨੀਰੂ ਉਨ੍ਹਾਂ ਵਿਚੋਂ ਹੀ ਇਕ ਹੈ ਜਿਸ ਨੂੰ ਲੰਬੀ ਉਡਾਰੀ ਭਰਨ ਦੀ ਚਾਹਤ ਹੈ। ਉਸ ਦੇ ਪ੍ਰੋਡਿਊਸਰ ਪਤੀ ਕੈਪਟਨ ਸੁਖਬੀਰ ਸਿੰਘ ਮਾਂਗਟ ਇਸ ਗੀਤ ਨਾਲ ਆਪਣੀ ਗਾਇਕਾ ਪਤਨੀ ਨਾਲ ਸਿਰ ਜੋੜ ਕੇ ਤੁਰੇ ਹਨ। ਨੀਰੂ ਨੂੰ ਦੋਹਰਾ ਲਾਭ ਇਹ ਹੋਵੇਗਾ ਕਿ 'ਧੰਨ ਤੇਰੀ ਸਿੱਖੀ' ਅਤੇ 'ਅਰਦਾਸ ਕਰਾਂ' ਵਰਗੇ ਹਿੱਟ ਗੀਤ ਦੇਣ ਵਾਲੇ ਗੀਤਕਾਰ ਹਰਵਿੰਦਰ ਓਹੜਪੁਰੀ ਨੇ ਹੀ ਇਹ ਗੀਤ ਲਿਖਿਆ ਹੈ। ਕਈ ਲੋਕ ਜਦੋਂ ਚੁੱਪ ਰਹਿ ਕੇ ਬੋਲਦੇ ਨੇ ਤਾਂ ਚੰਗਾ ਬਹੁਤ ਬੋਲਦੇ ਨੇ। ਇਹੀ ਆਸ ਕਰਾਂਗਾ ਕਿ ਨੀਰੂ 'ਤੋਰ ਦਿੱਤਾ ਲਾਲਾਂ ਨੂੰ' ਨਾਲ ਮੁੜ ਆਪਣੀਆਂ ਉਮੀਦਾਂ ਨੂੰ ਸਿਰਜਣ ਵਿਚ ਸਫਲ ਹੋਵੇਗੀ।

*-ਐਸ. ਅਸ਼ੋਕ ਭੌਰਾ*

## ਗੁਰਬਾਣੀ ਗਿਆਨ

# ਆਸ ਪਿਆਸੀ ਪਿਰ ਕਉ ਲੋੜੀ

**ੴ ਸਤਿਗੁਰ ਪ੍ਰਸਾਦਿ॥**
**ਸੂਹੀ ਮਹਲਾ ੫**

ਗ੍ਰਿਹੁ ਵਸਿ ਗੁਰਿ ਕੀਨਾ
ਹਉ ਘਰ ਕੀ ਨਾਰਿ॥
ਦਸ ਦਾਸੀ ਕਰਿ ਦੀਨੀ ਭਤਾਰਿ॥
ਸਗਲ ਸਮਗ੍ਰੀ ਮੈ ਘਰ ਕੀ ਜੋੜੀ॥
ਆਸ ਪਿਆਸੀ ਪਿਰ ਕਉ ਲੋੜੀ॥
ਕਵਨ ਕਹਾ ਗੁਨ ਕੰਤ ਪਿਆਰੇ॥
ਸੁਘੜ ਸਰੂਪ ਦਇਆਲ ਮੁਰਾਰੇ॥ ਰਹਾਉ॥
ਸਤੁ ਸੀਗਾਰੁ ਭਉ ਅੰਜਨੁ ਪਇਆ॥
ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ॥
ਕੰਗਨ ਬਸਤ੍ਰ ਗਹਿਨੇ ਬਨੇ ਸੁਹਾਵੇ॥
ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ॥
ਗੁਣ ਕਾਮਣ ਕਰਿ ਕੰਤੁ ਰੀਝਾਇਆ॥
ਵਸਿ ਕਰਿ ਲੀਨਾ ਗੁਰਿ ਭਰਮੁ ਚੁਕਾਇਆ॥
ਸਭ ਤੇ ਊਚਾ ਮੰਦਰੁ ਮੇਰਾ॥
ਸਭ ਕਾਮਣਿ ਤਿਆਗੀ ਪ੍ਰਿਉ ਪ੍ਰੀਤਮੁ ਮੇਰਾ॥
ਪ੍ਰਗਟਿਆ ਸੂਰੁ ਜੋਤਿ ਉਜੀਆਰਾ॥
ਸੇਜ ਵਿਛਾਈ ਸਰਧ ਅਪਾਰਾ॥
ਨਵ ਰੰਗ ਲਾਲੁ ਸੇਜ ਰਾਵਣ ਆਇਆ॥
ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ॥

ਗੁਰੂ ਅਰਜਨ ਦੇਵ ਜੀ ਇਸ ਸ਼ਬਦ ਰਾਹੀਂ ਆਪਣੀ ਸਖੀ ਨਾਲ ਪਤੀ ਪਰਮੇਸ਼ਰ ਦੀ ਉਡੀਕ ਦੀਆਂ ਗੱਲਾਂ ਕਰਦੇ ਆਖਦੇ ਹਨ, ਹੇ ਸਖੀ ਉਸ ਖਸਮ ਪ੍ਰਭੂ ਨੇ ਗੁਰੂ ਰਾਹੀਂ ਮੇਰਾ ਸਰੀਰ ਰੂਪੀ ਘਰ ਮੇਰੇ ਵੱਸ ਵਿਚ ਕਰ ਦਿੱਤਾ ਹੈ, ਹੁਣ ਮੈਂ ਪ੍ਰਭੂ ਕਿਰਪਾ ਸਦਕਾ ਇਸ ਘਰ ਦੀ ਮਾਲਿਕ ਬਣ ਗਈ ਹਾਂ। ਮਾਲਕ ਨੇ ਦਸਾਂ ਇੰਦਰੀਆਂ ਨੂੰ ਮੇਰੀਆਂ ਦਾਸੀਆਂ ਬਣਾ ਦਿੱਤਾ ਹੈ, ਉਚੇ ਗੁਣਾਂ ਦਾ ਸਾਰਾ ਸਮਾਨ ਮੈਂ ਸਰੀਰ ਰੂਪੀ ਘਰ ਵਿਚ ਜੋੜ ਕੇ ਰੱਖ ਦਿੱਤਾ ਹੈ, ਹੁਣ ਮੈਂ ਪ੍ਰਭੂ ਪਤੀ ਦੇ ਦਰਸ਼ਨ ਦੀ ਆਸ ਅਤੇ ਤਾਂਘ ਵਿਚ ਉਸ ਦੀ ਉਡੀਕ ਕਰ ਰਹੀ ਹਾਂ।

ਕਵਨ ਕਹਾ ਗੁਨ ਕੰਤ ਪਿਆਰੇ॥
ਸੁਘੜ ਸਰੂਪ ਦਇਆਲ ਮੁਰਾਰੇ॥
ਰਹਾਉ॥

ਰਹਾਉ ਦੀ ਪੰਕਤੀ ਵਿਚ ਗੁਰੂਦੇਵ ਆਖਦੇ ਹਨ, ਹੇ ਸਖੀ ਉਸ ਕੰਤ ਭਾਵ ਪਤੀ ਪ੍ਰਭੂ ਦੇ ਕਿਹੜੇ ਕਿਹੜੇ ਗੁਣਾਂ ਦਾ ਮੈਂ ਵਰਣਨ ਕਰਾਂ, ਉਸ ਦੀ ਕਿਹੜੀ ਕਿਹੜੀ ਸਿਫਤ ਕਰਾਂ; ਹੇ ਸਖੀ ਉਹ ਪਰਮਾਤਮਾ ਪ੍ਰਭੂ ਜੋ ਸੁਘੜ ਹੈ ,ਸੁਚੱਜਾ ਹੈ, ਸੁੰਦਰ ਹੈ, ਸੋਹਣਾ ਹੈ, ਉਹ ਮੇਰਾ ਕੰਤ ਹੈ, ਉਹ ਮੇਰਾ ਪਤੀ ਹੈ।

ਸਤੁ ਸੀਗਾਰੁ ਭਉ ਅੰਜਨੁ ਪਇਆ॥
ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ॥
ਕੰਗਨ ਬਸਤ੍ਰ ਗਹਿਨੇ ਬਨੇ ਸੁਹਾਵੇ॥
ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ॥

ਹੇ ਸਖੀ ਪ੍ਰਭੂ ਕਿਰਪਾ ਨਾਲ ਹੁਣ ਮੈਂ ਸੁੱਚੇ ਆਚਰਣ ਨੂੰ ਆਪਣੇ ਜੀਵਨ ਦਾ ਸ਼ਿੰਗਾਰ ਬਣਾ ਲਿਆ ਹੈ। ਉਸ ਦੇ ਭੈ ਡਰ ਦਾ ਮੈਂ ਅੱਖਾਂ ਵਿਚ ਸੁਰਮਾ ਪਾ ਲਿਆ ਹੈ, ਉਹਦੀ ਮਿਹਰ ਨਾਲ ਹੀ ਉਚਾ ਆਤਮਕ ਜੀਵਨ ਦੇਣ ਵਾਲਾ ਨਾਮ ਰੂਪੀ ਪਾਨ ਮੈਂ ਮੂੰਹ ਵਿਚ ਪਾਇਆ ਹੈ, ਖਾਧਾ ਹੈ। ਹੇ ਸਖੀ, ਹੁਣ ਕੰਗਣ, ਸੋਹਣੇ ਕੱਪੜੇ ਅਤੇ ਗਹਿਣੇ-ਮੈਨੂੰ ਸਾਰੇ ਹੀ ਪਿਆਰੇ ਲੱਗਦੇ ਹਨ, ਸੁਹਾਵਣੇ ਲੱਗਦੇ ਹਨ। ਜਦੋਂ ਪ੍ਰਭੂ ਪਤੀ ਹਿਰਦੇ ਵਿਚ ਆ ਵੱਸਦਾ ਹੈ ਤਾਂ ਜੀਵ ਇਸਤਰੀ ਸਾਰੇ ਸੁੱਖ ਹਾਸਲ ਕਰ ਲੈਂਦੀ ਹੈ।

ਗੁਣ ਕਾਮਣ ਕਰਿ ਕੰਤੁ ਰੀਝਾਇਆ॥
ਵਸਿ ਕਰਿ ਲੀਨਾ ਗੁਰਿ ਭਰਮੁ ਚੁਕਾਇਆ॥
ਸਭ ਤੇ ਊਚਾ ਮੰਦਰੁ ਮੇਰਾ॥
ਸਭ ਕਾਮਣਿ ਤਿਆਗੀ ਪ੍ਰਿਉ ਪ੍ਰੀਤਮੁ ਮੇਰਾ॥

ਹੇ ਸਖੀ, ਗੁਰੂ ਨੇ ਜਿਸ ਜੀਵ ਰੂਪੀ ਇਸਤਰੀ ਦੀ ਭਟਕਣਾ ਦੂਰ ਕਰ ਦਿੱਤੀ ਹੈ, ਉਸ ਨੇ ਪ੍ਰਭੂ ਪਤੀ ਨੂੰ ਆਪਣੇ ਗੁਣਾਂ ਕਰ ਕੇ ਰਿਝਾ ਲਿਆ ਭਾਵ ਖੁਸ਼ ਕਰ ਲਿਆ ਅਤੇ ਗੁਣਾਂ ਦੇ ਟੂਣੇ ਕਰ ਕੇ ਉਸ ਮਾਲਕ ਪ੍ਰਭੂ ਪਤੀ ਨੂੰ ਵੱਸ ਵਿਚ ਵੀ ਕਰ ਲਿਆ। ਹੇ ਸਖੀ, ਉਸ ਮਾਲਕ ਦੀ ਕ੍ਰਿਪਾ ਨਾਲ ਹੀ ਹੁਣ ਮੇਰਾ ਹਿਰਦਾ ਰੂਪੀ ਮੰਦਿਰ ਸਭ ਤੋਂ ਉਚਾ ਭਾਵ ਸਾਰੀਆਂ ਵਾਸ਼ਨਾਵਾਂ ਤੋਂ ਉਪਰ ਹੋ ਗਿਆ ਹੈ। ਹੋਰ ਸਾਰੀਆਂ ਇਸਤਰੀਆਂ ਦਾ ਤਿਆਗ ਕਰ ਕੇ ਉਹ ਪਿਆਰਾ ਪ੍ਰੀਤਮ ਸਿਰਫ ਮੇਰਾ ਹੀ ਹੋ ਗਿਆ ਹੈ।

ਪ੍ਰਗਟਿਆ ਸੂਰੁ ਜੋਤਿ ਉਜੀਆਰਾ॥
ਸੇਜ ਵਿਛਾਈ ਸਰਧ ਅਪਾਰਾ॥
ਨਵ ਰੰਗ ਲਾਲੁ ਸੇਜ ਰਾਵਣ ਆਇਆ॥
ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ॥

ਹੇ ਸਖੀ ਉਸ ਮਿਹਰਬਾਨ ਕੰਤ ਪ੍ਰਭੂ ਦੀ ਮਿਹਰ ਨਾਲ ਮੇਰੇ ਅੰਦਰ ਆਤਮਕ ਜੀਵਨ ਦਾ ਸੂਰਜ ਚੜ੍ਹ ਪਿਆ ਹੈ, ਅੰਦਰ ਜੋਤਿ ਜਗ ਪਈ ਹੈ ਅਤੇ ਆਪਣੇ ਮਾਲਕ ਕੰਤ ਦੇ ਪਿਆਰ ਵਿਚ ਮੈਂ ਪੂਰੀ ਸ਼ਰਧਾ ਦੀ ਸੇਜ ਵਿਛਾ ਦਿੱਤੀ ਹੈ। ਹੇ ਸਖੀ, ਉਹ ਨਿੱਤ ਨਵੇਂ ਪਿਆਰ ਵਾਲਾ ਲਾਲ ਪ੍ਰੀਤਮ ਮੇਰੇ ਹਿਰਦੇ ਦੀ ਸੇਜ ਉਤੇ ਆ ਕੇ ਬੈਠ ਗਿਆ ਹੈ। ਇਹ ਦਾਸ ਨਾਨਕ ਆਖਦਾ ਹੈ, ਪਿਰ ਭਾਵ ਪਤੀ, ਧਨ ਭਾਵ ਇਸਤਰੀ, ਪ੍ਰਭੂ ਪਤੀ ਨੂੰ ਮਿਲ ਕੇ ਜੀਵ ਰੂਪੀ ਇਸਤਰੀ ਆਤਮਕ ਅਨੰਦ ਮਾਣਦੀ ਹੈ, ਸੁਖ ਪਾਉਂਦੀ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਖੇਤੀ ਵਿਕਾਸ ਬੈਂਕਾਂ ਨੇ ਵਾਹਣੀ ਪਾਏ ਪੰਜਾਬ ਦੇ ਨਾਮਵਰ ਡਿਫਾਲਟਰ

**ਬਠਿੰਡਾ:** ਖੇਤੀ ਵਿਕਾਸ ਬੈਂਕਾਂ ਨੇ ਨਾਮਵਰ ਡਿਫਾਲਟਰਾਂ ਨੂੰ ਵਾਹਣੀ ਪਾ ਦਿੱਤਾ ਹੈ। ਵਰ੍ਹਿਆਂ ਤੋਂ ਇਹ ਨਾਮਵਰ ਡਿਫਾਲਟਰ ਬੈਂਕ ਮੈਨੇਜਰਾਂ ਨੂੰ ਦੇਹਲੀ ਨਹੀਂ ਚੜ੍ਹਨ ਦਿੰਦੇ ਸਨ ਜੋ ਹੁਣ ਇਨ੍ਹਾਂ ਮੈਨੇਜਰਾਂ ਤੋਂ ਹੀ ਖੌਫ ਖਾਣ ਲੱਗੇ ਹਨ। ਵੱਡੇ ਡਿਫਾਲਟਰਾਂ ਦੇ ਘਰਾਂ ਅੱਗੇ ਲਾਏ ਧਰਨਿਆਂ ਮਗਰੋਂ ਅਜਿਹੇ ਡਿਫਾਲਟਰ ਧੜਾ ਧੜ ਚੈਕ ਕੱਟ ਕੇ ਖੇਤੀ ਵਿਕਾਸ ਬੈਂਕਾਂ ਨੂੰ ਦੇ ਰਹੇ ਹਨ।

ਵੱਡੇ ਡਿਫਾਲਟਰ ਹੁਣ ਬਦਨਾਮੀ ਦੇ ਡਰੋਂ ਹਰ ਹੀਲਾ ਵਸੀਲਾ ਕਰਨ ਲੱਗੇ ਹਨ। ਦੱਸ ਦਈਏ ਕਿ ਖੇਤੀ ਵਿਕਾਸ ਬੈਂਕਾਂ ਦੀ 'ਗੁਪਤ ਰਿਪੋਰਟ' ਨੇ ਵੱਡੇ ਲੀਡਰ ਬੇਪਰਦ ਕਰ ਦਿੱਤੇ ਹਨ ਜਿਨ੍ਹਾਂ ਬੈਂਕਾਂ ਦੇ ਕਰੋੜਾਂ ਰੁਪਏ ਨੱਪੇ ਹੋਏ ਹਨ। ਸਾਰੀਆਂ ਸਿਆਸੀ ਧਿਰਾਂ ਦੇ ਆਗੂਆਂ ਦੇ ਨਾਮ ਇਸ 'ਗੁਪਤ ਰਿਪੋਰਟ' ਵਿਚ ਸ਼ਾਮਲ ਹਨ। ਸਾਬਕਾ ਵਿਧਾਇਕਾਂ, ਵਜ਼ੀਰਾਂ ਤੇ ਸਾਬਕਾ ਸੰਸਦ ਮੈਂਬਰਾਂ ਖਿਲਾਫ਼ ਪਹਿਲੀ ਦਫਾ ਬੈਂਕ ਪ੍ਰਬੰਧਕਾਂ ਨੇ ਡੰਡਾ ਖੜਕਾਇਆ ਹੈ। ਵੇਰਵਿਆਂ ਅਨੁਸਾਰ ਅਕਾਲੀ ਸਰਕਾਰ 'ਚ ਟਰਾਂਸਪੋਰਟ ਮੰਤਰੀ ਰਹੇ




ਰਘਬੀਰ ਸਿੰਘ ਕਪੂਰਥਲਾ ਦਾ ਨਾਮ ਇਸ ਰਿਪੋਰਟ ਵਿਚ ਉਭਰਿਆ ਹੈ ਜਿਨ੍ਹਾਂ ਸਿਰ ਖੇਤੀ ਵਿਕਾਸ ਬੈਂਕ ਕਪੂਰਥਲਾ ਦੇ 61 ਲੱਖ ਰੁਪਏ ਦਾ ਕਰਜ਼ਾ ਖੜ੍ਹਾ ਹੈ। ਸਾਬਕਾ ਮੰਤਰੀ ਤੇ ਕਾਂਗਰਸ ਨੇਤਾ ਰਮਨ ਭੱਲਾ ਨੇ ਖੇਤੀ ਵਿਕਾਸ ਬੈਂਕ ਪਠਾਨਕੋਟ ਦਾ 19 ਲੱਖ ਦਾ ਕਰਜ਼ਾ ਨਹੀਂ ਮੋੜਿਆ ਹੈ।

ਸਾਬਕਾ ਐਮ.ਪੀ. ਅਮਰੀਕ ਸਿੰਘ ਆਲੀਵਾਲ ਅਤੇ ਉਨ੍ਹਾਂ ਦੇ ਲੜਕੇ ਯਾਦਵਿੰਦਰ ਸਿੰਘ ਦਾ ਨਾਮ ਇਸ ਸੂਚੀ ਵਿਚ ਸ਼ਾਮਲ ਹਨ ਜਿਨ੍ਹਾਂ 11 ਲੱਖ ਰੁਪਏ ਦਾ ਕਰਜ਼ਾ ਨਹੀਂ ਮੋੜਿਆ ਹੈ। ਸਾਬਕਾ ਅਕਾਲੀ ਵਿਧਾਇਕ ਅਤੇ ਮੌਜੂਦਾ 'ਆਪ' ਆਗੂ ਜਗਤਾਰ ਸਿੰਘ ਰਾਜਲਾ 30 ਲੱਖ ਰੁਪਏ ਦਾ ਡਿਫਾਲਟਰ ਹੈ ਜਿਸ ਖਿਲਾਫ਼ ਹੁਣ ਸਮਾਣਾ ਬੈਂਕ ਕਦਮ ਚੁੱਕੇਗਾ। ਸੁਖਬੀਰ ਬਾਦਲ ਦੇ ਪੁਰਾਣੇ ਓ.ਐਸ.ਡੀ. ਦਾ ਪਰਿਵਾਰ ਵੀ 33 ਲੱਖ ਰੁਪਏ ਦਾ ਡਿਫਾਲਟਰ ਹੈ। ਸੰਸਦ ਮੈਂਬਰ ਚੰਦੂਮਾਜਰਾ ਦੇ ਨੇੜਲੇ ਸਾਥੀ ਕੁਲਦੀਪ ਸਿੰਘ ਵਾਸੀ ਦੌਣ ਕਲਾਂ ਨੇ ਕੰਬਾਈਨ 'ਤੇ ਲਿਆ ਕਰਜ਼ਾ ਨਹੀਂ ਮੋੜਿਆ ਹੈ ਜੋ ਹੁਣ 17 ਲੱਖ ਰੁਪਏ ਬਣ ਗਿਆ ਹੈ। ਮੁਹਾਲੀ ਦਾ 'ਆਪ' ਆਗੂ ਅਤੇ ਵਿਧਾਨ ਸਭਾ ਚੋਣ ਹਾਰਿਆ ਨਰਿੰਦਰ ਸਿੰਘ ਸ਼ੇਰਗਿੱਲ ਦੋ ਬੈਂਕਾਂ ਦਾ ਡਿਫਾਲਟਰ ਹੈ। ਸ਼ੇਰਗਿੱਲ ਵੱਲ ਰੋਪੜ ਬੈਂਕ ਦਾ 8 ਲੱਖ ਅਤੇ ਉਨ੍ਹਾਂ ਦੀ ਪਤਨੀ ਵੱਲ 9 ਲੱਖ ਰੁਪਏ ਦਾ ਕਰਜ਼ਾ ਖੜ੍ਹਾ ਹੈ। ਇਸੇ ਤਰ੍ਹਾਂ ਸ਼ੇਰਗਿੱਲ ਖੇਤੀ ਵਿਕਾਸ ਬੈਂਕ ਖਰੜ ਦਾ 9 ਲੱਖ ਰੁਪਏ ਦਾ ਡਿਫਾਲਟਰ ਹੈ। ਅਕਾਲੀ ਦਲ ਦੇ ਸਰਕਲ ਦਸੂਹਾ ਦਾ ਪ੍ਰਧਾਨ ਭੁਪਿੰਦਰ ਸਿੰਘ ਦਸੂਹਾ ਬੈਂਕ ਦਾ 57 ਲੱਖ ਰੁਪਏ ਦਾ ਡਿਫਾਲਟਰ ਹੈ ਜਦੋਂ ਕਿ ਇੱਕ ਹੋਰ ਅਕਾਲੀ ਨੇਤਾ ਨੇ ਰਾਮਪੁਰਾ ਬੈਂਕ ਦੇ 12 ਲੱਖ ਰੁਪਏ ਨਹੀਂ ਮੋੜੇ ਹਨ।

### ਬਦਨਾਮੀ ਦੇ ਡਰੋਂ ਧੜਾ ਧੜ ਮੋੜਨ ਲੱਗੇ ਕਰਜ਼ਾ

**ਚੰਡੀਗੜ੍ਹ:** ਖੇਤੀ ਵਿਕਾਸ ਬੈਂਕਾਂ ਦੇ ਮੁਲਾਜ਼ਮਾਂ ਵੱਲੋਂ ਵੱਡੇ ਡਫਾਲਟਰਾਂ ਦੇ ਘਰਾਂ ਅੱਗੇ ਧਰਨੇ ਮਾਰਨ ਦੇ ਐਲਾਨ ਪਿੱਛੋਂ ਸ਼੍ਰੋਮਣੀ ਅਕਾਲੀ ਦਲ ਦੇ ਦਸੂਹਾ ਸਰਕਲ ਦੇ ਪ੍ਰਧਾਨ ਭੁਪਿੰਦਰ ਸਿੰਘ ਨੇ ਖੇਤੀ ਵਿਕਾਸ ਬੈਂਕ ਦਸੂਹਾ ਨੂੰ 20 ਲੱਖ ਦਾ ਚੈੱਕ ਦੇ ਦਿੱਤਾ ਹੈ ਜਦੋਂ ਕਿ ਖੇਤੀ ਵਿਕਾਸ ਬੈਂਕ ਦੇਵੀਗੜ੍ਹ ਨੂੰ ਰਛਪਾਲ ਸਿੰਘ ਨੇ 32 ਲੱਖ ਰੁਪਏ ਦਾ ਚੈੱਕ ਦੇ ਦਿੱਤਾ ਹੈ। ਅਕਾਲੀ ਜਥੇਦਾਰ ਦਿਆਲ ਸਿੰਘ ਕੋਲਿਆਂਵਾਲੀ ਵੱਲੋਂ ਤਕਰੀਬਨ 90 ਲੱਖ ਰੁਪਏ ਦੇ ਬੈਂਕ ਕਰਜ਼ੇ ਵਿਚੋਂ 5 ਲੱਖ ਰੁਪਏ ਪੰਜਾਬ ਖੇਤੀਬਾੜੀ ਵਿਕਾਸ ਬੈਂਕ ਨੂੰ ਜਮ੍ਹਾਂ ਕਰਾ ਦਿੱਤੇ। ਦੇਵੀਗੜ੍ਹ ਬੈਂਕ ਨੂੰ ਹੀ ਬੱਗਾ ਸਿੰਘ ਨੇ 23 ਲੱਖ ਰੁਪਏ ਦਾ ਚੈੱਕ ਦਿੱਤਾ ਹੈ। ਜ਼ਿਲ੍ਹਾ ਸੰਗਰੂਰ ਦੇ ਪਿੰਡ ਡਸਕਾ ਦੇ ਸਰਪੰਚ ਨਿਰਮਲ ਸਿੰਘ ਨੇ ਲਹਿਰਾਗਾਗਾ ਬੈਂਕ ਨੂੰ 10 ਲੱਖ ਰੁਪਏ ਦਾ ਚੈੱਕ ਸੌਂਪਿਆ। ਪਿੰਡ ਚਨਾਲੋਂ ਦੇ ਜਗਦੀਪ ਸਿੰਘ ਨੇ ਵੀ ਇਸੇ ਡਰੋਂ ਪੰਜ ਲੱਖ ਦਾ ਚੈੱਕ ਖਰੜ ਬੈਂਕ ਨੂੰ ਦਿੱਤਾ ਜਦੋਂ ਕਿ 'ਆਪ' ਦੇ ਆਗੂ ਮੇਜਰ ਸਿੰਘ ਨੇ ਵੀ 10 ਲੱਖ ਦਾ ਚੈੱਕ ਇਸ ਬੈਂਕ ਹਵਾਲੇ ਕੀਤਾ ਹੈ।

# ਕਰਜ਼ਾ ਮੁਆਫੀ: ਸਰਕਾਰ ਨੇ ਫੜਿਆ ਡੰਗ ਟਪਾਊ ਨੀਤੀ ਵਾਲਾ ਰਾਹ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੇ ਕਰਜ਼ੇ ਦੀ ਪਹਿਲੀ ਕਿਸ਼ਤ, ਜੋ 14 ਦਸੰਬਰ ਤੱਕ ਜਾਰੀ ਕੀਤੀ ਜਾਣੀ ਸੀ, ਦੀ ਤਰੀਕ ਵੀ ਲੰਘ ਗਈ ਹੈ। ਹੁਣ ਇਹ ਕਿਸ਼ਤ ਅਗਲੇ ਵਰ੍ਹੇ ਹੀ ਜਾਰੀ ਹੋਣ ਦੇ ਆਸਾਰ ਹਨ। ਪਹਿਲ ਸਹਿਕਾਰੀ ਬੈਂਕਾਂ ਦੇ ਕਰਜ਼ੇ ਨੂੰ ਦਿੱਤੀ ਜਾਣੀ ਹੈ। ਸੂਤਰਾਂ ਅਨੁਸਾਰ ਪੰਜਾਬ ਸਰਕਾਰ ਨੇ ਦਿਹਾਤੀ ਵਿਕਾਸ ਫੰਡ ਅਤੇ ਮਾਰਕੀਟ ਫੀਸ ਇਕ-ਇਕ ਫੀਸਦੀ ਵਧਾ ਕੇ ਬੈਂਕ ਤੋਂ ਕਰਜ਼ਾ ਲੈ ਲਿਆ ਹੈ।

**ਪਹਿਲੀ ਕਿਸ਼ਤ ਦੀ ਤਰੀਕ ਵੀ ਲੰਘੀ**

ਲਗਭਗ 16 ਸੌ ਕਰੋੜ ਮਿਲ ਵੀ ਗਏ ਹਨ ਅਤੇ ਸਰਕਾਰ ਨੇ ਸਮੁੱਚੇ ਤੌਰ ਉਤੇ ਕਰੀਬ 5600 ਕਰੋੜ ਰੁਪਏ ਦਾ ਜੁਗਾੜ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੰਨਿਆ ਜਾ ਰਿਹਾ ਹੈ ਕਿ ਸਰਕਾਰ ਵੱਲੋਂ ਵਿਧਾਨ ਸਭਾ ਵਿਚ ਢਾਈ ਅਤੇ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ 10.22 ਲੱਖ ਕਿਸਾਨਾਂ ਦੇ ਦੋ-ਦੋ ਲੱਖ ਰੁਪਏ ਤੱਕ ਦੇ ਕਰਜ਼ੇ ਮੁਆਫ ਕਰਨ ਲਈ 9500 ਕਰੋੜ ਰੁਪਏ ਦੀ ਜ਼ਰੂਰਤ ਬਾਰੇ ਕੀਤਾ ਖੁਲਾਸਾ ਹੁਣ ਅਸਲੀ ਤੱਥ ਆਉਣ ਉਤੇ ਬਦਲ ਗਿਆ ਹੈ।

ਸਹਿਕਾਰੀ ਵਿਭਾਗ ਦੇ ਹੀ 3600 ਕਰੋੜ ਰੁਪਏ ਦੇ ਦਿਖਾਏ ਗਏ ਕਰਜ਼ੇ ਘਟ ਕੇ ਇਕ ਤਿਹਾਈ ਤੱਕ ਰਹਿ ਜਾਣ ਦੀ ਉਮੀਦ ਹੈ। ਇਸ ਤਰ੍ਹਾਂ ਪੂਰਾ ਮਾਮਲਾ ਪੰਜ ਹਜ਼ਾਰ ਕਰੋੜ ਤੋਂ ਥੋੜ੍ਹੇ ਵੱਧ ਨਾਲ ਵੀ ਨਿਬੇੜਿਆ ਜਾ ਸਕਦਾ ਹੈ। ਸਹਿਕਾਰੀ ਬੈਂਕਾਂ ਅਤੇ ਸਭਾਵਾਂ ਵਿਚ ਖਾਤਿਆਂ ਦੇ ਹਿਸਾਬ ਕਿਤਾਬ ਵਿਚ ਵੱਡੇ ਪੈਮਾਨੇ ਉਤੇ ਹੇਰ ਫੇਰ ਸਾਹਮਣੇ ਆਉਣ ਦੇ ਵੀ ਆਸਾਰ ਹਨ।

ਯਾਦ ਰਹੇ ਕਿ ਕਰਜ਼ਾ ਮੁਆਫੀ ਬਾਰੇ ਨੋਟੀਫਿਕੇਸ਼ਨ 17 ਅਕਤੂਬਰ ਨੂੰ ਹੋਇਆ ਸੀ। ਬੈਂਕਾਂ ਨੇ ਹੁਣ ਇਸ ਸਬੰਧੀ ਫਾਰਮ ਭਰ ਕੇ ਸਮੁੱਚੇ ਕਰਜ਼ੇ ਨੂੰ ਇਕ ਜਗ੍ਹਾ ਇਕੱਠਾ ਕਰਨਾ ਹੈ। ਡਿਪਟੀ ਕਮਿਸ਼ਨਰਾਂ ਦੀ ਅਗਵਾਈ ਵਿਚ ਬਣਨ ਵਾਲੀਆਂ ਸੂਚੀਆਂ ਨੂੰ ਜਨਤਕ ਪੱਧਰ ਉਤੇ ਪਿੰਡਾਂ ਦੀਆਂ ਬੈਂਕ ਬਰਾਂਚਾਂ ਅੱਗੇ ਚਪਕਾ ਕੀਤਾ ਜਾਵੇਗਾ। ਇਤਰਾਜ਼ ਵਗੈਰਾ ਹੱਲ ਕਰਨ ਤੋਂ ਬਾਅਦ ਹੀ ਡਿਪਟੀ ਕਮਿਸ਼ਨਰ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਤੋਂ ਲੋੜੀਂਦੇ ਕਰਜ਼ੇ ਦੀ ਰਾਸ਼ੀ ਕਿਸਾਨਾਂ ਦੇ ਖਾਤੇ ਵਿਚ ਭੇਜਣ ਦੀ ਮੰਗ ਕਰਨਗੇ। ਇਸ ਪ੍ਰਕਿਰਿਆ ਨੂੰ ਫਿਲਹਾਲ ਅਜੇ ਹੋਰ ਸਮਾਂ ਲੱਗਣ ਦੀ ਸੰਭਾਵਨਾ ਹੈ।

ਗੌਰਤਲਬ ਹੈ ਕਿ ਖੁਦਕੁਸ਼ੀ ਪੀੜਤ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਅਤੇ ਮਜ਼ਦੂਰਾਂ ਦੇ ਕਰਜ਼ੇ ਦਾ ਅਨੁਮਾਨ ਲਗਾਉਣ ਬਾਰੇ ਬਣੀ ਵਿਧਾਨ ਸਭਾ ਦੀ ਕਮੇਟੀ ਨੇ ਅਜੇ ਰਿਪੋਰਟ ਦੇਣੀ ਹੈ। ਇਸੇ ਤਰ੍ਹਾਂ ਅਕਾਲੀ-ਭਾਜਪਾ ਸਰਕਾਰ ਵੱਲੋਂ ਆਖਰੀ ਸਮੇਂ ਵਿਚ ਪ੍ਰਾਈਵੇਟ ਕਰਜ਼ਾ ਨਿਯਮਤ ਕਰਨ ਲਈ ਬਣਾਏ ਕਾਨੂੰਨ ਵਿਚ ਸੋਧ ਕਰਨ ਲਈ ਵੀ ਤਿੰਨ ਮੰਤਰੀਆਂ ਦੀ ਕਮੇਟੀ ਨੇ ਅਜੇ ਤੱਕ ਰਿਪੋਰਟ ਨਹੀਂ ਦਿੱਤੀ।

### ਸਮੁੱਚਾ ਕਰਜ਼ਾ ਮੁਆਫ਼ ਕਰਨ ਦਾ ਕੀਤਾ ਸੀ ਵਾਅਦਾ

**ਚੰਡੀਗੜ੍ਹ:** ਕਿਸਾਨਾਂ ਸਿਰ ਤਕਰੀਬਨ 73 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ। ਇਸ ਵਿਚੋਂ 59 ਹਜ਼ਾਰ ਕਰੋੜ ਰੁਪਏ ਦਾ ਫਸਲੀ ਕਰਜ਼ਾ ਹੈ। ਫਸਲੀ ਕਰਜ਼ੇ ਵਿਚੋਂ ਹੀ ਫਿਲਹਾਲ ਪੰਜ ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦਾ ਕਰਜ਼ਾ ਮੁਆਫ ਕਰਨ ਅਤੇ 31 ਮਾਰਚ 2017 ਤੋਂ ਬਾਅਦ ਦੀ ਹੋਈ ਦੇਰੀ ਦਾ ਵਿਆਜ ਵੀ ਮੁਆਫ ਕਰਨ ਬਾਰੇ ਸਰਕਾਰ ਵੱਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਉਤੇ ਅਮਲ ਹੋਣਾ ਹੈ।


ਤੁਹਾਡੀ ਆਪਣੀ

MJSB Transportation

ਓਨਰ ਅਪਰੇਟਰਾਂ ਅਤੇ ਅਨੁਭਵੀ ਡਰਾਈਵਰਾਂ ਦੀ ਲੋੜ ਹੈ

Wanted Owner Operators and Experienced Drivers.

Long and Local Routes, all 50 states. Drivers: 42 cents to 50 cents per mile.




Owner Operators: With own Truck/Trailer get 92% of gross (8% Dispatch+ Insurance). Using company trailer get 80% of gross.

Fuel Discount: 25 Cents To 40 Cents Per Gallon @ Pilot, Flying J, TA And Petro.

Direct deposit available.

- ਜੇ ਤੁਹਾਨੂੰ ਟਰੱਕ ਦੇ ਲੋਡ ਬੁਕ ਕਰਨ ਵਾਸਤੇ ਡਿਸਪੈਚ ਦੀ ਲੋੜ ਹੈ
  (ਤੁਸੀਂ 6000 ਤੋਂ 8000 ਡਾਲਰ ਪ੍ਰਤੀ ਹਫਤੇ ਕਮਾ ਸਕਦੇ ਹੋ, ਗਾਰੰਟੀ)
- ਜੇ ਤੁਹਾਨੂੰ ਟਰੱਕ ਡਰਾਈਵਰ ਦੀ ਨੌਕਰੀ ਚਾਹੀਦੀ ਹੋਵੇ
  (ਨਵੇਂ ਲਾਈਸੈਂਸ ਵਾਲੇ ਸਟੂਡੈਂਟਸ ਵੀ ਟਰੱਕ ਡਰਾਈਵਰ ਦੀ ਨੌਕਰੀ ਵਾਸਤੇ ਸੰਪਰਕ ਕਰ ਸਕਦੇ ਹਨ)
- ਜੇ ਤੁਹਾਨੂੰ ਟਰੱਕ ਜਾਂ ਟਰੇਲਰ ਫਾਇਨਾਂਸ ਕਰਵਾਉਣਾ ਹੋਵੇ

ਸੰਪਰਕ ਕਰੋ:

ਗਗਨ ਸਿੰਘ 917-518-5125

ਸਿਮਰਨ ਸਿੰਘ 469-235-3077

# ਡਬਲਿਊ.ਟੀ.ਓ. ਦੀ ਮੀਟਿੰਗ ਵਿਚ ਮੁੜ ਵਿਕਸਤ ਦੇਸ਼ਾਂ ਦੀ ਹੀ ਚੱਲੀ

**ਚੰਡੀਗੜ੍ਹ:** ਵਿਸ਼ਵ ਵਪਾਰ ਸੰਗਠਨ (ਡਬਲਿਊ.ਟੀ.ਓ.) ਦੀ ਅਰਜਨਟੀਨਾ ਦੇ ਸ਼ਹਿਰ ਬਿਊਨਸ ਏਅਰਸ ਵਿਚ ਹੋਈ ਗਿਆਰ੍ਹਵੀਂ ਮੰਤਰੀ ਪੱਧਰੀ ਚਾਰ ਰੋਜ਼ਾ ਕਾਨਫਰੰਸ ਬੇਸਿੱਟਾ ਰਹਿਣ ਨਾਲ ਭਾਰਤ ਸਮੇਤ ਵਿਕਾਸਸ਼ੀਲ ਦੇਸ਼ਾਂ ਦੇ ਕਿਸਾਨਾਂ ਦੀਆਂ ਫਸਲਾਂ ਦੀ ਸਰਕਾਰੀ ਭਾਅ ਮੁਤਾਬਕ ਖਰੀਦ ਉਤੇ ਸੁਆਲੀਆ ਨਿਸ਼ਾਨ ਲੱਗ ਗਿਆ ਹੈ। ਸਾਲ 2013 ਵਿਚ ਬਾਲੀ ਵਿਚ ਹੋਈ ਕਾਨਫਰੰਸ ਦੌਰਾਨ ਨਿਯਮਾਂ ਮੁਤਾਬਕ ਮਿਲੀ ਛੋਟ ਦਾ ਸਮਾਂ 31 ਦਸੰਬਰ ਨੂੰ ਖਤਮ ਹੋਣ ਜਾ ਰਿਹਾ ਹੈ। ਹੁਣ ਕੌਮਾਂਤਰੀ ਮੰਚ ਉਤੇ ਡਬਲਿਊ.ਟੀ.ਓ. ਨਿਯਮਾਂ ਦੀ ਉਲੰਘਣਾ ਹੋਣ ਦੇ ਮੁੱਦੇ 'ਤੇ ਨਵੀਂ ਮੁਕੱਦਮੇਬਾਜ਼ੀ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ। ਭਾਰਤ ਦੇ ਵਣਜ ਮੰਤਰੀ ਸੁਰੇਸ਼ ਪ੍ਰਭੂ ਨੇ ਕਿਸੇ ਦੇਸ਼ ਦਾ ਨਾਮ ਲਏ ਬਿਨਾਂ ਕਿਹਾ ਕਿ ਇਕ ਵਿਕਸਤ ਦੇਸ਼ ਦੀ ਜ਼ਿੱਦ ਕਾਰਨ ਕਾਨਫਰੰਸ ਦੌਰਾਨ ਸਹਿਮਤੀ ਨਹੀਂ ਬਣ ਸਕੀ।

ਅਸਲ ਵਿਚ 164 ਦੇਸ਼ਾਂ ਦੇ ਨੁਮਾਇੰਦਿਆਂ ਦੀ ਇਸ ਕਾਨਫਰੰਸ ਵਿਚ ਅਮਰੀਕਾ ਨੇ ਖੁਰਾਕ ਸੁਰੱਖਿਆ ਸਬੰਧੀ ਭਾਰਤ, ਚੀਨ ਤੇ ਹੋਰ ਸੌ ਦੇ ਕਰੀਬ ਵਿਕਾਸਸ਼ੀਲ ਦੇਸ਼ਾਂ ਵੱਲੋਂ ਉਠਾਏ ਮੁੱਦੇ ਵਿਚਾਰਨ ਤੋਂ ਪੂਰੀ ਤਰ੍ਹਾਂ ਇਨਕਾਰ ਕਰ ਦਿੱਤਾ। ਇਹ ਦੇਸ਼ ਚਾਹੁੰਦੇ ਸਨ ਕਿ ਬਾਲੀ ਕਾਨਫਰੰਸ ਵਿਚ ਘਰੇਲੂ ਲੋੜਾਂ ਲਈ ਖੁਰਾਕ ਸੁਰੱਖਿਆ ਲਈ ਕੀਤੀ ਜਾਣ ਵਾਲੀ ਫਸਲਾਂ ਦੀ ਖਰੀਦ ਦਾ ਸਥਾਈ ਹੱਲ ਲੱਭਿਆ ਜਾਵੇ। ਇਸ ਤੋਂ ਪਹਿਲਾਂ ਪੰਜ ਸਾਲਾਂ ਤੋਂ ਅਸਥਾਈ ਪ੍ਰਬੰਧ ਚੱਲ ਰਿਹਾ ਹੈ। ਇਸ ਵਾਸਤੇ ਅਸਥਾਈ ਪੀਸ ਕਲਾਜ਼ 'ਤੇ ਸਹਿਮਤੀ ਬਣੀ ਸੀ। ਵਿਸ਼ਵ ਵਪਾਰ ਸੰਗਠਨ ਦੇ ਨਿਯਮਾਂ ਮੁਤਾਬਕ ਕੋਈ ਦੇਸ਼ ਆਪਣੀ ਕੁੱਲ ਪੈਦਾਵਾਰ ਦੀ ਦਸ ਫੀਸਦੀ ਕੀਮਤ ਦੇ ਬਰਾਬਰ ਹੀ ਖੁਰਾਕ ਸੁਰੱਖਿਆ ਲਈ ਅਨਾਜ ਖਰੀਦ ਸਕਦਾ ਹੈ, ਬਾਕੀ ਅਨਾਜ ਖੁੱਲ੍ਹੀ ਮੰਡੀ ਵਿਚ ਵੇਚਣਾ ਪਵੇਗਾ। ਇਸ ਲਈ ਆਧਾਰ ਵੀ 1986-88 ਦੇ ਸਾਲਾਂ ਦੀਆਂ ਕੀਮਤਾਂ ਨੂੰ ਬਣਾਇਆ ਗਿਆ ਹੈ।

ਭਾਰਤ ਦੇ ਡਬਲਿਊ.ਟੀ.ਓ. ਵਿਚ ਅੰਬੈਸਡਰ ਦੀਪਕ ਦਾ ਕਹਿਣਾ ਹੈ ਕਿ ਭਾਰਤ ਦੀ ਫਸਲ ਖਰੀਦ ਉਤੇ ਅਸਰ ਨਹੀਂ ਪਵੇਗਾ, ਕਿਉਂਕਿ ਪੀਸ ਕਲਾਜ਼ ਵਿਚ ਵੀ ਦਰਜ ਹੈ ਕਿ ਸਥਾਈ ਹੱਲ ਹੋਣ ਤੱਕ ਇਹ ਅਸਥਾਈ ਸਹਿਮਤੀ ਜਾਰੀ ਰਹੇਗੀ, ਪਰ ਬਹੁਤ ਸਾਰੇ ਮਾਹਿਰ ਇਸ ਦਲੀਲ ਨੂੰ ਮੰਨਣ ਲਈ ਤਿਆਰ ਨਹੀਂ ਹਨ। ਖੇਤੀਬਾੜੀ ਕਮਿਸ਼ਨਰ ਡਾ. ਬਲਵਿੰਦਰ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਪੀਸ ਕਲਾਜ਼ ਦੇ ਨਾਲ ਪਾਰਦਰਸ਼ੀ ਨੁਕਤੇ ਬਹੁਤ ਜ਼ਿਆਦਾ ਹਨ। ਕਿਸੇ ਵੀ ਦੇਸ਼ ਦੀ ਸਰਕਾਰ ਨੂੰ ਕਿੰਨੀ ਪੈਦਾਵਾਰ ਹੋਈ, ਕਿਸ ਕੀਮਤ ਉਤੇ ਖਰੀਦੀ ਗਈ, ਕਿੰਨੀ ਮਾਤਰਾ ਵਿਚ ਖਰੀਦੀ ਗਈ ਸਮੇਤ ਸਭ ਤਰ੍ਹਾਂ ਦੀ ਸੂਚਨਾ ਡਬਲਿਊ.ਟੀ.ਓ. ਨੂੰ ਦੇਣੀ ਹੁੰਦੀ ਹੈ।

ਇਨ੍ਹਾਂ ਨੁਕਤਿਆਂ 'ਤੇ ਕਈ ਵਾਰ ਵਿਕਾਸਸ਼ੀਲ ਦੇਸ਼ ਤਕਨੀਕੀ ਘੁੰਡੀ ਵਿਚ ਫਸ ਜਾਂਦੇ ਹਨ। ਅਰਥ ਸ਼ਾਸਤਰੀ ਪ੍ਰੋ. ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਜੇਕਰ ਤੈਅ ਤਰੀਕ 31 ਦਸੰਬਰ 2017 ਹੈ ਤਾਂ ਬਿਨਾਂ ਕਿਸੇ ਸਹਿਮਤੀ ਤੋਂ ਇਸ ਨੂੰ ਜਾਰੀ ਰੱਖਣ ਦਾ ਮਾਮਲਾ ਵਿਕਸਤ ਦੇਸ਼ ਵਿਸ਼ਵ ਵਪਾਰ ਸੰਗਠਨ ਦੀ ਸ਼ਿਕਾਇਤ ਨਿਪਟਾਊ ਫੋਰਮ ਕੋਲ ਲਿਜਾ ਸਕਦੇ ਹਨ। ਉਹ ਮੁਕੱਦਮੇਬਾਜ਼ੀ ਬਹੁਤ ਮਹਿੰਗੀ ਵੀ ਹੁੰਦੀ ਹੈ ਤੇ ਵਿਕਾਸਸ਼ੀਲ ਦੇਸ਼ਾਂ ਕੋਲ ਉਸ ਪੱਧਰ ਦੀ ਮੁਹਾਰਤ ਦੀ ਵੀ ਕਮੀ ਹੁੰਦੀ ਹੈ। ਜੇਕਰ ਕਿਸੇ ਤਰੀਕੇ ਭਾਰਤ ਮਜਬੂਰ ਹੋ ਜਾਂਦਾ ਹੈ ਤਾਂ ਇਹ ਇਕ ਤਰ੍ਹਾਂ ਨਾਲ 50 ਮਿਲੀਅਨ ਟਨ ਤੋਂ ਵੱਧ ਕਣਕ ਅਤੇ ਝੋਨੇ ਦੀ ਖਰੀਦ ਨਹੀਂ ਕਰ ਸਕਦਾ। ਇਹ ਮਾਮਲਾ ਸ਼ਾਂਤਾ ਕੁਮਾਰ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਅਸਿੱਧੇ ਤਰੀਕੇ ਨਾਲ ਅਮਲ ਵਿਚ ਲਿਆਉਣ ਦਾ ਜਰੀਆ ਬਣ ਸਕਦਾ ਹੈ। ਖੁਰਾਕ ਸੁਰੱਖਿਆ ਗਾਰੰਟੀ ਕਾਨੂੰਨ ਤਹਿਤ ਦੇਸ਼ ਨੂੰ ਲਗਭਗ 50 ਤੋਂ 55 ਮਿਲੀਅਨ ਟਨ ਅਨਾਜ ਭੰਡਾਰ ਦੀ ਲੋੜ ਹੈ। 20 ਮਿਲੀਅਨ ਟਨ ਤੋਂ ਵੱਧ ਅਨਾਜ ਤਾਂ ਇਕੱਲਾ ਪੰਜਾਬ ਹੀ ਹਰ ਸਾਲ ਪੈਦਾ ਕਰ ਕੇ ਦੇ ਰਿਹਾ ਹੈ। ਜੇਕਰ ਕੁੱਲ ਪੈਦਾਵਾਰ ਦੇ ਦਸ ਫੀਸਦੀ ਦੀ ਹੱਦ ਨਿਰਧਾਰਤ ਹੋ ਗਈ ਤਾਂ ਕਿਸਾਨਾਂ ਦੀਆਂ ਫਸਲਾਂ ਕੌਣ ਖਰੀਦੇਗਾ? ਉਨ੍ਹਾਂ ਨੂੰ ਖੁੱਲ੍ਹੀ ਮੰਡੀ ਦੇ ਰਹਿਮੋ-ਕਰਮ ਉਤੇ ਛੱਡ ਦਿੱਤਾ ਜਾਵੇਗਾ।

### ਫਸਲਾਂ ਦੀ ਸਰਕਾਰੀ ਭਾਅ ਮੁਤਾਬਕ ਖਰੀਦ ਦੀ ਟੁੱਟੀ ਉਮੀਦ




### ਵਿਕਸਤ ਦੇਸ਼ਾਂ ਦਾ ਵਿਕਾਸਸ਼ੀਲ ਦੇਸ਼ਾਂ ਨਾਲ ਧੱਕਾ

ਵਿਸ਼ਵ ਵਪਾਰ ਸੰਗਠਨ ਦੀਆਂ ਸ਼ਰਤਾਂ ਵਿਕਾਸਸ਼ੀਲ ਜਾਂ ਘੱਟ ਵਿਕਸਤ ਦੇਸ਼ਾਂ ਲਈ ਹੀ ਹਨ, ਪਰ ਇਹ ਸ਼ਰਤਾਂ ਅਮਰੀਕਾ, ਯੂਰਪ ਜਾਂ ਹੋਰ ਵਿਕਸਤ ਦੇਸ਼ਾਂ ਉਤੇ ਲਾਗੂ ਨਹੀਂ ਹੁੰਦੀਆਂ ਜੋ ਆਪਣੇ ਕਿਸਾਨਾਂ ਨੂੰ ਗ੍ਰੀਨ ਬਾਕਸ ਦੇ ਨਾਮ ਹੇਠ 200 ਅਰਬ ਡਾਲਰ ਸਬਸਿਡੀ ਦੇ ਰਹੇ ਹਨ। ਇਹ ਸਬਸਿਡੀਆਂ ਭਾਵੇਂ ਅੰਤਰਰਾਸ਼ਟਰੀ ਵਪਾਰ ਦੇ ਸੰਤੁਲਨ ਨੂੰ ਵਿਗਾੜ ਵੀ ਰਹੀਆਂ ਹਨ।

# ਕੌਮੀ ਅਰਥਚਾਰੇ ਦੇ ਚੰਗੇ ਦਿਨ ਅਜੇ ਦੂਰ ਦੀ ਗੱਲ

**ਚੰਡੀਗੜ੍ਹ:** ਭਾਵੇਂ ਸਰਕਾਰੀ ਤੇ ਗੈਰ-ਸਰਕਾਰੀ ਆਰਥਿਕ ਅਦਾਰੇ ਵਿੱਤੀ ਸਾਲ 2017-18 ਦੇ ਦੂਜੇ ਅੱਧ ਦੌਰਾਨ ਆਰਥਿਕ ਨਿਘਾਰ ਨੂੰ ਮੋੜੇ ਅਤੇ ਵਿਕਾਸ ਦਰ ਪਹਿਲੇ ਅੱਧ ਨਾਲੋਂ ਬਿਹਤਰ ਰਹਿਣ ਦੀਆਂ ਪੇਸ਼ੀਨਗੋਈਆਂ ਕਰਦੇ ਆ ਰਹੇ ਹਨ, ਕੌਮੀ ਅਰਥਚਾਰੇ ਵਿਚ ਸੁਧਾਰ ਦੇ ਦਿਨ ਅਜੇ ਦੂਰ ਦੀ ਗੱਲ ਹੈ। ਅਕਤੂਬਰ ਨਵੰਬਰ ਦੇ ਆਰਥਿਕ ਅੰਕੜੇ ਇਹੋ ਦਰਸਾਉਂਦੇ ਹਨ ਕਿ ਕੌਮੀ ਅਰਥਚਾਰਾ ਨਿਘਾਰ ਵਿਚੋਂ ਅਜੇ ਬਾਹਰ ਨਹੀਂ ਆਇਆ। ਉਪਰੋਂ ਮਹਿੰਗਾਈ ਵੀ ਘਟਣ ਜਾਂ ਸਥਿਰ ਹੋਣ ਦੀ ਥਾਂ ਵਧਦੀ ਜਾ ਰਹੀ ਹੈ।

ਖਪਤਕਾਰੀ ਸੂਚਕ ਅੰਕ ਮੁਤਾਬਕ ਨਵੰਬਰ ਮਹੀਨੇ ਮਹਿੰਗਾਈ ਦਰ 4.8 ਫੀਸਦੀ ਰਹੀ ਜੋ ਕਿ ਪਿਛਲੇ 15 ਮਹੀਨਿਆਂ ਦੌਰਾਨ ਸਭ ਤੋਂ ਵੱਧ ਹੈ। ਇਸ ਤੋਂ ਉਲਟ ਅਕਤੂਬਰ ਮਹੀਨੇ ਸਨਅਤੀ ਉਤਪਾਦਨ ਦਰ ਵਿਚ ਮਹਿਜ਼ 2.2 ਫੀਸਦੀ ਦਾ ਇਜ਼ਾਫ਼ਾ ਦਰਜ ਕੀਤਾ ਗਿਆ। ਅਕਤੂਬਰ ਤਿਉਹਾਰਾਂ ਦਾ ਮਹੀਨਾ ਹੁੰਦਾ ਹੈ, ਪਰ ਇਸ ਮਹੀਨੇ ਟਿਕਾਊ ਖਪਤਕਾਰੀ ਵਸਤਾਂ (ਟੀਵੀ, ਫਰਿੱਜਾਂ, ਏਅਰ ਕੰਡੀਸ਼ਨਰਾਂ ਆਦਿ) ਦਾ ਉਤਪਾਦਨ 7 ਫੀਸਦੀ ਘਟਿਆ, ਖਣਨ ਵਿਚ ਤੇਜ਼ੀ ਨਹੀਂ ਆਈ ਅਤੇ ਨਿਰਮਾਣ ਖੇਤਰ ਵਿਚ ਮਹਿਜ਼ 2.5 ਫੀਸਦੀ ਵਾਧਾ ਦਰਜ ਕੀਤਾ ਗਿਆ। ਅਜਿਹੇ ਮਾਯੂਸਕੁਨ ਅੰਕੜਿਆਂ ਤੋਂ ਇਲਾਵਾ ਜੀ.ਐਸ.ਟੀ. ਦੀਆਂ ਵਸੂਲੀਆਂ ਵਿਚ ਵੀ 10 ਫੀਸਦੀ ਕਮੀ ਆਈ।



ਨਵੰਬਰ ਮਹੀਨੇ ਖੁਰਾਕੀ ਵਸਤਾਂ ਦੀਆਂ ਕੀਮਤਾਂ ਵਿਚ ਵਾਧੇ ਦੀ ਦਰ 4.4 ਫੀਸਦੀ ਰਹੀ। ਇਹ ਉਹ ਮਹੀਨਾ ਹੈ ਜਦੋਂ ਸਬਜ਼ੀਆਂ ਦੇ ਭਾਆਂ ਵਿਚ ਚੋਖੀ ਕਮੀ ਆਉਂਦੀ ਹੈ, ਪਰ ਇਸ ਵਾਰ ਪਿਆਜ਼ਾਂ ਟਮਾਟਰਾਂ ਦੀ ਤੇਜ਼ੀ ਨੇ ਅਜਿਹਾ ਕੁਝ ਸੰਭਵ ਨਹੀਂ ਹੋਣ ਦਿੱਤਾ। ਦਾਲਾਂ ਦੀਆਂ ਕੀਮਤਾਂ ਪਿਛਲੇ ਸਾਲ ਦੇ ਇਨ੍ਹਾਂ ਮਹੀਨਿਆਂ ਨਾਲੋਂ ਨੀਵੀਆਂ ਹਨ, ਪਰ ਇਹ ਨੀਵੀਆਂ ਕੀਮਤਾਂ ਸਬਜ਼ੀਆਂ ਤੇ ਹੋਰ ਖੁਰਾਕੀ ਵਸਤਾਂ ਦੇ ਖਪਤਕਾਰੀ ਭਾਆਂ ਵਿਚਲੀ ਤੇਜ਼ੀ ਦਾ ਅਸਰ ਘਟਾਉਣ ਵਿਚ ਸਾਜ਼ਗਾਰ ਨਹੀਂ ਹੋ ਰਹੀਆਂ। ਪੋਲਟਰੀ ਪਦਾਰਥਾਂ ਦੀਆਂ ਕੀਮਤਾਂ ਵੀ ਆਮ ਨਾਲੋਂ ਉਚੀਆਂ ਚੱਲ ਰਹੀਆਂ ਹਨ।

# ਜਿਣਸੀ ਸ਼ੋਸ਼ਣ ਦੇ ਦੋਸ਼ਾਂ ਵਿਚ ਘਿਰੇ ਸੰਸਦ ਮੈਂਬਰ ਨੇ ਕੀਤੀ ਖੁਦਕੁਸ਼ੀ


**ਵਾਸ਼ਿੰਗਟਨ:** ਅਮਰੀਕਾ ਵਿਚ ਹਾਕਮ ਰਿਪਬਲੀਕਨ ਪਾਰਟੀ ਦੇ ਸੰਸਦ ਮੈਂਬਰ ਡੈਨ ਜੌਨਸਨ ਨੇ ਜਿਣਸੀ ਸ਼ੋਸ਼ਣ ਦੇ ਦੋਸ਼ਾਂ ਵਿਚ ਘਿਰਨ ਤੋਂ ਬਾਅਦ ਗੋਲੀ ਮਾਰ ਕੇ ਆਤਮ ਹੱਤਿਆ ਕਰ ਲਈ। ਉਨ੍ਹਾਂ ਨੇ ਆਤਮ ਹੱਤਿਆ ਕਰਨ ਤੋਂ ਪਹਿਲਾਂ ਦੋਸ਼ਾਂ ਤੋਂ ਇਨਕਾਰ ਕੀਤਾ ਸੀ।

ਜੌਨਸਨ ਨੇ ਕਿਹਾ ਸੀ ਕਿ ਇਹ ਦੋਸ਼ ਸਿਆਸਤ ਤੋਂ ਪ੍ਰੇਰਿਤ ਹਨ। 56 ਸਾਲਾ ਜੌਨਸਨ ਨੇ ਕੇਂਟਕੀ ਵਿਚ ਮਾਊਂਟ ਵਾਸ਼ਿੰਗਟਨ ਦੇ ਇਕ ਪੁਲ ਉਤੇ ਖੁਦ ਨੂੰ ਗੋਲੀ ਮਾਰੀ। ਪੁਲਿਸ ਨੇ ਬੰਦੂਕ ਬਰਾਮਦ ਕਰ ਲਈ ਹੈ। ਇਸ ਤੋਂ ਪਹਿਲਾਂ ਕੇਂਟਕੀ ਦੇ ਇਕ ਸਥਾਨਕ ਅਖਬਾਰ ਨੇ ਇਹ ਦਾਅਵਾ ਕੀਤਾ ਸੀ ਕਿ ਜੌਨਸਨ ਨੇ ਸਾਲ 2012 'ਚ ਨਵੇਂ ਸਾਲ ਦੀ ਪਾਰਟੀ ਵਿਚ 17 ਸਾਲ ਦੀ ਇਕ ਲੜਕੀ ਦਾ ਜਿਨਸੀ ਸ਼ੋਸ਼ਣ ਕੀਤਾ ਸੀ। ਲੜਕੀ ਉਨ੍ਹਾਂ ਦੀ ਬੇਟੀ ਦੀ ਦੋਸਤ ਸੀ। ਜੌਨਸਨ ਨੇ ਇਹ ਸਵੀਕਾਰ ਵੀ ਕੀਤਾ ਸੀ ਕਿ ਉਨ੍ਹਾਂ ਨੇ ਜਨਵਰੀ 2013 'ਚ ਉਸ ਲੜਕੀ ਨੂੰ ਫੇਸਬੁੱਕ ਉਤੇ ਸੰਦੇਸ਼ ਭੇਜਿਆ ਸੀ, ਪਰ ਉਨ੍ਹਾਂ ਨੂੰ ਇਹ ਯਾਦ ਨਹੀਂ ਕਿ ਉਸ ਰਾਤ ਕੀ ਹੋਇਆ ਸੀ।

# ਮਾਲਿਆ ਨੂੰ ਪਸੰਦ ਨਹੀਂ ਭਾਰਤੀ ਜੇਲ੍ਹਾਂ!

**ਲੰਡਨ:** ਬਰਤਾਨੀਆ ਵਿਚ ਹਵਾਲਗੀ ਮਾਮਲੇ ਦੀ ਸੁਣਵਾਈ ਦਾ ਸਾਹਮਣਾ ਕਰ ਰਹੇ ਵਿਵਾਦਤ ਸ਼ਰਾਬ ਕਾਰੋਬਾਰੀ ਵਿਜੇ ਮਾਲਿਆ ਦੇ ਵਕੀਲਾਂ ਨੇ ਤਰਕ ਦਿੱਤਾ ਕਿ ਭਾਰਤੀ ਜੇਲ੍ਹਾਂ ਵਿਚ ਸਮਰੱਥਾ ਤੋਂ ਵੱਧ ਕੈਦੀ ਹੁੰਦੇ ਹਨ।

ਜੇਲ੍ਹਾਂ ਵਿਚ ਸਾਫ-ਸਫਾਈ ਵੀ ਠੀਕ ਨਹੀਂ ਹੁੰਦੀ। ਵਕੀਲ ਨੇ ਕਿਹਾ ਕਿ ਮਾਲਿਆ ਨੂੰ ਮੁੰਬਈ ਦੀ ਆਰਥਰ ਰੋਡ ਜੇਲ੍ਹ ਦੇ 12ਵੇਂ ਬੈਰਕ ਵਿਚ ਰੱਖਿਆ ਜਾਵੇਗਾ ਤੇ ਉਸ ਦੀ ਹਾਲਤ ਸੰਤੋਸ਼ਜਨਕ ਹੈ। ਦੱਸਣਯੋਗ ਹੈ ਕਿ 9000 ਕਰੋੜ ਰੁਪਏ ਦੀ ਧੋਖਾਧੜੀ ਦੇ ਸੰਦਰਭ ਵਿਚ ਬ੍ਰਿਟੇਨ ਦੀ ਅਦਾਲਤ ਵਿਚ ਮਾਲਿਆ ਦੀ ਹਵਾਲਗੀ ਦੀ ਜਾਰੀ ਸੁਣਵਾਈ ਚਾਰ ਦਸੰਬਰ ਨੂੰ ਸ਼ੁਰੂ ਹੋਈ ਸੀ।



# ਭਾਰਤ 'ਚ ਆਰਥਿਕ ਪਾੜਾ ਵਧਿਆ

**ਨਵੀਂ ਦਿੱਲੀ:** ਭਾਰਤ ਵਿਚ ਆਮਦਨ ਅਸਮਾਨਤਾ ਕਾਫੀ ਉਚੇ ਪੱਧਰ ਉਤੇ ਪਹੁੰਚ ਗਈ ਹੈ। ਸਿਰਫ 0.1 ਫੀਸਦੀ ਅਮੀਰ ਲੋਕਾਂ ਦੀ ਕੁੱਲ ਸੰਪਤੀ ਵਧ ਕੇ ਹੇਠਲੇ 50 ਫੀਸਦੀ ਲੋਕਾਂ ਦੀ ਕੁੱਲ ਸੰਪਤੀ ਤੋਂ ਵੀ ਵਧੇਰੇ ਹੋ ਗਈ ਹੈ।

ਵਰਲਡ ਇਨਇਕੁਇਲਟੀ ਲੈਬ ਦੀ ਖੋਜ ਅਨੁਸਾਰ, ਭਾਰਤ ਵਿਚ ਆਰਥਿਕ ਅਸਮਾਨਤਾ ਕਾਫੀ ਵਿਆਪਕ ਹੈ ਤੇ ਇਹ 1980 ਦੇ ਦਹਾਕੇ ਤੋਂ ਲਗਾਤਾਰ ਵਧ ਰਹੀ ਹੈ। ਇਸ ਵਿਚ ਕਿਹਾ ਗਿਆ ਹੈ ਕਿ ਆਮਦਨ ਅਸਮਾਨਤਾ ਇਤਿਹਾਸਕ ਰੂਪ ਵਿਚ ਕਾਫੀ ਉਚੇ ਪੱਧਰ ਉਤੇ ਪਹੁੰਚ ਗਈ ਹੈ। ਪਹਿਲੇ 0.1 ਫੀਸਦੀ ਆਮਦਨੀ ਵਾਲੇ ਲੋਕਾਂ ਦੀ ਕੁੱਲ ਸੰਪਤੀ ਹੇਠਲੇ 50 ਫੀਸਦੀ ਲੋਕਾਂ ਤੋਂ ਵੱਧ ਹੋ ਗਈ ਹੈ। ਆਮਦਨ ਅਸਮਾਨਤਾ ਵਿਚ ਵਾਧਾ 1947 ਵਿਚ ਦੇਸ਼ ਦੀ ਆਜ਼ਾਦੀ ਦੇ 30 ਸਾਲ ਦੀ ਤੁਲਨਾ ਤੋਂ ਉਲਟ ਹੈ। ਉਸ ਵੇਲੇ ਆਮਦਨ ਅਸਮਾਨਤਾ ਕਾਫੀ ਘਟੀ ਸੀ ਤੇ ਹੇਠਲੇ 50 ਫੀਸਦੀ ਲੋਕਾਂ ਦੀ ਸੰਪਤੀ ਕੌਮੀ ਔਸਤ ਦੀ ਤੁਲਨਾ ਵਿਚ ਵਧੇਰੇ ਤੇਜੀ ਨਾਲ ਵਧੀ ਸੀ।

ਇਸ ਰਿਪੋਰਟ ਨੂੰ ਅਰਥ ਸ਼ਾਸਤਰੀ ਫਾਕੁੰਡੋ ਐਲਵਾਰੇਡੋ, ਲੁਕਾਸ ਚਾਂਸਲ, ਥਾਮਸ ਪਿਕੇਟੀ, ਇਮਾਨੁਅਲ ਸਾਇਜ ਤੇ ਗੈਬਰੀਅਲ ਜਕਮੈਨ ਨੇ ਤਿਆਰ ਕੀਤਾ ਹੈ। ਇਸ ਵਿਚ ਪਿਛਲੇ 40 ਸਾਲਾਂ ਦੌਰਾਨ ਵਿਸ਼ਵੀਕਰਨ ਦੇ ਅਸਮਾਨਤਾ ਵਾਲੇ ਪ੍ਰਭਾਵ ਨੂੰ ਦਰਸਾਇਆ ਗਿਆ ਹੈ। ਰਿਪੋਰਟ ਕਹਿੰਦੀ ਹੈ ਕਿ ਦੇਸ਼ ਦੇ ਪਹਿਲੇ ਇਕ ਫੀਸਦੀ ਆਮਦਨ ਵਾਲੇ ਲੋਕਾਂ ਕੋਲ ਕੌਮੀ ਆਮਦਨ ਦਾ 22 ਫੀਸਦੀ ਸੀ, ਉਥੇ ਹੀ ਪਹਿਲੇ 10 ਫੀਸਦੀ ਲੋਕਾਂ ਕੋਲ 56 ਫੀਸਦੀ ਹਿੱਸਾ ਸੀ।

# ਮੁਜ਼ੱਫਰਨਗਰ ਦੰਗੇ: ਭਾਜਪਾ ਮੰਤਰੀ ਤੇ ਵਿਧਾਇਕ ਖਿਲਾਫ ਵਾਰੰਟ ਜਾਰੀ

**ਮੁਜ਼ੱਫਰਨਗਰ:** ਅਦਾਲਤ ਨੇ 2013 ਵਿਚ ਹੋਏ ਮੁਜ਼ੱਫਰਨਗਰ ਦੰਗਿਆਂ ਸਬੰਧੀ ਯੂਪੀ ਦੇ ਮੰਤਰੀ ਸੁਰੇਸ਼ ਰਾਣਾ, ਸਾਬਕਾ ਕੇਂਦਰੀ ਮੰਤਰੀ ਸੰਜੀਵ ਬਾਲਿਆਨ, ਭਾਜਪਾ ਦੇ ਵਿਧਾਇਕਾਂ ਸੰਗੀਤ ਸੋਮ ਅਤੇ ਉਮੇਸ਼ ਮਲਿਕ ਸਮੇਤ ਹੋਰਾਂ ਖਿਲਾਫ਼ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਹਨ।

ਵਿਸ਼ੇਸ਼ ਜਾਂਚ ਟੀਮ (ਸੈੱਟ) ਦੇ ਅਧਿਕਾਰੀਆਂ ਮੁਤਾਬਕ ਅਦਾਲਤ ਨੇ ਨਵੇਂ ਸਿਰਿਉਂ ਗੈਰ-ਜ਼ਮਾਨਤੀ ਵਾਰੰਟ ਜਾਰੀ ਕਰਦਿਆਂ ਮੁਲਜ਼ਮਾਂ ਨੂੰ 19 ਜਨਵਰੀ, 2018 ਨੂੰ ਅਦਾਲਤ ਵਿਚ ਪੇਸ਼ ਹੋਣ ਲਈ ਕਿਹਾ ਹੈ। ਜ਼ਿਕਰਯੋਗ ਹੈ ਕਿ ਮੁਜ਼ੱਫਰਨਗਰ ਅਤੇ ਨੇੜਲੇ ਇਲਾਕਿਆਂ ਵਿਚ ਅਗਸਤ ਤੇ ਸਤੰਬਰ 2013 ਵਿਚ ਹੋਈਆਂ ਫਿਰਕੂ ਝੜਪਾਂ ਵਿਚ 60 ਤੋਂ ਵੱਧ ਮਨੁੱਖੀ ਜਾਨਾਂ ਗਈਆਂ ਸਨ ਅਤੇ 40 ਹਜ਼ਾਰ ਤੋਂ ਵੱਧ ਲੋਕਾਂ ਨੂੰ ਹਿਜਰਤ ਕਰਨੀ ਪਈ ਸੀ।

# ਮਿਆਂਮਾਰ 'ਚ ਮਾਰੇ 6700 ਰੋਹਿੰਗਿਆ ਮੁਸਲਮਾਨ

**ਢਾਕਾ:** ਮਿਆਂਮਾਰ ਵਿਚ ਅਗਸਤ ਵਿਚ ਭੜਕੀ ਹਿੰਸਾ ਦੌਰਾਨ 6,700 ਰੋਹਿੰਗਿਆ ਮੁਸਲਮਾਨ ਮਾਰੇ ਗਏ। ਇਹ ਦਾਅਵਾ ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਲੀ ਵਿਸ਼ਵ ਸੰਸਥਾ ਮੈਡੀਸਨਸ ਸੈਂਸ ਫਰੰਟੀਅਰਸ (ਐਮ.ਐਸ.ਐਫ.) ਨੇ ਕੀਤਾ ਹੈ। ਇਸ ਦੇ ਉਲਟ ਮਿਆਂਮਾਰ ਸਰਕਾਰ ਦਾ ਦਾਅਵਾ ਹੈ ਕਿ ਸੁਰੱਖਿਆ ਦਸਤਿਆਂ ਦੀ ਕਾਰਵਾਈ ਵਿਚ 400 ਲੋਕ ਮਾਰੇ ਗਏ ਸਨ। ਮਨੁੱਖੀ ਅਧਿਕਾਰ ਸੰਗਠਨ ਮੁਤਾਬਕ ਮਾਰੇ ਗਏ 6,700 ਲੋਕਾਂ ਵਿਚ 730 ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਸਨ। ਐਸ.ਐਸ.ਐਫ. ਦਾ ਦਾਅਵਾ ਹੈ ਕਿ ਇਸ ਕਾਰਵਾਈ ਵਿਚ ਵੱਡੀ ਗਿਣਤੀ ਵਿਚ ਲੋਕ ਜ਼ਖ਼ਮੀ ਵੀ ਹੋਏ ਹਨ।

ਐਮ.ਐਸ.ਐਫ. ਦੇ ਡਾਇਰੈਕਟਰ ਸਿਡਨੀ ਵੋਂਗ ਮੁਤਾਬਕ 59 ਫੀਸਦੀ ਬੱਚੇ ਰਾਈਫਲ ਦੀ ਗੋਲੀ ਨਾਲ ਮਾਰੇ ਗਏ, 15 ਫੀਸਦੀ ਸੜ ਕੇ ਮਰੇ। ਸੱਤ ਫੀਸਦੀ ਦੀ ਮੌਤ ਕੁੱਟਮਾਰ ਨਾਲ ਹੋਈ। ਜ਼ਿਕਰਯੋਗ ਹੈ ਕਿ ਬੁੱਧ ਧਰਮ ਨਾਲ ਸਬੰਧਕ ਬਹੁਗਿਣਤੀ ਮਿਆਂਮਾਰ 'ਚ 25 ਅਗਸਤ ਨੂੰ ਰੋਹਿੰਗਿਆ ਅਤਿਵਾਦੀਆਂ ਵੱਲੋਂ ਰਖਾਇਨ ਸੂਬੇ 'ਚ ਪੁਲਿਸ ਅਤੇ ਫੌਜ ਦੇ ਟਿਕਾਣਿਆਂ ਉਤੇ ਇਕੱਠੇ ਹਮਲੇ ਦੇ ਜਵਾਬ 'ਚ ਇਹ ਹਿੰਸਾ ਭੜਕੀ ਸੀ। ਇਸ ਦੌਰਾਨ ਫੌਜ ਨੇ ਰੋਹਿੰਗਿਆ ਬਹੁਗਿਣਤੀ ਪਿੰਡਾਂ ਉਤੇ ਕਾਰਵਾਈ ਕੀਤੀ ਸੀ। ਲੋਕਾਂ 'ਤੇ ਅਤਿਵਾਦੀਆਂ ਨੂੰ ਸ਼ਰਨ ਦੇਣ ਦਾ ਦੋਸ਼ ਲਗਾਇਆ ਸੀ। ਮਿਆਂਮਾਰ ਦੀ ਫੌਜ ਦਾ ਦਾਅਵਾ ਹੈ ਕਿ ਅਤਿਵਾਦੀਆਂ ਵੱਲੋਂ ਆਮ ਲੋਕਾਂ ਨੂੰ ਢਾਲ ਬਣਾਏ ਜਾਣ ਨਾਲ ਲੋਕਾਂ ਦੀ ਜਾਨ ਗਈ। ਜਦਕਿ ਸ਼ਰਨਾਰਥੀਆਂ ਨੇ ਫੌਜ ਉਤੇ ਅਤਿਆਚਾਰ ਅਤੇ ਹੱਤਿਆ ਕਰਨ ਦਾ ਦੋਸ਼ ਲਾਇਆ ਹੈ।

### ਮਨੁੱਖੀ ਅਧਿਕਾਰਾਂ ਬਾਰੇ ਸੰਸਥਾ ਵੱਲੋਂ ਦਾਅਵਾ



# ਕਿਰਪਾਲ ਸਿੰਘ ਵੱਲੋਂ ਚਿਤਰਿਆ ਨਵਾਬ ਕਪੂਰ ਸਿੰਘ

## *ਸੰਕਟ ਨੂੰ ਰੱਦ ਕਰਨ ਦੀ ਮੁਹਿੰਮ ਦੀ ਵਿਆਖਿਆ ਹੈ ਇਹ ਚਿੱਤਰ*

*ਕਿਰਪਾਲ ਸਿੰਘ ਆਰਟਿਸਟ ਵੱਲੋਂ ਨਵਾਬ ਕਪੂਰ ਸਿੰਘ (1697-1753) ਦਾ ਚਿੱਤਰ 1961 ਵਿਚ ਬਣਾਇਆ ਗਿਆ ਸੀ। ਨਵਾਬ ਕਪੂਰ ਸਿੰਘ ਨੇ 1733 ਤੋਂ ਲੈ ਕੇ 1753 ਤਕ ਵੀਹ ਸਾਲ ਸਿੱਖਾਂ ਦੀ ਰਹਿਨੁਮਾਈ ਕੀਤੀ। ਇਸ ਚਿੱਤਰ ਵਿਚ ਸਿੱਖ ਸਿਆਸਤ ਦੇ ਨੈਣ-ਨਕਸ਼ ਬਹੁਤ ਗੂੜ੍ਹੇ ਦਿਸਦੇ ਹਨ। ਇਸ ਚਿੱਤਰ ਬਾਰੇ ਸ. ਜਗਤਾਰਜੀਤ ਸਿੰਘ ਨੇ ਆਪਣੇ ਇਸ ਲੇਖ ਵਿਚ ਵਿਸਥਾਰ ਸਹਿਤ ਟਿੱਪਣੀ ਕੀਤੀ ਹੈ। ਉਨ੍ਹਾਂ ਚਿੱਤਰ ਦੀ ਵਿਆਖਿਆ ਦੇ ਨਾਲ ਨਾਲ ਸਿੱਖ ਸਿਆਸਤ ਅੰਦਰ ਧੜਕਦੇ ਦਿਲ ਦੀ ਦਾਸਤਾਨ ਵੀ ਸੁਣਾ ਛੱਡੀ ਹੈ। -ਸੰਪਾਦਕ*

ਨਵਾਬ ਕਪੂਰ ਸਿੰਘ ਨੇ 1733 ਤੋਂ ਲੈ ਕੇ 1753 ਤਕ, ਵੀਹ ਸਾਲ ਸਿੱਖਾਂ ਦੀ ਰਹਿਨੁਮਾਈ ਕੀਤੀ। ਚਿੱਤਰਕਾਰ ਕਿਰਪਾਲ ਸਿੰਘ ਨੇ ਨਵਾਬ ਕਪੂਰ ਸਿੰਘ ਦਾ ਅਦੁਤੀ ਚਿੱਤਰ ਤਿਆਰ ਕੀਤਾ ਹੈ। ਇਸ ਚਿੱਤਰ ਦਾ ਆਕਾਰ ਤੇਤੀ ਇੰਚ ਗੁਣਾ ਤਰਤਾਲੀ ਇੰਚ ਹੈ। ਇਸ ਦਾ ਰਚਨਾ ਕਾਲ 1961 ਹੈ। ਉਸ ਵੇਲੇ ਦੇ ਧਾੜਵੀ, ਸਿੱਖਾਂ ਬਾਰੇ ਗੱਲਾਂ ਕਰਦੇ ਸਮੇਂ ਪੁੱਛਦੇ, "ਇਹ ਰਹਿੰਦੇ ਕਿਥੇ ਹਨ, ਸੌਂਦੇ ਕਿਥੇ ਹਨ?" ਤਾਂ ਦੱਸਣ ਵਾਲਾ ਦੱਸਦਾ, "ਇਹ ਘੋੜਿਆਂ ਦੀ ਪਿੱਠ 'ਤੇ ਹੀ ਰਹਿੰਦੇ-ਸੌਂਦੇ ਹਨ।" ਕਿਰਪਾਲ ਸਿੰਘ ਉਸੇ ਮੁਹਾਵਰੇ ਅਨੁਰੂਪ ਨਵਾਬ ਕਪੂਰ ਸਿੰਘ ਨੂੰ ਘੋੜੇ ਦੀ ਪਿੱਠ ਉਪਰ ਸਵਾਰ ਦਿਖਾਉਂਦਾ ਹੈ।

ਇਸ ਚਿੱਤਰ ਦੀ ਵਿਧੀ ਹੋਰ ਕਿਰਤਾਂ ਤੋਂ ਹਟਵੀਂ ਹੈ। ਇਥੇ ਦੋ ਮੁੱਖ ਇਕਾਈਆਂ ਹਨ: ਘੋੜਾ ਅਤੇ ਸੂਰਬੀਰ। ਦੋਵੇਂ ਇਕਾਈਆਂ ਚਿੱਤਰ ਪੂਰਤੀ ਲਈ ਹੀ ਨਹੀਂ, ਸਗੋਂ ਇਕ ਦੂਜੇ ਲਈ ਵੀ ਅਹਿਮ ਹਨ। ਘੋੜਾ ਮਹਿਜ਼ ਜਾਨਵਰ ਵਜੋਂ ਚਿੱਤਰ ਦਾ ਅੰਗ ਨਹੀਂ। ਇਹ



**ਜਗਤਾਰਜੀਤ ਸਿੰਘ**
**ਫੋਨ: +91-98990-91186**

ਤਤਕਾਲੀ ਸਿੱਖਾਂ ਦੀ ਜੀਵਨ ਸ਼ੈਲੀ ਦਾ ਧੁਰਾ ਹੈ। ਚਿੱਤਰ ਦੀ ਕਲਪਨਾ ਕਿਵੇਂ ਹੋਈ, ਜਾਂ ਮੂਲ ਤੋਂ ਪਹਿਲਾਂ ਕੁਝ ਲਕੀਰੀ ਖਾਕੇ ਤਿਆਰ ਕੀਤੇ ਗਏ, ਜਾਂ ਕੀ ਇਸ ਵਾਸਤੇ ਕਿਸੇ ਮਾਡਲ ਦਾ ਸਹਾਰਾ ਲਿਆ ਗਿਆ? ਅਜਿਹੀ ਜਗਿਆਸਾ ਦਾ ਕੋਈ ਜਵਾਬ ਨਹੀਂ ਮਿਲਦਾ। ਇਹ ਕਮੀ ਚਿੱਤਰ ਦੀ ਗਹਿਰਾਈ ਪਹੁੰਚਣ ਵਿਚ ਵਿਘਨ ਪਾਉਂਦੀ ਹੈ।

ਘੋੜਸਵਾਰ ਨਵਾਬ ਕਪੂਰ ਸਿੰਘ ਦਾ ਪ੍ਰਸਤੁਤ ਰੂਪ ਕਿਸੇ ਸਮੇਂ ਨਾਲ ਸਬੰਧਿਤ ਹੈ? ਕੀ ਇਹ ਕਿਸੇ ਸਥਾਨ ਬਾਰੇ ਵੀ ਦੱਸ ਰਿਹਾ ਹੈ? ਇਨ੍ਹਾਂ ਪ੍ਰਸ਼ਨਾਂ ਦਾ ਉਤਰ ਇਥੇ ਨਹੀਂ ਹੈ। ਇਹ ਕਿਰਤ ਸੀਮਾ ਜਾਂ ਕਹਿ ਲਓ, ਖਾਸ ਸਮੇਂ ਸਥਾਨ ਤੋਂ ਮੁਕਤ ਹੈ। ਆਪਣੀ ਹੋਂਦ ਨੂੰ ਬਚਾਉਣ ਹਿਤ ਲੜ ਰਹੇ ਸਮੂਹ ਵਾਸਤੇ ਸਮਾਂ ਸਥਾਨ ਬੇਮਾਅਨੇ ਹੈ। ਉਹ ਤਾਂ ਹਰ ਸਮੇਂ ਸੰਕਟ ਵਿਚ ਹੈ ਅਤੇ ਹਰ ਖਿਣ ਉਸ ਵਿਚੋਂ ਨਿਕਲਦਾ ਹੈ। ਫਸਣਾ ਮੌਤ ਹੈ ਅਤੇ ਨਿਕਲਣਾ ਜੀਵਨ। ਇਉਂ ਇਕ-ਦੋ ਵਾਰ ਨਹੀਂ ਹੋਇਆ ਹੋਵੇਗਾ, ਸਗੋਂ ਇਹ ਤਾਂ ਨਿੱਤ ਦੀ ਹੋਣੀ ਸੀ। ਇਹ ਚਿੱਤਰ ਨਿਸ਼ਚਿਤ ਤੌਰ 'ਤੇ ਕਿਸੇ ਸੰਕਟ ਨੂੰ ਰੱਦ ਕਰਨ ਦੀ ਮੁਹਿੰਮ ਦੀ ਵਿਆਖਿਆ ਹੈ। ਚਿਹਰੇ ਦੀਆਂ ਦੋ ਦਗਦੀਆਂ ਅੱਖਾਂ ਵਿਚ ਪਿਛਲੇਰੇ ਘਮਸਾਣਾਂ ਦੀ ਛੱਬ ਹੀ ਨਹੀਂ, ਸਗੋਂ ਆਉਣ ਵਾਲੇ ਸਮੇਂ ਦਾ ਖਾਕਾ ਵੀ ਹੈ। ਅੱਖਾਂ ਵੀਰ ਪੁਰਖ ਦੇ ਜੀਵਨ ਦੇ ਤਤਕਰੇ ਵਾਂਗ ਦਰਸ਼ਕ ਸਨਮੁੱਖ ਹਨ।

ਘੋੜਸਵਾਰ ਨਵਾਬ ਕਪੂਰ ਸਿੰਘ ਹਥਿਆਰਬੰਦ ਸਿੰਘਾਂ ਦੇ ਸਮੂਹ ਦੀ ਅਗਵਾਈ ਕਰ ਰਹੇ ਹਨ। ਰੰਗਾਂ ਦੀ ਵਰਤੋਂ ਅਤੇ ਧੁੱਪ-ਛਾਂ ਤੋਂ ਲੱਗਦਾ ਹੈ ਕਿ ਸਮਾਂ ਦਿਨ ਦੇ ਸਿਖਰ ਦੇ ਲਾਗੇ ਦਾ ਹੈ। ਦਿਨ ਵੇਲਾ ਸੁਖ ਸਮਾਂ ਨਹੀਂ ਹੁੰਦਾ ਸੀ। ਇਹ ਥਾਂ ਕਿਸੇ ਲੁਕਣਗਾਹ ਨੂੰ ਦਿਖਾ ਰਹੀ ਹੈ। ਕਿਸੇ ਜੰਗਲ ਜਾਂ ਝਾੜੀਆਂ ਦਾ ਨਿਸ਼ਾਨ ਵੀ ਆਸ-ਪਾਸ ਨਹੀਂ ਹੈ।

ਹਾਲਾਤ ਦੱਸਦੇ ਹਨ ਕਿ ਸਿੱਧੇ ਤੁਰੇ ਜਾਂਦੇ ਸਵਾਰ ਦੀ ਨਜ਼ਰ ਪਲਾਂ-ਖਿਣਾਂ ਲਈ ਜਿਵੇਂ ਉਸ ਦੇ ਖੱਬੇ ਪਾਸੇ ਵੱਲ ਖਿੱਚੀ ਗਈ। ਉਸੇ ਅਨੁਰੂਪ ਚਿਹਰਾ ਘੁੰਮਦਾ ਹੈ ਅਤੇ ਘੋੜੇ ਦੀ ਖਿੱਚੀ ਲਗਾਮ ਉਸ ਦੇ ਮੁੱਖ ਨੂੰ ਵੀ ਉਧਰ ਹੀ ਮੋੜ ਦਿੰਦੀ ਹੈ। ਹਾਲਤ ਕੋਈ ਵੀ ਹੋਵੇ, ਇਹ ਚਿੱਤਰ ਚਿਤਰਨ ਨੂੰ ਉਤਮ ਕੋਣ ਮੁਹੱਈਆ ਕਰ ਰਹੀ ਹੈ। ਨਵਾਬ ਕਪੂਰ ਸਿੰਘ ਦਾ ਚਿਹਰਾ ਹਲਕਾ ਜਿਹਾ ਖੱਬੇ ਵੱਲ ਘੁੰਮਿਆ ਹੋਇਆ ਹੈ ਜੋ ਉਨ੍ਹਾਂ ਦੇ ਮੁਖ ਮੰਡਲ ਦੀ 'ਪ੍ਰੋਫਾਈਲ' ਉਘਾੜ ਰਿਹਾ ਹੈ। ਸਿਰ ਉਪਰ ਸੁਚੱਜਾ ਸਫੈਦ ਉਪਰ ਕੇਸਰੀ ਰੰਗ ਦਾ ਦੁਮਾਲਾ ਹੈ ਜਿਹਦੇ ਉਪਰ ਲੋਹ-ਚੱਕਰ ਸਜੇ ਹਨ। ਦੁਮਾਲੇ ਨਾਲ ਲੱਗੀ ਸਫੈਦ, ਸੋਭਾਵੰਤ ਕਲਗੀ ਹੈ। ਇਹ ਬਾਦਸ਼ਾਹਤ ਦੀ ਨਿਸ਼ਾਨੀ ਹੈ। ਅਸਲ ਵਿਚ ਬੰਦੇ ਦੀ ਸਰੀਰਕ ਤਾਕਤ ਹੀ ਦੁਸ਼ਮਣ ਲਈ ਲਲਕਾਰ ਨਹੀਂ ਹੁੰਦੀ ਰਹੀ, ਸਗੋਂ ਉਸ ਦਾ ਲਿਬਾਸ ਵੀ ਮੁਗਲ ਸ਼ਾਸਨ ਦੀ ਅੱਖ ਦੀ ਕਿਰਕਿਰੀ ਬਣਦਾ ਰਿਹਾ। ਸਿਰ ਧਾਰਨ ਕੀਤੀ ਕਲਗੀ ਅਜਿਹੀ ਹੀ ਇਕਾਈ ਹੈ। ਚਿਹਰੇ ਦੇ ਰੋਹਬ ਨੂੰ ਸਫੈਦ ਭਰਵਾਂ ਦਾਹੜਾ ਗੰਭੀਰਤਾ ਮੁਹੱਈਆ ਕਰਦਾ ਹੈ। ਚਿੱਤਰਕਾਰ ਨੇ ਚਿੱਤਰ ਵਾਲਾ ਰੂਪ ਹਕੀਕਤ ਦੇ ਕਰੀਬ ਰੱਖਣਾ ਚਾਹਿਆ ਹੈ, ਤਾਂ ਹੀ ਚਿਹਰਾ ਮੋੜਨ ਦੀ ਕ੍ਰਿਆ ਅਨੁਸਾਰ ਸਮੁੱਚਾ ਦਾਹੜਾ ਉਸ ਦਿਸ਼ਾ ਵੱਲ ਨਹੀਂ ਗਿਆ। ਹੇਠਲਾ ਹਿੱਸਾ ਅਜੇ ਵੀ ਮੂਲ ਅਵਸਥਾ ਵਿਚ ਟਿਕਿਆ ਹੋਇਆ ਹੈ। ਪਹਿਲੀ ਨਜ਼ਰੇ ਲੱਗਦਾ ਹੈ ਕਿ ਇਹ ਹਾਲਤ ਹਵਾ ਦੀ ਗਤੀ ਕਾਰਨ ਹੈ ਪਰ ਜੇ ਇਉਂ ਹੁੰਦਾ ਤਾਂ ਪਹਿਨੇ ਵਸਤਰਾਂ ਅਤੇ ਕਲਗੀ ਵਿਚ ਵੀ ਹਰਕਤ ਦੇਖਣ ਨੂੰ ਮਿਲਦੀ।

ਚਿੱਤਰ ਰਾਹੀਂ ਅਤੇ ਇਹਦੇ ਵਿਚ ਪੈਦਾ ਕੀਤੀ ਸਥਿਰਤਾ ਦਾ ਆਪਣਾ ਮਕਸਦ ਹੈ। ਸਥਿਰਤਾ ਪੱਥਰ ਜਿਹੀ ਨਹੀਂ, ਕਿਉਂਕਿ ਪੱਥਰ ਜਿਹੀ ਸਥਿਰਤਾ ਨਿਰਜਿੰਦ, ਕਠੋਰ, ਨਿਰਭਾਵ, ਕਰੂਰਤਾ ਦਾ ਸੰਕੇਤ ਦੇ ਸਕਦੀ ਹੈ। ਇਹ ਸਥਿਰਤਾ ਅੰਦਰੂਨੀ ਹੈ।



*ਆਰਟਿਸਟ ਕਿਰਪਾਲ ਸਿੰਘ ਵੱਲੋਂ ਬਣਾਇਆ ਨਵਾਬ ਕਪੂਰ ਸਿੰਘ ਦਾ ਚਿੱਤਰ।*

ਤਕਰੀਬਨ ਉਹੋ ਜਿਹੀ ਜਿਹੜੀ ਸ਼ੇਰ ਨੂੰ ਸ਼ਿਕਾਰ ਦੀ ਸੂਹ ਮਿਲਣ ਸਮੇਂ ਹੁੰਦੀ ਹੈ, ਭਾਵ ਕਿਸੇ ਆਹਟ ਨੂੰ ਸੁਣਨ ਤੋਂ ਬਾਅਦ ਖੁਦ ਨੂੰ ਉਸ ਹਾਲਤ ਮੁਤਾਬਿਕ ਢਾਲਣ ਦੀ ਹਾਲਤ।

ਮੱਥੇ ਦੀਆਂ ਹਲਕੀਆਂ ਤਿਊੜੀਆਂ ਥੱਲੇ ਸੁੰਗੇੜੀਆਂ ਸਿਆਹ ਭਵਾਂ ਹੇਠ ਜ਼ਰਾ ਕੁ ਡੂੰਘੀਆਂ, ਰੋਹ ਭਰੀਆਂ ਅੱਖਾਂ ਹਨ ਜਿਹੜੀਆਂ ਫਰੇਮ ਤੋਂ ਬਾਹਰ ਸਿੱਧਾ ਦੇਖ ਰਹੀਆਂ। ਦੇਖਿਆ ਜਾਣ ਵਾਲਾ ਦੁਸ਼ਮਣ ਹੋ ਸਕਦਾ ਹੈ ਜਾਂ ਰਾਹ। ਕੁਝ ਹੋਰ ਵੀ ਹੋ ਸਕਦਾ ਹੈ ਜੋ ਨਿਸ਼ਚਿਤ ਨਹੀਂ। ਨਵਾਬ ਕਪੂਰ ਸਿੰਘ ਪਿੱਛੇ ਸਿੰਘਾਂ ਦੀ ਫੌਜ ਹੈ। ਕੀ ਉਹ ਕਿਸੇ ਯੁੱਧ ਖੇਤਰ ਵੱਲ ਵਧ ਰਹੇ ਹਨ?

ਅੱਖਾਂ ਦਾ ਤੇਜ ਪ੍ਰਚੰਡ ਹੈ। ਕਿਹਾ ਜਾਂਦਾ ਹੈ ਕਿ ਅੱਖ ਦਾ ਭੈਅ ਵੀ ਦੁਸ਼ਮਣ ਨੂੰ ਮਾਰਨ ਦੇ ਸਮਰੱਥ ਹੁੰਦਾ ਹੈ। ਚਿਤੇਰੇ ਨੇ ਉਸੇ ਅਨੁਰੂਪ ਰੰਗ ਅਤੇ ਬੁਰਸ਼ ਸੁਮੇਲ ਨਾਲ ਪ੍ਰਭਾਵ ਰਚਿਆ ਹੈ। ਚਿਹਰੇ ਦੇ ਰੋਹਬ-ਦਾਬ ਵਾਸਤੇ ਵੀ ਜ਼ਿਆਦਾ ਬਾਰੀਕਬੀਨੀ ਨਹੀਂ ਵਰਤੀ। ਦੁੱਖ-ਤਕਲੀਫ, ਮੌਸਮਾਂ ਦੀ ਮਾਰ, ਲੜਾਈਆਂ ਦਾ ਸਾਹਮਣਾ, ਅੱਖਾਂ ਸਾਹਮਣੇ ਆਪਣਿਆਂ-ਪਰਾਇਆਂ ਦੇ ਜ਼ਖਮੀ ਹੋਣ ਜਾਂ ਮਰਨ ਦੀਆਂ ਘਟਨਾਵਾਂ ਚਿਹਰੇ ਨੂੰ ਕੋਮਲ ਨਹੀਂ ਰਹਿਣ ਦਿੰਦੀਆਂ। ਇਸ ਦੇ ਬਾਵਜੂਦ ਸੂਰਬੀਰ ਦੀ ਦਿੱਖ ਵਿਚ ਨਿਰਦੈਤਾ ਜਾਂ ਕਰੂਰਤਾ ਦੀ ਝਲਕ ਨਹੀਂ। ਸਭ ਹੋਣੀਆਂ ਨੇ ਮਿਲ ਕੇ ਚਿਹਰੇ ਦੀ ਦਿੱਖ ਨੂੰ ਵੱਖਰਾਪਣ ਜ਼ਰੂਰ ਦਿੱਤਾ ਹੋਵੇਗਾ ਜਿਸ ਨੂੰ ਫੜਨ ਦਾ ਯਤਨ ਚਿਤਰਕਾਰ ਨੇ ਕੀਤਾ ਹੈ।

ਇਸ ਚਿੱਤਰ ਮੁਤਾਬਿਕ ਨਵਾਬ ਕਪੂਰ ਸਿੰਘ ਦੀ ਉਮਰ ਉਤਰਾਅ ਵੱਲ ਦੀ ਹੈ। ਉਮਰ ਦਾ ਸਰੀਰ ਉਪਰ ਸਪਸ਼ਟ ਦਿਖਵਾਂ ਪ੍ਰਭਾਵ ਨਹੀਂ ਪਿਆ, ਚਿੱਤਰ ਇਹੋ ਦੱਸਦਾ ਹੈ। ਚਿਤਰਕਾਰ ਨੇ ਸਿੱਖਾਂ ਦੀਆਂ ਸਮੂਹਿਕ ਜਥੇਬੰਦੀਆਂ ਦੇ ਮੁਖੀ ਨੂੰ ਉਸ ਦੀ ਸ਼ਾਨੋ-ਸ਼ੌਕਤ ਅਨੁਰੂਪ ਸਜਾਇਆ-ਸੰਵਾਰਿਆ ਹੈ। ਪਹਿਨੇ ਚੋਲੇ, ਜੋ ਰੇਸ਼ਮੀ ਪ੍ਰਤੀਤ ਹੁੰਦਾ ਹੈ, ਉਪਰ ਬਾਰੀਕ ਸੁਨਹਿਰੀ ਧਾਗੇ ਦੀ ਕਢਾਈ ਹੈ। ਇਸ ਨੂੰ ਸੂਰਬੀਰ ਦੇ ਠਾਠ ਅਤੇ ਵਖਰੇਵੇਂ ਦੀ ਨਿਸ਼ਾਨੀ ਮੰਨ ਸਕਦੇ ਹਾਂ; ਪਰ ਅਜਿਹਾ ਲਿਖਦੇ-ਸੋਚਦੇ ਸਮੇਂ ਧਿਆਨ ਉਸ ਘਟਨਾ ਵੱਲ ਵੀ ਜਾਂਦਾ ਹੈ ਜਦੋਂ ਨਵਾਬ ਕਪੂਰ ਸਿੰਘ ਨੇ 'ਨਵਾਬੀ' ਸਵੀਕਾਰ ਕਰਨ ਤੋਂ ਪਹਿਲਾਂ ਉਸ ਨੂੰ ਪੰਜ ਪਿਆਰਿਆਂ ਦੇ ਪੈਰਾਂ ਵਿਚ ਰੱਖਿਆ ਸੀ।

ਘੋੜਸਵਾਰ ਨਵਾਬ ਕਪੂਰ ਸਿੰਘ ਦੇ ਖੱਬੇ ਵੱਲ ਕਮਰਬੰਦ ਨਾਲ ਕਿਰਪਾਨ ਲਟਕ ਰਹੀ ਹੈ। ਇਸ ਦੀ ਦਮਦਾਰ ਮੁੱਠ ਇਸ ਦੀ ਮਜ਼ਬੂਤ ਬਣਾਵਟ ਬਾਰੇ ਦੱਸਦੀ ਹੈ। ਕਿਰਪਾਨ ਜੇ ਵਾਰ ਕਰਨ ਹਿਤ ਵਰਤੀ ਜਾਂਦੀ ਹੈ, ਤਾਂ ਦੁਸ਼ਮਣ ਦੇ ਵਾਰਾਂ ਤੋਂ ਖੁਦ ਨੂੰ ਬਚਾਉਣ ਵਾਸਤੇ ਲੋਹ ਕਵਚਾਂ ਦਾ ਆਸਰਾ ਲਿਆ ਜਾਂਦਾ ਸੀ। ਮਨੁੱਖ ਵਾਸਤੇ ਹੀ ਨਹੀਂ, ਸਗੋਂ ਲੜਾਈ ਵੇਲੇ ਵਰਤੇ ਜਾਂਦੇ ਜਾਨਵਰਾਂ ਦੇ ਅਹਿਮ ਅੰਗਾਂ ਦੇ ਬਚਾਅ ਵਾਸਤੇ ਵੀ ਲੋਹ ਜਾਂ ਮੋਟੇ ਚਮੜੇ ਦੇ ਕਵਚਾਂ ਦਾ ਇਸਤੇਮਾਲ ਕੀਤਾ ਜਾਂਦਾ ਸੀ। ਚਿੱਤਰ ਵਿਚ ਨਵਾਬ ਕਪੂਰ ਸਿੰਘ ਨੇ ਛਾਤੀ, ਮੋਢਿਆਂ, ਬਾਹਾਂ ਉਪਰ ਹੋਣ ਵਾਲੇ ਮਾਰੂ ਵਾਰਾਂ ਨੂੰ ਰੋਕਣ ਲਈ ਲੋਹ ਕਵਚ ਪਹਿਨੇ ਹੋਏ ਹਨ।

ਕਲਗੀ-ਸਜੇ ਘੋੜੇ ਦਾ ਰੰਗ ਗੂੜ੍ਹਾ ਭੂਰਾ ਹੈ। ਚਿੱਤਰ ਵਿਚ ਕਿਸੇ ਹੋਰ ਘੋੜੇ ਸਿਰ ਕਲਗੀ ਨਹੀਂ ਦਿਸ ਰਹੀ। ਸਮਝ ਸਕਦੇ ਹਾਂ ਕਿ ਇਹ ਘੋੜਾ ਸਾਧਾਰਨ ਗੁਣਾਂ ਵਾਲਾ ਨਹੀਂ। ਖੱਬੇ ਵੱਲ ਦੀ ਆ ਰਹੀ ਲੋਅ ਉਸ ਦੇ ਚਿਹਰੇ ਨੂੰ ਥੋੜ੍ਹਾ ਦੇਖਣ ਯੋਗ ਕਰ ਰਹੀ ਹੈ। ਨਾ ਤਾਂ ਘੋੜੇ ਦਾ ਪੂਰਾ ਆਕਾਰ ਕੈਨਵਸ ਫਰੇਮ ਦੇ ਅੰਦਰੋਂ ਅਤੇ ਨਾ ਹੀ ਉਸ ਦੇ ਸਵਾਰ ਦੀ ਪੂਰੀ ਦੇਹੀ ਦਿਖਦੀ ਹੈ। ਘੋੜੇ ਦਾ ਵਰਣ ਲਗਪਗ ਇਕ ਜਿਹਾ ਹੈ, ਪਰ ਉਸ ਦੇ ਸਵਾਰ ਦੇ ਰੂਪ ਚਿਤਰਨ ਵਾਸਤੇ ਕਈ ਰੰਗਾਂ ਅਤੇ ਉਨ੍ਹਾਂ ਦੇ ਸ਼ੇਡਜ਼ ਦੀ ਵਰਤੋਂ ਹੋਈ ਹੈ। ਯੋਧੇ ਦੇ ਅਤਿ ਕਰੀਬ ਦੋ ਵਸਤਾਂ ਹੁੰਦੀਆਂ ਹਨ, ਉਸ ਦੇ ਅਸਤਰ-ਸ਼ਸਤਰ ਅਤੇ ਉਸ ਦਾ ਵਾਹਕ। ਇਥੇ ਵਾਹਕ (ਘੋੜਾ) ਆਪਣੇ ਸਵਾਰ ਦੇ ਕਹੇ ਵਿਚ ਹੈ। ਇਹਦਾ ਪਤਾ ਤਦ ਲੱਗਦਾ ਹੈ ਜਦੋਂ ਸਾਡੀ ਨਜ਼ਰ ਖੱਬੇ ਹੱਥ ਨਾਲ ਘੁੱਟ ਕੇ ਫੜੀ ਲਗਾਮ ਉਪਰ ਜਾ ਟਿਕਦੀ ਹੈ। ਸੰਭਵ ਹੈ ਜਿਸ ਪੁਜ਼ੀਸ਼ਨ ਵਿਚ ਘੋੜੇ ਦਾ ਮੂੰਹ ਹੈ, ਲਗਾਮ ਦੀ ਖਿੱਚ ਕਾਰਨ ਹੀ ਹੈ।

ਕਿਰਪਾਲ ਸਿੰਘ ਨੇ ਇਹ ਕਿਰਤ ਵੀ ਸਿੱਖ ਇਤਿਹਾਸ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤੀ ਹੈ। ਉਹ ਨਵਾਬ ਕਪੂਰ ਸਿੰਘ ਨੂੰ ਇਸ ਤੋਂ ਭਿੰਨ ਅਵਸਥਾ ਵਿਚ ਪੇਂਟ ਕਰ ਸਕਦਾ ਸੀ। ਇਸ ਸਿੰਘ ਦਾ ਏਕਲ ਰੂਪ ਵੀ ਰਚਿਆ ਜਾ ਸਕਦਾ ਸੀ। ਇਹ ਚਿੱਤਰ ਨਾ ਤਾਂ ਏਕਲ ਹੈ ਤੇ ਨਾ ਹੀ ਪੂਰੀ ਤਰ੍ਹਾਂ ਸਮੂਹਿਕ। ਇਹ ਅਜਿਹਾ ਦ੍ਰਿਸ਼ ਲੱਗਦਾ ਹੈ ਜਿਵੇਂ ਕੈਮਰੇ ਨੂੰ ਇਕ ਇਕਾਈ ਉਪਰ ਇਕਾਗਰ ਕਰ ਕੇ ਫੋਟੋ ਖਿੱਚੀ ਜਾਵੇ।

ਨਵਾਬ ਕਪੂਰ ਸਿੰਘ ਸਿੱਖ ਸਮੂਹ ਦੀ ਅਗਵਾਈ ਕਰ ਰਹੇ ਹਨ। ਉਹ ਅਗਵਾਈ ਤਾਂ ਕਰ ਰਹੇ ਹਨ, ਪਰ ਉਨ੍ਹਾਂ ਦੇ ਸ਼ਕਤੀ ਸਰੋਤ ਸਿੱਖ ਹਨ ਜੋ ਉਨ੍ਹਾਂ ਦੇ ਨਾਲ ਇਕ ਹੋ ਕੇ ਚੱਲ ਰਹੇ ਹਨ। ਚਿੱਤਰੇ ਦ੍ਰਿਸ਼ ਵਿਚ ਯੋਧੇ ਦੇ ਪਿੱਛੇ ਪਿੱਛੇ ਘੋੜਸਵਾਰਾਂ ਦਾ ਕਾਫਲਾ ਤੁਰਿਆ ਆਉਂਦਾ ਦਿਸ ਰਿਹਾ ਹੈ। ਇਨ੍ਹਾਂ ਜੰਗਜੂਆਂ ਦੇ ਲਿਬਾਸ ਇਕੋ ਜਿਹੇ ਲੱਗਦੇ ਹਨ। ਵਿੱਥ ਆਪਸੀ ਅੰਤਰ ਨੂੰ ਮੇਟ ਰਹੀ ਹੈ। ਇਨ੍ਹਾਂ ਘੋੜਸਵਾਰਾਂ ਹੱਥੀਂ ਨੇਜ਼ੇ ਹਨ ਜਿਨ੍ਹਾਂ ਦੇ ਸਿਖਰੀਂ ਖਾਲਸਈ ਨਿਸ਼ਾਨ ਝੂਲ ਰਹੇ ਹਨ। ਇਥੇ ਉਸ ਪਰਿਵਰਤਨ ਦੇ ਕੁਝ ਕਣ ਮੌਜੂਦ ਹਨ ਜੋ ਜਮੀਨੀ ਪੱਧਰ ਉਪਰ ਹੋਇਆ। ਥੋੜ੍ਹੀ ਬਹੁਤ ਅਮਨ-ਚੈਨ ਦਾ ਪਰਤੌ ਇਸ ਚਿੱਤਰ ਵਿਚ ਚਿੱਤਰਕਾਰ ਨੇ ਦਰਜ ਕੀਤਾ ਹੈ। ਕਦੇ ਸਿਪਾਹੀ 'ਨੰਗੇ ਧੜ' ਲੜਦੇ ਸਨ ਜਾਂ ਪੈਦਲ ਹੀ ਲੜਦੇ ਸਨ; ਹੁਣ ਉਹ ਹਾਲਤ ਨਹੀਂ। 'ਨਵਾਬੀ' ਦਾ ਅਸਰ ਇਕ ਬੰਦੇ ਤਕ ਸੀਮਿਤ ਨਾ ਰਹਿ ਕੇ ਸਮੂਹ ਸਿੱਖਾਂ ਤਕ ਫੈਲਿਆ। ਕੈਨਵਸ 'ਤੇ ਖੱਬੇ ਵੱਲੋਂ ਚੱਲ ਕੇ ਸੱਜੇ ਤਕ ਪਹੁੰਚਦਿਆਂ-ਪਹੁੰਚਦਿਆਂ ਦ੍ਰਿਸ਼ ਆਪਣੀ ਤਾਕਤ ਖੁਦ ਪ੍ਰਗਟਾ ਦਿੰਦਾ ਹੈ।



*ਕਿਰਪਾਲ ਸਿੰਘ ਦੇ ਆਰਟਿਸਟ ਪੁੱਤਰ ਜਰਨੈਲ ਸਿੰਘ ਵੱਲੋਂ ਬਣਾਇਆ ਉਨ੍ਹਾਂ ਦਾ ਚਿੱਤਰ।*

ਚਿੱਤਰਕਾਰ ਕਿਰਪਾਲ ਸਿੰਘ ਅਨੁਸਾਰ ਇਹ ਚਿੱਤਰ ਨਵਾਬ ਕਪੂਰ ਸਿੰਘ ਦਾ ਹੁੰਦਾ ਹੋਇਆ ਕੁਝ ਹੋਰ ਵੀ ਹੈ। ਨਵਾਬ ਕਪੂਰ ਸਿੰਘ ਦੇ ਹੋਣ ਕਾਰਨ ਇਹ ਖਾਸ ਹੈ।

# ਈ-ਟਰੱਕਿੰਗ ਸੋਲਿਊਸ਼ਨ ਟਰੱਕ ਸੌਫਟਵੇਅਰ ਲਾਂਚ

**ਫਰਿਜ਼ਨੋ (ਬਿਊਰੋ):** ਟਰੱਕ ਡਿਸਪੈਚ ਨੂੰ ਹੋਰ ਸੌਖਾ ਬਣਾਉਣ ਲਈ ਟਰੱਕਿੰਗ ਇੰਡਸਟਰੀ ਨਾਲ ਜੁੜੇ ਉਘੇ ਸਮਾਜ ਸੇਵਕ



*ਰਾਜਿੰਦਰ ਸਿੰਘ ਟਾਂਡਾ*

ਰਾਜਿੰਦਰ ਸਿੰਘ ਟਾਂਡਾ ਨੇ ਇੱਕ ਈ-ਟਰੱਕਿੰਗ ਸੋਲਿਊਸ਼ਨ ਟਰੱਕ ਸੌਫਟਵੇਅਰ ਤਿਆਰ ਕੀਤਾ ਹੈ, ਜੋ ਲੰਘੇ ਸ਼ੁੱਕਰਵਾਰ ਇਥੇ ਇੰਡੀਆ ਓਵਨ ਰੈਸਟੋਰੈਂਟ ਵਿਚ ਲਾਂਚ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਰਾਜਿੰਦਰ ਸਿੰਘ ਟਾਂਡਾ ਨੇ ਕਿਹਾ ਕਿ ਕਈ ਵਾਰੀ ਜੇ ਸਹੀ ਟੂਲ ਕੋਲ ਨਾ ਹੋਵੇ ਤਾਂ ਅੱਗਾ ਦੌੜ ਪਿੱਛਾ ਚੌੜ ਵਾਲੀ ਗੱਲ ਹੋ ਜਾਂਦੀ ਹੈ। ਕੋਈ ਵੀ ਬਿਜਨਸ ਉਨਾ ਚਿਰ ਵਾਧੇ ਵਾਲੇ ਪਾਸੇ ਨਹੀਂ ਜਾ ਸਕਦਾ, ਜਿੰਨਾ ਚਿਰ ਨਫੇ-ਨੁਕਸਾਨ ਦੀ ਸਹੀ ਜਾਣਕਾਰੀ ਕੰਪਨੀ ਮਾਲਕਾਂ ਤੱਕ ਨਹੀਂ ਪਹੁੰਚਦੀ। ਉਨ੍ਹਾਂ ਕਿਹਾ ਕਿ ਹਰ ਪ੍ਰਕ੍ਰਿਆ ਪੇਪਰਲੈਸ ਹੋ ਰਹੀ ਹੈ ਤੇ ਹਰ ਕੋਈ ਆਪਣੀ ਸਿਰਦਰਦੀ ਘਟਾਉਣੀ ਚਾਹੁੰਦਾ ਹੈ। ਇਸੇ ਨੂੰ ਮੁੱਖ ਰੱਖ ਕੇ ਇਹ ਸੌਫਟਵੇਅਰ ਤਿਆਰ ਕੀਤਾ ਗਿਆ ਹੈ। ਡਰਾਈਵਰ ਐਪਲੀਕੇਸ਼ਨ ਭਰਨ ਤੋਂ ਲੈ ਕੇ ਲੋਡ ਲਾਹੁਣ ਅਤੇ ਬਿਲਿੰਗ ਕਰਨ ਤੱਕ ਦਾ ਸੌਖਾ ਤੇ ਸਰਲ ਤਰੀਕਾ ਹੈ, ਇਸ ਨਵੇਂ ਸੌਫਟਵੇਅਰ ਵਿਚ। ਉਨ੍ਹਾਂ ਟਰੱਕਰ ਭਰਾਵਾਂ ਨੂੰ ਕਿਹਾ ਕਿ ਜੇ ਉਨ੍ਹਾਂ ਨੂੰ ਜਾਪੇ ਕਿ ਇਸ ਵਿਚ ਹੋਰ ਤਬਦੀਲੀਆਂ ਦੀ ਲੋੜ ਹੈ ਤਾਂ ਆਪਣਾ ਸੁਝਾਓ ਦੇ ਸਕਦੇ ਹਨ।

ਫਰਿਜ਼ਨੋ ਦੇ ਟਰੱਕਰ ਭਰਾਵਾਂ ਨੇ ਇਸ ਈ-ਟਰੱਕਿੰਗ ਸੋਲਿਊਸ਼ਨ ਟਰੱਕ ਸੌਫਟਵੇਅਰ ਲਾਂਚ ਪ੍ਰੋਗਰਾਮ ਨੂੰ ਭਰਵਾਂ ਹੁੰਗਾਰਾ ਦਿੱਤਾ।

# ਵਲੈਤੀ ਗਜ਼ਲ ਦਾ ਰੰਗ ਤੇ ਰੂਪ

## ਤਾਨਿਆ ਵੈਲਜ਼ ਦੀ ਸੁਰਾਂ ਦੀ ਸਰਗਮ




ਕਲਾ ਪਰਿਕਰਮਾ

ਉਰਦੂ ਦੀ ਨਫਾਸਤ ਅਤੇ ਨਖਰੇ ਤੋਂ ਕੌਣ ਵਾਕਿਫ ਨਹੀਂ ਹੈ? ਪਰ ਐਤਕੀਂ ਜਦੋਂ ਦਿੱਲੀ ਵਿਚ ਉਰਦੂ ਬਾਰੇ ਸਜਾਏ ਸਮਾਗਮ ਵਿਚ ਇਕ ਅੰਗਰੇਜ਼ ਕੁੜੀ ਨੇ ਗਜ਼ਲਾਂ ਦੀ ਮਹਿਫਲ ਲਾਈ ਤਾਂ ਸਭ ਹੈਰਾਨ ਹੀ ਰਹਿ ਗਏ। ਹੁਣ ਤੱਕ ਅਸੀਂ ਸਾਰਿਆਂ ਨੇ ਹਿੰਦੀ ਫਿਲਮਾਂ ਵਿਚ ਅੰਗਰੇਜ਼ ਪਾਤਰਾਂ ਨੂੰ 'ਹਮਕੋ ਟੁਮਕੋ' ਕਰਦਿਆਂ ਹੀ ਦੇਖਿਆ-ਸੁਣਿਆ ਹੈ, ਪਰ ਜਦੋਂ ਵਲੈਤਣ ਗਜ਼ਲ ਗਾਇਕਾ ਤਾਨੀਆ ਵੈਲਜ਼ ਨੇ ਸੰਗੀਤ ਦੀਆਂ ਸੁਰਾਂ ਛੇੜੀਆਂ ਤਾਂ ਸਭ ਦੀਆਂ ਉਂਗਲਾਂ ਮੂੰਹ ਵਿਚ ਪੈ ਗਈਆਂ।

**ਜਗਤਵੀਰ ਸਿੰਘ**

ਤਾਨੀਆਂ ਨਾਲ ਗੱਲਾਂ ਸ਼ੁਰੂ ਹੋਈਆਂ ਤਾਂ ਹੋਰ ਵੀ ਦੰਗ ਕਰ ਦੇਣ ਵਾਲੇ ਹਵਾਲੇ ਸਾਹਮਣੇ ਆਉਣੇ ਆਰੰਭ ਹੋ ਗਏ। ਉਹ ਮਹਿਜ਼ ਦਸ ਸਾਲ ਪਹਿਲਾਂ ਹੀ ਹਿੰਦੁਸਤਾਨੀ ਸੰਗੀਤ ਦੇ ਲੜ ਲੱਗੀ ਹੈ। ਉਸ ਦੇ ਗੁਰੂ ਪੰਡਿਤ ਪ੍ਰਭਾਕਰ ਧਕੜੇ ਨੇ ਉਸ ਨੂੰ ਆਪਣੀਆਂ ਗਜ਼ਲਾਂ ਬਾਰੇ ਬਾਕਾਇਦਾ ਸਿਖਲਾਈ ਦਿੱਤੀ ਅਤੇ ਫਿਰ ਇਹ ਨਾਤਾ ਦਿਨ-ਬਦਿਨ ਪੀਡਾ ਹੁੰਦਾ ਗਿਆ। ਉਹ ਖੁਦ ਗਜ਼ਲਾਂ ਦੀ ਤਾਕਤ ਤੋਂ ਹੈਰਾਨ ਹੁੰਦੀ ਰਹਿੰਦੀ ਹੈ ਅਤੇ ਕਹਿੰਦੀ ਹੈ ਕਿ ਗਜ਼ਲ ਰਾਹੀਂ ਸੁਰਾਂ ਛੇੜ ਕੇ ਉਹ ਅਨੰਦ ਮੁਗਧ ਹੋ ਜਾਂਦੀ ਹੈ। ਉਸ ਲਈ ਗਜ਼ਲਾਂ ਗਾਉਣਾ ਕਿਸੇ ਭਗਤੀ ਤੋਂ ਕਿਵੇਂ ਵੀ ਘੱਟ ਨਹੀਂ!

ਸੰਗੀਤ ਪ੍ਰੇਮੀਆਂ ਨੇ ਫੈਜ਼ ਅਹਿਮਦ ਫੈਜ਼ ਅਤੇ ਉਰਦੂ ਦੇ ਹੋਰ ਉਮਦਾ ਸ਼ਾਇਰਾਂ ਦਾ ਕਲਾਮ ਨੂਰ ਜਹਾਂ, ਮਹਿਦੀ ਹਸਨ, ਟੀਨਾ ਸਾਨੀ, ਨਾਇਰਾ ਨੂਰ ਵਰਗੀਆਂ ਹਸਤੀਆਂ ਦੀ ਆਵਾਜ਼ ਵਿਚ ਸੁਣਿਆ ਹੈ, ਪਰ ਤਾਨੀਆ ਵੈਲਜ਼ ਜਦੋਂ ਫੈਜ਼ ਗਾਉਂਦੀ ਹੈ ਤਾਂ ਵਾਕਿਆ ਹੀ... ਸੁਰਾਂ ਦੀਆਂ ਘੰਟੀਆਂ ਵੱਜਦੀਆਂ ਪ੍ਰਤੀਤ ਹੁੰਦੀਆਂ ਹਨ। ਆਪਣੇ ਇਸ ਸਫਰ ਬਾਰੇ ਉਹ ਹੁੱਬ ਕੇ ਦੱਸਦੀ ਹੈ ਕਿ ਗਜ਼ਲਾਂ ਗਾਉਣ ਤੋਂ ਪਹਿਲਾਂ ਉਸ ਨੇ ਰੱਜ ਰੱਜ ਕੇ ਗਜ਼ਲਾਂ ਸੁਣੀਆਂ। ਗਜ਼ਲ ਗਾਇਕਾਂ ਦਾ ਨਾਂ ਪੁੱਛਿਆ ਤਾਂ ਸਭ ਤੋਂ ਪਹਿਲਾਂ ਮਹਿਦੀ ਹਸਨ ਨਾਉਂ ਉਹਦੀ ਜ਼ੁਬਾਨ 'ਤੇ ਥਿਰਕਿਆ। ਫਿਰ ਨਾਇਰਾ ਨੂਰ, ਮਧੂਰਾਨੀ, ਨੂਰ ਜਹਾਂ... ਉਸ ਨੇ ਇਕੋ ਸਾਹ ਕਈ ਨਾਂ ਗਿਣਾ ਛੱਡੇ। ਤਾਨੀਆ ਨੇ ਗਜ਼ਲ ਤੋਂ ਇਲਾਵਾ ਸੁਗਮ (ਲਾਈਟ) ਸੰਗੀਤ, ਠੁਮਰੀ ਅਤੇ ਭਜਨਾਂ ਦੀ ਵਿਦਿਆ ਵੀ ਹਾਸਲ ਕੀਤੀ ਹੈ।



ਤਾਨੀਆ ਵੈਲਜ਼ ਪੱਛਮੀ ਸਾਜ਼ ਵੀ ਖੂਬ ਵਜਾਉਂਦੀ ਹੈ। ਇੰਟਰਨੈਟ ਉਤੇ ਵੀ ਉਹਦੀਆਂ ਪੱਛਮੀ ਸਾਜ਼ਾਂ ਨਾਲ ਬਥੇਰੀਆਂ ਤਸਵੀਰਾਂ ਮਿਲ ਜਾਂਦੀਆਂ ਹਨ, ਪਰ ਭਾਰਤੀ ਸਾਜ਼ਾਂ ਨਾਲ ਉਹਨੂੰ ਕਾਫੀ ਸਮਾਂ ਉਸ ਦੀ ਸਾਥੀ ਰਹੀ, ਪਰ ਇੰਨੇ ਲੰਮੇ ਸਮੇਂ ਬਾਅਦ ਵੀ ਪਿਆਨੋ ਹਰਮੋਨੀਅਮ ਵਾਲੀ ਥਾਂ ਨਾ ਭਰ ਸਕੀ। ਉਸ ਨੂੰ ਬੰਸਰੀ, ਸ਼ਹਿਨਾਈ, ਸਾਰੰਗੀ, ਸਿਤਾਰ ਤੇ ਸਰੋਦ ਵੀ ਬਹੁਤ ਪਸੰਦ ਹਨ। ਤਬਲੇ ਦਾ ਤਾਂ ਜਵਾਬ ਹੀ ਕੋਈ ਨਹੀਂ ਹੈ।

ਤਾਨੀਆ ਦਾ ਆਖਣਾ ਹੈ ਕਿ ਉਹ ਸੰਸਾਰ ਦੇ ਕਈ ਮੁਲਕਾਂ ਦੀ ਯਾਤਰਾ ਕਰ ਚੁੱਕੀ ਹੈ, ਪਰ ਉਸ ਨੂੰ ਜੋ ਸਕੂਨ ਭਾਰਤ ਪੁੱਜ ਕੇ ਕਿਤੇ ਮਿਲਦਾ ਹੈ, ਉਸ ਤਰ੍ਹਾਂ ਦਾ ਸਕੂਨ ਕਿਤੇ ਵੀ ਨਹੀਂ ਲੱਭਦਾ। ਇਹੀ ਅਹਿਸਾਸ ਗਜ਼ਲ ਗਾਉਂਦੇ ਵਕਤ ਜਾਗਦੇ ਹਨ ਅਤੇ ਉਸ ਅੰਦਰ ਸੰਗੀਤ ਦੀਆਂ ਤਰਬਾਂ ਛਿੜਨ ਲੱਗ ਪੈਂਦੀਆਂ ਹਨ। ਉਰਦੂ ਦੀ ਮੁਹਾਰਤ ਬਾਰੇ ਤਾਨੀਆ ਦੱਸਦੀ ਹੈ ਕਿ ਪਹਿਲਾਂ-ਪਹਿਲ ਉਸ ਨੂੰ ਦਿੱਕਤ ਤਾਂ ਮਹਿਸੂਸ ਹੋਈ ਸੀ, ਪਰ ਵੱਧ ਤੋਂ ਵੱਧ ਸੁਣਨ ਦੀ ਰੁਚੀ ਨੇ ਉਸ ਦੀ ਇਹ ਸਮੱਸਿਆ ਛੇਤੀ ਹੀ ਹੱਲ ਕਰ ਦਿੱਤੀ। ਹੁਣ ਉਸ ਦਾ ਉਰਦੂ ਉਚਾਰਨ ਕਮਾਲ ਦਾ ਹੈ। ਅੱਧਾ ਮੇਲਾ ਤਾਂ ਉਹ ਉਰਦੂ ਉਚਾਰਨ ਨਾਲ ਹੀ ਲੁੱਟ ਲੈਂਦੀ ਹੈ ਅਤੇ ਬਾਕੀ ਦਾ ਆਵਾਜ਼ ਦੀ ਜਾਦੂ ਨਾਲ। ਸੱਚਮੁੱਚ ਉਸ ਦੀ ਆਵਾਜ਼ ਵਿਚ ਵੀ ਕੋਈ ਜਾਦੂ ਭਰਿਆ ਹੋਇਆ; ਜਾਂ ਇਹ ਵੀ ਹੋ ਸਕਦਾ ਹੈ ਕਿ ਉਸ ਦਾ ਵਲੈਤੀ ਪਿਛੋਕੜ ਦਰਸ਼ਕ ਜਾਂ ਸਰੋਤੇ ਨੂੰ ਆਪਣੇ ਵੱਲ ਖਿੱਚੀ ਲਿਜਾਈ ਜਾਂਦਾ ਹੈ।



ਵਲੈਤੀ ਗਜ਼ਲ ਗਾਇਕਾ ਤਾਨੀਆ ਵੈਲਜ਼ ਦਾ ਸਟੇਜ ਉਤੇ ਇਕ ਅੰਦਾਜ਼।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 31 ਦਸੰਬਰ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-305



*ਚੁੱਲ੍ਹਿਆਂ ਮੋਹਰੇ ਸੇਕਣ ਵਾਲੀ ਹੋਊ ਜਿਨ੍ਹਾਂ ਨੇ ਮੌਜ ਮਾਣੀ।*
*ਮੂਲੀਆਂ ਵਾਲੀਆਂ ਦੇਖ ਰੋਟੀਆਂ ਆ ਜਾਊ ਮੂੰਹ ਵਿਚ ਪਾਣੀ।*

## ਕੈਪਸ਼ਨ ਮੁਕਾਬਲਾ-303



ਕਰਮਾਂ ਵਾਲੀ ਰੁੱਸ ਕੇ ਤੁਰ'ਗੀ
ਆਪਣੀ ਬਣੀ ਨਬੇੜੀ ਜਾਈਏ।
ਰੱਖ ਪਤੀਲਾ ਚੁੱਲ੍ਹੇ ਉਪਰ
ਤੋੜ ਕੇ ਡੱਕੇ ਝੋਕਾ ਲਈਏ।
ਕਾਹਨੂੰ ਐਵੇਂ ਸਿਆਪਾ ਪਾਇਆ
ਸੋਚ ਸੋਚ ਕੇ ਹੁਣ ਪਛਤਾਈਏ।

**-ਜਗਮੀਤ ਸਿੰਘ ਪੰਧੇਰ**

---

ਛੜਿਆਂ ਨੂੰ ਪਾ ਛੱਜ 'ਚ ਛੱਟਦੇ
ਲੋਕੀਂ ਜੂਨ ਬੁਰੀ ਹੈ ਕਹਿੰਦੇ।
ਚੁੱਲ੍ਹੇ-ਚੌਂਕੇ ਦਾ ਸੀੜ੍ਹੀ ਸਿਆਪਾ
ਸਿਰਫ ਛੜੇ ਹੀ ਸਹਿੰਦੇ।
ਕੁੱਖ ਵਿਚ ਧੀ ਨਾ ਮਾਰੇ ਕੋਈ
ਸ਼ਾਇਦ ਸਮੱਸਿਆ ਹੱਲ ਹੋ ਜਾਵੇ।
ਫਿਰ ਨਾ ਭੰਡੀ ਹੋਵੇ ਕਿਸੇ ਦੀ
ਨਾ ਕੋਈ ਛੜਾ ਹੱਥ ਜਲਾਵੇ।

**-ਸੇਵਾ ਸਿੰਘ ਨੂਰਪੁਰੀ, ਬੰਗਾ**

---

ਸੱਥ, ਨਸ਼ਿਆਂ ਨੇ ਮੱਤ ਸੀ ਮਾਰੀ
ਝੂਰਦੇ ਤੁਰ ਗਏ ਮਾਈ-ਬਾਪ।
ਹੁਣ ਆਪ ਪਕਾਵੇਂ, ਆਪੇ ਖਾਵੇਂ,
ਬੁੱਢੇ ਵਾਰੇ ਬਣ ਜਾਊ ਸੰਤਾਪ।

**-ਦਵਿੰਦਰ ਕੌਰ**

---

ਅਜੋਕੇ ਯੁਗ 'ਚ ਹਰ ਕੋਈ ਛੜਿਆਂ ਵਰਗਾ
ਬਣ ਕੇ ਆਜ਼ਾਦ ਹਸਤੀ ਦਾ ਮਾਲਕ
ਕਿਸੇ ਨੂੰ ਮਿਲੇ ਨਾ ਮਿਲਾਵੇ।
ਲੋਕ ਧੀਆਂ ਨੂੰ ਜੰਮਣ ਨਹੀਂ ਦਿੰਦੇ
ਸਮੇਂ ਨਾਲ ਛੜਿਆਂ ਦੀ ਗਿਣਤੀ ਵਧਦੀ ਜਾਵੇ।

**-ਅਮਰਜੀਤ ਸਿੰਘ ਤੂਰ**

---

ਰੱਬਾ! ਕਿਹੋ ਜਿਹੀ ਤਕਦੀਰ ਲਿਖ ਦਿੱਤੀ
ਚੁੱਲ੍ਹਾ-ਚੌਕਾ ਸਾਂਭਣ ਵਾਲੀ ਕੋਈ ਮਿਲ ਜਾਂਦੀ
ਲੱਕੜਾਂ ਇਕੱਠੀਆਂ ਕਰ ਕੇ ਲਿਆਉਂਦਾ
ਰੋਟੀ ਪੱਕੀ, ਚਾਹ ਬਣੀ ਮਿਲ ਜਾਂਦੀ।

**-ਜਗਜੀਤ ਕੌਰ ਤੂਰ, ਚੰਡੀਗੜ੍ਹ**

---

ਚੁਗਲ ਖੋਰ ਨੇ ਚੁਗਲੀ ਕਰਤੀ,
ਮੁੰਡਾ ਤਾਂ ਬਈ ਗੰਢਾ ਖਾਂਦੈ।
ਰੋਜ ਨਹੀਂ ਬਸ ਉਸ ਦਿਨ ਖਾਂਦੈ,
ਜਿਸ ਦਿਨ ਥੋੜ੍ਹੀ ਪੀ ਕੇ ਆਉਂਦੈ।
ਰੋਜ ਦਾ ਪਿਆਕੜ ਨਹੀਂ ਹੈ,
ਉਦੋਂ ਪੀਂਦੈ, ਜਦ ਜੂਆ ਜਿੱਤ ਕੇ ਆਉਂਦੈ।
ਰਿਸ਼ਤੇ ਵਾਲੇ ਮੁੜ ਗਏ ਸੁਣ ਕੇ,
ਤਾਹੀਉਂ ਚੁੱਲੇ ਵਿਚ ਹੱਥ ਮਚਾਉਂਦੈ।

**-ਗੁਰਦੇਵ ਸਿੰਘ ਢਿਪਾਲੀ, ਬਠਿੰਡਾ**

---

ਛੜਿਆਂ ਦੀ ਜੂਨ ਬੁਰੀ, ਕਹਿੰਦੇ ਲੋਕ ਸਿਆਣੇ
ਹਰ ਕੋਈ ਟਿੱਚਰਾਂ ਕਰੇ-ਵੱਡੇ ਅਤੇ ਨਿਆਣੇ।
ਮਨ ਦੀਆਂ ਸੱਧਰਾਂ ਮਨ ਵਿਚ ਰਹੀਆਂ
ਦੋਸ਼ ਕਿਸ ਨੂੰ ਛੜਾ ਦੇਵੇ।
ਕੂਲੀ, ਗੁੱਲੀ ਤੇ ਜੁੱਲੀ ਦੀ ਥੋੜ੍ਹ
ਵੱਟੇ ਬੇੜੀਆਂ 'ਚ ਪਾਵੇ।

**-ਕੈਲਾਸ਼ ਠਾਕੁਰ, ਨੰਗਲ ਟਾਊਨਸ਼ਿਪ**

---

ਛੜੇ ਛੜੇ 'ਚ ਵੀ ਫਰਕ ਹੈਗਾ
ਕਈ ਸਰਕਾਰੀ ਵਜ਼ੀਰ ਛੜੇ
ਹੱਥ ਨਹੀਂ ਲੂਹੰਦੇ ਤਵਿਆਂ 'ਤੇ।
ਜਨਾਨੀਆਂ ਡਰਦੀਆਂ ਲੰਘਣ ਉਸ ਪਾਸੇ
ਦੇਖਦੀਆਂ ਜਦ ਛੜਾ ਹੈ ਇਕੱਲਾ।
ਝੋਕ ਛਿਟੀਆਂ ਮਾਰ ਫੂਕਾਂ ਲਾਹੁੰਦਾ ਦੁਪੜਾਂ।
ਮਸਤ ਹੋ ਗਾਉਂਦਾ ਢੋਲਾ
ਲਾ ਪੈਗ ਚੌਥਾ ਤੁਰ ਪੈਂਦਾ ਲੈ ਹੱਥ ਕਿਰਪਾਨ।

**-ਦਰਸ਼ਨਪਾਲ ਦੋਸਾਂਝ**

---

ਛੜੇ ਤਾਂ ਰੱਬ ਦਾ ਰੂਪ ਹੁੰਦੇ ਨੇ
ਦਿਲ ਦੇ ਨਹੀਂ ਹੁੰਦੇ ਮਾੜੇ।
ਕੀ ਹੋਇਆ ਸਾਡਾ ਵਿਆਹ ਨਾ ਹੋਇਆ
ਪਰ ਹਾਲੇ ਅਸੀਂ ਹੈਗੇ ਕੁਆਰੇ।
ਚੰਗਾ ਖਾਈਦਾ, ਚੰਗਾ ਪੀਨੇ ਆਂ।
ਟੌਹਰ ਨਾਲ ਅਸੀਂ ਰਹਿੰਨੇ ਆਂ।

**-ਗੋਰਾ ਪ੍ਰਜਾਪਤ, ਨਿਊ ਯਾਰਕ**

# ਸਾਊਦੀ ਤੋਂ ਪਰਤੇ ਨੌਜਵਾਨਾਂ ਦੀ ਦਰਦਨਾਕ ਦਾਸਤਾਨ

**ਨੂਰਪੁਰ ਬੇਦੀ:** ਸਾਊਦੀ ਅਰਬ ਗਏ ਨੂਰਪੁਰ ਬੇਦੀ ਖੇਤਰ ਦੇ ਪਿੰਡ ਮਵਾ ਦੇ ਤਿੰਨ ਨੌਜਵਾਨ ਅਣਮਨੁੱਖੀ ਤਸ਼ੱਦਦ ਦਾ ਸ਼ਿਕਾਰ ਹੋਣ ਉਪਰੰਤ ਤਕਰੀਬਨ ਇਕ ਮਹੀਨੇ ਬਾਅਦ ਪੰਜਾਬ ਪਰਤ ਆਏ ਹਨ। ਇਨ੍ਹਾਂ ਨੌਜਵਾਨਾਂ ਵਿਚ ਇਕ ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ ਨੌਜਵਾਨ ਵੀ ਸ਼ਾਮਲ ਹੈ। ਜ਼ਿਕਰਯੋਗ ਹੈ ਕਿ ਪਿੰਡ ਮਵਾ ਆਬਾਦੀ ਬਾਹਤੀਆਂ ਦੇ ਤਿੰਨ ਨੌਜਵਾਨਾਂ 'ਚ ਸ਼ਾਮਲ ਅਜੇ ਕੁਮਾਰ ਪੁੱਤਰ ਸਗਲੀ ਰਾਮ, ਜਸਵੀਰ ਸਿੰਘ ਪੁੱਤਰ ਸੋਮਨਾਥ ਤੇ ਸੁਰੇਸ਼ ਕੁਮਾਰ ਪੁੱਤਰ ਚੰਨਣ ਰਾਮ ਨੰਗਲ ਦੇ ਇਕ ਏਜੰਟ ਰਾਹੀਂ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਮਾਂਗਾ ਸਰਾਏ ਦੇ ਇਕ ਹੋਰ ਨੌਜਵਾਨ ਕਾਬਲ ਸਿੰਘ ਟਰਾਲਾ ਡਰਾਈਵਰੀ ਲਈ 17 ਨਵੰਬਰ ਨੂੰ ਸਾਊਦੀ ਅਰਬ ਰਵਾਨਾ ਹੋਏ ਸਨ, ਪਰ ਇਨ੍ਹਾਂ ਤਿੰਨੋ ਨੌਜਵਾਨਾਂ ਨੂੰ ਉਥੋਂ ਦੇ ਇਕ ਵਿਅਕਤੀ ਵੱਲੋਂ ਬੰਧੂਆ ਮਜ਼ਦੂਰ ਬਣਾ ਕੇ ਰੱਖਣ ਤੇ ਉਨ੍ਹਾਂ ਉਤੇ ਜ਼ੁਲਮ ਢਾਹੇ ਜਾਣ ਦੀ ਵੀਡੀਓ ਮਾਪਿਆਂ ਤੱਕ ਪੁੱਜ ਗਈ।

ਪਿੰਡ ਵਾਸੀਆਂ ਵੱਲੋਂ ਕੀਤੀਆਂ ਕੋਸ਼ਿਸ਼ਾਂ ਸਦਕਾ ਇਹ ਨੌਜਵਾਨ ਪੰਜਾਬ ਪਰਤ ਆਏ ਹਨ। ਚਾਰੇ ਨੌਜਵਾਨਾਂ ਨੇ ਆਪਣੇ ਨਾਲ ਵਾਪਰੇ ਅਣਮਨੁੱਖੀ ਤਸ਼ੱਦਦ ਦੀ ਸਾਰੀ ਕਹਾਣੀ ਦੱਸੀ। ਉਨ੍ਹਾਂ ਦੱਸਿਆ ਕਿ ਜਦੋਂ ਉਹ ਹਵਾਈ ਅੱਡੇ ਉਤੇ ਪਹੁੰਚੇ ਤਾਂ ਟੈਕਸੀ 'ਚ ਆਇਆ ਇਕ ਵਿਅਕਤੀ ਕਿਸੇ ਅਣਦੱਸੀ ਥਾਂ ਉਤੇ ਇਕ ਤਬੇਲੇ ਦੇ ਮਾਲਕ ਕੋਲ ਛੱਡ ਆਇਆ। ਤਬੇਲੇ ਦਾ ਮਾਲਕ ਉਨ੍ਹਾਂ ਨੂੰ




ਬੰਧੂਆ ਮਜ਼ਦੂਰ ਬਣਾ ਕੇ ਨਾ ਸਿਰਫ ਕੁੱਟਮਾਰ ਹੀ ਕਰਦਾ ਸੀ ਬਲਕਿ ਅਜਿਹੇ ਕੰਮ ਕਰਵਾਉਂਦਾ ਸੀ ਜਿਸ ਨਾਲ ਉਨ੍ਹਾਂ ਨੂੰ ਮਾਨਸਿਕ ਪੀੜਾ ਪਹੁੰਚਦੀ ਸੀ। ਚਾਰੇ ਇਕ ਰਾਤ ਉਥੋਂ ਭੱਜ ਗਏ ਜਦੋਂ ਕਿ ਉਨ੍ਹਾਂ ਦਾ ਅੰਮ੍ਰਿਤਸਰ ਵਾਲਾ ਸਾਥੀ ਕਾਬਲ ਸਿੰਘ ਕਿਸੇ ਤਰ੍ਹਾਂ ਮੁੜ ਤਬੇਲੇ ਦੇ ਮਾਲਕ ਦੇ ਹੱਥੇ ਚੜ੍ਹ ਗਿਆ। ਨੌਜਵਾਨ ਕਾਬਲ ਸਿੰਘ ਨੇ ਦੱਸਿਆ ਕਿ ਜਦੋਂ ਉਹ ਇਕੱਲਾ ਫੜਿਆ ਗਿਆ ਤਾਂ ਉਕਤ ਤਿੰਨਾਂ ਨੌਜਵਾਨਾਂ ਸਬੰਧੀ ਪੁੱਛਗਿੱਛ ਕਰਨ ਲਈ ਤਬੇਲੇ ਦੇ ਮਾਲਕ ਨੇ ਉਸ ਨੂੰ ਪੈਰਾਂ ਤੇ ਸਰੀਰ ਦੇ ਹੋਰ ਅੰਗਾਂ ਉਤੇ ਅੱਗ ਲਗਾ ਕੇ ਤਸੀਹੇ ਦਿੱਤੇ। ਭੱਜੇ ਹੋਏ ਨੌਜਵਾਨ ਕਿਸੇ ਤਰ੍ਹਾਂ ਭਟਕਦੇ ਹੋਏ ਇਕ ਕੰਪਨੀ ਦੇ ਕੈਂਪ 'ਚ ਪਹੁੰਚ ਗਏ, ਜਿਥੋਂ ਉਥੋਂ ਦੀ ਪੁਲਿਸ ਨੇ ਮੁੜ ਉਨ੍ਹਾਂ ਨੂੰ ਉਕਤ ਤਬੇਲੇ ਦੇ ਮਾਲਕ ਹਵਾਲੇ ਕਰ ਦਿੱਤਾ।

ਇਸ ਤੋਂ ਬਾਅਦ ਉਕਤ ਤਬੇਲੇ ਦਾ ਮਾਲਕ ਉਨ੍ਹਾਂ ਨੂੰ ਅੱਗ ਲਗਾ ਕੇ ਸਾੜ ਦੇਣ ਦੀ ਧਮਕੀ, ਕੁੱਟਮਾਰ ਕਰ ਕੇ, ਗੱਡੀਆਂ ਅੱਗੇ ਭਜਾ ਕੇ ਤੇ ਹੋਰ ਤਸੀਹੇ ਦੇ ਕੇ ਉਨ੍ਹਾਂ ਤੋਂ ਬਤੌਰ ਬੰਧੂਆ ਮਜ਼ਦੂਰ ਗਲਤ ਕੰਮ ਕਰਵਾਉਣ ਲੱਗ ਪਿਆ। ਵਾਪਸ ਪਰਤੇ ਨੌਜਵਾਨਾਂ ਦੇ ਮਾਪਿਆਂ 'ਚ ਸ਼ਾਮਲ ਸਗਲੀ ਰਾਮ ਨੇ ਦੱਸਿਆ ਕਿ ਸਾਊਦੀ ਅਰਬ ਵਿਚ ਕੰਮ ਕਰਦੇ ਪਿੰਡ ਦੇ ਇਕ ਹੋਰ ਨੌਜਵਾਨ ਤਰਲੋਚਣ ਸਿੰਘ ਤੇ ਬੁੰਗਾ ਸਾਹਿਬ ਦੇ ਨੌਜਵਾਨ ਹਰਜਿੰਦਰ ਸਿੰਘ ਦੀ ਮਦਦ ਨਾਲ ਉਕਤ ਨੌਜਵਾਨਾਂ ਨੂੰ ਤਬੇਲੇ ਦੇ ਮਾਲਕ ਨਾਲ ਕਿਸੇ ਤਰ੍ਹਾਂ ਲਿਖਤੀ ਸਮਝੌਤਾ ਕਰ ਕੇ ਛੁਡਾਉਣ ਬਦਲੇ ਉਸ ਨੂੰ 5 ਲੱਖ 30 ਹਜ਼ਾਰ ਰੁਪਏ (30 ਹਜ਼ਾਰ ਰਿਆਲ) ਦੀ ਰਾਸ਼ੀ ਅਦਾ ਕੀਤੀ ਗਈ, ਜਿਸ ਉਪਰੰਤ ਨੌਜਵਾਨਾਂ ਦੀ ਭਾਰਤ ਵਾਪਸੀ ਹੋਈ। ਮਾਪਿਆਂ ਤੇ ਪਿੰਡ ਵਾਸੀਆਂ ਨੇ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਉਕਤ ਸਮੁੱਚੀ ਰਕਮ ਮਾਪਿਆਂ ਤੇ ਪਿੰਡ ਵਾਸੀਆਂ ਵੱਲੋਂ ਇਕੱਠੀ ਕਰ ਕੇ ਸਾਊਦੀ ਅਰਬ ਭੇਜੀ ਗਈ, ਜਦੋਂ ਕਿ ਭਾਰਤ ਸਰਕਾਰ ਤੇ ਪ੍ਰਸ਼ਾਸਨ ਵਲੋਂ ਉਨ੍ਹਾਂ ਨੂੰ ਕਿਸੇ ਵੀ ਪ੍ਰਕਾਰ ਦੀ ਸਹਾਇਤਾ ਨਹੀਂ ਕੀਤੀ ਗਈ।

## ਵਿਦੇਸ਼ ਵਿਚ ਸਰਹੱਦ ਪਾਰ ਕਰਦੇ ਪੰਜਾਬੀ ਨੌਜਵਾਨ ਦੀ ਮੌਤ

**ਚੰਡੀਗੜ੍ਹ:** ਗੜ੍ਹਸ਼ੰਕਰ ਦੇ ਨੌਜਵਾਨ ਨਵਜੀਤ ਸਿੰਘ ਦੀ ਤੁਰਕੀ ਤੋਂ ਸਾਥੀਆਂ ਸਮੇਤ ਗਰੀਸ ਦਾ ਬਾਰਡਰ ਪਾਰ ਕਰਦੇ ਸਮੇਂ ਮੌਤ ਹੋ ਗਈ ਹੈ। ਗੜ੍ਹਸ਼ੰਕਰ ਦੇ ਵਾਰਡ 12 ਦਾ ਵਾਸੀ ਨਵਜੀਤ ਸਿੰਘ (28) ਪੁੱਤਰ ਬਲਵਿੰਦਰ ਸਿੰਘ ਏਜੰਟ ਰਾਹੀਂ 22 ਨਵੰਬਰ ਨੂੰ ਘਰੋਂ ਗਰੀਸ ਲਈ ਗਿਆ ਸੀ। ਨੌਜਵਾਨ ਦੇ ਪਿਤਾ ਬਲਵਿੰਦਰ ਸਿੰਘ ਨੇ ਦੱਸਿਆ ਕਿ ਏਜੰਟ ਨਵਜੀਤ ਸਿੰਘ ਨੂੰ ਦਿੱਲੀ ਤੋਂ ਗਰੀਸ ਦੀ ਗੱਲ ਕਹਿ ਕੇ ਲੈ ਗਿਆ ਸੀ, ਪਰ ਨਵਜੀਤ ਸਿੰਘ ਨੇ ਦੱਸਿਆ ਸੀ ਕਿ ਉਹ ਗਰੀਸ ਦੀ ਬਜਾਏ ਤੁਰਕੀ ਪਹੁੰਚ ਗਿਆ ਹੈ। ਤੁਰਕੀ ਤੋਂ ਗਰੀਸ ਦਾ ਸਰਹੱਦ ਪਾਰ ਕਰਦੇ ਸਮੇਂ ਨਵਜੀਤ ਸਿੰਘ ਦੀ ਭੇਦਭਰੀ ਹਾਲਤ 'ਚ ਮੌਤ ਹੋ ਗਈ।



## ਪੰਜਾਬੀ ਨੌਜਵਾਨ ਦੀ ਮਨੀਲਾ 'ਚ ਹੱਤਿਆ

**ਫਰੀਦਕੋਟ:** ਪਿੰਡ ਵਾਂਦਰ ਜਟਾਣਾ ਦੇ 27 ਸਾਲਾ ਨੌਜਵਾਨ ਦੀ ਮਨੀਲਾ ਦੇ ਸ਼ਹਿਰ ਤਮੂਹੰਗ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਹੈਪੀ ਢਿੱਲੋਂ ਨੌਂ ਵਰ੍ਹੇ ਪਹਿਲਾਂ ਕੰਮਕਾਰ ਲਈ ਮਨੀਲਾ ਗਿਆ ਸੀ। ਉਹ ਮਨੀਲਾ ਵਿਚ ਫਾਈਨਾਂਸ ਦਾ ਕੰਮ ਕਰਦਾ ਸੀ। ਉਹ ਕੰਮ ਤੋਂ ਵਾਪਸ ਆ ਰਿਹਾ ਸੀ ਕਿ ਕੁਝ ਅਣਪਛਾਤੇ ਵਿਅਕਤੀਆਂ ਨੇ ਗੋਲੀ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ।

## ਵਿਦੇਸ਼ ਜਾਣ ਲਈ ਫਾਈਲ ਰੱਦ ਹੋਣ 'ਤੇ ਆਤਮਦਾਹ


**ਸਰਹਾਲੀ ਕਲਾਂ:** ਵਿਦੇਸ਼ ਜਾਣ ਦੀ ਚਾਹਤ ਖਤਮ ਹੁੰਦੀ ਦੇਖ ਸਰਹਾਲੀ ਪਿੰਡ ਦੀ ਲੜਕੀ ਨੇ ਖੁਦ ਨੂੰ ਅੱਗ ਲਗਾ ਕੇ ਆਤਮਦਾਹ ਕਰ ਲਿਆ।

ਪੂਰਨਦੀਪ ਕੌਰ ਨੇ ਬਾਰ੍ਹਵੀਂ ਪਾਸ ਕਰਨ ਉਪਰੰਤ ਆਈਲੈਟਸ ਪਾਸ ਕਰ ਕੇ ਵਿਦੇਸ਼ ਜਾਣ ਲਈ ਫਾਈਲ ਲਾਈ ਸੀ। ਕੁਝ ਦਿਨ ਪਹਿਲਾਂ ਉਸ ਦੀ ਫਾਈਲ ਰੱਦ ਹੋਣ ਉਪਰੰਤ ਉਹ ਕਾਫੀ ਨਿਰਾਸ਼ ਰਹਿਣ ਲੱਗੀ। ਜਦੋਂ ਪਰਿਵਾਰ ਦਾ ਕੋਈ ਵੀ ਮੈਂਬਰ ਘਰ ਨਹੀਂ ਸੀ ਤਾਂ ਪੂਰਨਦੀਪ ਕੌਰ ਨੇ ਖੁਦ ਉਤੇ ਤੇਲ ਪਾ ਕੇ ਅੱਗ ਲਾ ਲਈ। ਨੇੜੇ-ਤੇੜੇ ਦੇ ਲੋਕ ਅੱਗ ਬੁਝਾ ਕੇ ਪੂਰਨਦੀਪ ਨੂੰ ਸਰਹਾਲੀ ਹਸਪਤਾਲ ਲੈ ਗਏ, ਜਿਥੇ ਜ਼ਿਆਦਾ ਝੁਲਸੀ ਹੋਣ ਕਾਰਨ ਉਸ ਦੀ ਮੌਤ ਹੋ ਗਈ।

# ਬਰਤਾਨੀਆ ਨੇ ਭਾਰਤੀ ਪਾੜ੍ਹਿਆਂ ਲਈ ਖੋਲ੍ਹੇ ਦਰ

**ਲੰਡਨ:** ਬਰਤਾਨੀਆ ਨੇ ਭਾਰਤੀ ਪਾੜ੍ਹਿਆਂ ਲਈ ਦਰਵਾਜ਼ੇ ਖੋਲ੍ਹ ਦਿੱਤੇ ਹਨ। ਬ੍ਰਿਟੇਨ ਆ ਰਹੇ ਭਾਰਤੀ ਨਾਗਰਿਕਾਂ ਦੇ ਵੀਜ਼ਿਆਂ ਵਿਚ ਪਿਛਲੇ ਸਾਲ ਦੇ ਮੁਕਾਬਲੇ ਨੌਂ ਫੀਸਦੀ ਵਾਧਾ ਹੋਇਆ ਤੇ ਵਿਦਿਆਰਥੀਆਂ ਦੇ ਵੀਜ਼ਿਆਂ 'ਚ 27 ਫੀਸਦੀ ਵਾਧਾ ਹੋਇਆ ਹੈ। ਬ੍ਰਿਟੇਨ ਹਾਈ ਕਮਿਸ਼ਨ ਵੱਲੋਂ ਜਾਰੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਸਾਲ ਸਤੰਬਰ ਤੱਕ ਪੰਜ ਲੱਖ 17 ਹਜ਼ਾਰ ਭਾਰਤੀ ਨਾਗਰਿਕਾਂ ਨੂੰ ਵੀਜ਼ਾ ਮਿਲਿਆ, ਜੋ ਪਿਛਲੇ ਸਾਲ ਨਾਲੋਂ ਨੌਂ ਫੀਸਦੀ ਵਧੇਰੇ ਹਨ।

ਇਸ ਵਿਚ ਚਾਰ ਲੱਖ 27 ਹਜ਼ਾਰ ਲੋਕਾਂ ਨੂੰ ਸੈਰ-ਸਪਾਟਾ ਵੀਜ਼ਾ ਮਿਲਿਆ। ਇਸ ਵਿਚ 11 ਫੀਸਦੀ ਵਾਧਾ ਹੋਇਆ। ਵਿਦਿਆਰਥੀਆਂ ਨੂੰ ਪਿਛਲੇ ਸਾਲ 14 ਹਜ਼ਾਰ ਵੀਜ਼ੇ ਦਿੱਤੇ ਗਏ, ਜੋ 27 ਫੀਸਦੀ ਵਧੇਰੇ ਹਨ। ਪੰਜ ਹਜ਼ਾਰ ਵਿਦਿਆਰਥੀਆਂ ਨੂੰ ਘੱਟ ਮਿਆਦ ਦਾ ਵੀਜ਼ਾ ਮਿਲਿਆ, ਜਦੋਂ ਕਿ 53 ਹਜ਼ਾਰ ਲੋਕਾਂ ਨੂੰ ਕੰਮ ਲਈ ਵੀਜ਼ਾ ਮਿਲਿਆ। ਇਸ ਨਾਲ ਸਪੱਸ਼ਟ ਹੈ ਕਿ ਬ੍ਰਿਟੇਨ ਭਾਰਤੀ ਨਾਗਰਿਕਾਂ ਨੂੰ ਵੀਜ਼ਾ ਦੇਣ



ਉਤੇ ਅਮਰੀਕਾ ਵਰਗੀ ਸਖਤੀ ਨਹੀਂ ਵਰਤ ਰਿਹਾ। ਭਾਰਤ ਵਿਚ ਬ੍ਰਿਟੇਨ ਦੇ ਹਾਈ ਕਮਿਸ਼ਨਰ ਸਰ ਡੋਮਿਕ ਐੱਸ ਕਵੀਥ ਨੇ ਵੀਜ਼ੇ ਦੇ ਵਾਧੇ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਭਾਰਤ-ਬ੍ਰਿਟੇਨ ਸਬੰਧਾਂ ਲਈ ਇਹ ਵਧੀਆ ਸਮਾਂ ਹੈ। ਉਨ੍ਹਾਂ ਕਿਹਾ ਕਿ ਵੀਜ਼ਿਆਂ ਲਈ ਵਿਦਿਆਰਥੀਆਂ ਦੀਆਂ ਨੱਬੇ ਫੀਸਦੀ ਅਰਜ਼ੀਆਂ 15 ਦਿਨ ਵਿਚ ਨਜਿੱਠ ਦਿੱਤੀਆਂ ਜਾਂਦੀਆਂ ਹਨ। ਬ੍ਰਿਟੇਨ ਚਾਹੁੰਦਾ ਹੈ ਕਿ ਵੱਧ ਤੋਂ ਵੱਧ ਭਾਰਤੀ ਲੋਕ ਪੜ੍ਹਾਈ, ਵਪਾਰ ਕਰਨ ਤੇ ਘੁੰਮਣ ਲਈ ਆਉਣ। ਲੰਡਨ ਦੇ ਮੇਅਰ ਸਾਦਿਕ ਖਾਨ ਤੇ ਸਕਾਟਲੈਂਡ ਦੇ ਡਿਪਟੀ ਮਨਿਸਟਰ ਜਾਨ ਸਿਵਨੀ ਦੀ ਪਿਛਲੇ ਦਿਨਾਂ ਦੀ ਭਾਰਤ ਯਾਤਰਾ ਇਸ ਦਾ ਸਬੂਤ ਹੈ ਕਿ ਬ੍ਰਿਟੇਨ ਭਾਰਤ ਵਿਚ ਦਿਲਚਸਪੀ ਲੈ ਰਿਹਾ ਹੈ।

# ਟਰੰਪ ਵੱਲੋਂ ਐਚ-1ਬੀ ਵੀਜ਼ਾ ਹੋਲਡਰਾਂ ਨੂੰ ਵੱਡਾ ਝਟਕਾ

**ਵਾਸ਼ਿੰਗਟਨ:** ਓਬਾਮਾ ਦੇ ਕਾਰਜਕਾਲ ਦੌਰਾਨ ਐਚ-1ਬੀ ਵੀਜ਼ਾ ਧਾਰਕਾਂ ਦੇ ਜੀਵਨ ਸਾਥੀਆਂ ਨੂੰ ਕੰਮ ਦੀ ਮਿਲੀ ਇਜਾਜ਼ਤ ਸਬੰਧੀ ਨਿਯਮ ਨੂੰ ਰੱਦ ਕਰਨ ਉਤੇ ਟਰੰਪ ਪ੍ਰਸ਼ਾਸਨ ਵਿਚਾਰ ਕਰ ਰਿਹਾ ਹੈ। ਇਸ ਕਦਮ ਨਾਲ ਹਜ਼ਾਰਾਂ ਭਾਰਤੀ ਕਾਮੇ ਤੇ ਉਨ੍ਹਾਂ ਦੇ ਪਰਿਵਾਰ ਪ੍ਰਭਾਵਤ ਹੋ ਸਕਦੇ ਹਨ।

ਸਾਲ 2015 ਤੋਂ ਬਾਅਦ ਗਰੀਨ ਕਾਰਡ ਦੀ ਇੰਤਜ਼ਾਰ ਕਰ ਰਹੇ ਐਚ-1ਬੀ ਵੀਜ਼ਾ ਧਾਰਕ ਦੇ ਜੀਵਨ ਸਾਥੀ ਨੂੰ ਅਮਰੀਕਾ ਵਿਚ ਐਚ-4 ਆਸ਼ਰਿਤ ਵੀਜ਼ੇ ਉਤੇ ਕੰਮ ਕਰਨ ਦਾ ਅਧਿਕਾਰ ਹੈ। ਇਹ ਨਿਯਮ ਓਬਾਮਾ ਪ੍ਰਸ਼ਾਸਨ ਨੇ ਲਿਆਂਦਾ ਸੀ। 2016 ਵਿਚ 41 ਹਜ਼ਾਰ ਤੋਂ ਵੱਧ ਐਚ-4 ਵੀਜ਼ਾ ਧਾਰਕਾਂ ਨੂੰ ਕੰਮ ਦਾ ਅਧਿਕਾਰ ਦਿੱਤਾ ਗਿਆ। ਇਸ ਸਾਲ ਜੂਨ ਤੱਕ 36 ਹਜ਼ਾਰ ਤੋਂ ਵੱਧ ਐਚ-4 ਵੀਜ਼ਾ ਧਾਰਕਾਂ ਨੂੰ ਕੰਮ ਦਾ ਹੱਕ ਮਿਲਿਆ।

ਐਚ-1ਬੀ ਵੀਜ਼ਾ ਪ੍ਰੋਗਰਾਮ ਹੁਨਰਮੰਦ




ਵਿਦੇਸ਼ੀ ਕਾਮਿਆਂ ਨੂੰ ਅਮਰੀਕਾ ਵਿਚ ਰੁਜ਼ਗਾਰ ਦਾ ਮੌਕਾ ਦਿੰਦਾ ਹੈ। ਇਸ ਤਹਿਤ ਬਹੁਤੇ ਕਾਮੇ ਭਾਰਤ ਤੇ ਚੀਨ ਤੋਂ ਆਉਂਦੇ ਹਨ। ਹੋਮਲੈਂਡ ਸਕਿਓਰਿਟੀ ਵਿਭਾਗ (ਡੀ.ਐਚ.ਐਸ.) ਨੇ ਆਪਣੇ ਤਾਜ਼ਾ ਨਿਯਮ ਵਿਚ ਐਚ-1ਬੀ ਵੀਜ਼ਾ ਧਾਰਕਾਂ ਦੇ ਐਚ-4 ਵੀਜ਼ਾ ਧਾਰਕ ਜੀਵਨ ਸਾਥੀਆਂ ਨੂੰ ਰੁਜ਼ਗਾਰ ਦੇ ਦਿੱਤੇ ਅਧਿਕਾਰ ਸਬੰਧੀ ਡੀ.ਐਚ.ਐਸ. ਦੀ ਆਪਣੇ ਨਿਯਮ ਨੂੰ ਖਤਮ ਕਰਨ ਦੀ ਤਜਵੀਜ਼ ਹੈ।

# ਘਰ ਨੂੰ ਅੱਗ ਲੱਗਣ ਨਾਲ ਤਿੰਨ ਬੱਚੇ ਸੜੇ

**ਲੰਡਨ:** ਇਕ ਘਰ ਵਿਚ ਭਿਆਨਕ ਅੱਗ ਲੱਗਣ ਨਾਲ ਉਥੇ ਮੌਜੂਦ ਤਿੰਨ ਬੱਚੇ ਜਿਊਂਦੇ ਸੜ ਗਏ। ਬੱਚਿਆਂ ਦੀ ਮਾਂ ਤੇ ਇਕ ਹੋਰ ਬੱਚੀ ਹਸਪਤਾਲ ਵਿਚ ਜ਼ਿੰਦਗੀ ਲਈ ਲੜਾਈ ਲੜ ਰਹੇ ਹਨ। ਮੈਨਚੈਸਟਰ ਦੇ ਇਕ ਘਰ ਵਿਚ ਅੱਗ ਗਈ, ਜਿਸ ਵਿਚ ਤਿੰਨ ਬੱਚਿਆਂ ਦੀ ਮੌਤ ਹੋ ਗਈ।

ਇਸ ਅੱਗ ਵਿਚ ਬਚੇ ਉਨ੍ਹਾਂ ਦੇ ਭਰਾ ਕਾਈਲ (16) ਨੇ ਦੱਸਿਆ ਕਿ ਇਸ ਅੱਗ ਵਿਚ ਡੇਮੀ ਪੀਅਰਸਨ (14), ਬ੍ਰੈਂਡਨ (8) ਅਤੇ ਲੇਸੀ (7) ਦੀ ਮੌਤ ਹੋ ਗਈ। ਇਕ ਗੁਆਂਢੀ ਨੇ ਦੱਸਿਆ ਕਿ ਉਸ ਨੇ 'ਬਚਾਓ-ਬਚਾਓ' ਦੀਆਂ ਆਵਾਜ਼ਾਂ ਸੁਣੀਆਂ ਸਨ। ਗ੍ਰੇਟਰ ਮੈਨਚੈਸਟਰ ਪੁਲਿਸ ਇਸ ਦੀ ਜਾਂਚ ਕਰ ਰਹੀ ਹੈ। ਬੱਚਿਆਂ ਦੀ ਮਾਂ ਮਾਈਕਲ ਪੀਅਰਸ (35) ਅਤੇ 3 ਸਾਲ ਦੀ ਲੀਆ ਰਿਮੇਨਸ ਹਸਪਤਾਲ ਵਿਚ ਦਾਖਲ ਹਨ ਅਤੇ ਉਨ੍ਹਾਂ ਦੀ ਹਾਲਤ ਕਾਫੀ ਗੰਭੀਰ ਹੈ।

# ਮਹਿਲਾ ਨਾਲ ਛੇੜਛਾੜ ਦੇ ਦੋਸ਼ਾਂ 'ਚ ਭਾਰਤੀ ਇੰਜੀਨੀਅਰ ਨੂੰ ਜੇਲ੍ਹ

**ਸਿੰਗਾਪੁਰ:** ਭਾਰਤੀ ਇੰਜੀਨੀਅਰ ਪ੍ਰਭੂ ਨਟਰਾਜਨ (33) ਨੂੰ 23 ਵਰ੍ਹਿਆਂ ਦੀ ਮਹਿਲਾ ਨਾਲ ਛੇੜਖਾਨੀ ਦੇ ਦੋਸ਼ਾਂ ਹੇਠ ਤਿੰਨ ਹਫਤਿਆਂ ਲਈ ਜੇਲ੍ਹ ਭੇਜ ਦਿੱਤਾ ਹੈ।

'ਦਿ ਸਟਰੇਟਸ ਟਾਈਮਜ਼' ਦੀ ਰਿਪੋਰਟ ਮੁਤਾਬਕ ਉਸ ਨੇ ਪਾਰਟ ਟਾਈਮ ਕੰਮ ਕਰਦੀ ਅਧਿਆਪਕਾ ਨਾਲ ਬੱਸ ਵਿਚ ਕਈ ਵਾਰ ਛੇੜਖਾਨੀ ਕੀਤੀ। ਇਸ ਤੋਂ ਇਲਾਵਾ ਨਟਰਾਜਨ ਨੇ ਰਿਹਾਇਸ਼ੀ ਇਲਾਕੇ ਦੀ ਲਿਫਟ 'ਚ ਵੀ ਸਰੀਰਕ ਤੌਰ ਉਤੇ ਛੇੜਖਾਨੀ ਕੀਤੀ।

ਭਾਰਤੀ ਇੰਜੀਨੀਅਰ ਨਟਰਾਜਨ ਨੂੰ ਚਾਰ ਜੁਲਾਈ 2012 ਨੂੰ ਘਰ ਵਿਚ ਜਬਰੀ ਦਾਖਲ ਹੋਣ ਉਤੇ ਅਦਾਲਤ ਨੇ 2500 ਡਾਲਰ ਦਾ ਜੁਰਮਾਨਾ ਵੀ ਲਗਾਇਆ ਹੈ।

## ਸ਼ਹਿਜ਼ਾਦਾ ਹੈਰੀ ਤੇ ਮੇਗਨ ਦਾ ਵਿਆਹ 19 ਮਈ ਨੂੰ

**ਲੰਡਨ:** ਸ਼ਹਿਜ਼ਾਦਾ ਹੈਰੀ ਤੇ ਉਸ ਦੀ ਮੰਗੇਤਰ ਅਦਾਕਾਰਾ ਮੇਗਨ ਮਰਕਲ ਦਾ ਵਿਆਹ ਲੰਡਨ ਨੇੜੇ ਵਿੰਡਸਰ ਕੈਸਲ ਵਿਚ ਸੇਂਟ ਜਾਰਜ ਚੈਪਲ ਵਿਚ 19 ਮਈ ਨੂੰ ਹੋਵੇਗਾ।

ਕੇਨਸਿੰਗਟਨ ਪੈਲੇਸ ਨੇ ਇਹ ਐਲਾਨ ਜੋੜੇ ਵੱਲੋਂ ਮੰਗਣੀ ਦੀ ਪੁਸ਼ਟੀ ਕਰਨ ਤੋਂ ਤਿੰਨ ਹਫਤਿਆਂ ਮਗਰੋਂ ਕੀਤਾ।

# ਸਾਊਦੀ ਅਰਬ ਵਿਚ ਬਦਲਾਅ ਦੀ ਹਵਾ ਤੇਜ਼

**ਦੁਬਈ:** ਸਾਊਦੀ ਅਰਬ ਵਿਚ ਬਦਲਾਅ ਦੀ ਹਵਾ ਤੇਜ਼ ਹੋ ਗਈ ਹੈ। ਔਰਤਾਂ ਨੂੰ ਵਾਹਨ ਚਲਾਉਣ ਦੀ ਆਜ਼ਾਦੀ, ਵਿਦੇਸ਼ੀ ਨਿਵੇਸ਼ਕਾਂ ਨੂੰ ਸੱਦਾ ਆਦਿ ਕਦਮਾਂ ਪਿੱਛੋਂ ਸਾਊਦੀ ਸਰਕਾਰ ਨੇ ਜਨਤਕ ਤੌਰ ਉਤੇ ਫਿਲਮਾਂ ਦਿਖਾਏ ਜਾਣ ਉਤੇ ਲੱਗੀ 35 ਸਾਲ ਪੁਰਾਣੀ ਪਾਬੰਦੀ ਨੂੰ ਹਟਾ ਲਿਆ ਹੈ। ਇਸ ਲਈ ਹੁਣ ਸਾਊਦੀ ਦੇ ਲੋਕ ਵੀ-ਟਾਕੀਜ਼ ਵਿਚ ਜਾ ਕੇ ਦੇਸ਼ ਵਿਦੇਸ਼ ਦੀਆਂ ਫਿਲਮਾਂ ਦੇਖ ਸਕਣਗੇ। ਸਰਕਾਰ ਨੇ ਫੈਸਲਾ ਕੀਤਾ ਹੈ ਕਿ ਪੂਰੇ ਦੇਸ਼ ਵਿਚ ਛੇਤੀ ਹੀ ਸਿਨੇਮਾ ਘਰ ਖੋਲ੍ਹੇ ਜਾਣਗੇ। ਪਹਿਲਾ ਸਿਨੇਮਾ ਹਾਲ ਅਗਲੇ ਸਾਲ ਮਾਰਚ ਤੱਕ ਖੁੱਲ੍ਹਣ ਦੀ ਆਸ ਹੈ।

ਧਾਰਮਿਕ ਕੱਟੜਪੰਥ ਨੂੰ ਅਪਨਾਉਣ ਵਾਲੇ ਦੇਸ਼ ਨੇ ਅੱਸੀ ਦੇ ਦਹਾਕੇ ਵਿਚ ਸਿਨੇਮਾ ਦੇ ਨਾਲ ਜਨਤਕ ਮਨੋਰੰਜਨ ਦੀਆਂ ਸਭ ਚੀਜ਼ਾਂ ਉਤੇ ਪਾਬੰਦੀ ਲਾ ਦਿੱਤੀ ਸੀ। ਹੁਣ ਸਾਊਦੀ ਪ੍ਰਿੰਸ ਮੁਹੰਮਦ ਬਿਨ ਸਲਮਾਨ ਦੀ ਅਗਵਾਈ ਵਿਚ ਇਥੇ ਕਈ ਤਰ੍ਹਾਂ ਦੇ ਬਦਲਾਅ ਕੀਤੇ ਜਾ ਰਹੇ ਹਨ। ਸਰਕਾਰ ਨੂੰ ਉਮੀਦ ਹੈ ਕਿ ਮਨੋਰੰਜਨ ਉਦਯੋਗ ਦੇ ਵਿਕਾਸ ਦੇ ਬਾਅਦ ਦੇਸ਼ ਦੀ ਆਰਥਿਕ ਸਥਿਤੀ ਮਜ਼ਬੂਤ ਹੋਵੇਗੀ।

ਪਿਛਲੇ ਕੁਝ ਸਮੇਂ ਤੋਂ ਘਟੀਆਂ ਤੇਲ ਦੀਆਂ ਕੀਮਤਾਂ ਕਾਰਨ ਇਥੋਂ ਦੀ ਅਰਥਵਿਵਸਥਾ ਨੂੰ ਕਾਫੀ ਨੁਕਸਾਨ ਹੋਇਆ ਹੈ। ਸਾਊਦੀ ਵਿਚ 2030 ਤੱਕ 2000 ਤੋਂ ਵੱਧ ਸਕਰੀਨ ਵਾਲੇ 300 ਸਿਨੇਮਾ ਹਾਲ ਬਣਾਏ ਜਾਣਗੇ। ਇਸ ਕਾਰਨ ਤਕਰੀਬਨ 30 ਹਜ਼ਾਰ ਸਥਾਈ ਨੌਕਰੀਆਂ ਪੈਦਾ ਕੀਤੀਆਂ ਜਾਣਗੀਆਂ। ਨਾਲ ਹੀ ਸਾਊਦੀ ਅਰਥ ਵਿਵਸਥਾ ਨੂੰ ਲਗਭਗ 1.54 ਲੱਖ ਕਰੋੜ ਰੁਪਏ ਦਾ ਫਾਇਦਾ ਹੋਵੇਗਾ।



## ਔਰਤਾਂ ਨੂੰ ਟਰੱਕ ਤੇ ਮੋਟਰਸਾਈਕਲ ਚਲਾਉਣ ਦੀ ਇਜਾਜ਼ਤ

**ਰਿਆਧ:** ਹੁਣ ਸਾਊਦੀ ਅਰਬ ਦੀਆਂ ਔਰਤਾਂ ਨੂੰ ਟਰੱਕ ਅਤੇ ਮੋਟਰਸਾਈਕਲ ਚਲਾਉਣ ਦੀ ਇਜਾਜ਼ਤ ਹੋਵੇਗੀ। ਤਿੰਨ ਮਹੀਨੇ ਪਹਿਲਾਂ ਸਾਊਦੀ ਅਰਬ ਨੇ ਔਰਤਾਂ ਉਤੇ ਡਰਾਈਵਿੰਗ ਕਰਨ ਤੋਂ ਪਾਬੰਦੀ ਹਟਾਈ ਸੀ। ਸਤੰਬਰ ਵਿਚ ਬਾਦਸ਼ਾਹ ਸਲਮਾਨ ਨੇ ਰੂੜ੍ਹੀਵਾਦੀ ਇਸ ਦੇਸ਼ ਵਿਚ ਉਤਸ਼ਾਹੀ ਸੁਧਾਰਾਂ ਦੇ ਹਿੱਸੇ ਵਜੋਂ ਹੁਕਮ ਜਾਰੀ ਕਰਦਿਆਂ ਕਿਹਾ ਸੀ ਕਿ ਔਰਤਾਂ ਅਗਲੇ ਸਾਲ ਜੂਨ ਤੋਂ ਡਰਾਈਵਿੰਗ ਕਰ ਸਕਣਗੀਆਂ। ਜਨਤਕ ਆਵਾਜਾਈ ਬਾਰੇ ਸਾਊਦੀ ਅਰਬ ਦੇ ਜਨਰਲ ਡਾਇਰੈਕਟੋਰੇਟ ਨੇ ਪਾਬੰਦੀ ਚੁੱਕਣ ਲਈ ਅਪਣਾਏ ਜਾਣ ਵਾਲੇ ਨਵੇਂ ਨਿਯਮਾਂ ਦੇ ਵੇਰਵੇ ਦਿੱਤੇ ਹਨ। ਸਾਊਦੀ ਪ੍ਰੈਸ ਏਜੰਸੀ ਨੇ ਦੱਸਿਆ ਕਿ ਔਰਤਾਂ ਨੂੰ ਮੋਟਰਸਾਈਕਲ ਤੇ ਟਰੱਕ ਚਲਾਉਣ ਦੀ ਇਜਾਜ਼ਤ ਦਿੱਤੀ ਗਈ ਹੈ। ਸ਼ਾਹੀ ਫਰਮਾਨ ਵਿਚ ਕਿਹਾ ਗਿਆ ਹੈ ਕਿ ਡਰਾਈਵਿੰਗ ਲਈ ਕਾਨੂੰਨ ਮਰਦਾਂ ਤੇ ਔਰਤਾਂ ਲਈ ਇਕੋ ਜਿਹਾ ਹੀ ਹੋਵੇਗਾ।

# ਗੁਜਰਾਤ ਦੇ ਵੋਟਰਾਂ ਨੇ ਕੌਮੀ ਸੰਤੁਲਨ ਬਣਾਇਆ

**ਹਰੀਸ਼ ਖਰੇ**

ਜਿੱਤ ਹਰ ਹਾਲ ਵਿਚ ਜਿੱਤ ਹੈ ਅਤੇ ਹਾਰ ਹਰ ਸਥਿਤੀ ਵਿਚ ਹਾਰ; ਪਰ ਕਦੇ ਕਦੇ ਜਿੱਤ, ਫਤਹਿ ਤੋਂ ਛੋਟੀ ਹੁੰਦੀ ਹੈ ਅਤੇ ਹਾਰ ਅਸਲ ਵਿਚ ਨਮੋਸ਼ੀ ਭਰਿਆ ਨੁਕਸਾਨ ਨਹੀਂ ਹੁੰਦੀ। ਭਾਰਤੀ ਜਨਤਾ ਪਾਰਟੀ ਗੁਜਰਾਤ ਵਿਧਾਨ ਸਭਾ ਵਿਚ ਤਕਨੀਕੀ ਪੱਖੋਂ ਬਹੁਮਤ ਹਾਸਲ ਕਰਨ ਵਿਚ ਸਫਲ ਰਹੀ ਹੈ, ਪਰ ਅੰਤਿਮ ਅੰਕੜਿਆਂ ਵਿਚ ਇਸ ਨੂੰ ਰਾਜਨੀਤਕ ਪੱਖੋਂ ਬਾਦਸ਼ਾਹਤ, ਜਿਵੇਂ ਇਹ ਦਾਅਵਾ ਕਰਦੀ ਹੈ, ਮੁੜ ਹਾਸਿਲ ਨਹੀਂ ਹੋਈ। ਭਾਜਪਾ ਦੀ ਲੀਡਰਸ਼ਿਪ ਦੇ ਇਸ ਦਾਅਵੇ ਨੂੰ ਗੁਜਰਾਤ ਦੇ ਵੋਟਰਾਂ ਨੇ ਖਾਰਜ ਕਰ ਦਿੱਤਾ ਹੈ। ਜੇ ਵੋਟਰਾਂ ਦੇ ਨਿਰਣੇ ਵਿਚੋਂ ਕੁਝ ਖ਼ਾਸ ਦਿਖਾਈ ਦਿੰਦਾ ਹੈ ਤਾਂ ਉਹ ਇਹ ਤੱਥ ਹੈ ਕਿ ਰਾਸ਼ਟਰੀ ਰਾਜਨੀਤੀ ਵਿਚ ਸੰਤੁਲਨ ਬਹਾਲ ਹੋਣਾ ਚਾਹੀਦਾ ਹੈ।

ਬਿਨਾਂ ਸ਼ੱਕ ਦੇਸ਼ ਭਰ ਵਿਚ ਭਾਜਪਾ ਦੇ ਖੇਮੇ 'ਚ ਜਸ਼ਨ ਦਾ ਮਾਹੌਲ ਹੈ। ਕੇਂਦਰੀ ਕੈਬਨਿਟ ਮੰਤਰੀਆਂ ਅਤੇ ਪਾਰਟੀ ਦੇ ਮੁੱਖ ਮੰਤਰੀਆਂ ਨੇ ਪਹਿਲਾਂ ਹੀ ਪ੍ਰਧਾਨ ਮੰਤਰੀ ਦੇ ਕ੍ਰਿਸ਼ਮੇ ਅਤੇ ਪਾਰਟੀ ਲੀਡਰਸ਼ਿਪ ਦੀ ਪ੍ਰਬੰਧਕੀ ਮੁਹਾਰਤ ਦੇ ਸੋਹਲੇ ਗਾਉਣੇ ਸ਼ੁਰੂ ਕੀਤੇ ਹੋਏ ਸਨ। ਇਸ ਨਾਲ ਪਾਰਟੀ ਦੇ 'ਕੇਡਰ' ਅਤੇ ਕਾਰਕੁਨਾਂ ਦੇ ਮਨੋਬਲ ਵਿਚ ਕਮੀ ਨਹੀਂ ਆਏਗੀ, ਸਗੋਂ ਉਨ੍ਹਾਂ ਦੀ ਹੰਕਾਰੀ ਸੋਚ ਨੂੰ ਨਵਾਂ ਬਲ ਮਿਲੇਗਾ।

ਉਂਜ, ਗੁਜਰਾਤ ਵਿਧਾਨ ਸਭਾ ਚੋਣਾਂ ਲਈ ਪਈਆਂ ਵੋਟਾਂ ਗਿਣੇ ਜਾਣ ਬਾਅਦ ਭਾਰਤੀ ਰਾਜਨੀਤੀ ਬਦਲੀ ਹੋਈ ਅਤੇ ਮੁੜ ਪਰਿਭਾਸ਼ਿਤ ਨਜ਼ਰ ਆ ਰਹੀ ਹੈ। ਇਸ ਦੀ ਸ਼ੁਰੂਆਤ ਇਸ ਤੋਂ ਕੀਤੀ ਜਾ ਸਕਦੀ ਹੈ ਕਿ ਪ੍ਰਧਾਨ ਮੰਤਰੀ ਨੇ ਗੁਜਰਾਤ ਵਿਚ ਹੋਏ ਇਸ ਮਤਦਾਨ ਨੂੰ, ਆਪਣੇ ਲਈ ਫਤਵੇ, ਰਾਸ਼ਟਰੀ ਪੱਧਰ 'ਤੇ ਆਪਣੀ ਅਗਵਾਈ ਅਤੇ ਗੁਜਰਾਤ ਉਪਰ ਆਪਣੀ ਪੂਰੀ ਸਰਦਾਰੀ ਦੇ ਰੂਪ ਵਿਚ ਬਦਲਣ ਦੀ ਕੋਸ਼ਿਸ਼ ਕੀਤੀ। ਵਿਸ਼ਲੇਸ਼ਕਾਂ ਨੇ ਪਹਿਲਾਂ ਹੀ ਬਹੁਤ ਨਿਰਾਸ਼ਤਾ ਨਾਲ ਕਿਹਾ ਹੋਇਆ ਹੈ ਕਿ ਗੁਜਰਾਤ ਵਿਚ ਲੰਬਾ ਸਮਾਂ ਚੱਲਿਆ ਪ੍ਰਧਾਨ ਮੰਤਰੀ ਦਾ ਤਿੱਖਾ ਤੇ ਨੀਵੇਂ ਪੱਧਰ ਦਾ ਚੋਣ ਪ੍ਰਚਾਰ, ਉਨ੍ਹਾਂ ਦੀ ਸੰਸਥਾਗਤ ਗਰਿਮਾ ਦੇ ਅਨੁਸਾਰ ਨਹੀਂ ਸੀ। ਜਦੋਂ ਮਣੀ ਸ਼ੰਕਰ ਅਈਅਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਲਈ ਅਪਸ਼ਬਦ 'ਨੀਚ' ਵਰਤਿਆ ਤਾਂ ਉਸ ਨੂੰ, ਉਸੇ ਵੇਲੇ ਚੋਣਾਂ ਵਿਚ ਲਾਹਾ ਲੈਣ ਲਈ ਵਰਤਣਾ ਸ਼ੁਰੂ ਕਰ ਦਿੱਤਾ ਗਿਆ। ਸ੍ਰੀ ਮੋਦੀ ਨੇ ਚੋਣ ਰੈਲੀਆਂ ਨੂੰ ਸੰਬੋਧਨ ਕਰਦਿਆਂ ਸ੍ਰੀ ਅਈਅਰ ਵੱਲੋਂ ਵਰਤੇ ਗਏ ਅਪਸ਼ਬਦਾਂ ਨੂੰ 6.2 ਕਰੋੜ ਗੁਜਰਾਤੀਆਂ ਦਾ ਅਪਮਾਨ ਕਰਾਰ ਦਿੱਤਾ। ਉਨ੍ਹਾਂ ਇਹ ਵੀ ਕਿਹਾ ਕਿ ਗੁਜਰਾਤੀ ਵੋਟਰ ਇਸ ਅਪਮਾਨ ਦਾ ਬਦਲਾ ਕਾਂਗਰਸ ਖ਼ਿਲਾਫ਼ ਵੋਟਾਂ ਪਾ ਕੇ ਲੈਣਗੇ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਅਪਮਾਨ ਦਾ ਬਦਲਾ ਪੂਰੀ ਤਰ੍ਹਾਂ ਲੈ ਕੇ ਬਦਨਾਮੀ ਨੂੰ ਧੋ ਦਿੱਤਾ ਗਿਆ ਹੈ? ਕੀ ਚੋਣ ਨਤੀਜਿਆਂ ਦੇ ਅੰਤਿਮ ਅੰਕੜੇ ਇਹ ਦਰਸਾਉਂਦੇ ਹਨ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਕ੍ਰਿਸ਼ਮਾ ਬਰਕਰਾਰ ਹੈ? ਆਖ਼ਿਰ, ਮਤਦਾਤਾਵਾਂ ਨੇ ਮੋਦੀ ਦੇ ਆਕਰਸ਼ਣ ਦਾ ਭਰਮ ਬਣਾਈ ਰੱਖਣ ਲਈ ਉਨ੍ਹਾਂ ਵੱਲੋਂ 2012 ਵਿਚ ਹਾਸਲ ਕੀਤੀਆਂ ਸੀਟਾਂ ਵਿਚ, ਘੱਟੋ-ਘੱਟ ਇਕ ਹੋਰ ਸੀਟ ਦਾ ਵਾਧਾ ਕਿਉਂ ਨਹੀਂ ਕੀਤਾ?

ਭਾਜਪਾ ਨੇ ਆਪਣੇ ਅਤੇ ਵੋਟਰਾਂ ਲਈ ਮਾਪ ਨਿਸ਼ਚਿਤ ਕੀਤੇ ਸਨ। ਵੋਟਰਾਂ ਨੂੰ ਕਿਹਾ ਗਿਆ ਸੀ ਕਿ ਉਹ ਗੁਜਰਾਤ ਵਿਚੋਂ ਵਿਰੋਧੀ ਧਿਰ ਦਾ ਸਫਾਇਆ ਕਰ ਦੇਣ। ਪਾਰਟੀ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੇ 'ਮਿਸ਼ਨ 150 ਪਲੱਸ' ਦਾ ਬਹੁਤ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ ਸੀ। ਹੁਣ ਕੋਈ ਵੀ ਵਿਸ਼ਲੇਸ਼ਕ ਗੁਜਰਾਤ ਚੋਣਾਂ ਦੇ ਅੰਤਿਮ ਅੰਕੜਿਆਂ ਬਾਰੇ ਭਲਾ ਕੀ ਕਹੇਗਾ? ਇਸ ਵੱਲ ਧਿਆਨ ਦੇਣ ਦੀ ਲੋੜ ਹੈ ਕਿ ਗੁਜਰਾਤੀ ਵੋਟਰਾਂ ਨੇ ਆਪਣੇ ਭੂਮੀ ਪੁੱਤਰ ਨੂੰ ਉਸ ਤਰ੍ਹਾਂ ਦਾ ਹੁੰਗਾਰਾ ਨਹੀਂ ਭਰਿਆ, ਜਿਸ ਤਰ੍ਹਾਂ ਛੇ ਮਹੀਨੇ ਪਹਿਲਾਂ ਉਤਰ ਪ੍ਰਦੇਸ਼ ਦੇ ਵੋਟਰਾਂ ਨੇ ਉਨ੍ਹਾਂ ਨੂੰ ਭਾਰੀ ਬਹੁਮਤ ਦੇ ਰੂਪ ਵਿਚ ਦਿੱਤਾ ਸੀ। ਭਾਜਪਾ ਦਾ ਉਤਰ ਪ੍ਰਦੇਸ਼ ਵਿਚ ਦੋ ਉਨ੍ਹਾਂ ਮਜ਼ਬੂਤ ਸਿਆਸੀ ਪਾਰਟੀਆਂ, ਸਮਾਜਵਾਦੀ ਪਾਰਟੀ ਅਤੇ ਬਸਪਾ ਨਾਲ ਮੁਕਾਬਲਾ ਸੀ, ਜਿਨ੍ਹਾਂ ਦਾ ਰਾਜ ਅੰਦਰ ਬਹੁਤ ਮਜ਼ਬੂਤ ਸਮਾਜਿਕ ਆਧਾਰ ਸੀ। ਦੋਵਾਂ ਪਾਰਟੀਆਂ ਕੋਲ ਮਜ਼ਬੂਤ ਖੇਤਰੀ/ ਸਥਾਨਕ ਚੋਣ ਪ੍ਰਚਾਰਕ ਸਨ, ਜੋ ਮੁੱਖ ਮੰਤਰੀ ਰਹਿ ਚੁੱਕੇ ਸਨ; ਭਾਵ ਭਾਜਪਾ ਦੇ ਚੋਣ ਪ੍ਰਚਾਰ ਦਾ ਟਾਕਰਾ ਮਾਇਆਵਤੀ ਅਤੇ ਨੌਜਵਾਨ ਨੇਤਾ ਅਖਿਲੇਸ਼ ਯਾਦਵ ਕਰ ਰਹੇ ਸਨ। ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ, ਕਰੀਬ ਇਕ ਦਹਾਕਾ ਭਾਜਪਾ ਸੱਤਾ 'ਚੋਂ ਬਾਹਰ ਰਹੀ ਸੀ। ਉਸ ਕੋਲ ਚੋਣ ਲੜਨ ਲਈ ਸਥਾਨਕ ਪੱਧਰ 'ਤੇ ਪ੍ਰਚਾਰਕ ਅਤੇ ਸਾਧਨ ਵੀ ਨਹੀਂ ਸਨ। ਮਤਦਾਤਾਵਾਂ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਮਨਮੋਹਕ ਅਪੀਲ ਨੂੰ ਹੁੰਗਾਰਾ ਭਰਦਿਆਂ ਭਾਜਪਾ ਨੂੰ ਦੋ-ਤਿਹਾਈ ਬਹੁਮਤ ਦੇ ਦਿੱਤਾ ਸੀ। ਹਿੰਦੂਤਵ ਰੱਥ ਨੂੰ ਰੋਕਣਾ ਅਸੰਭਵ ਲਗਦਾ ਸੀ। ਮੋਦੀ ਦੇ ਜਿਸ ਮੰਡੀਕਰਨ ਹੁਨਰ ਦੀ ਚਮਕ ਦਸੰਬਰ, 2015 ਵਿਚ ਬਿਹਾਰ ਦੀਆਂ ਵਿਧਾਨ ਸਭਾ ਚੋਣਾਂ 'ਚ ਮੱਠੀ ਪਈ ਸੀ, ਉਹ 2017 ਦੀਆਂ ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿਚ ਮੁੜ ਹੋਰ ਉਭਰ ਕੇ ਸਾਹਮਣੇ ਆਈ। ਹੁਣ ਗੁਜਰਾਤ ਦੀ ਵਾਰੀ ਸੀ। ਉਤਰ ਪ੍ਰਦੇਸ਼ ਵਿਚ ਹਿੰਦੂਤਵ ਦੀ ਜਿਹੜੀ ਖਿਚੜੀ ਪਕਾਈ ਗਈ ਸੀ, ਉਸ ਨੂੰ ਇਥੇ ਹੋਰ ਅੱਗੇ ਵਧਾਇਆ ਜਾਣਾ ਸੀ, ਪਰ ਜੇ ਵੇਖਿਆ ਜਾਵੇ ਤਾਂ ਗੁਜਰਾਤ ਦੇ ਮਤਦਾਤਾ ਥੋੜ੍ਹੇ ਸ਼ਰਾਰਤੀ ਨਿਕਲੇ ਅਤੇ ਉਨ੍ਹਾਂ ਨੇ ਵਿਸ਼ਵਾਸਘਾਤ ਵਰਗਾ ਕੁਝ ਕਰ ਦਿੱਤਾ। ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਰਾਜ ਵਿਚ ਚੋਣ ਪ੍ਰਚਾਰ ਦੀ ਧੂੰਆਂਧਾਰ ਮੁਹਿੰਮ ਚਲਾਈ, ਪਰ ਉਨ੍ਹਾਂ ਨੂੰ ਅੰਤਿਮ ਅੰਕੜਿਆਂ ਵਿਚ ਬਿਹਤਰੀਨ ਨਤੀਜਾ ਨਹੀਂ ਮਿਲਿਆ, ਹਾਲਾਂਕਿ ਇਹ ਨਿਸ਼ਚਿਤ ਰੂਪ ਵਿਚ ਨਜ਼ਰ ਆਉਂਦਾ ਹੈ ਕਿ ਭਾਜਪਾ ਦੇ ਰਾਜਨੀਤਿਕ ਪ੍ਰਬੰਧਨ ਵਿਚ ਚਮਕ ਹੈ। ਗੁਜਰਾਤ ਵਿਚ ਕਰੀਬ ਦੋ ਦਹਾਕਿਆਂ ਦੇ ਬੇਰੋਕ ਸ਼ਾਸਨ ਬਾਅਦ ਵੀ ਭਾਜਪਾ ਦੀ ਹਰ ਪੱਧਰ ਉਪਰ ਤਾਕਤ, ਸਰਪ੍ਰਸਤੀ ਕਾਇਮ ਹੈ ਅਤੇ ਇਸ ਨੇ ਵਿਰੋਧੀਆਂ ਦੀ ਕਿਸੇ ਵੀ ਮਾਮੂਲੀ ਗਲਤੀ ਨੂੰ ਆਪਣੇ ਹੱਕ ਵਿਚ ਵਰਤਣ 'ਚ ਸਫਲਤਾ ਹਾਸਲ ਕੀਤੀ ਹੈ। ਆਪਣੇ ਹੱਕ ਵਿਚ ਵੋਟਰਾਂ ਨੂੰ ਭੁਗਤਾਉਣ ਲਈ ਉਨ੍ਹਾਂ ਨੇ ਵਿੱਤੀ ਤਾਕਤ ਦਾ ਇਸਤੇਮਾਲ ਵੀ ਕੀਤਾ। ਦੂਜੇ ਪਾਸੇ ਕਾਂਗਰਸ ਕੋਲ ਗੁਜਰਾਤ ਵਿਚ ਕੋਈ ਅਜਿਹਾ ਨੇਤਾ ਨਹੀਂ ਸੀ, ਜਿਹੜਾ ਬਹੁਤ ਕੁਝ ਬੋਲ ਸਕੇ। ਕਾਂਗਰਸ ਕੋਲ ਸਿਰਫ ਇਕ ਨੇਤਾ ਰਾਹੁਲ ਗਾਂਧੀ ਹੀ ਸਨ, ਜਿਹੜੇ ਭੀੜ ਨੂੰ ਆਪਣੇ ਵੱਲ ਆਕਰਸ਼ਤ ਕਰ ਸਕਦੇ ਅਤੇ ਖ਼ਬਰ ਚੈਨਲਾਂ ਨੂੰ ਮਸਾਲਾ ਦੇ ਸਕਦੇ ਸਨ।

ਇਸ ਵਾਰ ਨਰੇਂਦਰ ਮੋਦੀ ਗੁਜਰਾਤ ਵਿਚ ਪ੍ਰਧਾਨ ਮੰਤਰੀ ਵਜੋਂ ਵੋਟਰਾਂ ਕੋਲੋਂ ਵੋਟਾਂ ਮੰਗ ਰਹੇ ਸਨ। ਉਨ੍ਹਾਂ ਦੇ ਗੁਜਰਾਤੀ ਸਮਰਥਕਾਂ ਨੇ ਉਨ੍ਹਾਂ ਦੇ ਕੌਮੀ ਤੇ ਕੌਮਾਂਤਰੀ ਅਕਸ ਦਾ ਲਾਹਾ ਲੈਣਾ ਸੀ। ਪ੍ਰਧਾਨ ਮੰਤਰੀ ਨੇ ਇਸ ਦਿਸ਼ਾ ਵਿਚ ਆਵਾਜ਼ ਵੀ ਉਠਾਈ ਅਤੇ ਕਿਹਾ ਕਿ ਪਾਕਿਸਤਾਨ ਵੱਲੋਂ ਗੁਜਰਾਤ ਵਿਚ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅਜਿਹੇ ਪ੍ਰਚਾਰ ਦੇ ਬਾਵਜੂਦ ਗੁਜਰਾਤ ਦੇ ਵੋਟਰਾਂ ਵਿਚ ਕੋਈ ਖਾਸ ਬਦਲਾਅ ਵੇਖਣ ਨੂੰ ਨਹੀਂ ਮਿਲਿਆ। ਉਨ੍ਹਾਂ ਨੇ ਇਸ ਦੇ ਬਦਲੇ ਵਿਚ ਮਾਮੂਲੀ ਬਹੁਮਤ ਦਿੱਤਾ। ਇਕ ਤੂਫਾਨੀ ਸਮਰਥਨ ਨੂੰ ਵੋਟਰਾਂ ਨੇ ਠੱਲ੍ਹ ਦਿੱਤਾ।



ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਜਰਾਤ ਵਿਚ ਵੋਟਰਾਂ ਵੱਲੋਂ ਦਿੱਤਾ ਗਿਆ ਸੰਕੇਤ ਗਾਂਧੀਨਗਰ ਤੋਂ ਦੂਰ, ਘਰੇਲੂ ਅਤੇ ਵਿਦੇਸ਼ ਪੱਧਰ ਉਪਰ ਵੀ ਵੇਖਿਆ, ਪਰਖਿਆ ਜਾਵੇਗਾ। ਵਿਰੋਧੀ ਤਾਕਤਾਂ ਅਤੇ ਸਮੂਹਾਂ ਨੂੰ ਇਸ ਹਕੀਕਤ ਨਾਲ ਰਾਹਤ ਮਿਲਣ ਦੀ ਸੰਭਾਵਨਾ ਹੈ ਕਿ ਭਾਜਪਾ ਵਿਰੋਧੀ ਧਿਰ ਦਾ ਪੂਰੀ ਤਰ੍ਹਾਂ ਸਫਾਇਆ ਕਰਨ ਵਿਚ ਨਾਕਾਮ ਰਹੀ ਹੈ। ਇਹ ਸੰਕੇਤ ਪ੍ਰਧਾਨ ਮੰਤਰੀ ਦੇ ਆਪਣੇ ਰਾਜ ਅੰਦਰੋਂ ਹੀ ਮਿਲੇ ਹਨ। ਖਾਸ ਕਰ ਕੇ ਕਾਂਗਰਸ ਦੀ ਆਵਾਜ਼ ਨੂੰ ਤਾਕਤ ਮਿਲੇਗੀ ਕਿ ਉਹ ਉਨ੍ਹਾਂ ਸੰਸਥਾਗਤ ਕਮਜ਼ੋਰੀਆਂ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰੇ ਜਿਹੜੀਆਂ ਸਾਡੇ ਲੋਕਤੰਤਰ ਲਈ ਜ਼ਖ਼ਮ ਦੇ ਬਰਾਬਰ ਹਨ। ਲੋਕਤੰਤਰੀ ਸੰਸਥਾਵਾਂ ਨਾਲ ਜੁੜੇ ਲੋਕ, ਖਾਸ ਕਰ ਕੇ ਨਿਆਂਪਾਲਿਕਾ ਅਤੇ ਹੋਰ ਸੰਵਿਧਾਨਕ ਸੰਸਥਾਵਾਂ ਤੇ ਮੰਚਾਂ ਲਈ ਜ਼ਰੂਰੀ ਨਹੀਂ ਕਿ ਉਹ ਸੱਤਾਧਾਰੀ ਦਲ ਦੇ ਅਨੁਸਾਰ ਆਪਣਾ ਰੁਖ਼ ਬਦਲਣ। ਚੋਣ ਕਮਿਸ਼ਨ ਨੂੰ ਕੁਝ ਆਤਮ ਮੰਥਨ ਕਰਨ ਅਤੇ ਆਪਣੇ ਸੰਸਥਾਗਤ ਕਰਮਾਂ ਉਪਰ ਮੁੜ ਵਿਚਾਰ ਕਰਨ ਦੀ ਜ਼ਰੂਰਤ ਹੈ।

ਗਾਂਧੀਨਗਰ ਵਿਚ ਹੁਣ ਨਵੀਂ ਸਰਕਾਰ ਹੋਵੇਗੀ, ਜਿਸ ਨੂੰ ਗੁਜਰਾਤ ਦੇ ਸਮਾਜ ਵਿਚ ਹੋ ਰਹੀ ਹਲਚਲ ਅਤੇ ਅਸ਼ਾਂਤੀ ਦੀ ਨਿਸ਼ਾਨਦੇਹੀ ਕਰ ਕੇ ਉਸ ਨੂੰ ਹੱਲ ਕਰਨ ਦੀ ਲੋੜ ਹੈ। ਉਲਝੇ ਹੋਏ ਤਾਣੇ-ਬਾਣੇ ਨੂੰ ਸੁਲਝਾਉਣ ਦੀ ਲੋੜ ਹੈ। ਚੋਣ ਨਤੀਜਿਆਂ ਨੂੰ ਇਸ ਰੂਪ ਵਿਚ ਨਹੀਂ ਵੇਖਿਆ ਜਾਂਦਾ ਕਿ ਇਹ 'ਵਿਕਾਸ ਦੇ ਗੁਜਰਾਤ ਮਾਡਲ' ਉਪਰ ਮੋਹਰ ਹੈ। ਇਹ ਕਹਿਣਾ ਜ਼ਿਆਦਾ ਉਚਿਤ ਹੋਵੇਗਾ ਕਿ ਪਿਛਲੇ ਦੋ ਦਹਾਕਿਆਂ ਦਾ ਸਮਾਜਿਕ ਵਿਰੋਧ ਹੋਰ ਅੱਗੇ ਨਹੀਂ ਵਧ ਸਕਿਆ। ਨੌਜਵਾਨ ਨੇਤਾਵਾਂ ਦੀ ਨਵੀਂ ਪੀੜ੍ਹੀ ਨੇ ਆਪਣੀ ਧਮਕ ਦਿਖਾਈ ਹੈ। ਇਹ ਹੁਣ ਭਾਜਪਾ ਦੀ ਲੀਡਰਸ਼ਿਪ ਉਪਰ ਨਿਰਭਰ ਕਰਦਾ ਹੈ ਕਿ ਉਹ ਆਪਣੀ ਬੌਧਿਕ ਕਲਪਨਾ ਅਤੇ ਰਾਜਨੀਤਿਕ ਉਦਾਰਤਾ ਦਾ ਇਸਤੇਮਾਲ ਕਰਦੀ ਹੋਈ ਨਵੇਂ ਵਿਦਰੋਹੀਆਂ ਨੂੰ ਹਿੱਸੇਦਾਰ ਦੇ ਰੂਪ ਵਿਚ ਜਗ੍ਹਾ ਦੇਵੇ।

ਇਸ ਤਰ੍ਹਾਂ ਲੱਗ ਰਿਹਾ ਹੈ ਕਿ ਕਾਂਗਰਸ ਨੇ ਆਪਣਾ ਕ੍ਰਿਸ਼ਮਾ ਹਾਸਲ ਕਰ ਲਿਆ ਹੈ। ਇਸ ਦੇ ਰਾਜ ਪੱਧਰੀ ਜ਼ਿਆਦਾਤਰ ਨੇਤਾ ਦਰਕਿਨਾਰ ਹੋ ਗਏ ਹਨ, ਪਰ ਇਸ ਦਾ ਆਤਮ-ਵਿਸ਼ਵਾਸ ਬਹਾਲ ਹੋਇਆ ਹੈ। ਕਾਂਗਰਸ ਹੁਣ ਭੈਅ-ਭੀਤ ਨਹੀਂ ਹੋਵੇਗੀ ਅਤੇ ਇਹ ਨਜ਼ਰ ਆ ਰਿਹਾ ਹੈ ਕਿ ਇਹ ਕਿਸੇ ਵੀ ਪੱਧਰ ਉਪਰ ਮੋਦੀ ਦੀਆਂ ਤਾਕਤਾਂ ਲਈ ਰਸਤਾ ਖੁੱਲ੍ਹਾ ਨਹੀਂ ਛੱਡੇਗੀ। ਇਸ ਤੋਂ ਵੱਧ, ਇਸ ਦੀ ਲੀਡਰਸ਼ਿਪ ਨੂੰ ਲੱਗਿਆ ਜੰਗਾਲ ਸਾਫ ਹੋਇਆ ਹੈ। ਕਾਂਗਰਸ ਸਮਾਜ ਵਿਚ ਮੌਜੂਦ ਟਕਰਾਅ ਤੇ ਵਿਰੋਧਾਂ ਦੇ ਪ੍ਰਬੰਧਨ ਵਿਚ ਕਾਮਯਾਬ ਰਹੀ ਹੈ।

ਜੇ ਉਪਰੋਕਤ ਕਾਰਨਾਂ ਤੋਂ ਉਪਰ ਉਠ ਕੇ ਵੇਖਿਆ ਜਾਵੇ ਤਾਂ ਇਹ ਸਪਸ਼ਟ ਨਜ਼ਰ ਆਉਂਦਾ ਹੈ ਕਿ ਭਾਜਪਾ ਨੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਉਸ ਦੇ ਸਾਹਮਣੇ ਮੁਕਾਬਲੇ ਵਿਚ ਕੋਈ ਨਹੀਂ ਹੈ, ਪਰ 2019 ਦੀਆਂ ਲੋਕ ਸਭਾ ਚੋਣਾਂ ਲਈ ਉਸ ਵੱਲੋਂ ਕੀਤੇ ਗਏ ਦਾਅਵੇ ਹਵਾ ਹੋ ਗਏ ਹਨ। ਹੰਕਾਰ ਦੀ ਰਾਜਨੀਤੀ ਕਰਨ ਵਾਲਿਆਂ ਨੂੰ ਪੀਲਾ ਕਾਰਡ ਦਿਖਾ ਦਿੱਤਾ ਗਿਆ ਹੈ। ਚੁਣਾਵੀ ਰਾਜਨੀਤੀ ਨੇ ਰਾਜਨੀਤਿਕ ਹੰਕਾਰ ਨੂੰ ਲਗਾਮ ਲਾਈ ਹੈ। ਗਣਤੰਤਰ ਲਈ ਇਹ ਬੁਰਾ ਦਿਨ ਨਹੀਂ ਹੈ।

# ਯੋਰੋਸ਼ਲਮ ਬਾਰੇ ਫੈਸਲਾ ਤੇ ਮੁਸਲਮਾਨ

**ਡਾ. ਮੋਹਨ ਸਿੰਘ**

ਅਮਰੀਕਾ ਵੱਲੋਂ ਯੋਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਬਣਾਉਣ ਦਾ ਐਲਾਨ ਫਲਸਤੀਨੀ ਲੋਕਾਂ ਦੇ ਕੌਮੀ ਜਮਹੂਰੀ ਹੱਕਾਂ 'ਤੇ ਇਕ ਹੋਰ ਮਾਰੂ ਹਮਲਾ ਹੈ। ਇਸ ਐਲਾਨ ਨਾਲ ਇਸਲਾਮੀ ਭਾਈਚਾਰੇ ਦਾ ਸਵੈਮਾਣ ਇਕ ਵਾਰ ਫਿਰ ਵਲੂੰਧਰਿਆ ਗਿਆ ਹੈ। ਦੂਜੀ ਸੰਸਾਰ ਜੰਗ ਤੋਂ ਪਹਿਲਾਂ ਫਲਸਤੀਨ ਬਰਤਾਨਵੀ ਸ਼ਾਸਨ ਦੇ ਅਧੀਨ ਸੀ। ਜੰਗ ਦੌਰਾਨ ਬਰਤਾਨਵੀਂ ਸਾਮਰਾਜ ਕਮਜ਼ੋਰ ਹੋਣ ਦੇ ਬਾਵਜੂਦ ਆਪਣਾ ਇਹ ਗ਼ਲਬਾ ਕਾਇਮ ਰੱਖਣ ਲਈ ਯਹੂਦੀਆਂ ਨੂੰ ਵਸਾ ਕੇ ਮੱਧ-ਪੂਰਬ ਵਿਚ ਇਕ ਫੌਜੀ ਚੌਕੀ ਬਣਾਉਣਾ ਚਾਹੁੰਦਾ ਸੀ। ਫਲਸਤੀਨ ਵਿਚ ਯਹੂਦੀਆਂ ਦੀ ਵੱਸੋਂ 10- 15 ਪ੍ਰਤੀਸ਼ਤ ਸੀ। ਨਾ ਹੀ ਸੰਸਾਰ ਪੱਧਰ 'ਤੇ ਯਹੂਦੀਆਂ ਦੀ ਕੋਈ ਸਾਂਝੀ ਬੋਲੀ, ਸਾਂਝੀ ਮੰਡੀ ਜਾਂ ਇਕ ਬੱਝਵਾਂ ਇਲਾਕਾ ਸੀ, ਜੋ ਕਿਸੇ ਕੌਮ ਲਈ ਮੁੱਢਲੀਆਂ ਸ਼ਰਤਾਂ ਬਣਦੇ ਹਨ, ਸਿਰਫ ਸਾਂਝੇ ਧਰਮ ਦਾ ਹੋਣਾ ਹੀ ਇਨ੍ਹਾਂ ਦੀ ਸਾਂਝ ਸੀ। ਇਸ ਦੇ ਬਾਵਜੂਦ 1947 ਵਿਚ ਬਰਤਾਨੀਆ ਅਤੇ ਸੰਯੁਕਤ ਰਾਸ਼ਟਰ ਨੇ ਫਲਸਤੀਨ ਅਤੇ ਯੋਰੋਸ਼ਲਮ ਦੀ ਵੰਡ ਕਰ ਦਿੱਤੀ। ਸੰਸਾਰ ਜੰਗ ਤੋਂ ਬਾਅਦ ਅਮਰੀਕਾ ਇਕ ਮਹਾਂਸ਼ਕਤੀ ਬਣ ਕੇ ਉਭਰਿਆ। ਅਮਰੀਕਾ ਅੰਦਰ ਸ਼ਕਤੀਸ਼ਾਲੀ ਯਹੂਦੀ ਲਾਬੀ ਦਾ ਅਮਰੀਕਨ ਸਰਕਾਰ ਉਪਰ ਇਜ਼ਰਾਈਲ ਦੀ ਮਦਦ ਕਰਨ ਦਾ ਦਬਾਅ ਸੀ। ਅਮਰੀਕਾ ਦੀ ਸੰਸਾਰ ਪੱਧਰੀ ਯੁੱਧ-ਨੀਤੀ ਅਨੁਸਾਰ ਮੱਧ-ਪੂਰਬ ਉਪਰ ਗਲਬਾ ਜਮਾਉਣ ਲਈ ਵੀ ਇਜ਼ਰਾਈਲ ਵਰਗੀ ਇਕ ਫੌਜੀ ਚੌਕੀ ਦੀ ਜ਼ਰੂਰਤ ਸੀ। ਇਸ ਤਰ੍ਹਾਂ ਸਾਰੇ ਸਾਮਰਾਜੀ ਦੇਸ਼ਾਂ ਨੇ ਰਲ ਕੇ ਫਲਸਤੀਨੀ ਲੋਕਾਂ ਦਾ ਉਜਾੜਾ ਕਰਕੇ ਦੁਨੀਆਂ ਭਰ ਦੇ ਯਹੂਦੀਆਂ ਨੂੰ ਉਨ੍ਹਾਂ ਦੀ ਜੱਦੀ ਮਾਂ-ਧਰਤੀ ਦੀ ਹਿੱਕ ਉਪਰ ਜਬਰੀ ਬਿਠਾ ਦਿੱਤਾ।

ਸੰਯੁਕਤ ਰਾਸ਼ਟਰ ਨੇ 1947 ਵਿਚ ਫਲਸਤੀਨ ਦੀ ਵੰਡ ਕੀਤੀ ਤਾਂ ਯੋਰੋਸ਼ਲਮ ਨੂੰ ਨਾ ਯਹੂਦੀਆਂ ਅਤੇ ਨਾ ਹੀ ਅਰਬ ਦੇਸ਼ਾਂ ਦੇ ਹਵਾਲੇ ਕੀਤਾ ਸਗੋ ਇਸ ਨੂੰ ਇਕ ਕੌਮਾਂਤਰੀ ਸ਼ਹਿਰ ਦੇ ਤੌਰ 'ਤੇ ਮਾਨਤਾ ਦਿੱਤੀ ਸੀ। ਇਸ ਤੋਂ ਬਾਅਦ ਇਜ਼ਰਾਈਲ ਅਤੇ ਜੌਰਡਨ ਨੇ ਜੰਗ ਰਾਹੀਂ ਇਸ ਨੂੰ ਪੱਛਮੀ ਅਤੇ ਪੂਰਬੀ ਯੋਰੋਸ਼ਲਮ ਵਿਚ ਕ੍ਰਮਵਾਰ ਵੰਡ ਲਿਆ। ਦੋ ਦਹਾਕੇ ਬਾਅਦ 1967 ਵਿਚ ਇਜ਼ਰਾਈਲ ਨੇ ਪੂਰਬੀ ਯੋਰੋਸ਼ਲਮ ਉਪਰ ਕਬਜਾ ਕਰ ਲਿਆ ਅਤੇ ਅਰਬੀ ਲੋਕਾਂ ਨੂੰ ਸ਼ਹਿਰ ਵਿਚ ਵਿਸ਼ੇਸ਼ ਅਧਿਕਾਰ ਦੇਣ ਦਾ ਵਾਅਦਾ ਕੀਤਾ; ਪਰ ਅਮਲੀ ਤੌਰ 'ਤੇ ਇਜ਼ਰਾਈਲ ਨੇ ਯੋਰੋਸ਼ਲਮ ਨੂੰ ਆਪਣੀ ਰਾਜਧਾਨੀ ਬਣਾ ਕੇ ਸਾਰਾ ਪ੍ਰਬੰਧ ਅਤੇ ਸ਼ਹਿਰ ਦੀ ਸੁਰੱਖਿਆ ਆਪਣੇ ਹੱਥ ਲੈ ਲਈ। ਫਲਸਤੀਨ ਲੋਕਾਂ ਨੇ 1987 ਤੋਂ 1993 ਦੌਰਾਨ ਇਜ਼ਰਾਈਲ ਵਿਰੁਧ ਲਗਾਤਾਰ ਵਿਦਰੋਹ ਜਾਰੀ ਰੱਖਿਆ। ਫਲਸਤੀਨ ਦੇ ਇਸ ਵਿਦਰੋਹ ਕਾਰਨ ਓਸਲੋ (ਨਾਰਵੇ) ਸਮਝੌਤੇ ਲਈ ਅਮਰੀਕਾ ਦੀ ਵਿਚੋਲਗੀ ਅਧੀਨ ਲੰਬੀ ਵਾਰਤਾ ਸ਼ੁਰੂ ਹੋਈ। ਇਸ ਤਹਿਤ 1993 ਵਿਚ ਫਲਸਤੀਨੀਆਂ ਦੀ ਖ਼ੁਦਮੁਖਤਿਆਰ 'ਫਲਸਤੀਨੀ ਅਥਾਰਟੀ' ਕਾਇਮ ਕੀਤੀ ਗਈ ਜਿਸ ਵਿਚ ਗਾਜ਼ਾ ਪੱਟੀ ਅਤੇ ਪੱਛਮੀ ਤੱਟ ਉਪਰ ਫਲਸਤੀਨ ਨੂੰ ਸੀਮਤ ਖ਼ੁਦਮੁਖਤਿਆਰੀ ਦੇਣ ਦਾ ਸਮਝੌਤਾ ਹੋਇਆ, ਪਰ ਯੋਰੋਸ਼ਲਮ ਦੀ ਵੰਡ ਅਤੇ ਇਜ਼ਰਾਈਲ ਤੇ ਫਲਸਤੀਨ ਦੀ ਪੱਕੀ ਹੱਦਬੰਦੀ ਵਰਗੇ ਮੁੱਦੇ ਅੰਤਿਮ ਸ਼ਾਂਤੀ ਸਮਝੌਤੇ ਲਈ ਛੱਡ ਦਿੱਤੇ ਗਏ। ਯਹੂਦੀ ਲਾਬੀ ਦੇ ਦਬਾਅ ਕਾਰਨ ਅਮਰੀਕੀ ਕਾਂਗਰਸ ਨੇ 1995 ਵਿਚ ਅਮਰੀਕੀ ਸਫ਼ਾਰਤਖਾਨੇ ਨੂੰ ਯੋਰੋਸ਼ਲਮ ਤਬਦੀਲ ਕਰਨ ਦਾ ਮਤਾ ਪਾਸ ਕਰ ਦਿੱਤਾ। ਇਸੇ ਕਰ ਕੇ ਅਮਰੀਕੀ ਰਾਸ਼ਟਰਪਤੀ ਲਈ ਸਾਰੇ ਉਮੀਦਵਾਰ ਹਰ ਚੋਣ ਪ੍ਰਚਾਰ ਸਮੇਂ ਅਮਰੀਕੀ ਸਫ਼ਾਰਤਖਾਨੇ ਨੂੰ ਯੋਰੋਸ਼ਲਮ ਵਿਚ ਤਬਦੀਲ ਕਰਨ ਦੇ ਵਾਅਦੇ ਕਰਦੇ ਹਨ, ਪਰ ਅਮਰੀਕੀ ਸਰਕਾਰਾਂ ਲਈ ਸਫ਼ਾਰਤਖਾਨਾ ਯੋਰੋਸ਼ਲਮ ਤਬਦੀਲ ਕਰਨਾ ਹਾਲੇ ਤਕ ਮੁਮਕਿਨ ਨਹੀਂ ਹੋ ਸਕਿਆ।

ਅਮਰੀਕਾ ਨੇ ਹਾਲੇ ਤਕ ਯੋਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਦੇ ਤੌਰ 'ਤੇ ਭਾਵੇਂ ਬਾਕਾਇਦਾ ਮਾਨਤਾ ਨਹੀਂ ਦਿੱਤੀ ਸੀ ਪਰ ਇਸ ਦੇ ਬਾਵਜੂਦ ਉਹ ਅਮਲੀ ਤੌਰ 'ਤੇ ਰਾਜਧਾਨੀ ਵਾਂਗੂੰ ਸਰਕਾਰੀ ਕੰਮ ਲਈ ਵਰਤਦਾ ਆ ਰਿਹਾ ਸੀ। ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਹੁਣ ਇਕਤਰਫ਼ਾ ਤੌਰ 'ਤੇ ਅਮਰੀਕਾ ਦਾ ਸਫ਼ਾਰਤਖਾਨਾ ਤਲ-ਅਵੀਵ ਤੋਂ ਬਦਲ ਕੇ ਯੋਰੋਸ਼ਲਮ ਕਰਨ ਦਾ ਐਲਾਨ ਕਰ ਕੇ ਫਲਸਤੀਨ, ਮੱਧ ਪੂਰਬ, ਯੂਰਪੀ ਯੂਨੀਅਨ ਅਤੇ ਦੁਨੀਆਂ ਭਰ ਦੀ ਪ੍ਰਵਾਹ ਨਹੀਂ ਕੀਤੀ। ਸੰਯੁਕਤ ਰਾਸ਼ਟਰ ਵਿਚ ਅਮਰੀਕਾ ਦੀ ਰਾਜਦੂਤ ਹੈਲੇ ਨਿੱਕੀ ਨੇ ਅਮਰੀਕਾ ਦੇ ਫ਼ੈਸਲੇ ਨੂੰ ਦਰੁਸਤ ਠਹਿਰਾਉਦਿਆਂ ਕਿਹਾ ਕਿ ਯੋਰੋਸ਼ਲਮ 1948 ਤੋਂ ਹੀ ਇਜ਼ਰਾਈਲ ਦੀ ਰਾਜਧਾਨੀ ਹੈ। ਉਸ ਦੇ ਪੱਖ ਵਿਚ ਕੇਵਲ ਇਜ਼ਰਾਈਲ ਦਾ ਰਾਜਦੂਤ ਡੈਨੀ ਡੈਨਨ ਸੀ। ਬਰਤਾਨੀਆ, ਸਵੀਡਨ, ਫਰਾਂਸ ਅਤੇ ਜਰਮਨੀ ਨੇ ਸੁਰੱਖਿਆ ਕੌਂਸਲ ਦੀ ਮੀਟਿੰਗ ਤੋਂ ਬਾਹਰ ਸਾਂਝੇ ਬਿਆਨ ਵਿਚ, ਅਮਰੀਕਾ ਦੀ ਬਦਲੀ ਪੁਜੀਸ਼ਨ ਨੂੰ ਸੰਯੁਕਤ ਰਾਸ਼ਟਰ ਦੇ ਮਤਿਆਂ ਨਾਲ ਬੇਮੇਲ ਅਤੇ ਮੱਧ-ਪੂਰਬ ਖਿੱਤੇ ਦੀ ਸ਼ਾਂਤੀ ਨੂੰ ਭੰਗ ਕਰਨ ਵਾਲੀ ਕਿਹਾ। ਮੁਸਲਮ ਜਗਤ ਵਿਚ ਅਮਰੀਕਾ ਦੇ ਇਸ ਐਲਾਨ ਦਾ ਤਿੱਖਾ ਵਿਰੋਧ ਹੋਇਆ ਹੈ। ਫਲਸਤੀਨੀਆਂ ਤੇ ਅਰਬ ਦੇਸ਼ਾਂ ਵਿਚ ਅਮਰੀਕੀ ਫੈਸਲੇ ਖ਼ਿਲਾਫ਼ ਲਗਾਤਾਰ ਪ੍ਰਦਰਸ਼ਨ ਹੋ ਰਹੇ ਹਨ। ਤੁਰਕੀ ਦੇ ਰਾਸ਼ਟਰਪਤੀ ਰਿਸਪ ਤਾਇਪ ਅਰਦੋਗਿਨ ਨੇ ਮੁਸਲਿਮ ਮਿਲਵਰਤਨ ਜਥੇਬੰਦੀ (ਓ.ਆਈ.ਸੀ.), ਜੋ ਇਸ ਦੇ ਮੌਜੂਦਾ ਪ੍ਰਧਾਨ ਵੀ ਹਨ, ਦੀ ਮੀਟਿੰਗ ਬੁਲਾ ਕੇ ਟਰੰਪ ਦੇ ਫ਼ੈਸਲੇ ਵਿਰੁਧ ਸਾਰੇ ਇਸਲਾਮੀ ਦੇਸ਼ਾਂ ਦ ਸਾਂਝਾ ਪ੍ਰਤੀਕਰਮ ਦੇਣ ਦਾ ਸੱਦਾ ਦਿੱਤਾ।

ਓ.ਆਈ.ਸੀ. ਨੇ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਅਮਰੀਕਾ ਨੇ ਯੋਰੋਸ਼ਲਮ ਬਾਰੇ ਫ਼ੈਸਲਾ ਕਰ ਕੇ ਆਪਣੇ ਆਪ ਨੂੰ ਇਜ਼ਰਾਈਲ ਅਤੇ ਫਲਸਤੀਨ ਦੀ ਸ਼ਾਂਤੀ ਪ੍ਰਕਿਰਿਆ ਵਿਚੋਂ ਬਾਹਰ ਕਰ ਲਿਆ ਹੈ। ਮਤੇ ਰਾਹੀਂ ਸਾਰੇ ਦੇਸ਼ਾਂ ਨੂੰ ਜ਼ੋਰ ਦੇ ਕੇ ਕਿਹਾ ਗਿਆ ਹੈ ਕਿ ਫਲਸਤੀਨ ਨੂੰ ਇਕ ਦੇਸ਼ ਵਜੋਂ ਅਤੇ ਇਸ ਦੀ ਰਾਜਧਾਨੀ ਪੂਰਬੀ ਯੋਰੋਸ਼ਲਮ ਵਜੋਂ ਮਾਨਤਾ ਦੇਣੀ ਚਾਹੀਦੀ ਹੈ। ਟਰੰਪ ਦੇ ਫ਼ੈਸਲੇ ਨੂੰ ਰੱਦ ਕਰਦਿਆਂ ਇਸ ਨੂੰ ਸ਼ਾਂਤੀ ਪ੍ਰਕਿਰਿਆ ਨੂੰ ਭੰਗ ਕਰਨ ਅਤੇ ਅਤਿਵਾਦ ਤੇ ਦਹਿਸ਼ਤਵਾਦ ਪੈਦਾ ਕਰਨ ਵਾਲਾ ਕਰਾਰ ਦਿੱਤਾ। ਅਰਦੋਗਨ ਨੇ ਇਹ ਵੀ ਕਿਹਾ ਕਿ ਇਸਲਾਮੀ ਦੇਸ਼ ਫਲਸਤੀਨ ਦੀ ਰਾਜਧਾਨੀ ਪੂਰਬੀ ਯੋਰੋਸ਼ਲਮ ਬਣਾਏ ਜਾਣ ਦੀ ਮੰਗ ਕਦੇ ਨਹੀਂ ਛੱਡਣਗੇ; ਪਰ ਭਾਰਤ ਨੇ ਅਮਰੀਕਾ ਦੇ ਯੋਰੋਸ਼ਲਮ ਬਾਰੇ ਟਰੰਪ ਦੇ ਐਲਾਨ ਉਪਰ ਆਪਣਾ ਕੋਈ ਜ਼ੋਰਦਾਰ ਪ੍ਰਤੀਕਰਮ ਨਹੀਂ ਦਿੱਤਾ। ਭਾਰਤ ਸਰਕਾਰ ਨੇ ਸਿਰਫ ਐਨਾ ਹੀ ਕਿਹਾ ਕਿ ਭਾਰਤ ਦੀ ਪੁਜੀਸ਼ਨ ਪਹਿਲਾਂ ਵਾਲੀ ਹੈ ਅਤੇ ਇਹ ਆਪਣੇ ਹਿੱਤਾਂ ਦੀ ਗੱਲ ਕਰਦਾ ਹੈ, ਕਿਸੇ ਦੇਸ਼ ਦੇ ਮਗਰ ਲੱਗ ਕੇ ਫ਼ੈਸਲੇ ਨਹੀਂ ਲੈਂਦਾ। ਇਸ ਰਵੱਈਏ ਨੂੰ ਦੇਖ ਕੇ ਇਸਲਾਮੀ ਦੇਸ਼ਾਂ ਦੇ ਭਾਰਤ ਵਿਚਲੇ ਰਾਜਦੂਤਾਂ ਨੇ ਵਿਦੇਸ਼ ਮੰਤਰਾਲੇ ਨਾਲ ਇਸ ਬਾਰੇ ਮੀਟਿੰਗ ਕਰ ਕੇ ਭਾਰਤ ਵੱਲੋਂ ਸਖ਼ਤ ਪ੍ਰਤੀਕਰਮ ਪ੍ਰਗਟਾਉਣ 'ਤੇ ਜ਼ੋਰ ਪਾਇਆ। ਭਾਰਤ ਦੇ ਵਿਦੇਸ਼ ਰਾਜ ਮੰਤਰੀ ਇਸ 'ਤੇ ਟੱਸ ਤੋਂ ਮੱਸ ਨਹੀਂ ਹੋਏ। ਅਸਲੀਅਤ ਇਹ ਹੈ ਕਿ ਭਾਰਤ ਨੇ ਆਪਣੀਆਂ ਨੀਤੀਆਂ ਹੁਣ ਅਮਰੀਕਾ ਨਾਲ ਨੱਥੀ ਕਰ ਲਈਆਂ ਹਨ।

ਅਮਰੀਕਾ ਵੱਲੋਂ ਯੋਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਐਲਾਨਣ ਪਿੱਛੇ ਕਈ ਕਾਰਨ ਹਨ। ਟਰੰਪ ਅਮਰੀਕਾ ਅੰਦਰ ਗੋਰੇ ਅਤੇ ਗ਼ੈਰ-ਗੋਰੇ ਭਾਈਚਾਰਿਆਂ ਦਾ ਧਰੁਵੀਕਰਨ ਕਰ ਕੇ ਅਮਰੀਕੀ ਲੋਕਾਂ ਦਾ ਧਿਆਨ, ਅਮਰੀਕਾ ਦੇ ਆਰਥਿਕ ਸੰਕਟ ਦੇ ਸਤਾਏ ਲੋਕਾਂ ਦੀ ਇਕਮੁੱਠਤਾ ਵਿਚ ਪਾੜਾ ਪਾਉਣਾ ਚਾਹੁੰਦਾ ਹੈ। ਉਹ ਯਹੂਦੀ ਲਾਬੀ ਨੂੰ ਆਪਣੇ ਪੱਖ ਵਿਚ ਵਰਤਣਾ ਚਾਹੁੰਦਾ ਹੈ। ਉਸ ਦੀ ਇਸ ਚਾਲ ਵਿਚ ਵੱਡੇ ਖ਼ਤਰੇ ਸਮੋਏ ਹਨ। ਟਰੰਪ ਦੇ ਇਸ ਫੈਸਲੇ ਦੇ ਪ੍ਰਤੀਕਰਮ ਵਜੋਂ ਮੁਸਲਿਮ ਭਾਈਚਾਰੇ ਵਿਚ ਆਈ.ਐਸ. ਵਰਗੇ ਹੋਰ ਦਹਿਸ਼ਤਗਰਦ ਸੰਗਠਨ ਪੈਦਾ ਹੋਣਗੇ। ਮੱਧ-ਪੂਰਬ ਵਿਚ ਦਹਿਸ਼ਤਗਰਦੀ ਦੀਆਂ ਘਟਨਾਵਾਂ ਹੋਰ ਵਧ ਸਕਦੀਆਂ ਹਨ ਜਿਸ ਕਾਰਨ ਸ਼ਰਨਾਰਥੀ ਸਮੱਸਿਆ ਹੋਰ ਗੰਭੀਰ ਬਣੇਗੀ।




# ਨਹੀਂ ਕਿਸੇ ਨੇ ਬਣ ਸਕਣਾ ਅਮਰ ਸਿੰਘ ਸ਼ੌਂਕੀ

ਸਮੇਂ ਸਮੇਂ ਦੀ ਗੱਲ ਐ, ਭੁੱਲਣਾ ਭਾਵੇਂ ਬਹੁਤ ਕੁਝ ਪੈ ਜਾਵੇ ਪਰ ਵਕਤ ਦੀਆਂ ਪੂਣੀਆਂ ਕਈ ਵਾਰ ਉਹ ਕੁਝ ਕੱਤੀਆਂ ਜਾਂਦੀਆਂ ਹਨ ਕਿ ਜਿਨ੍ਹਾਂ ਨਾਲ ਬੁਣੀ ਗਈ ਚਾਦਰ ਵਿਰਾਸਤ ਦੀ ਦੀਵਾਰ 'ਤੇ ਸਦਾ ਲਈ ਲਟਕ ਜਾਂਦੀ ਹੈ। ਸਿੱਖ ਇਤਿਹਾਸ ਨਾਲ ਜੁੜੀ ਹੋਣ ਕਰਕੇ ਢਾਡੀ ਕਲਾ ਜਿਉਂਦੀ ਹੀ ਰਹੇਗੀ ਤੇ ਜੇ ਲੋਕ ਸਾਹਿਤ ਤੇ ਲੋਕ ਗੀਤਾਂ ਵਰਗੀਆਂ ਵੰਨਗੀਆਂ ਵੀ ਸਿੱਖ ਇਤਿਹਾਸ ਦੇ ਨਾਲ ਅਮਰ ਸਿੰਘ ਸ਼ੌਂਕੀ ਗਾ ਕੇ ਗਿਆ ਹੈ ਤਾਂ ਕਹਿ ਸਕਦੇ ਹਾਂ ਕਿ ਉਹ ਅਮਰ ਹੋ ਗਿਆ ਹੈ। ਮੈਂ ਇਹ ਤੁਲਨਾ ਤਾਂ ਨਹੀਂ ਕਰ ਰਿਹਾ ਪਰ ਤੱਥ ਹੀ ਹਨ ਕਿ ਇੱਕੋ ਜਿਹੀ ਪਿਆਰ ਤੇ ਸਤਿਕਾਰ ਵਾਲੀ ਜਿਹੜੀ ਪਿੱਚ ਗਾਇਕੀ ਵਿਚ ਗੁਰਦਾਸ ਮਾਨ ਨੂੰ ਮਿਲੀ ਹੈ, ਉਹੀ ਸੱਚਮੁੱਚ ਕਿਸੇ ਵਕਤ ਅਮਰ ਸਿੰਘ ਸ਼ੌਂਕੀ ਦੀ ਸੀ।

ਚੱਲੋ! ਜੇ ਘੜੀ ਪਲ ਲਈ ਢਾਡੀ ਕਲਾ ਦੇ ਪਿਛੋਕੜ ਤੇ ਵਿਰਸੇ ਵੱਲ ਅੱਖ ਮੀਚ ਲਈਏ ਤਾਂ ਇਹ ਗੱਲ ਝੱਟ ਦੇਣੀ ਮੰਨ ਲੈਣੀ ਪਵੇਗੀ ਕਿ ਸ਼ੌਂਕੀ ਸਰਵ ਪ੍ਰਵਾਨਿਤ ਗਵੱਈਆਂ ਵਾਂਗ ਲੰਬਾ ਸਮਾਂ ਵਿਚਰਿਆ। ਜੇ ਕਿਸੇ ਢਾਡੀ ਨੂੰ ਸਭ ਤੋਂ ਪਹਿਲਾਂ ਰੇਡੀਓ ਨੇ ਬੁਲਾ ਕੇ ਗਵਾਇਆ ਤਾਂ ਉਹ ਸ਼ੌਂਕੀ ਹੀ ਸੀ; ਜੇ ਭਲੇ ਵੇਲਿਆਂ ਵਿਚ ਸਭ ਤੋਂ ਵੱਧ ਪੈਸੇ ਲੈ ਕੇ ਵਿਆਹ-ਸ਼ਾਦੀਆਂ 'ਤੇ ਬੁਕਿੰਗ ਮਿਲੀ ਤਾਂ ਉਹ ਸਿਰਫ ਸ਼ੌਂਕੀ ਨੂੰ। ਉਹਦੀਆਂ ਵਿਹਲੀਆਂ ਤਰੀਕਾਂ ਪੁੱਛ ਕੇ ਲੋਕਾਂ ਨੇ ਆਪਣੇ ਧੀਆਂ-ਪੁੱਤਰਾਂ ਦੇ ਵਿਆਹ ਦੀਆਂ ਤਰੀਕਾਂ ਰੱਖੀਆਂ। ਅਹੁ ਜਾਂਦਾ ਸ਼ੌਂਕੀ, ਅਹੁ ਚਲੇ ਗਿਆ ਸ਼ੌਂਕੀ, ਕੱਲ੍ਹ ਮੇਜਰ ਸਿਹੁੰ ਦੇ ਆਇਆ ਸੀ, ਭਲਕੇ ਬਲਾਚੌਰ ਐ, ਅੱਜ ਮਹਿਲਪੁਰ ਸ਼ਹੀਦਾਂ ਵਾਲੇ ਗੁਰਦੁਆਰੇ ਐ। ਸੁਰਜਣ ਸਿਹੁੰ ਦੇ ਮੁੰਡੇ ਦੇ ਵਿਆਹ 'ਤੇ ਵੀ ਸ਼ੌਂਕੀ ਹੀ ਆ ਰਿਹੈ, ਤਖਤੂਪੁਰੇ ਦੇ ਜੋੜ ਮੇਲੇ 'ਤੇ ਵੀ-ਏਦਾਂ ਦੇ ਸ਼ਬਦ ਲੋਕਾਂ ਦੀ ਜ਼ੁਬਾਨ ਤੋਂ ਨਿੱਤ ਟਪਕਦੇ ਸਨ।

ਢਾਡੀ ਦੀਦਾਰ ਸਿੰਘ ਰਟੈਂਡਾ ਤੋਂ ਬਾਅਦ ਅਮਰ ਸਿੰਘ ਸ਼ੌਂਕੀ ਨੇ ਹੀ ਦੱਸਿਆ ਸੀ ਕਿ ਮਿਰਜ਼ਾ ਤੇ ਰਾਣੀ ਸੁੰਦਰਾਂ ਢੱਡ ਸਾਰੰਗੀ 'ਤੇ ਵੀ ਗਾਏ ਜਾ ਸਕਦੇ ਹਨ। ਭਾਵੇਂ ਢਾਡੀਆਂ ਦੀ ਚੰਗੇ ਮਾੜੇ ਦਿਨਾਂ 'ਚ ਸੁੱਧ-ਬੁੱਧ ਨਾ ਪੁੱਛਣ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ੌਂਕੀ ਨੂੰ ਪੰਥਕ ਸਟੇਜਾਂ 'ਤੇ ਬੋਲਣ ਤੋਂ ਇੱਕ ਤਰ੍ਹਾਂ ਨਾਲ ਮਨ੍ਹਾਂ ਹੀ ਕਰੀ ਰੱਖਿਆ। ਇਹ ਗੱਲ ਵੀ ਪੰਜਾਬ ਦੇ ਸੱਭਿਆਚਾਰਕ ਨਕਸ਼ੇ 'ਤੇ ਯਾਦ ਰਹੇਗੀ ਕਿ ਸਿਰਫ ਇੱਕ ਹੀ ਢਾਡੀ ਦੀ ਯਾਦ ਵਿਚ ਮਾਹਿਲਪੁਰ (ਹੁਸ਼ਿਆਰਪੁਰ) ਸ਼ੌਂਕੀ ਮੇਲਾ ਲੱਗਿਆ ਪਰ ਇਸ ਨੇ ਸਾਹ ਸੂਤੀ ਬੈਠੀ ਢਾਡੀ ਕਲਾ ਨੂੰ ਇੱਕ ਵਾਰ ਫਿਰ ਤੋਂ ਸਿਖਰ ਵੱਲ ਖਿੱਚਿਆ।

ਢਾਡੀ ਅਮਰ ਸਿੰਘ ਸ਼ੌਂਕੀ ਦੀ ਗੱਲ ਅੱਗੇ ਤੋਰਨ ਤੋਂ ਪਹਿਲਾਂ ਦੁਰਘਟਨਾ ਵਰਗੀ ਘਟਨਾ ਮੇਰੇ ਚੇਤੇ ਵਿਚ ਫਸੀ ਹੋਈ ਹੈ, ਚਾਹੁੰਦਾ ਨਹੀਂ ਕਿ ਇਸ ਨੂੰ ਅੰਦਰ ਦੱਬੀ-ਘੁੱਟੀ ਰੱਖਾਂ। ਇਹ ਸ਼ਰੀਕੇਬਾਜ਼ੀ ਵੀ ਹੋ ਸਕਦੀ ਹੈ, ਈਰਖਾ ਵੀ, ਹਉਮੈ ਵੀ, ਤੇ ਜਾਂ ਫਿਰ ਮੇਰਾ ਭਰਮ ਵੀ। ਲਾਇਆ ਤਾਂ ਢਾਡੀ ਸੋਹਣ ਸਿੰਘ ਸੀਤਲ ਨੇ ਬਹਾਨਾ ਸੀ ਪਰ ਪਿੱਛੋਂ ਸੱਚ ਜਿਹਾ ਮੂੰਹੋਂ ਵੀ ਨਿਕਲ ਗਿਆ। ਸਾਲ 1992 ਵਿਚ ਸ਼ੌਂਕੀ ਮੇਲਾ ਲਾਉਣ ਵਾਲੇ ਟਰੱਸਟ ਦਾ ਮੈਂ ਮੁਖੀ ਸਾਂ। ਸੀਤਲ ਸਾਹਿਬ ਨੂੰ ਸ਼ੌਂਕੀ ਐਵਾਰਡ ਦੇਣ ਦਾ ਫੈਸਲਾ ਅਸੀਂ ਉਹਦੀ ਸਹਿਮਤੀ ਲਏ ਤੋਂ ਬਿਨਾ ਹੀ ਕਰ ਲਿਆ। ਜਦੋਂ ਲੁਧਿਆਣੇ ਦੇ ਮਾਡਲ ਗ੍ਰਾਮ ਸਥਿਤ ਉਹਦੀ ਰਿਹਾਇਸ਼ 'ਤੇ ਮੈਂ ਸੱਦਾ ਪੱਤਰ ਦੇਣ ਗਿਆ ਤਾਂ ਉਹ ਕਹਿਣ ਲੱਗਾ, ਸਿਹਤ ਹੁਣ ਇਜਾਜ਼ਤ ਨਹੀਂ ਦਿੰਦੀ, ਮੈਨੂੰ ਨਹੀਂ ਲੱਗਦਾ ਮੈਂ ਪਹੁੰਚ ਸਕਾਂਗਾ। ਤੇ ਫਿਰ ਉਹ ਆਇਆ ਵੀ ਨਾ।

ਲਿਖਣ ਕਰਕੇ ਵੀ, ਢਾਡੀ ਕਲਾ ਕਰਕੇ ਵੀ ਸੀਤਲ ਮੈਨੂੰ ਸਾਹਿਤ ਤੇ ਕਲਾ ਦਾ ਹੱਜ ਹੀ ਲੱਗਦਾ ਰਿਹਾ ਹੈ। ਮੇਲੇ ਤੋਂ ਬਾਅਦ ਮੈਂ ਸ਼ਾਲ, ਯਾਦ ਚਿੰਨ ਤੇ ਕੁਝ ਨਗਦੀ ਜਦੋਂ ਉਹਨੂੰ ਦੇਣ ਲਈ ਘਰੇ ਗਿਆ ਤਾਂ ਉਹ ਮੰਜੇ 'ਤੇ ਵਿਹੜੇ 'ਚ ਧੁੱਪੇ ਲੇਟਿਆ ਉਠ ਕੇ ਬਹਿ ਗਿਆ। ਮੈਂ ਸਨਮਾਨ ਪ੍ਰਾਪਤ ਕਰਨ ਲਈ ਹੱਥ ਜੋੜੇ ਤਾਂ ਉਹ ਥੋੜ੍ਹਾ ਰੁੱਖਾ ਬੋਲਿਆ, 'ਅਸ਼ੋਕ ਤੈਨੂੰ ਉਸ ਦਿਨ ਸਮਝ ਲੈਣਾ ਚਾਹੀਦਾ ਸੀ ਜਦੋਂ ਮੈਂ ਸਿਹਤ ਨਾ ਠੀਕ ਹੋਣ ਦੀ ਗੱਲ ਆਖੀ ਸੀ। ਪੁੱਤਰਾ ਇਹ ਐਵਾਰਡ ਮੈਂ ਲੈਣਾ ਹੀ ਨਹੀਂ ਕਿਉਂਕਿ ਗਾਉਂਦਾ ਤਾਂ ਭਾਵੇਂ ਸ਼ੌਂਕੀ ਚੰਗਾ ਸੀ ਪਰ ਗਾਉਂਦਾ ਅਵਾ ਤਵਾ ਵੀ ਰਿਹਾ, ਮੈਂ ਉਹਨੂੰ ਢਾਡੀ ਮੰਨਦਾ ਹੀ ਨਹੀਂ। ਮੈਂ ਬੁੱਧੀਜੀਵੀ, ਚਿੰਤਕ ਤੇ ਪੰਥ ਦਾ ਢਾਡੀ ਵਜੋਂ ਸੇਵਾਦਾਰ ਹਾਂ, ਇਹ ਝੱਗਾ-ਚੁੰਨੀ ਜਿਹੜਾ ਤੂੰ ਸ਼ਗਨਾਂ ਵਾਲਾ ਲਿਆਇਐਂ, ਆਏਂ ਮੋੜ ਕੇ ਲੈ ਜਾ।' ਫਿਰ ਜਦੋਂ ਇਹ ਸਥਿਤੀ ਚੇਤੇ ਆਉਂਦੀ ਤਾਂ ਮੈਨੂੰ ਝਟਕਾ ਲੱਗਦਾ ਪਰ ਦੇਰ ਬਾਅਦ ਅਹਿਸਾਸ ਹੋਇਆ ਕਿ ਸੀਤਲ ਮੇਰੇ ਨਾਲੋਂ ਆਪ ਸਾਰੇ ਦਾ ਸਾਰਾ ਸਹੀ ਸੀ, ਇਸ ਕਰਕੇ ਕਿ ਉਹਨੇ ਆਪਣੀ ਜ਼ਿੰਦਗੀ ਵਿਚ ਕਿਸੇ ਨੂੰ ਕੁਝ ਕਹਿਣ ਦਾ ਮੌਕਾ ਹੀ ਨਹੀਂ ਦਿੱਤਾ।

ਪਰ ਊਂ ਕਲਾ ਤਾਂ ਕਲਾ ਈ ਹੈ, ਇਹਨੂੰ ਕਿਸੇ ਦਾਇਰੇ ਵਿਚ ਬੰਨ੍ਹ ਕੇ ਖਿੱਚੀ ਫਿਰਨਾ ਹੋ ਸਕਦਾ ਕਦੇ ਕਦੇ ਧਰਮ ਦੀਆਂ ਮਜ਼ਬੂਰੀਆਂ ਹੋਣ। ਮੈਂ ਉਦੋਂ ਮਸਾਂ ਦਸ ਕੁ ਸਾਲ ਦਾ ਹੋਵਾਂਗਾ, ਜਦੋਂ ਪਹਿਲਾਂ ਸ਼ੌਂਕੀ ਨਾਂ ਸੁਣਿਆ, ਫਿਰ ਨਾਲ ਅਮਰ ਸਿੰਘ ਤੇ ਫਿਰ ਉਹਦੇ ਗਾਏ ਢਾਡੀ ਰੰਗ। ਮੇਰੇ ਪਿੰਡ ਇੱਕ ਬਜ਼ੁਰਗ ਹੁੰਦਾ ਸੀ-ਮੰਗਲ ਸਿੰਘ, ਉਹ ਸ਼ੌਂਕੀ ਦਾ ਸ਼ੈਦਾਈ ਸੀ। ਜਿੱਥੇ ਵੀ ਚਾਰ ਬੰਦੇ 'ਕੱਠੇ ਬੈਠੇ ਹੁੰਦੇ, ਉਹਦੇ ਤੋਂ ਸ਼ੌਂਕੀ ਸੁਣਨ ਲੱਗ ਪੈਂਦੇ। ਉਹ ਮੰਡੀ ਦਾਣੇ ਸੁੱਟਣ ਗਿਆ ਸ਼ੌਂਕੀ ਦੇ ਤਵੇ ਖਰੀਦ ਲਿਆਉਂਦਾ। ਅਸੀਂ ਪਿੰਡ ਦੇ ਨਿੱਕੇ ਨਿੱਕੇ ਨਿਆਣੇ ਉਹਨੂੰ 'ਆ ਗਿਆ ਸੱਜਣੀ' ਕਹਿ ਕੇ ਛੇੜਿਆ ਕਰਦੇ ਪਰ ਉਹ ਖਿੱਝਦਾ ਹਰਗਿਜ਼ ਨਹੀਂ ਸੀ। ਦਰਅਸਲ ਸ਼ੌਂਕੀ ਦਾ ਇੱਕ ਗੀਤ ਹੀ ਵਾਰ ਵਾਰ ਗਾਈ ਜਾਣ ਕਰਕੇ ਉਹਦੇ ਨਾਂ ਨਾਲ ਇਹ ਅੱਲ ਪੈ ਗਈ ਸੀ। ਗੀਤ ਸੀ, 'ਸੱਜਣੀ ਹੱਸ ਕੇ, ਹੱਸ ਕੇ ਬੋਲ।'

ਇੱਥੋਂ ਹੀ ਮੈਂ ਢਾਡੀਆਂ ਨਾਲ ਜੁੜਦਾ ਗਿਆ। ਪਹਿਲਾਂ ਜੀਅ ਭਰ ਕੇ ਇਨ੍ਹਾਂ ਬਾਰੇ ਲਿਖਿਆ 'ਤੇ ਫਿਰ 'ਸ਼ੌਂਕੀ ਮੇਲਾ' ਲਾਇਆ, ਅੱਠ ਸਾਲ।

ਕਿਸੇ ਵੇਲੇ ਵੀ ਜੇ ਸ਼ੌਂਕੀ ਬਾਰੇ ਇੱਕ ਕਲਾਕਾਰ ਵਜੋਂ ਸਥਿਤੀ ਪੇਸ਼ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਹੈ, 'ਰੁਕ ਜਾਂਦੀ ਸੀ ਖੇਤਾਂ ਨੂੰ ਭੱਤਾ ਲੈ ਕੇ ਜਾਂਦੀਆਂ ਸੁਆਣੀਆਂ ਦੀ ਕਦਮ ਚਾਲ, ਹਲ ਛੱਡ ਬੰਨ੍ਹਿਆ 'ਤੇ ਬਹਿ ਜਾਂਦੇ ਸਨ ਥੱਕੇ ਟੁੱਟੇ ਜਿਮੀਂਦਾਰ, ਸਕੂਲਾਂ-ਕਾਲਜਾਂ 'ਚੋਂ ਭੱਜ ਆਉਂਦੇ ਸਨ ਪਾੜ੍ਹੇ, ਬਨੇਰਿਆਂ 'ਤੇ ਆਣ ਬਹਿੰਦੀਆਂ ਸਨ ਬੀਬੀਆਂ, ਪੰਛੀਆਂ ਦੀ ਚੁੱਪ ਹੋ ਜਾਂਦੀ ਸੀ ਚੀਂ-ਚੀਂ, ਵਿਆਹੁੰਦੜ ਨੂੰ ਚੇਤੇ ਭੁੱਲ ਜਾਂਦਾ ਸੀ ਮੁਕਲਾਵਾ ਅਤੇ ਸੁੰਨੀਆਂ ਹੋ ਜਾਂਦੀਆਂ ਸਨ ਕਰਫਿਊ ਵਾਂਗੂੰ ਗਲੀਆਂ ਤੇ ਤੀਆਂ ਦੇ ਤ੍ਰਿੰਝਣ ਜਦ 'ਆ ਜਾ ਭਾਬੀ ਝੂਟ ਲੈ ਪੀਂਘ ਹੁਲਾਰੇ ਲੈਂਦੀ' ਵਰਗੇ ਰਿਕਾਰਡ ਲਾਊਡ ਸਪੀਕਰਾਂ 'ਤੇ ਵਜਦੇ ਸਨ।

ਜਦੋਂ ਕਦੇ ਗੜ੍ਹਸ਼ੰਕਰ ਤੋਂ ਮਾਹਿਲਪੁਰ ਵੱਲ ਨੂੰ ਜਾਓ ਤਾਂ ਚੌਥੇ ਕਿਲੋਮੀਟਰ 'ਤੇ ਖੱਬੇ ਪਾਸੇ ਪਿੰਡ ਹੈ ਗੋਲੀਆਂ, ਸੈਨ ਹੋਜੇ ਵੱਸਦੇ ਮਨਜੀਤ ਸਿੰਘ ਬਿੰਦ ਦਾ, ਜੋ ਪਹਿਲਿਆਂ 'ਚ ਚੰਗਾ ਲੇਖਕ ਬਣ ਗਿਆ ਸੀ। ਸੱਜੇ ਪਾਸੇ ਹੈ, ਪਿੰਡ ਭੱਜਲਾਂ। ਪੰਜਾਬੀ ਸੁਭਾਅ 'ਚ ਜਿਵੇਂ ਮੇਰੇ ਪਿੰਡ ਭੌਰੇ ਬਾਰੇ ਨੌਰਾ-ਭੌਰਾ 'ਕੱਠੇ ਬੋਲਦੇ ਹਨ, ਇਵੇਂ ਗੋਲੀਆਂ ਭੱਜਲਾਂ ਕਰਕੇ ਜਾਣੇ ਜਾਂਦੇ ਹਨ। ਪੀਂਘ ਵਾਲੇ ਗੀਤ 'ਚ 'ਸੱਚ ਦੇ ਬੋਲ ਸੁਣਾ ਗਿਆ ਭੱਜਲਾਂ ਵਾਲਾ ਸ਼ੌਂਕੀ' ਇਸ ਦੀ ਤਸਦੀਕ ਵੀ ਕਰਦਾ ਹੈ।

ਪਿੰਡ ਭੱਜਲਾਂ 'ਚ ਪਿਤਾ ਸਰਦਾਰ ਮੂਲਾ ਸਿੰਘ ਦੇ ਘਰ ਇੱਕ ਜਿਮੀਂਦਾਰ ਪਰਿਵਾਰ 'ਚ ਅਮਰ ਸਿੰਘ ਸ਼ੌਂਕੀ ਨੇ 15 ਅਗਸਤ 1916 ਨੂੰ ਜਨਮ ਲਿਆ। ਬਾਪੂ ਨੂੰ ਨਹੀਂ ਪਤਾ ਸੀ ਕਿ ਉਹ ਇੱਕ ਦਿਨ ਮਹਾਨ ਢਾਡੀ ਤੇ ਗਵੱਈਆ ਬਣੇਗਾ ਕਿਉਂਕਿ ਉਹ ਇੱਕ ਦਿਨ ਵੀ ਸਕੂਲ ਨਹੀਂ ਗਿਆ।

ਸਿਆਣੇ ਕਹਿੰਦੇ ਨੇ, ਜੇ ਕਲਾ ਧੁਰ ਦਰਗਾਹੋਂ ਤੁਹਾਡੇ ਮੁਕੱਦਰਾਂ ਵਿਚ ਲਿਖੀ ਹੋਵੇ ਤਾਂ ਇਸ ਦਾ ਸਿੱਖਿਆ ਜਾਂ ਪੜ੍ਹਨ ਨਾਲ ਕੋਈ ਤਾਅਲੁਕ ਨਹੀਂ ਹੁੰਦਾ। ਫਿਰ ਮੰਨੋਗੇ ਕਿ ਕੋਰੇ ਕਾਗਜ਼ ਵਰਗਾ ਅਨਪੜ੍ਹ ਸ਼ੌਂਕੀ ਆਪਣੇ ਸਾਰੇ ਗੀਤ ਤੇ ਰਚਨਾਵਾਂ ਅੰਦਰ ਦਿਲ ਦੀ ਬਹੀ 'ਤੇ ਹੀ ਲਿਖਦਾ ਗਿਆ, ਤੇ ਸਭ ਕੁਝ ਉਹਨੂੰ ਜ਼ੁਬਾਨੀ ਯਾਦ ਸੀ। ਉਹ ਆਪਣੀਆਂ ਰਚਨਾਵਾਂ ਨੂੰ ਕਾਪੀਆਂ-ਕਿਤਾਬਾਂ ਵਿਚ ਸੰਭਾਲ ਨਹੀਂ ਸਕਿਆ ਤੇ ਨਾ ਹੀ ਇਹ ਕੰਮ ਉਹਦੀ ਵਾਰਿਸ ਕਹਾਉਣ ਵਾਲੀ ਔਲਾਦ ਨੇ ਹਾਲੇ ਤੱਕ ਕੀਤਾ ਹੈ। ਹਾਲਾਂਕਿ ਅਮਰ ਸਿੰਘ ਸ਼ੌਂਕੀ ਦੇ ਅਮਰ ਗੀਤ ਪੰਜਾਬੀ ਸੰਗੀਤ ਦੇ ਖੇਤਰ ਵਿਚ ਲੋਕ ਗੀਤਾਂ ਵਰਗੀ ਥਾਂ ਹੀ ਲੈ ਚੁਕੇ ਹਨ:

-ਛੋਟੇ ਲਾਲ ਦੋ ਪਿਆਰੇ,
ਵਿਛੜੇ ਸਰਸਾ ਦੇ ਕਿਨਾਰੇ
ਕਲਗੀਧਰ ਦੇ ਦੁਲਾਰੇ,
ਚਮਕੇ ਚਿਹਰਿਆਂ 'ਤੇ ਨੂਰ।
ਮਾਂ ਨੂੰ ਪੁੱਛਦੇ ਦਾਦੀ ਜੀ,
ਘਰ ਹੁਣ ਕਿਤਨੀ ਕੁ ਦੂਰ।

-ਰਾਣੀ ਸੁੰਦਰਾ ਦੇ ਮਹਿਲਾਂ ਹੇਠ ਆਣ ਕੇ
ਦਿੱਤੀ ਪੂਰਨ ਸੀ ਅਲਖ ਜਗਾ।

-ਸਾਹਿਬਾਂ 'ਵਾਜਾਂ ਮਾਰਦੀ
ਕਹਿੰਦੀ ਉਠ ਖਾਂ ਮਿਰਜਿਆ ਯਾਰ।

-ਫੜ੍ਹਾਂ ਫੋਕੀਆਂ ਬਥੇਰੇ ਲੋਕੀ ਮਾਰਦੇ
ਕੋਈ ਵਿਰਲੇ ਹੀ ਬੋਲ ਪੁਗਾਉਂਦੇ।

-ਚਿੱਠੀਆਂ ਦਰਦਾਂ ਦੀਆਂ
ਅਸਾਂ ਲਿਖ ਸੱਜਣਾਂ ਵੱਲ ਪਾਈਆਂ।

-ਜਿਹੜੇ ਪ੍ਰੇਮ ਦੀ ਨਦੀ ਵਿਚ ਤਰਦੇ
ਮਰਨੋਂ ਨਾ ਡਰਦੇ।

-ਚੜ੍ਹਿਆ ਚੇਤ ਚਿੱਤ ਲੱਗੀ ਉਦਾਸੀ
ਆਈ ਜਵਾਨੀ ਝੱਲ ਮਸਤਾਨੀ।

-ਸਾਵਣ ਚੜ੍ਹਿਆ ਤੀਆਂ ਆਈਆਂ
ਪਿੱਪਲਾਂ ਦੇ ਨਾਲ ਪੀਂਘਾਂ ਪਾਈਆਂ।

-ਰਾਂਝਾ ਆਖੇ ਹੀਰ ਨੂੰ
ਗੱਲ ਸੁਣ ਮੁਟਿਆਰੇ।


-ਤਾਅਨੇ ਆਸ਼ਕ ਦੇ ਦਿਲ ਕਰ ਗਏ
ਘਾਇਲ ਮਸ਼ੂਕ ਦਾ।

ਦਾਅਵੇ ਨਾਲ ਕਹਿ ਸਕਦੇ ਹਾਂ ਕਿ ਇਹ ਬੋਲ ਪੰਜਾਬੀ ਸੁਭਾਅ 'ਚੋਂ ਕਦੀ ਨਹੀਂ ਖਿਸਕਣਗੇ। ਉਕਤ ਰਚਨਾਵਾਂ ਤੋਂ ਕਈ ਵਾਰ ਏਦਾਂ ਨਹੀਂ ਲੱਗਦਾ ਕਿ ਇੱਕ ਢਾਡੀ ਕਈ ਥਾਂ ਲੋਕ ਸ਼ਾਇਰ ਤੇ ਕਈ ਥਾਂ ਪੂਰਾ ਰੁਮਾਂਟਿਕ ਹੋ ਕੇ ਰੰਗ ਰੰਗੀਲਾ ਲੱਗਦਾ ਹੈ।

ਕੁਲਦੀਪ ਮਾਣਕ ਦੀ ਅਮਰ ਸਿੰਘ ਸ਼ੌਂਕੀ ਨਾਲ ਜਾਂ ਸ਼ੌਂਕੀ ਦੀ ਮਾਣਕ ਨਾਲ ਜੋ ਗੱਲ ਮਿਲਦੀ ਹੈ, ਉਹ ਇਹ ਕਿ ਸੰਗੀਤ ਵਿਗਿਆਨ 'ਚ ਸੁਰ ਰੱਖ, ਜਿਹੜਾ ਮਰਜ਼ੀ ਹਾਰਮੋਨੀਅਮ ਰੱਖ-ਕਾਲਾ ਰੱਖ ਜਾਂ ਚਿੱਟਾ, ਅਤੇ ਲੋਕ ਭਾਸ਼ਾ ਵਿਚ ਹਾਈ ਪਿੱਚ 'ਤੇ ਬੁਲੰਦੀ ਦੋਹਾਂ ਦੀ ਇੱਕੋ ਜਿਹੀ ਸੀ। ਸ਼ੌਂਕੀ ਜਦੋਂ ਗਾਉਂਦਾ ਸੀ, ਹੇਕ ਕੱਢਦਾ ਸੀ ਤਾਂ ਮਾਈਕ ਪਾਟਣ ਨੂੰ ਜਾਂਦੇ ਸਨ। ਪਰ ਉਹਦੇ ਆਖਰੀ ਦਮ ਤੱਕ ਇਸ ਆਵਾਜ਼ ਵਿਚ ਲੋਹੜੇ ਤੇ ਕਹਿਰ ਦਾ ਰਸ ਮਨਫੀ ਨਹੀਂ ਹੋਇਆ। ਆਚਾਰ-ਗੰਢੇ ਨਾਲ ਰੋਟੀ ਖਾ ਕੇ ਵੀ ਉਹ ਰਿਕਾਰਡਿੰਗ ਵਾਲੀਆਂ ਮਸ਼ੀਨਾਂ ਦੀਆਂ ਸੁਰ ਨਾਲ ਚੀਖਾਂ ਕਢਾ ਦਿੰਦਾ ਸੀ।

ਅੰਕੜਾ ਇਤਿਹਾਸ ਇੱਕ ਸ਼ੌਂਕੀ ਨਾਲ ਹੋਰ ਵੀ ਜੁੜਦਾ ਹੈ। ਠੀਕ ਹੈ, ਹਿੰਦੀ ਗੀਤਾਂ ਵਿਚ ਲਤਾ ਤੇ ਰਫੀ ਦੀ ਇੱਕ ਥਾਂ ਹੈ, ਗਜ਼ਲ ਵਿਚ ਗੁਲਾਮ ਅਲੀ ਤੇ ਜਗਜੀਤ ਦੀ, ਪੰਜਾਬੀ ਲੋਕ ਗਾਇਕੀ ਵਿਚ ਉਸਤਾਦ ਯਮਲਾ ਜੱਟ ਤੇ ਸੁਰਿੰਦਰ ਕੌਰ ਦੀ, ਪਰ ਇੱਕ ਢਾਡੀ ਦੀ ਹੈਸੀਅਤ ਨੂੰ ਪਾਸੇ ਰੱਖ ਕੇ ਕਲਾ ਪੱਖੋਂ ਦੇਖੀਏ ਤਾਂ ਇਨ੍ਹਾਂ 'ਚ ਸ਼ੌਂਕੀ ਵਾਂਗ ਤਿੰਨ ਗੁਣ-ਆਪੇ ਲਿਖਣਾ, ਆਪੇ ਗਾਉਣਾ ਤੇ ਆਪੇ ਲੈਕਚਰ ਕਰਨਾ ਕਿਸੇ ਕੋਲ ਵੀ ਨਹੀਂ ਸੀ। ਯਾਦ ਰੱਖਣ ਦਾ ਸਾਫਟਵੇਅਰ ਵੀ ਉਹਦਾ ਆਪਣਾ ਸੀ, ਉਹਨੇ ਕਦੇ ਵੀ ਭੁੱਲ ਜਾਣ ਦੇ ਡਰੋਂ ਦੋ ਅੱਖਰ ਲਿਖਣ ਲਈ ਕਿਸੇ ਨੂੰ ਵੀ ਨਹੀਂ ਆਖਿਆ।

ਸ਼ੁਰੂ ਸ਼ੁਰੂ ਵਿਚ ਸ਼ੌਂਕੀ ਨੇ ਢੋਲਕ ਤੇ ਵਾਜੇ ਨਾਲ ਗਾਇਆ। ਬੱਬਰਾਂ ਦੀ ਧਰਤੀ 'ਤੇ ਪੈਦਾ ਹੋਣ ਕਰਕੇ ਉਹਦਾ ਪਹਿਲਾ ਰਿਕਾਰਡ ਵੀ ਬੱਬਰਾਂ ਬਾਰੇ ਹੀ ਸੀ, 'ਪੰਥ ਰੰਗੀਲੇ ਨੇ ਧੁੰਮਾਂ ਦੇਸ਼ ਵਿਚ ਪਾਈਆਂ।' ਸਿਆਲਕੋਟੋਂ ਗੁੜਤੀ ਲੈਣ ਪਿੱਛੋਂ ਉਹਨੇ ਢੱਡ ਵਜਾਉਣੀ ਸਿੱਖ ਲਈ ਅਤੇ ਸਰਵਣ



*ਮਰਹੂਮ ਢਾਡੀ ਅਮਰ ਸਿੰਘ ਸ਼ੌਂਕੀ*

ਸਿੰਘ ਤੇ ਮੋਹਨ ਸਿੰਘ ਬਿੰਡਾ ਨਾਲ ਰਲ ਕੇ ਪਹਿਲਾ ਢਾਡੀ ਜਥਾ ਬਣਾਇਆ। ਸ਼ੌਂਕੀ ਉਹ ਬਾਅਦ ਵਿਚ ਬਣਿਆ, ਪਹਿਲਾਂ ਅਮਰ ਸਿੰਘ ਮਸਤ ਦੇ ਨਾਂ ਨਾਲ ਗਾਉਂਦਾ ਰਿਹਾ।

ਵਿਸ਼ਵ ਪ੍ਰਸਿੱਧ ਰਿਕਾਰਡਿੰਗ ਕੰਪਨੀ ਐਚ. ਐਮ. ਵੀ. ਨੇ ਕੋਲੰਬੋ ਦੇ ਟ੍ਰੇਡਮਾਰਕ ਹੇਠ ਉਹਦੇ 138 ਪੱਕੇ ਰਿਕਾਰਡ ਭਰੇ। ਪਹਿਲਿਆਂ 'ਚ ਸਨ:

-ਦੋ ਤਾਰਾ ਵੱਜਦਾ ਵੇ ਰਾਂਝਣਾ
ਨੂਰ ਮਹਿਲ ਦੀ ਮੋਰੀ।

-ਮੁੰਡੇ ਦੇਸ਼ ਪੰਜਾਬ ਦੇ
ਤੇ ਮਰਦ ਪੰਜਾਬੀ ਨਾਰਾਂ।

-ਨੀ ਵਾਹ ਧਰਤੀਏ ਪੰਜਾਬ ਦੀਏ।

-ਆ ਮੁੰਡਿਆ ਦੇਸ਼ ਪੰਜਾਬ ਦਿਆ
ਆ ਕੁੜੀਏ ਦੇਸ਼ ਪੰਜਾਬ ਦੀਏ।

-ਦੇਸ਼ ਮੇਰੇ ਦੀ ਬਾਂਕੀ ਜੋੜੀ
ਰਲ ਮਿਲ ਪੀਂਘ ਚੜ੍ਹਾਵੇ!

ਇਹ ਹੈਰਾਨ ਹੋਣ ਵਾਲੀ ਗੱਲ ਹੀ ਹੈ ਕਿ ਨਾ ਸਿਰਫ ਇੱਕ ਢਾਡੀ ਵਜੋਂ ਸਗੋਂ ਪੰਜਾਬੀ ਦੇ ਸਮਕਾਲੀ ਗਾਇਕਾਂ ਨੂੰ ਮਾਤ ਦੇ ਕੇ ਰਿਕਾਰਡਿੰਗ ਕੰਪਨੀ ਨੂੰ ਸਭ ਤੋਂ ਵੱਡਾ ਰੈਵੇਨਿਊ ਦੇਣ ਵਾਲਾ ਅਮਰ ਸਿੰਘ ਸ਼ੌਂਕੀ ਹੀ ਸੀ।

ਦੁਆਬੇ 'ਚ ਜੰਮ ਕੇ, ਸਿਆਲਕੋਟੋਂ ਰਾਗ ਵਿੱਦਿਆ ਹਾਸਲ ਕਰਕੇ ਅਤੇ ਮਾਝੇ, ਮਾਲਵੇ, ਦੁਆਬੇ ਤੇ ਪੁਆਧ ਵਿਚ ਪੰਜਾਬੀਆਂ ਦੀ ਮੋਹ ਮੁਹੱਬਤ ਦੇ ਮੋਢੇ 'ਤੇ ਬੈਠੇ ਅਮਰ ਸਿੰਘ ਸ਼ੌਂਕੀ ਨੇ ਆਪਣੀ ਕਲਾ ਦੀ ਸੁਰਮਈ ਜ਼ਿੰਦਗੀ ਵੇਖੀ ਪਰ ਉਹਨੇ ਪੈਸੇ ਨਾਲ ਮੋਹ ਨਹੀਂ ਕੀਤਾ। ਖਾਣ-ਪੀਣ ਦਾ ਉਹ ਸ਼ੌਕੀਨ ਰਿਹਾ, ਗਲਾਸੀ ਉਹ ਘਰ ਦੀ ਕੱਢੀ ਹੋਈ 'ਚੋਂ 'ਜੱਟਾਂ ਵਾਂਗ' ਗੰਢਾ ਭੰਨ੍ਹ ਕੇ ਵੀ ਲਾ ਲੈਂਦਾ ਸੀ। ਜਿਉਂਦੇ ਜੀਅ ਘਰ ਦਾ ਇਹ ਕਹਿ ਕੇ ਉਸ ਕੁਝ ਨਹੀਂ ਸੁਆਰਿਆ ਕਿ ਇੱਕ ਕਲਾਕਾਰ ਹੋਣਾ ਹੀ ਸਭ ਤੋਂ ਵੱਡੀ ਕਮਾਈ ਤੇ ਇਨਾਮ ਹੁੰਦਾ ਹੈ। ਸ਼ੌਂਕੀ ਦਾ ਵਿਆਹ ਸਧਾਰਨ ਸੁਆਣੀ ਬੀਬੀ ਪ੍ਰੀਤਮ ਕੌਰ ਨਾਲ ਹੋਇਆ ਸੀ।

ਸਾਲ 1980 ਵਿਚ ਆਪਣੇ ਵੱਡੇ ਪੁੱਤਰ ਸਵਰਾਜ ਨੂੰ ਨਾਲ ਲੈ ਕੇ ਲਛਮਣ ਸਿੰਘ ਚੋਪੜਾ ਤੇ ਮੋਹਣ ਸਿੰਘ ਬਿੰਡਾ ਦੇ ਜਥੇ ਸਮੇਤ ਕੁਝ ਮਹੀਨੇ ਇੰਗਲੈਂਡ ਪ੍ਰੋਗਰਾਮ ਕਰਨ ਗਿਆ ਤੇ ਮੰਨੋਗੇ ਕਿ ਉਹਦੇ ਪ੍ਰੋਗਰਾਮ ਵਿਚ ਗੁਰਦਾਸ ਮਾਨ ਵਾਂਗ ਲੋਕ ਆਉਂਦੇ, ਬੀਬੀਆਂ ਬੱਚੇ ਚੁੱਕ ਕੇ ਪੁੱਜਦੀਆਂ, ਪਰ ਜਦੋਂ ਇੰਗਲੈਂਡ ਤੋਂ ਵਾਪਸ ਮੁੜਿਆ ਤਾਂ ਇੱਕ ਮਾਮੂਲੀ ਜਿਹੀ ਬਿਮਾਰੀ ਨਾਲ ਪੰਥ ਦਾ ਢਾਡੀ, ਲੋਕਾਂ ਦਾ ਗਾਇਕ ਕਲਾਕਾਰ ਤੇ ਮਹਾਨ ਸ਼ਾਇਰ 14 ਅਗਸਤ 1981 ਨੂੰ 65 ਸਾਲ ਦੀ ਉਮਰੇ ਸਦਾ ਲਈ ਪੰਜਾਬ ਦੀ ਧਰਤੀ ਤੋਂ ਸਰੀਰਕ ਤੌਰ 'ਤੇ ਲੁਪਤ ਹੋ ਗਿਆ।

ਜਦੋਂ 1989 ਵਿਚ ਮੈਂ ਸ਼ੌਂਕੀ ਯਾਦਗਾਰੀ ਟਰੱਸਟ ਬਣਾ ਕੇ ਮਾਹਿਲਪੁਰ 'ਚ ਸ਼ੌਂਕੀ ਮੇਲਾ 28 ਤੇ 29 ਜਨਵਰੀ ਨੂੰ ਸ਼ੁਰੂ ਕੀਤਾ ਤਾਂ ਇਸ ਦੇ ਅਗਲੇ ਸਾਲ ਹੀ ਮੈਂ ਸਰਦੂਲ ਸਿਕੰਦਰ, ਹੰਸ ਰਾਜ ਹੰਸ, ਸੁਖਵਿੰਦਰ ਪੰਛੀ ਤੇ ਗਮਦੂਰ ਅਮਨ ਨੂੰ ਲੈ ਕੇ ਉਹਦੇ ਗੀਤਾਂ ਦੀ ਰੀਲ 'ਸੱਜਣਾਂ ਦੂਰ ਦਿਆ' ਟਾਈਟਲ ਹੇਠ ਰਿਲੀਜ਼ ਕੀਤੀ ਪਰ ਦੁੱਖ ਕਿ ਭਾਸ਼ਾ ਵਿਭਾਗ ਜਾਂ ਪੰਜਾਬ ਦਾ ਸੱਭਿਆਚਾਰ ਵਿਭਾਗ ਅਜਿਹੀਆਂ ਆਵਾਜ਼ਾਂ ਨੂੰ ਸਦੀਵੀ ਰੂਪ ਵਿਚ ਸਾਂਭਣ ਲਈ ਕੋਈ ਯਤਨ ਨਾ ਕਰ ਸਕਿਆ।

ਦੁੱਖ ਨਾਲ ਹੀ ਜੁੜਦੀ ਦੂਜੀ ਗੱਲ ਇਹ ਹੈ ਕਿ ਅਮਰ ਸਿੰਘ ਸ਼ੌਂਕੀ ਦਾ ਪਰਿਵਾਰ ਉਹਦਾ ਦਸਤਾਵੇਜ਼ੀ ਰੂਪ ਵਿਚ ਕੁਝ ਵੀ ਸੰਭਾਲ ਨਹੀਂ ਸਕਿਆ। ਉਹਦੀ ਯਾਦ 'ਚ ਲੱਗਦੇ ਸ਼ੌਂਕੀ ਮੇਲੇ ਨੂੰ ਰਾਜ ਪੱਧਰੀ ਮਾਨਤਾ ਮਿਲੀ, ਸਰਕਾਰ ਦੇ ਸੱਭਿਆਚਾਰ ਕੈਲੰਡਰ ਵਿਚ ਪ੍ਰਵਾਨ ਚੜ੍ਹਿਆ, ਜ਼ਿਲ੍ਹਾ ਪ੍ਰਸ਼ਾਸਨ ਨੂੰ ਮੇਲੇ 'ਤੇ ਛੁੱਟੀ ਕਰਨੀ ਪਈ ਪਰ ਉਹ ਮੇਲਾ ਵੀ ਪਰਿਵਾਰ ਬਚਾ ਨਾ ਸਕਿਆ। ਸ਼ੌਂਕੀ ਦੇ ਤਿੰਨ ਪੁੱਤਰ ਸਨ-ਵੱਡਾ ਸਵਰਾਜ, ਫਿਰ ਪ੍ਰਗਟ ਤੇ ਛੋਟਾ ਜਸਪਾਲ। ਪ੍ਰਗਟ ਤੇ ਸਵਰਾਜ ਨੇ ਸ਼ੌਂਕੀ ਸ਼ਬਦ ਜੋੜ ਕੇ ਢਾਡੀ ਜਥਾ ਬਣਾਇਆ ਪਰ ਸ਼ੌਂਕੀ ਤਖੱਲਸ ਦੀ ਖੱਟੀ ਨਾ ਮਿਲੀ। ਸਵਰਾਜ ਬੇਵਕਤੀ ਤੁਰ ਗਿਆ, ਭਾਰੀ ਕਬੀਲਦਾਰੀ ਨੇ ਪ੍ਰਗਟ ਨੂੰ 'ਕੱਲਾ ਕਰ ਦਿੱਤੈ, ਤੇ ਜਸਪਾਲ ਕੋਲ 'ਮੈਂ ਸ਼ੌਂਕੀ ਦਾ ਬੇਟਾ ਹਾਂ' ਕਹਿਣ ਤੋਂ ਵੱਧ ਕੁਝ ਨਹੀਂ।

ਸੱਚੀ ਸ਼ੌਂਕੀ ਮਹਾਂਪੁਰਸ਼ਾਂ ਵਾਂਗ ਵਿਚਰਿਆ ਤੇ ਮਨੁੱਖੀ ਪ੍ਰਵਿਰਤੀ ਹੈ ਕਿ ਮਹਾਂਪੁਰਸ਼ਾਂ ਕੋਲ ਸਤਿਕਾਰ ਤੇ ਸ਼ੁਹਰਤ ਤਾਂ ਹੁੰਦੇ ਨੇ ਪਰ ਸ਼ਕਤੀ ਤੇ ਧਨ ਨਹੀਂ ਹੁੰਦਾ। ਸ਼ੌਂਕੀ ਮਹਾਨ ਸੀ ਤੇ ਮਹਾਨ ਢਾਡੀ ਹੀ ਰਹੇਗਾ।

## ਅਮਰ ਸਿੰਘ ਸ਼ੌਂਕੀ ਦੀ ਢਾਡੀ ਕਲਾ ਦਾ ਵਾਰਸ

ਪ੍ਰਸਿੱਧ ਢਾਡੀ ਅਮਰ ਸਿੰਘ ਸ਼ੌਂਕੀ ਨੇ ਜਿੱਥੇ ਪੰਜਾਬ ਦੀ ਵਿਰਾਸਤ ਨੂੰ ਸਾਂਭਣ ਵਿਚ ਵੱਡਾ ਯੋਗਦਾਨ ਪਾਇਆ ਹੈ, ਉਥੇ ਅੱਜ ਉਨ੍ਹਾਂ ਦਾ ਪੋਤਾ ਧਰਮਵੀਰ ਸਿੰਘ ਸ਼ੌਂਕੀ ਵੀ ਢਾਡੀ ਵਿਰਾਸਤ ਨੂੰ ਅੱਗੇ ਤੋਰ ਰਿਹਾ ਹੈ। ਧਰਮਵੀਰ ਸਿੰਘ ਸ਼ੌਂਕੀ ਦਾ ਜਨਮ 27 ਸਤੰਬਰ 1992 ਨੂੰ ਪਿੰਡ ਭੱਜਲ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਪਿਤਾ ਢਾਡੀ ਪਰਗਟ ਸਿੰਘ ਸ਼ੌਂਕੀ ਤੇ ਮਾਤਾ ਅਮਰਜੀਤ ਕੌਰ ਦੇ ਘਰ ਹੋਇਆ। ਦਾਦਾ ਅਮਰ ਸਿੰਘ ਸ਼ੌਂਕੀ ਵਾਂਗ ਧਰਮਵੀਰ ਨੂੰ ਵੀ ਸਕੂਲੀ ਪੜ੍ਹਾਈ ਬਹੁਤੀ ਰਾਸ ਨਹੀਂ ਆਈ। ਬਚਪਨ ਤੋਂ ਹੀ ਗਾਉਣ ਦਾ ਸ਼ੌਕ ਹੋਣ ਕਾਰਨ ਧਰਮਵੀਰ ਨੂੰ ਜਵਾਨ ਹੁੰਦਿਆਂ ਹੀ ਦੋਸਤਾਂ ਦੀ ਹੱਲਾਸ਼ੇਰੀ ਨੇ ਸੋਲੋ ਗਾਇਕੀ ਵੱਲ ਤੋਰ ਦਿੱਤਾ।

ਉਸ ਨੇ ਸੰਗੀਤ ਦੀ ਤਾਲੀਮ ਆਪਣੇ ਪਿਤਾ ਪਰਗਟ ਸਿੰਘ ਸ਼ੌਂਕੀ ਕੋਲੋਂ ਹਾਸਲ ਕੀਤੀ ਤੇ ਰਾਗਾਂ ਦੀ ਸਮਝ, ਹਾਰਮੋਨੀਅਮ ਅਤੇ ਢੱਡ ਸਿੱਖਣ ਦੇ ਨਾਲ ਨਾਲ ਢਾਡੀ ਰਾਗ ਦੀਆਂ ਬਾਰੀਕੀਆਂ 'ਤੇ ਵੀ ਪਕੜ ਬਣਾਈ। ਸ਼ੁਰੂ ਸ਼ੁਰੂ ਵਿਚ ਉਹ ਆਪਣੇ ਪਿਤਾ ਤੇ ਤਾਇਆ ਸਵਰਾਜ ਸਿੰਘ ਸ਼ੌਂਕੀ ਨਾਲ ਪ੍ਰੋਗਰਾਮਾਂ 'ਤੇ ਜਾਂਦਾ ਰਿਹਾ। ਉਨ੍ਹਾਂ ਵੱਲ ਦੇਖ ਕੇ ਹੀ ਉਹ ਗਾਇਕੀ ਵਿਚ ਅੱਗੇ ਵਧਿਆ। 2014 ਵਿਚ ਉਸ ਨੇ ਆਪਣੇ ਹੀ ਲਿਖੇ ਗੀਤਾਂ ਦੀ ਸੋਲੋ ਐਲਬਮ ਨਾਲ ਪੰਜਾਬੀ ਗਾਇਕੀ ਦੇ ਵਿਹੜੇ ਵਿਚ ਹਾਜ਼ਰੀ ਲਗਾਈ।



*ਧਰਮਵੀਰ ਸਿੰਘ ਸ਼ੌਂਕੀ*

ਬਾਅਦ ਵਿਚ ਉਸ ਨੇ ਆਪਣੇ ਚਾਚੇ ਜਸਪਾਲ ਸਿੰਘ ਸ਼ੌਂਕੀ ਦੀ ਪ੍ਰੇਰਨਾ ਅਤੇ ਹੱਲਾਸ਼ੇਰੀ ਸਦਕਾ ਆਪਣੀ ਖਾਨਦਾਨੀ ਵਿਰਾਸਤ ਢਾਡੀ ਕਲਾ ਦਾ ਪਰਚਮ ਫੜ੍ਹ ਲਿਆ। ਹੁਣ ਉਹ ਆਪਣਾ ਢਾਡੀ ਜਥਾ ਬਣਾ ਕੇ ਕਾਮਯਾਬੀ ਦੀਆਂ ਪੌੜੀਆਂ ਚੜ੍ਹ ਰਿਹਾ ਹੈ। ਗਾਇਕ ਮਨਮੋਹਨ ਵਾਰਸ, ਕਮਲ ਹੀਰ ਤੇ ਸੰਗੀਤਕਾਰ ਸੰਗਤਾਰ ਨੇ ਨਿਜੀ ਰੁਚੀ ਲੈ ਕੇ ਆਪਣੀ ਰਹਿਨੁਮਾਈ ਹੇਠ ਅਮਰ ਸਿੰਘ ਸ਼ੌਂਕੀ ਦੀ ਪ੍ਰਸਿੱਧ ਰਚਨਾ 'ਅਨੰਦਪੁਰ ਲਾਇਆ ਹੋਲਾ' ਧਰਮਵੀਰ ਅਤੇ ਢਾਡੀ ਜਥੇ ਦੀ ਆਵਾਜ਼ ਵਿਚ ਫੋਕ ਸਟਾਰ ਐਂਟਰਟੇਨਮੈਂਟ ਦੇ ਬੈਨਰ ਹੇਠ ਇਸ ਸਾਲ ਹੋਲੇ ਮੁਹੱਲੇ ਮੌਕੇ ਰਿਲੀਜ਼ ਕੀਤਾ। ਇਸ ਗੀਤ ਨੂੰ ਸਰੋਤਿਆਂ ਤੋਂ ਭਰਵਾਂ ਹੁੰਗਾਰਾ ਮਿਲਿਆ।

ਧਰਮਵੀਰ ਸਿੰਘ ਸ਼ੌਂਕੀ ਮੁੱਖ ਤੌਰ 'ਤੇ ਆਪਣੇ ਦਾਦਾ ਅਮਰ ਸਿੰਘ ਸ਼ੌਂਕੀ ਦੀਆਂ ਰਚਨਾਵਾਂ ਹੀ ਗਾਉਂਦਾ ਹੈ।


*-ਸ਼ਮਸ਼ੇਰ ਸਿੰਘ ਸੋਹੀ*
*ਫੋਨ: 91-98764-74671*

# ਦੇਹ ਵਰਤਾਰਿਆਂ ਨਾਲ ਜੁੜੀਆਂ ਤਿਫਲ ਤਸੱਲੀਆਂ ਤੇ ਨਾਰੀ ਸਰੋਕਾਰ

*ਆਦਿ ਕਾਲੀਨ ਭਾਰਤੀ ਵਿਚਾਰਧਾਰਾ ਵਿਚ ਨਾਰੀ ਨੂੰ ਜੁੱਤੀ ਸਮਾਨ ਅਤੇ ਤਾੜਨ ਕੇ ਅਧਿਕਾਰੀ ਕਹਿ ਕੇ ਛੁਟਿਆਇਆ ਗਿਆ ਹੈ। ਇਹ ਗੁਰੂ ਨਾਨਕ ਦੇਵ ਜੀ ਹੀ ਸਨ ਜਿਨ੍ਹਾਂ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਆਖ ਕੇ ਔਰਤ ਨੂੰ ਸਨਮਾਨਯੋਗ ਰੁਤਬਾ ਬਖਸ਼ਿਆ। ਹਥਲੇ ਲੇਖ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਡਾ. ਬਲਕਾਰ ਸਿੰਘ ਨੇ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਦੇ ਮਹਿਲ ਮਾਤਾ ਸਾਹਿਬ ਦੇਵਾਂ ਦੇ ਹਵਾਲੇ ਨਾਲ ਸਿੱਖ ਧਰਮ ਵਿਚ ਔਰਤ ਦੇ ਉਚੇਰੇ ਸਥਾਨ ਦੀ ਗੱਲ ਕਰਦਿਆਂ ਕਿਹਾ ਹੈ ਕਿ ਇਸ ਤੋਂ ਪਹਿਲਾਂ "ਨਾਰੀ ਦਾ ਸਭਿਆਚਾਰਕ ਪ੍ਰਸੰਗ ਤਾਂ ਪ੍ਰਾਪਤ ਸੀ, ਪਰ ਨਾਰੀ ਦਾ ਅਧਿਆਤਮਕ ਪ੍ਰਸੰਗ ਸਿੱਖ ਧਰਮ ਨੇ ਹੀ ਸਾਹਮਣੇ ਲਿਆਂਦਾ ਹੈ। ਗੁਰੂ ਮਹਿਲਾਂ ਦੇ ਹਵਾਲੇ ਨਾਲ ਇਸ ਦਾ ਸਿਧਾਂਤਕ ਪ੍ਰਸੰਗ ਅਜੇ ਤੱਕ ਸਾਹਮਣੇ ਨਹੀਂ ਆਇਆ।" -ਸੰਪਾਦਕ*

ਅਧਿਆਤਮਕਤਾ ਦੇ ਇਤਿਹਾਸ ਵਿਚ ਲਿੰਗ ਭੇਦ ਨੂੰ ਲੈ ਕੇ ਜੋ ਤੱਥ ਪ੍ਰਾਪਤ ਹਨ, ਮਰਦ ਅਤੇ ਔਰਤ ਨੂੰ ਇਨਸਾਨੀ ਵਜੂਦ ਦੀਆਂ ਵੱਖ ਵੱਖ ਇਕਾਈਆਂ ਵਾਂਗ ਹੀ ਲੈਂਦੇ ਆ ਰਹੇ ਹਨ। ਇਹੋ ਜਿਹੀ ਪੱਕੀ ਵੰਡ ਲਗਾਤਾਰ ਮਾਦਾ-ਚੰਗਿਆਈਆਂ ਅਤੇ ਨਰ-ਚੰਗਿਆਈਆਂ ਵਾਂਗ ਹੀ ਸਾਹਮਣੇ ਆਉਂਦੀ ਰਹੀ ਹੈ। ਇਸ ਪਾਸੇ ਕਿਸੇ ਦਾ ਧਿਆਨ ਹੀ ਨਹੀਂ ਗਿਆ ਕਿ ਮਾਂ-ਪ੍ਰਧਾਨ ਭਾਈਚਾਰਿਆਂ ਵਿਚ ਵੀ ਪਿਉ-ਪ੍ਰਧਾਨ ਸਭਿਆਚਾਰ ਦੀ ਸਰਦਾਰੀ ਕਿਉਂ ਰਹੀ ਹੈ?

ਨਰ-ਮਾਦਾ ਦੀ ਪ੍ਰਾਪਤ ਵੰਡ ਨਾਲ ਕੁਦਰਤ ਦਾ ਉਹ ਕਾਨੂੰਨ ਵੰਗਾਰਿਆ ਗਿਆ ਸੀ, ਜਿਸ ਦਾ ਆਧਾਰ "ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ" ਹੈ। ਭਗਤ ਕਬੀਰ ਨੇ ਇਸ ਜੋਤਿ ਪ੍ਰਸੰਗ ਦਾ ਨਰ-ਨੈਰੇਟਿਵ ਸਾਹਮਣੇ ਲਿਆਉਂਦਿਆਂ ਜਨਮ



**ਪ੍ਰੋ. ਬਲਕਾਰ ਸਿੰਘ**
ਫੋਨ: +91-93163-01328

ਆਧਾਰਤ ਸਮਾਜਕ ਵੰਡੀਆਂ ਦਾ ਆਲੋਚਨਾਤਮਕ ਮੁਲੰਕਣ ਇਸ ਤਰ੍ਹਾਂ ਸਾਹਮਣੇ ਲਿਆਂਦਾ ਹੈ:

ਗਉੜੀ ਕਬੀਰ ਜੀ ਕੀ॥
ਗਰਭ ਵਾਸ ਮਹਿ ਕੁਲੁ ਨਹੀ ਜਾਤੀ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ॥੧॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥
ਬਾਮਨ ਕਹਿ ਕਹਿ ਜਨਮੁ ਮਤ ਖੋਏ॥੧॥ ਰਹਾਉ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥੨॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲੋਹੂ ਤੁਮ ਕਤ ਦੂਧ॥੩॥

ਸਿੱਖ ਧਰਮ ਨੇ ਇਹ ਪਹਿਲੀ ਵਾਰ ਸਾਹਮਣੇ ਲਿਆਂਦਾ ਕਿ ਨਰ ਅਤੇ ਨਾਰੀ ਦੀ ਪਛਾਣ ਦੇ ਕੁਦਰਤੀ ਵਖਰੇਵਿਆਂ ਨੂੰ ਮਾਨਵ ਸਿਰਜਤ ਸ਼ੋਸ਼ਿਤ ਮਾਡਲਾਂ ਵਾਸਤੇ ਨਹੀਂ ਵਰਤਿਆ ਜਾਣਾ ਚਾਹੀਦਾ।

ਨਾਰੀ ਨੂੰ ਉਸ ਦੇ ਦੇਹੀ ਸਰੋਕਾਰਾਂ ਤੱਕ ਮਹਿਦੂਦ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸੈਮਟਿਕ ਧਰਮਾਂ ਦੀ ਤਾਂ ਗੱਲ ਹੀ ਛੱਡੋ ਕਿਉਂਕਿ ਉਥੇ ਨਾਰੀ ਨੂੰ ਉਥੋਂ ਦੀਆਂ ਸਮਾਜਕ ਲੋੜਾਂ ਮੁਤਾਬਕ ਵਰਤੇ ਜਾਣ ਨੂੰ ਸਿਧਾਂਤਕਤਾ ਵਿਚ ਢਾਲਣ ਦੀ ਕੋਸ਼ਿਸ਼ ਕੀਤੀ ਗਈ ਹੈ।

ਮਾਤਾ ਸਾਹਿਬ ਕੌਰ ਨੂੰ ਸਿੱਖ ਬੀਬੀਆਂ ਦੇ ਪ੍ਰਸੰਗ ਵਿਚ ਨਾਰੀ ਸਸ਼ਕਤੀਕਰਣ ਦੇ ਬਿੰਬ ਵਜੋਂ ਵਿਚਾਰਿਆ ਜਾ ਰਿਹਾ ਹੈ। ਇਸ ਨਾਲ ਇਹ ਦੱਸਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਵਿਸਮਾਦੀ ਉਸਾਰ ਦੀਆਂ ਸੰਭਾਵਨਾਵਾਂ ਨੂੰ ਨਰ ਤੇ ਨਾਰੀ ਦੀਆਂ ਕੋਟੀਆਂ ਵਿਚ ਨਹੀਂ ਵੰਡਿਆ ਜਾ ਸਕਦਾ।

ਨਾਰੀ-ਸ਼ਕਤੀ ਦੀਆਂ ਇਹੋ ਜਿਹੀਆਂ ਇਕਹਿਰੀਆਂ ਉਤਮਤਾਵਾਂ, ਨਾਰੀ ਸੰਸਾਰ ਨੂੰ ਵਿਸਮਾਦੀ ਸੁਰ ਵਿਚ ਸਿਰਜਣ ਵਾਸਤੇ ਮਦਦ ਨਹੀਂ ਕਰਦੀਆਂ ਸਨ। ਭਾਰਤੀ ਧਰਮ ਚਿੰਤਨ ਦੇ ਪ੍ਰਸੰਗ ਵਿਚ ਭਗਤੀ ਲਹਿਰ ਨੇ ਨਾਰੀ ਨੂੰ ਤਾੜਨਯੋਗ ਵਰਗ ਵਿਚੋਂ ਕੱਢਣ ਦੀ ਕੋਸ਼ਿਸ਼ ਤਾਂ ਕੀਤੀ ਸੀ, ਪਰ ਇਸ ਨਾਲ ਉਹੋ ਜਿਹਾ ਸੁਧਰਿਆ ਹੋਇਆ ਨਾਰੀ ਸਸ਼ਕਤੀਕਰਣ ਦਾ ਉਸਾਰ ਸਾਹਮਣੇ ਨਹੀਂ ਸੀ ਆ ਸਕਿਆ, ਜਿਹੋ ਜਿਹਾ ਸਿੱਖ ਧਰਮ ਦੇ ਹਵਾਲੇ ਨਾਲ ਮਾਤਾ ਸਾਹਿਬ ਕੌਰ ਅਤੇ ਮਾਈ ਭਾਗੋ ਵਰਗੇ ਸਿੱਖ ਪਾਤਰਾਂ ਰਾਹੀਂ ਸਾਹਮਣੇ ਆਇਆ।

ਪੰਜਾਬੀ ਸਭਿਆਚਾਰ ਦੀਆਂ ਕਮਜ਼ੋਰੀਆਂ ਨੂੰ ਸਿੱਖ ਸਭਿਆਚਾਰ ਦੀਆਂ ਕਮਜ਼ੋਰੀਆਂ ਅਤੇ ਸਿੱਖ ਸਭਿਆਚਾਰ ਦੀਆਂ ਕਮਜ਼ੋਰੀਆਂ ਨੂੰ ਸਿੱਖ ਧਰਮ ਦੀਆਂ ਕਮਜ਼ੋਰੀਆਂ ਨਹੀਂ ਸਮਝਿਆ ਜਾਣਾ ਚਾਹੀਦਾ। ਸਿਧਾਂਤ ਅਤੇ ਅਮਲ ਵਿਚ ਰਹਿ ਜਾਣ ਵਾਲੇ ਕੁਦਰਤੀ/ਸੁਭਾਵਕ ਪਾੜਿਆਂ ਨੂੰ ਨਾਲ ਲੈ ਕੇ ਤੁਰਨ ਦੀ ਸਿੱਖ ਜੁਗਤਿ ਨਾਲ ਹੀ ਪੰਜਾਬੀ ਸਭਿਆਚਾਰ ਨੂੰ ਸਿੱਖ ਸਭਿਆਚਾਰ ਨਾਲ ਤੁਰਨ ਦਾ ਸਾਹਸ ਅਤੇ ਮੌਕਾ ਮਿਲਦਾ ਰਿਹਾ ਹੈ। ਇਸੇ ਨੂੰ ਪ੍ਰੋ. ਪੂਰਨ ਸਿੰਘ ਨੇ "ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ" ਕਿਹਾ।

ਸਿੱਖ ਧਰਮ ਨੇ ਇਸ ਖੇਤਰ ਵਿਚ ਨਾਰੀ ਸਰੋਕਾਰਾਂ ਨੂੰ ਪਹਿਲੀ ਵਾਰ ਇਹ ਕਹਿ ਕੇ ਸਾਹਮਣੇ ਲਿਆਂਦਾ ਸੀ ਕਿ ਨਾਰੀ ਨੂੰ ਸਮਾਜਕਤਾ ਦੇ ਕੇਂਦਰ ਵਿਚੋਂ ਕੱਢ ਕੇ ਸਮਾਜਕਤਾ ਦੇ ਹਾਸ਼ੀਏ 'ਤੇ ਧੱਕ ਦਿੱਤੇ ਜਾਣ ਨਾਲ ਕੁਦਰਤ ਦੇ ਵਰਤਾਰੇ ਅਤੇ ਨਾਰੀ ਸਮਾਜਕਤਾ-ਦੋਹਾਂ ਨਾਲ ਵਧੀਕੀ ਹੋ ਗਈ ਹੈ।

ਗੁਰਸਿੱਖ ਸੰਗਯਾ ਨਰ ਅਤੇ ਨਾਰੀ-ਦੋਹਾਂ ਵਾਸਤੇ ਉਸੇ ਤਰ੍ਹਾਂ ਹੈ ਜਿਵੇਂ ਲਾਵਾਂ ਵਿਚ "ਪਲੈ ਮੈ ਤੈਂਡੇ ਲਾਗੀ" ਸ਼ਬਦ ਵਿਚ ਵਿਆਹ ਦੇ ਰਿਸ਼ਤੇ ਵਿਚ ਬੱਝ ਰਹੇ ਨਰ ਤੇ ਨਾਰੀ ਨੂੰ ਇਕ ਇਕਾਈ ਵਜੋਂ ਲਿਆ ਗਿਆ ਹੈ। ਸਮਕਾਲੀਨ ਸਮਾਜਕਤਾ ਵਿਚ ਨਾਰੀ ਭੂਮਿਕਾ ਨਾਲ ਜੁੜੇ ਤੱਥਾਂ ਦੇ ਹਵਾਲੇ ਨਾਲ ਆਮ ਬੰਦੇ ਦੀ ਸੋਚ ਦਾ ਹਿੱਸਾ ਹੋ ਗਏ ਰਿਸ਼ਤਿਆਂ ਨੂੰ ਲੈ ਕੇ ਸਬੰਧਤਾ ਨੂੰ ਇਸ ਪਾਸੇ ਮੋੜਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਨਾਰੀ ਨਾਲ ਜੁੜ ਕੇ ਹੀ ਬੰਦਾ ਸਮਾਜਕ ਇਕਾਈ ਬਣਦਾ ਆ ਰਿਹਾ ਹੈ। ਲਹੂ ਦੇ ਇਸ ਰਿਸ਼ਤੇ ਨੂੰ ਸਰੀਰ ਦੇ ਰਿਸ਼ਤੇ ਤੱਕ ਸੀਮਤ ਕਰਕੇ ਨਹੀਂ ਵੇਖਿਆ ਜਾਣਾ ਚਾਹੀਦਾ।

ਰਿਸ਼ਤਿਆਂ ਦੀ ਸਥਾਪਤ ਪਛਾਣ ਜਿਸ ਤਰ੍ਹਾਂ ਮਾਂਵਾਂ, ਧੀਆਂ ਅਤੇ ਭੈਣਾਂ ਰਾਹੀਂ ਸਥਾਪਤ ਹੋ ਚੁਕੀ ਹੈ, ਉਸ ਦੀ ਨੈਤਿਕਤਾ ਨੂੰ ਆਮ ਨਾਰੀ ਨਾਲ ਜੋੜ ਕੇ ਸਾਹਮਣੇ ਲਿਆਏ ਜਾਣ ਦੀ ਲੋੜ ਹੈ। ਅਜਿਹਾ ਨਾਰੀ ਪਛਾਣ ਨੂੰ ਦੇਹੀ ਸਰੋਕਾਰਾਂ ਦੀ ਸੀਮਾ ਤੋਂ ਅਗੇ ਲੰਘ ਕੇ ਹੀ ਕੀਤਾ ਜਾ ਸਕਦਾ ਹੈ।

'ਘਰ ਹੀ ਮਾਹਿ ਉਦਾਸ', 'ਗ੍ਰਿਹ ਹੀ ਮਾਹਿ ਉਦਾਸ', 'ਗਿਰਸਤ ਉਦਾਸਾ' ਅਤੇ 'ਗ੍ਰਿਹਸਥ ਮਹਿ ਸੋਈ ਨਿਰਬਾਨ' ਦੇ ਬਾਣੀ ਹਵਾਲਿਆਂ ਨਾਲ ਇਸ ਦੀ ਪੁਸ਼ਟੀ ਵੀ ਹੋ ਜਾਂਦੀ ਹੈ ਅਤੇ ਗੁਰਮਤਿ ਦੀ ਵਿਲੱਖਣਤਾ ਵੀ ਸਥਾਪਤ ਹੋ ਜਾਂਦੀ ਹੈ। ਗੁਰਮਤੀ ਪ੍ਰਸੰਗ ਵਿਚ ਗ੍ਰਹਿਸਥ ਇਕਾਈ ਹੈ ਅਤੇ ਨਰ ਤੇ ਨਾਰੀ ਇਸ ਦੀ ਧੁਰੋਹਰ ਹਨ।



ਸਿੱਖ ਧਰਮ ਵਿਚ ਨਾਰੀ ਸ਼ਕਤੀ ਨੂੰ ਕੇਂਦਰੀ ਸਰੋਕਾਰ ਵਜੋਂ ਮਾਨਤਾ ਦੀ ਸ਼ੁਰੂਆਤ ਤਾਂ ਗੁਰੂ ਨਾਨਕ ਦੇਵ ਜੀ ਨਾਲ ਹੀ ਹੋ ਗਈ ਸੀ ਅਤੇ ਦਸਮ ਪਾਤਸ਼ਾਹ ਹਜ਼ੂਰ ਦੇ ਸਮੇਂ ਤੱਕ ਇਸ ਦੀ ਸਿੱਖ ਸਮਾਜਕਤਾ ਵਿਚ ਸਿੱਖ ਮਾਤਰਤਵ ਵਜੋਂ ਪੂਰੀ ਤਰ੍ਹਾਂ ਸਥਾਪਤੀ ਹੋ ਚੁਕੀ ਸੀ।

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਸਿਧਾਂਤਕ ਸਥਾਪਨਾਵਾਂ ਨੂੰ ਨਾਲ ਲਏ ਬਿਨਾ ਨਾਰੀ ਸ਼ਕਤੀ ਨੂੰ ਲੈ ਕੇ ਮਾਨਵਤਾ ਨੂੰ ਦਰਪੇਸ਼ ਚੁਣੌਤੀਆਂ ਦੇ ਹੱਲ ਨਹੀਂ ਲੱਭੇ ਜਾ ਸਕਦੇ।

ਜਿਹੜਾ ਨਾਰੀ ਪ੍ਰਸੰਗ ਪੱਛਮ ਨੇ ਨਾਰੀ-ਮੁਕਤੀ (Woman-lib) ਵਜੋਂ ਪ੍ਰਵਾਨ ਕਰ ਲਿਆ ਗਿਆ ਹੈ, ਉਸ ਨੂੰ ਪੂਰਬ ਨੇ ਪਹਿਲਾਂ ਹੀ ਸੁਹਾਗਣ-ਦੁਹਾਗਣ ਦੇ ਪ੍ਰਸੰਗ ਵਿਚ ਪ੍ਰਵਾਨ ਕੀਤਾ ਹੋਇਆ ਹੈ। ਗੁਰਬਾਣੀ ਵਿਚ ਇਸ ਦਾ ਇਹ ਮਾਡਲ ਸਿਧਾਂਤ ਦੇ ਅਮਲ ਅਤੇ ਅਮਲ ਦੇ ਸਿਧਾਂਤ ਵਜੋਂ ਦਿੱਤਾ ਹੋਇਆ ਹੈ ਕਿ ਪਦਾਰਥਕਤਾ ਵਿਚ ਵਿਚਲਿਨ ਨਿਹਿਤ ਹੁੰਦਾ ਹੈ, ਤੇ ਬਹੁਤੀ ਵਾਰ ਇਸ ਦੇ ਨਤੀਜੇ ਅੱਗ ਨੂੰ ਅੱਗ ਨਾਲ ਬੁਝਾਉਣ ਵਰਗੇ ਨਿਕਲਦੇ ਰਹਿੰਦੇ ਹਨ।

ਪੂਰਬੀ ਪਹੁੰਚ ਦੇ ਹੁੰਦਿਆਂ ਪੱਛਮੀ ਪਹੁੰਚ ਵਿਚ ਰਿਸ਼ਤਿਆਂ ਦੀ ਵਿਆਕਰਣ ਸਰੀਰਕ ਲੋੜਾਂ ਦੁਆਲੇ ਅਜੇ ਵੀ ਘੁੰਮੀ ਜਾਂਦੀ ਹੈ। ਗੂਗਲ ਕਰੋ ਤਾਂ ਪਤਾ ਲੱਗ ਜਾਵੇਗਾ ਕਿ ਮਾਂ ਵਿਚੋਂ ਮਾਤਰਤਵ (Motherhood) ਅਤੇ ਪਿਉ ਵਿਚੋਂ ਪਿਤਾਤਵ (Fatherhood) ਮਨਫੀ ਹੈ। ਇਹ ਰਿਸ਼ਤਿਆਂ ਦੀ ਥਾਂ ਰਿਸ਼ਤਿਆਂ ਦੇ ਫੱਟਿਆਂ ਦੀ ਦਾਸਤਾਨ ਹੈ। ਪੱਛਮੀ ਸੁਰ ਵਿਚ ਮਾਤਰਤਵ ਨੂੰ ਪਤਨੀ ਦੇ ਰਿਸ਼ਤੇ ਤੱਕ ਸੀਮਤ ਕਰਕੇ ਕੇਵਲ ਮਾਤਰ ਮਾਂ ਬਣ ਸਕਣ ਦੇ ਯੋਗ ਅਵਸਥਾ ਹੀ ਮੰਨਿਆ ਜਾ ਰਿਹਾ ਹੈ।

ਨਾਰੀ ਦਾ ਨਾਰੀ ਆਦਰਸ਼ ਹੋਣਾ ਚੰਗੀ ਗੱਲ ਹੈ, ਪਰ ਨਾਰੀ ਦਾ ਨਾਰੀਤਵ (Womanhood) ਹੀ ਨਾਰੀ ਨੂੰ ਨਾਰੀ ਆਦਰਸ਼ ਬਣਾ ਸਕਦਾ ਹੈ। ਬਾਲੜੀ ਅਤੇ ਮੁਟਿਆਰ ਨੂੰ ਜੇ ਨਾਰੀਤਵ ਦਾ ਹਿੱਸਾ ਨਹੀਂ ਮੰਨਾਂਗੇ ਤਾਂ ਨਾਰੀਤਵ ਦਾ ਉਹ ਪ੍ਰਸੰਗ ਲੋੜਵੰਦਾਂ ਤੱਕ ਨਹੀਂ ਪਹੁੰਚਾ ਸਕਾਂਗੇ, ਜੋ ਮਾਤਾ ਸਾਹਿਬ ਕੌਰ ਦੇ ਹਵਾਲੇ ਨਾਲ ਸਿੱਖ ਪ੍ਰਸੰਗ ਵਿਚ ਉਸਰਿਆ ਹੋਇਆ ਪ੍ਰਾਪਤ ਹੈ।

ਨਾਰੀ ਵਿਚੋਂ ਨਾਰੀ ਨੂੰ ਮਾਰ ਕੇ ਨਾਰੀ ਮਿੱਥ ਦੀ ਈਸਾਈ ਪਰੰਪਰਾ ਨਾਰੀ ਲਹਿਰ ਦੀ ਥਾਂ ਬੰਦਾਮੁਕਤ ਨਾਰੀ ਸਿਆਸਤ (Woman Liberation) ਹੀ ਪੈਦਾ ਕਰ ਸਕੀ ਹੈ। ਇਸ ਨਾਲ ਮਾਂ ਬਣਨ ਦੇ ਭੈਅ ਨੇ ਸਮਾਜਕਤਾ ਦੀ ਚੂਲ ਨੂੰ ਹੀ ਹਿਲਾ ਦਿੱਤਾ ਹੈ।

ਮਾਤਾ ਜੀ ਨਾਰੀਤਵ ਦੇ ਦਿੱਭ-ਅਨੁਭਵ ਦੀ ਸਮਾਜਕਤਾ ਹੈ ਅਤੇ ਸਰਬ ਸਮਿਆਂ ਵਾਸਤੇ ਸੰਤੁਲਿਤ ਸਮਾਜਕਤਾ ਦੀ ਉਸਾਰੀ ਵਾਸਤੇ ਕੰਮ ਆ ਸਕਦੀ ਹੈ। ਇਸ ਦੀ ਗੈਰਹਾਜ਼ਰੀ ਵਿਚ ਨਾਰੀ ਮਰਦ ਤੇ ਸਮਾਜ ਦੀਆਂ ਲੋੜਾਂ ਮੁਤਾਬਕ ਵਿਆਖਿਅਤ ਹੁੰਦੀ ਰਹੀ ਹੈ ਅਤੇ ਇਸ ਵਿਚੋਂ ਨਾਰੀ ਹਿਤੈਸ਼ੀ ਸਰੋਕਾਰ ਗੁੰਮ ਹੁੰਦੇ ਰਹੇ ਹਨ।

ਸਿੱਖ ਧਰਮ ਨੇ ਇਹ ਸਥਾਪਤ ਕਰਨ ਦੇ ਆਧਾਰ ਮੁਹੱਈਆ ਕੀਤੇ ਹੋਏ ਹਨ ਕਿ ਨਾਰੀ ਦੇ ਪ੍ਰਚਲਿਤ ਦੇਹਮੁਖੀ ਜਾਂ ਲਿਬਿਡਨਲ ਪ੍ਰਭਾਵ ਦਿੱਭ ਸਰੋਕਾਰਾਂ ਦੀ ਰੌਸ਼ਨੀ ਵਿਚ ਸਿੱਖ ਵਿਧੀ ਵਿਚ ਊਰਜਿਤ ਹੋ ਕੇ ਅਜਿਹੀ ਨਾਰੀ ਸ਼ਕਤੀ ਬਣ ਸਕਦੇ ਹਨ, ਜਿਸ ਦੇ ਰੋਲ ਮਾਡਲ ਮਾਤਾ ਸਾਹਿਬ ਕੌਰ ਅਤੇ ਮਾਈ ਭਾਗੋ ਦੇ ਰੂਪ ਵਿਚ ਇਤਿਹਾਸ ਨੇ ਪ੍ਰਵਾਨ ਕਰ ਲਏ ਹਨ।

ਦੇਹ ਵਰਤਾਰਿਆਂ ਨਾਲ ਜੁੜੀਆਂ ਤਿਫਲ ਤਸੱਲੀਆਂ ਮਾਨਵੀ ਜਗਿਆਸਾ ਨੂੰ ਵਿਸਮਾਦੀ ਸੇਧ ਵਿਚ ਲੈ ਕੇ ਨਹੀਂ ਜਾ ਸਕਦੀਆਂ।

ਸਿੱਖ ਧਰਮ ਨੇ ਮਾਦਾ-ਚੰਗਿਆਈਆਂ ਨੂੰ ਕੁਦਰਤ ਦੇ ਨੇੜੇ ਅਤੇ ਨਾਰੀ-ਮਾਨਸਿਕਤਾ ਦੀ ਨਿਹਿਤ-ਸ਼ਕਤੀ (Inherent) ਪ੍ਰਵਾਨ ਕੀਤਾ ਹੋਇਆ ਹੈ ਅਤੇ ਨਰ-ਚੰਗਿਆਈਆਂ ਨੂੰ ਇਸ ਦੇ ਮੁਕਾਬਲੇ ਵਿਚ ਗ੍ਰਿਹੀਤ-ਸ਼ਕਤੀ (Acquired Power) ਪ੍ਰਵਾਨ ਕੀਤਾ ਹੋਇਆ ਹੈ।

ਦਿੱਭ ਦਾ ਮਾਡਲ ਵਿਚ ਢਲ ਜਾਣਾ ਸੰਭਾਵਨਾ (Hope) ਵੀ ਹੁੰਦੀ ਹੈ ਅਤੇ ਜੁਗਤਿ (Strategy) ਵੀ ਹੁੰਦੀ ਹੈ। ਸਿੱਖ ਧਰਮ ਨੇ ਇਸ ਨੂੰ ਨਾ ਕੇਵਲ ਸਿਧਾਂਤਕ ਧਰਾਤਲ ਮੁਹੱਈਆ ਕਰਵਾਈ, ਸਗੋਂ ਇਸ ਦੇ ਅਮਲ ਵਿਚ ਪ੍ਰਗਟਾਵੇ ਨੂੰ ਇਤਿਹਾਸ ਦਾ ਹਿੱਸਾ ਬਣਾਇਆ। ਕੁਆਰਾ ਡੋਲਾ ਤੋਂ ਖਾਲਸਾ ਮਾਤਾ ਤੱਕ ਦੀ ਯਾਤਰਾ ਸਿੱਖ ਇਤਿਹਾਸ ਅਤੇ ਸਿੱਖ ਯਾਦ ਵਿਚ ਸਥਾਪਤ ਹੈ। ਇਸ ਨੂੰ ਇਥੇ ਤਿੰਨ ਹਿੱਸਿਆਂ ਵਿਚ ਵੰਡ ਕੇ ਪ੍ਰਸਤੁਤ ਕੀਤਾ ਜਾ ਰਿਹਾ ਹੈ-ਸਿੱਖਿਆ, ਕਰਮ ਖੇਤਰ ਅਤੇ ਯੋਗਦਾਨ।

ਲੋੜੀਂਦੀ ਵਿਦਿਆ ਅਤੇ ਸੇਵਾ ਸਿਮਰਨ ਨਾਲ ਉਹ ਇਸ ਭਾਂਤ ਜੁੜੀ ਹੋਈ ਸੀ ਕਿ ਮਾਪਿਆਂ ਨੂੰ ਉਸ ਦੇ ਹਾਣ ਦਾ ਵਰ ਲੱਭਣ ਦਾ ਫਿਕਰ ਸਾਹਿਬ ਦੇਵਾਂ ਦੇ ਬਚਪਨ ਵਿਚ ਹੀ ਹੋਣ ਲਗ ਪਿਆ ਸੀ। ਉਹ ਪੰਜਾਬੀ ਸਭਿਆਚਾਰ ਵਿਚ ਵਿਚਰਦੀ ਹੋਈ ਸਿੱਖ ਸਭਿਆਚਾਰ ਦੀ ਪ੍ਰਤੀਨਿਧ ਹੁੰਦੀ ਜਾ ਰਹੀ ਸੀ ਅਤੇ ਇਸ ਨਾਲ ਉਸ ਦੇ ਇਰਦ-ਗਿਰਦ ਦੀ ਸਮਾਜਕਤਾ ਨੇ ਉਸ ਨੂੰ ਸਿੱਖ ਸੁਰ ਵਿਚ ਉਸਰ ਰਹੀ ਸਿੱਖ ਨਾਰੀ ਵਜੋਂ ਪ੍ਰਵਾਨ ਕਰ ਲਿਆ ਸੀ।

ਕੁਆਰਾ ਡੋਲਾ ਦੇ ਸਿੱਖ ਬਿੰਬ ਰਾਹੀਂ ਸਿੱਖ ਵਰਤਾਰੇ ਦੀਆਂ ਬਹੁਤ ਸਾਰੀਆਂ ਪਰਤਾਂ ਸਥਾਪਤ ਕੀਤੀਆਂ ਜਾ ਸਕਦੀਆਂ ਹਨ, ਜਿਵੇਂ ਕਿ ਰਿਸ਼ਤਿਆਂ ਵਿਚੋਂ ਇੰਦ੍ਰਿਆਵੀ ਸੀਮਾਵਾਂ ਨੂੰ ਛੜਪਣਾ, ਸਰੀਰਕ ਤੇ ਸਮਾਜਕ ਸਰੋਕਾਰਾਂ ਨੂੰ ਦਿੱਭਤਾ ਦੇ ਪੈਂਡਿਆਂ ਵਿਚੋਂ ਪਾਸੇ ਰੱਖਣਾ, ਆਮ ਸਿੱਖ ਦਾ ਗੁਰੂ ਰੰਗ ਵਿਚ ਹਲੂਲ ਹੋਣ ਲਈ ਸਵੈ-ਇੱਛਤ ਚੋਣ ਕਰਨਾ ਅਤੇ ਸੇਵਾ ਸਮਰਪਣ ਨੂੰ ਸਾਰੇ ਰਿਸ਼ਤਿਆਂ ਦੀ ਚੂਲ ਪ੍ਰਵਾਨ ਕਰਨਾ। ਮਾਤਾ ਸਾਹਿਬ ਕੌਰ ਉਸੇ ਤਰ੍ਹਾਂ ਸਿਰ ਤਲੀ 'ਤੇ ਰੱਖ ਕੇ ਗੁਰੂ ਤੋਂ ਨਿਛਾਵਰ

***ਸਾਹਿਬ ਦੇਵਾਂ ਦਾ ਕਰਮ ਖੇਤਰ ਗੁਰੂ ਮਹਿਲਾਂ ਵਿਚਕਾਰ ਵੀ ਵਿਲੱਖਣ ਹੈ। ਗੁਰਮਤਿ ਦੇ ਰੰਗ ਵਿਚ ਵਿਚਰਦੀ ਸਾਹਿਬ ਦੇਵਾਂ ਗੁਰੂ ਮਹਿਲ ਵਜੋਂ ਗੁਰੂ ਦਿੱਭਤਾ ਦੀ ਅਰਧੰਗਣੀ ਹੋ ਕੇ ਨਵੀਂਆਂ ਵੰਗਾਰਾਂ ਦੇ ਸਨਮੁਖ ਹੋ ਜਾਂਦੀ ਹੈ। ਇਸ ਨੂੰ ਕੁਆਰੇਪਨ ਤੋਂ ਮਾਤਰਤਵ ਵਿਚ ਪ੍ਰਵੇਸ਼ ਕਰ ਜਾਣ ਵਾਂਗ ਲਿਆ ਜਾ ਸਕਦਾ ਹੈ। ਇਸ ਨੂੰ ਦੇਹੀ ਦਾ ਰੂਹ ਨਾਲ ਸੰਘਰਸ਼ ਵੀ ਕਿਹਾ ਜਾ ਸਕਦਾ ਹੈ। ਇਸ ਨੂੰ ਬੁੱਧੀ ਰਾਹੀਂ ਸਮਝਣ ਦੀ ਥਾਂ ਰੂਹ ਨਾਲ ਮਹਿਸੂਸ ਕੀਤੇ ਜਾਣ ਦੀ ਲੋੜ ਹੈ।***

ਹੋ ਜਾਣ ਵਾਲੀ ਸਿੱਖ ਭਾਵਨਾ ਦੇ ਪ੍ਰਤੀਨਿਧ ਸਨ, ਜਿਸ ਨੂੰ ਵਿਸਾਖੀ 1699 ਨੂੰ ਪੰਜਾਂ ਪਿਆਰਿਆਂ ਰਾਹੀਂ ਸਾਹਮਣੇ ਲਿਆਂਦਾ ਗਿਆ ਸੀ। ਇਹ ਗੁਰੂ ਅਤੇ ਸਿੱਖ ਦਾ ਇਕ ਦੂਜੇ ਦੇ ਰੰਗ ਵਿਚ ਰੰਗੇ ਜਾਣਾ ਸੀ।

ਸਿੱਖ ਪ੍ਰਸੰਗ ਵਿਚ ਇਹ ਪਹਿਲਾ ਰਿਸ਼ਤਾ ਸੀ ਜਿਸ ਨੇ ਵਿਸਮਾਦੀ ਸੁਰ ਵਿਚ ਉਸਰਨਾ ਸੀ ਅਤੇ ਦੇਹੀ ਹੱਦਬੰਦੀਆਂ ਤੋਂ ਪਾਰ ਲੰਘਣਾ ਸੀ। ਅਜਿਹਾ ਸ਼ਬਦ ਗੁਰੂ ਦੀ ਅਗਵਾਈ ਵਿਚ ਲਗਾਤਾਰ ਹੁੰਦਾ ਆ ਰਿਹਾ ਸੀ ਅਤੇ ਇਸੇ ਨੂੰ ਅੰਤਿਮ ਛੋਹਾਂ ਦੇਣ ਦਾ ਪਰਵਾਹ ਗੁਰੂ ਸਾਹਿਬਾਨ ਦੀ ਅਗਵਾਈ ਵਿਚ ਲਗਾਤਾਰ ਚੱਲ ਰਿਹਾ ਸੀ। ਸਾਹਿਬ ਦੇਵਾਂ ਦਾ ਕਰਮ ਖੇਤਰ ਗੁਰੂ ਮਹਿਲਾਂ ਵਿਚਕਾਰ ਵੀ ਵਿਲੱਖਣ ਹੈ। ਗੁਰਮਤਿ ਦੇ ਰੰਗ ਵਿਚ ਵਿਚਰਦੀ ਸਾਹਿਬ ਦੇਵਾਂ ਗੁਰੂ ਮਹਿਲ ਵਜੋਂ ਗੁਰੂ ਦਿੱਭਤਾ ਦੀ ਅਰਧੰਗਣੀ ਹੋ ਕੇ ਨਵੀਂਆਂ ਵੰਗਾਰਾਂ ਦੇ ਸਨਮੁਖ ਹੋ ਜਾਂਦੀ ਹੈ। ਇਸ ਨੂੰ ਕੁਆਰੇਪਨ ਤੋਂ ਮਾਤਰਤਵ ਵਿਚ ਪ੍ਰਵੇਸ਼ ਕਰ ਜਾਣ ਵਾਂਗ ਲਿਆ ਜਾ ਸਕਦਾ ਹੈ। ਇਸ ਨੂੰ ਦੇਹੀ ਦਾ ਰੂਹ ਨਾਲ ਸੰਘਰਸ਼ ਵੀ ਕਿਹਾ ਜਾ ਸਕਦਾ ਹੈ। ਇਸ ਨੂੰ ਬੁੱਧੀ ਰਾਹੀਂ ਸਮਝਣ ਦੀ ਥਾਂ ਰੂਹ ਨਾਲ ਮਹਿਸੂਸ ਕੀਤੇ ਜਾਣ ਦੀ ਲੋੜ ਹੈ।

ਤੀਜਾ ਪੜਾਅ ਗੁਰੂ ਮਹਿਲ ਤੋਂ ਖਾਲਸਾ ਮਾਤਾ ਤੱਕ ਫੈਲਿਆ ਹੋਇਆ ਹੈ। ਮਾਤਾ ਸਾਹਿਬ ਕੌਰ ਦੀ ਭੂਮਿਕਾ ਦਸਮ ਪਾਤਸ਼ਾਹ ਦੀ ਅਗਵਾਈ ਵਿਚ (1708 ਤੱਕ) ਅਤੇ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ (1708 ਤੋਂ 1731 ਤੱਕ) ਵੰਡ ਕੇ ਵੀ ਵਿਚਾਰੀ ਜਾ ਸਕਦੀ ਹੈ।

ਦੇਹ ਦੀ ਬਿਨਸਣਹਾਰਤਾ ਨੂੰ ਅਕਾਲ ਦੀ ਅਬਿਨਸਣਹਾਰਤਾ ਨਾਲ ਰਿਸ਼ਤੇ ਨੂੰ ਪਤੀ-ਪਤਨੀ ਦੇ ਬਿੰਬ ਰਾਹੀਂ ਸਮਝਿਆ ਤੇ ਸਮਝਾਇਆ ਜਾ ਸਕਦਾ ਹੈ। ਇਸ ਵਾਸਤੇ ਸ਼ੁਭ ਕਰਣੀ ਨੂੰ ਕਾਮਣਿ ਆਖਿਆ ਜਾ ਰਿਹਾ ਸੀ (ਨਿਜ ਭਗਤੀ ਸੀਲਵੰਤੀ ਨਾਰ॥ ਪੰਨਾ 370)। ਇਸ ਨੂੰ "ਕਰਿ ਸੇਵਾ ਸਤ ਪੁਰਖ ਸਤ ਪੁਰਖੁ ਮਨਾਇਆ॥ ਗੁਰਿ ਆਣੀ ਘਰ ਮਹਿ ਤਾ ਸਰਬ ਸੁਖ ਪਾਇਆ॥" (ਪੰਨਾ 371) ਰਾਹੀਂ ਵੀ ਸਮਝਿਆ ਜਾ ਸਕਦਾ ਹੈ।

ਮਾਤਾ ਜੀ ਨੂੰ ਸਿੱਖ ਇਤਿਹਾਸ ਦੇ ਬੰਧਨ ਤੋਂ ਮੁਕਤ ਕਰਕੇ ਕਿਰਪਾ-ਪਾਤਰ ਦੇ ਰੂਪ ਵਿਚ ਸਥਾਪਤ ਕੀਤੇ ਜਾਣ ਦੀ ਲੋੜ ਹੈ। ਇਸ ਪਾਸੇ ਨਹੀਂ ਤੁਰਾਂਗੇ ਤਾਂ ਦੂਜਿਆਂ ਦੇ ਏਜੰਡੇ ਮੁਤਾਬਕ ਆਪਣੇ ਸਿੱਖ ਪਾਤਰਾਂ ਦੇ ਯੋਗਦਾਨ ਨੂੰ ਸਮਝਣ ਦੀ ਮਜਬੂਰੀ ਹੰਢਾ ਰਹੇ ਹੋਵਾਂਗੇ। ਮਾਤਾ ਜੀ ਰਾਹੀਂ ਨਾਦੀ ਅਤੇ ਬਿੰਦੀ ਦਾ ਪ੍ਰਸੰਗ-ਉਸਾਰ ਵੀ ਮਾਤਾ ਜੀ ਦਾ ਯੋਗਦਾਨ ਹੀ ਸੀ। ਜੀਵ-ਵੱਥ ਨੂੰ ਨਾਰੀ ਮਾਧਿਅਮ ਰਾਹੀਂ ਉਜਾਗਰ ਕਰਨ ਦੀ ਭੂਮਿਕਾ ਵੀ ਮਾਤਾ ਜੀ ਨੇ ਨਿਭਾਈ ਸੀ। ਮਾਤਾ ਜੀ ਦੇ ਯੋਗਦਾਨ ਨਾਲ ਇਹ ਵੀ ਸਥਾਪਤ ਹੋਇਆ ਸੀ ਕਿ ਲਿੰਗ-ਮੂਲਕ ਵਰਤਾਰਿਆਂ ਤੋਂ ਅੱਗੇ ਤੁਰ ਸਕਣ ਦੀ ਸਪੇਸ ਸਦਾ ਹੀ ਹੁੰਦੀ ਹੈ, ਪਰ ਇਸ ਨੂੰ ਵਰਤਣ ਵਾਸਤੇ ਸਿਮਰਨ, ਕਿਰਪਾ, ਅਰਦਾਸ ਅਤੇ ਹੋਰ ਸੰਗਤੀ ਵਿਧੀਆਂ ਕੰਮ ਆ ਸਕਦੀਆਂ ਹਨ। ਇਸ ਨੂੰ ਬੀਜ ਦੀ ਸਫੁਟਣ ਵਿਧੀ ਦੁਆਰਾ ਸਮਝਿਆ ਜਾ ਸਕਦਾ ਹੈ ਕਿਉਂਕਿ ਜੋ ਫੁੱਟਦਾ ਨਹੀਂ, ਉਹ ਪੁੰਗਰਦਾ ਅਤੇ ਵਿਗਸਦਾ ਵੀ ਨਹੀਂ।

ਨਾਰੀ ਦੀ ਇਹ ਨਿਹਿਤ ਊਰਜਾ ਪ੍ਰਾਪਤ ਨਾਲ ਸੌਖਿਆਂ ਨਿਭ ਸਕਦੀ ਹੈ। ਇਸ ਨੂੰ ਧਿਆਨ ਵਿਚ ਰੱਖ ਕੇ ਮਾਤਾ ਸਾਹਿਬ ਕੌਰ ਨੂੰ ਉਸ ਮਾਤਰਾ ਵਿਚ ਸਾਹਮਣੇ ਅਜੇ ਲਿਆਉਣਾ ਹੈ, ਜਿਸ ਮਾਤਰਾ ਵਿਚ ਉਹ ਦਸਮ ਪਾਤਸ਼ਾਹ ਹਜ਼ੂਰ ਵਿਚ ਹਲੂਲ ਸਨ। ਗੁਰੂ ਦੇ ਰੰਗ ਵਿਚ ਹਲੂਲ ਹੋ ਸਕਣ ਦੀਆਂ ਸਿੱਖ ਵਿਧੀਆਂ-ਸੇਵਾ, ਸਿਮਰਨ ਅਤੇ ਸਮਕਰਮਕਤਾ ਸਭ ਲਈ ਬਰਾਬਰ ਹਨ। ਇਨ੍ਹਾਂ ਨੂੰ ਵਰਤ ਕੇ ਹੀ ਮਾਤਾ ਸਾਹਿਬ ਕੌਰ ਖਾਲਸਾ ਮਾਤਾ ਦੀ ਪਦਵੀ ਨੂੰ ਪਹੁੰਚ ਸਕੇ ਸਨ।

ਨਾਰੀ ਦਾ ਸਭਿਆਚਾਰਕ ਪ੍ਰਸੰਗ ਤਾਂ ਪ੍ਰਾਪਤ ਸੀ, ਪਰ ਨਾਰੀ ਦਾ ਅਧਿਆਤਮਕ ਪ੍ਰਸੰਗ ਸਿੱਖ ਧਰਮ ਨੇ ਹੀ ਸਾਹਮਣੇ ਲਿਆਂਦਾ ਹੈ। ਗੁਰੂ ਮਹਿਲਾਂ ਦੇ ਹਵਾਲੇ ਨਾਲ ਇਸ ਦਾ ਸਿਧਾਂਤਕ ਪ੍ਰਸੰਗ ਅਜੇ ਤੱਕ ਸਾਹਮਣੇ ਨਹੀਂ ਆਇਆ।

ਮਾਤਾ ਜੀ ਦੇ ਹਵਾਲੇ ਨਾਲ ਦੇਹੀ ਦੇ ਛਿਣ-ਭੰਗਰ ਅਨੰਦ ਨੂੰ ਸਿੱਖ ਵਿਧੀਆਂ ਦੁਆਰਾ ਦੇਹੀ ਦੇ ਵਿਸਮਾਦੀ ਅਨੰਦ ਤੱਕ ਪਹੁੰਚਣ ਦੀ ਸਿੱਖ ਸਕਰਮਕਤਾ ਸਾਹਮਣੇ ਆ ਸਕਦੀ ਹੈ। ਇਸ ਪਾਸੇ ਅਜੇ ਅਸੀਂ ਤੁਰਨਾ ਹੈ।

## ਅੰਕੜਿਆਂ ਦਾ ਕਮਾਲ

ਸਮਾਂ ਆਪਣੀ ਰਫਤਾਰ ਨਾਲ ਅੱਗੇ ਵੱਧ ਰਿਹਾ ਹੈ। ਸਮੇਂ ਨੂੰ ਕੋਈ ਵੀ ਰੋਕ ਨਹੀਂ ਸਕਿਆ ਤੇ ਨਾ ਹੀ ਕੋਈ ਅੱਗੋਂ ਰੋਕ ਸਕੇਗਾ। ਭਾਈ ਵੀਰ ਸਿੰਘ ਨੇ ਸਮੇਂ ਸਬੰਧੀ ਲਿਖਿਆ ਹੈ:

ਰਹੀ ਵਾਸਤੇ ਘੱਤ ਸਮੇਂ ਨੇ ਇੱਕ ਨਾ ਮੰਨੀ।
ਫੜ੍ਹ ਫੜ੍ਹ ਰਹੀ ਧਰੀਕ ਸਮੇਂ ਖਿਸਕਾਈ ਕੰਨੀ।
ਤਿਰਖੇ ਆਪਣੇ ਵੇਗ ਗਿਆ ਟੱਪ ਬੰਨੇ ਬੰਨੀ।
ਉਠ ਸੰਭਲ ਸੰਭਾਲ ਇਸ ਸਮੇਂ ਨੂੰ
ਕਰ ਸਫਲ ਉਡੰਦਾ ਜਾਵੰਦਾ।
ਇਹ ਠਹਿਰਨ ਜਾਚ ਨਾ ਜਾਣਦਾ,
ਲੰਘ ਗਿਆ ਨਾ ਮੁੜ ਕੇ ਆਵੰਦਾ।

ਪਰੰਤੂ ਇਸ ਨੂੰ ਠੀਕ ਤਰ੍ਹਾਂ ਵਰਤਣ ਲਈ ਉਪਰਾਲੇ ਤਾਂ ਕੀਤੇ ਹੀ ਜਾ ਸਕਦੇ ਹਨ। ਸਾਰੀ ਲੋਕਾਈ 2017 ਨੂੰ ਅਲਵਿਦਾ ਆਖਣ ਤੇ ਸਾਲ 2018 ਨੂੰ ਜੀ ਆਇਆਂ ਨੂੰ ਆਖਣ ਅਤੇ ਹਰ ਇਕ ਲਈ ਨਵੀਂਆਂ ਆਸਾਂ ਉਮੀਦਾਂ ਲੈ ਕੇ ਆਉਣ ਦੀਆਂ ਕਾਮਨਾਵਾਂ ਕਰ ਰਹੀ ਹੈ। ਸਾਲ 2018 ਦਾ ਕੈਲੰਡਰ ਜੇਬ ਵਿਚ ਰੱਖਣ ਲਈ ਤਿਆਰ ਹੈ।

ਬੜਾ ਹੀ ਆਸਾਨ ਢੰਗ ਹੈ। ਹਰ ਮਹੀਨੇ ਨੂੰ ਇੱਕ ਜਾਦੂਈ ਅੰਕੜਾ ਦਿੱਤਾ ਗਿਆ ਹੈ। ਇਸ ਅੰਕੜੇ ਨੂੰ ਜਿਸ ਮਹੀਨੇ ਲਈ ਦਿਨ ਬਾਰੇ ਪਤਾ ਕਰਨਾ ਹੈ, ਉਸ ਵਿਚ ਜੋੜ ਦਿਉ ਅਤੇ ਜੋੜ ਨੂੰ 7 ਨਾਲ ਵੰਡ ਦਿਉ ਜੇ ਪੂਰਾ ਵੰਡਿਆ ਜਾਵੇ ਅਰਥਾਤ ਬਾਕੀ ਸਿਫਰ ਹੋਵੇ ਤਾਂ ਐਤਵਾਰ ਹੋਵੇਗਾ, ਜੇ ਬਾਕੀ ਇੱਕ ਆਵੇ ਤਾਂ ਸੋਮਵਾਰ, ਜੇ ਬਾਕੀ ਦੋ ਆਵੇ ਤਾਂ ਮੰਗਲਵਾਰ, ਬਾਕੀ ਤਿੰਨ ਹੋਵੇ ਤਾਂ ਬੁਧਵਾਰ, ਚਾਰ ਆਵੇ ਤਾਂ ਵੀਰਵਾਰ, ਪੰਜ ਆਵੇ ਤਾਂ ਸ਼ੁਕਰਵਾਰ ਅਤੇ ਜੇ ਬਾਕੀ ਛੇ ਆਵੇ ਤਾਂ ਸਨਿਚਰਵਾਰ ਹੋਵੇਗਾ।

ਜਨਵਰੀ ਅਤੇ ਅਕਤੂਬਰ ਲਈ ਸਿਫਰ। ਫਰਵਰੀ, ਮਾਰਚ ਅਤੇ ਨਵੰਬਰ ਲਈ ਤਿੰਨ। ਅਪ੍ਰੈਲ ਅਤੇ ਜੁਲਾਈ ਲਈ ਛੇ ਹੈ। ਸਤੰਬਰ ਅਤੇ ਦਸੰਬਰ ਲਈ ਪੰਜ ਹੈ। ਮਈ ਲਈ ਇੱਕ, ਅਗਸਤ ਲਈ ਦੋ ਅਤੇ ਜੂਨ ਲਈ ਚਾਰ ਹੈ। ਇਸ ਢੰਗ ਨਾਲ ਤੁਸੀਂ 2018 ਦੇ ਕਿਸੇ ਵੀ ਮਹੀਨੇ ਦੇ ਦਿਨ ਦਾ ਪਤਾ ਲਾ ਸਕਦੇ ਹੋ ਅਤੇ ਆਪਣੇ ਪ੍ਰੋਗਰਾਮ ਨੂੰ ਦਿਨਾਂ ਦੇ ਅਨੁਸਾਰ ਤਰਤੀਬ ਦੇ ਸਕਦੇ ਹੋ।

*-ਅਜੀਤ ਸਿੰਘ ਕੋਟਕਪੂਰਾ*
*ਡੇਅਟਨ, ਓਹਾਇਓ*
*ਫੋਨ: 585-305-0443*

# ਕੀ ਸਿੱਖ ਕੌਮ ਜ਼ਰਾਇਮ ਪੇਸ਼ਾ ਹੈ?

## ਇਤਿਹਾਸ ਦੇ ਪੰਨੇ

*ਸੰਨ 1947 'ਚ ਆਜ਼ਾਦੀ ਮਿਲਣ ਪਿਛੋਂ ਸਮੇਂ ਦੀ ਸਰਕਾਰ ਵਲੋਂ ਸਰਕਾਰੀ ਪੱਤਰ ਵਿਹਾਰ ਵਿਚ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕੌਮ ਆਖੇ ਜਾਣ ਨੇ ਸਿੱਖ ਹਿਰਦਿਆਂ ਨੂੰ ਡੂੰਘੀ ਚੋਟ ਪਹੁੰਚਾਈ ਸੀ। ਤੇ ਇਸੇ ਦੇ ਹਵਾਲੇ ਨਾਲ ਇਸ ਲੇਖ ਵਿਚ ਜਨਾਬ ਮੁਸਤਫਾ ਡੋਗਰ ਨੇ ਪੰਜਾਬ ਦੇ ਇਤਿਹਾਸ ਵਿਚ ਸਿੱਖ ਕੌਮ ਦੀ ਹੋਂਦ ਹਸਤੀ ਬਾਰੇ ਕੁਝ ਟਿੱਪਣੀਆਂ ਕਰਦਿਆਂ ਲਿਖਿਆ ਹੈ, "ਸਾਨੂੰ ਇਹ ਕਿਤੇ ਵੀ ਲਿਖਿਆ ਨਹੀਂ ਮਿਲਦਾ ਕਿ ਸਿੱਖਾਂ ਦੇ ਵੀ ਚੋਰੀ ਕਰਨ ਜਾਂ ਨਾ ਕਰਨ ਦੇ ਕੁਝ ਢੰਗ ਤੇ ਮਨਹੂਸ ਵਹਿਮ ਭਰਮ ਸਨ। ਕਿਉਂਕਿ ਸਿੱਖ ਅਜਿਹੇ ਹੈ ਹੀ ਨਹੀਂ ਸਨ। ਫਿਰ ਸਿੱਖਾਂ ਨੂੰ ਜ਼ਰਾਇਮ ਪੇਸ਼ਾ, ਘੋਸ਼ਿਤ ਕਰਨ ਦੀ ਕਾਰਵਾਈ ਸਮਝ ਤੋਂ ਬਾਹਰ ਹੈ।" -ਸੰਪਾਦਕ*

**ਕੁਝ ਲੇਖਕ ਬਾਰੇ**

**ਲੇਖਕ ਜਨਾਬ ਮੁਸਤਫਾ ਡੋਗਰ ਦੇ ਬਜ਼ੁਰਗ ਅੰਮ੍ਰਿਤਸਰ ਨੇੜਲੇ ਪਿੰਡ ਵੱਲ੍ਹਾ ਵੇਰਕਾ ਤੋਂ ਉਠ ਕੇ ਜਿਲ੍ਹਾ ਸਿਆਲਕੋਟ (ਪਾਕਿਸਤਾਨ) ਦੀ ਤਹਿਸੀਲ ਪਸਰੂਰ ਦੇ ਇਕ ਪਿੰਡ ਜਾ ਵੱਸੇ ਸਨ। ਹੁਣ ਜਨਾਬ ਡੋਗਰ ਇੰਗਲੈਂਡ ਰਹਿੰਦੇ ਹਨ ਅਤੇ ਅਰਥ ਸਾਸ਼ਤਰ ਵਿਚ ਪੀਐਚ.ਡੀ. ਕਰ ਰਹੇ ਹਨ। ਹਥਲੇ ਮਜਮੂਨ ਉਤੇ ਖੋਜ ਉਨ੍ਹਾਂ ਸੰਨ 2000 ਤੋਂ 2006 ਦੌਰਾਨ ਕੀਤੀ ਸੀ। ਲੇਖਕ ਇਹਿਤਾਸ ਦਾ ਕਦੇ ਵੀ ਵਿਦਿਆਰਥੀ ਨਹੀਂ ਰਿਹਾ। ਉਹ ਤਾਂ ਅਰਥ ਸਾਸ਼ਤਰ ਦਾ ਵਿਦਿਆਰਥੀ ਹੀ ਰਿਹਾ ਹੈ। ਪੰਜਾਬ ਦੀ ਧਰਤੀ ਪ੍ਰਤੀ ਮੋਹ ਹੀ ਉਸ ਨੂੰ ਪੰਜਾਬ ਦੇ ਲੋਕਾਂ ਦੇ ਇਤਿਹਾਸ ਦੇ ਅਧਿਐਨ ਵੱਲ ਲੈ ਤੁਰਿਆ।**

ਵਿਸ਼ਵ ਵਿਚ ਕੁਝ ਹੀ ਕੌਮਾਂ ਹਨ, ਜਿਨ੍ਹਾਂ ਨੇ ਬੜੀ ਸਿੱਦਤ, ਦਲੇਰੀ ਤੇ ਬਹਾਦਰੀ ਨਾਲ ਆਪਣੇ ਦੇਸ਼ ਦੀ ਆਬਰੂ ਬਰਕਰਾਰ ਰੱਖਣ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਇਨ੍ਹਾਂ ਕੌਮਾਂ 'ਚ ਸਿੱਖ ਕੌਮ ਦਾ ਸ਼ੁਮਾਰ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਹੁੰਦਾ ਹੈ। ਜਦੋਂ ਵੀ ਦੇਸ਼ ਨੂੰ ਕੁਰਬਾਨੀਆਂ ਦੀ ਲੋੜ ਪਈ ਹੈ, ਸਿੱਖਾਂ ਨੇ ਵਧ-ਚੜ੍ਹ ਕੇ ਹਿੱਸਾ ਪਾਇਆ ਹੈ, ਭਾਵੇਂ ਉਹ ਮੁਗਲ ਦੌਰ ਹੋਵੇ ਜਾਂ ਬ੍ਰਿਟਿਸ਼ ਦੌਰ। ਮੁਗਲਾਂ ਨੇ ਤਾਂ ਸਿੱਖਾਂ ਦੇ ਸਿਰਾਂ ਦੇ ਮੁਲ ਪਾ ਕੇ ਵੀ ਵੇਖ ਲਏ ਪਰ ਸਿੱਖ ਕੌਮ ਨੂੰ ਖਤਮ



**ਗੁਲਾਮ ਮੂਸਤਫਾ ਡੋਗਰ ਯੂ. ਕੇ.**
**ਫੋਨ: +44 78781-32209**
**E-mail: kotroy@hotmail.co.uk**

**ਲਿਪੀਅੰਤਰ:ਰਾਜਵਿੰਦਰ ਸਿੰਘ ਸਿੱਧੂ**
**ਫੋਨ: 91-98555-03224**
**ਸਰਬਜੀਤ ਸਿੰਘ ਸੰਧੂ**
**ਫੋਨ: 91-95010-11799**

ਨਹੀਂ ਕਰ ਸਕੇ। ਸਗੋਂ ਸਿੱਖ ਕੌਮ ਹਮੇਸ਼ਾਂ ਚੜ੍ਹਦੀ ਕਲ੍ਹਾ 'ਚ ਰਹੀ ਹੈ। ਮੀਰ ਮੰਨੂ ਵੇਲੇ ਤਾਂ ਇਹ ਕਹਾਵਤ ਪ੍ਰਚਲਿਤ ਰਹੀ ਹੈ:

ਮੰਨੂ ਸਾਡੀ ਦਾਤਰੀ ਅਸੀਂ ਮੰਨੂ ਦੇ ਸੋਏ,
ਜਿਉਂ ਜਿਉਂ ਸਾਨੂੰ ਵੱਢਦਾ
ਅਸੀਂ ਦੂਣ ਸਵਾਏ ਹੋਏ।

ਬ੍ਰਿਟਿਸ਼ ਹਕੂਮਤ ਤੋਂ ਭਾਰਤ ਨੂੰ ਆਜ਼ਾਦ ਕਰਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਸਿੱਖਾਂ ਨੇ ਕੀਤੀਆਂ ਜਦਕਿ ਸਿੱਖਾਂ ਦੀ ਗਿਣਤੀ ਦੂਜੀਆਂ ਕੌਮਾਂ ਦੇ ਮੁਕਾਬਲੇ ਆਟੇ 'ਚ ਲੂਣ ਮਾਤਰ ਹੀ ਸੀ। ਸਿੱਖਾਂ ਦੀਆਂ ਕੁਰਬਾਨੀਆਂ ਦਾ ਕਿਸੇ ਵੀ ਹਕੂਮਤ ਨੇ ਮੁੱਲ ਨਹੀਂ ਪਾਇਆ, ਉਲਟਾ ਇਸ ਨੂੰ ਹਮੇਸ਼ਾਂ ਹਾਸ਼ੀਏ 'ਤੇ ਧੱਕਣ ਦੀਆਂ ਸਾਜਿਸ਼ਾਂ ਹੀ ਘੜੀਆਂ ਗਈਆਂ ਤੇ ਅਜੇ ਵੀ ਜਾਰੀ ਹਨ।

**ਸਿੱਖ ਜ਼ਰਾਇਮ ਪੇਸ਼ਾ ਸਨ ਜਾਂ ਨਹੀਂ:** ਇੰਗਲੈਂਡ 'ਚ ਮੇਰੇ ਕੁੱਝ ਸਿੱਖ ਦੋਸਤ ਹਨ, ਜਿਨ੍ਹਾਂ ਨਾਲ ਅਕਸਰ ਮੇਰੀ ਇਤਿਹਾਸ ਦੇ ਹਵਾਲੇ ਨਾਲ ਚਰਚਾ ਹੁੰਦੀ ਰਹਿੰਦੀ ਹੈ। ਉਨ੍ਹਾਂ ਤੋਂ ਹੀ ਸਿੱਖ ਕੌਮ ਬਾਰੇ ਮੈਨੂੰ ਇਹ ਜਾਣਕਾਰੀ ਮਿਲੀ ਕਿ 1947 ਈ. 'ਚ ਬ੍ਰਿਟਿਸ਼ ਹਕੂਮਤ ਤੋਂ ਆਜ਼ਾਦੀ ਮਿਲਣ ਪਿਛੋਂ ਭਾਰਤੀ ਹਕੂਮਤ ਨੇ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕੌਮ ਐਲਾਨ ਦਿੱਤਾ ਸੀ। ਇਸ ਦੇ ਵਿਰੋਧ 'ਚ ਸਿੱਖ ਨੇਤਾ ਸਿਰਦਾਰ ਕਪੂਰ ਸਿੰਘ ਨੇ ਇੱਕ ਪੈਂਫਲਿਟ ਛਾਪਿਆ, ਜਿਸ 'ਚ ਉਨ੍ਹਾਂ ਭਾਰਤੀ ਹਕੂਮਤ ਨੂੰ ਅਜਿਹਾ ਕਰਨ ਤੋਂ ਵਰਜਿਆ ਸੀ।

ਮੇਰੇ ਇਸ ਲੇਖ ਦਾ ਮਨੋਰਥ ਇਹ ਸਾਬਤ ਕਰਨਾ ਨਹੀਂ ਕਿ ਜੋ ਸਮੇਂ ਦੀ ਸਰਕਾਰ ਨੇ ਕੀਤਾ, ਉਹ ਠੀਕ ਸੀ ਜਾਂ ਗਲਤ। ਮੇਰਾ ਮਕਸਦ ਇਹ ਹੈ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਪਤਾ ਲੱਗੇ ਕਿ ਕਿਸੇ ਕਬੀਲੇ ਜਾਂ ਕੌਮ ਨੂੰ ਜ਼ਰਾਇਮ ਪੇਸ਼ਾ ਕਰਾਰ ਦੇਣ ਦਾ ਮਕਸਦ ਕੀ ਸੀ? ਇਸ ਖਾਤਰ ਕੀ ਕੀ ਢੰਗ-ਤਰੀਕੇ ਵਰਤੇ ਜਾਂਦੇ ਸਨ ਤੇ ਉਦੋਂ ਕਿਹੜੇ-ਕਿਹੜੇ ਜ਼ਰਾਇਮ ਵੱਡੀ ਮਾਤਰਾ 'ਚ ਹੋ ਰਹੇ ਸਨ? ਮੈਂ ਜੋ ਤੱਥ ਤੇ ਅੰਕੜੇ ਜ਼ਰਾਇਮ ਪੇਸ਼ਾ ਹੋਣ ਦੇ ਹਵਾਲੇ ਨਾਲ ਸਾਂਝੇ ਕਰਨੇ ਹਨ, ਉਨ੍ਹਾਂ ਦੇ ਆਧਾਰ 'ਤੇ ਫੈਸਲਾ ਪਾਠਕ ਨੇ ਕਰਨਾ ਹੈ ਕਿ ਆਜ਼ਾਦੀ ਪਿਛੋਂ ਸਿੱਖ ਕੌਮ ਨੂੰ ਜ਼ਰਾਇਮ ਪੇਸ਼ਾ ਕਰਾਰ ਦੇਣਾ ਕਿਤੇ ਉਨ੍ਹਾਂ ਨਾਲ ਜ਼ਿਆਦਤੀ ਤਾਂ ਨਹੀਂ ਸੀ!

ਇਸ ਬਾਬਤ ਮੈਂ ਤੁਹਾਨੂੰ ਇੱਕ ਕਿੱਸਾ ਸੁਣਾਉਂਦਾ ਹਾਂ। ਕਿਸੇ ਪਿੰਡ 'ਚ ਕੋਈ ਆਦਮੀ ਰਹਿੰਦਾ ਸੀ। ਚੜ੍ਹਦੀ ਜਵਾਨੀ ਉਸ ਦਾ ਵਿਆਹ ਨਾ ਹੋਇਆ। ਉਸ ਦੀ ਉਮਰ ਜ਼ਿਆਦਾ ਹੋ ਗਈ। ਦਾੜ੍ਹੀ 'ਚ ਚਿੱਟੇ ਵਾਲਾਂ ਦੀ ਭਰਮਾਰ ਹੋ ਗਈ। ਕਿਸੇ ਨਾ ਕਿਸੇ ਤਰ੍ਹਾਂ ਉਸ ਦਾ ਰਿਸ਼ਤਾ ਹੋ ਗਿਆ। ਉਸ ਨੇ ਆਪਣੇ ਵਿਆਹ ਦੀ ਤਿਆਰੀ ਸ਼ੁਰੂ ਕਰ ਦਿੱਤੀ। ਫਿਰ ਖਿਆਲ ਆਇਆ ਕਿ ਉਸ ਦੀ ਦਾੜ੍ਹੀ 'ਚ ਕਾਫੀ ਵਾਲ ਚਿੱਟੇ ਹੋ ਗਏ ਨੇ ਕਿਉਂ ਨਾ ਇਨ੍ਹਾਂ ਨੂੰ ਨਾਈ ਤੋਂ ਕਢਵਾ ਲਵੇ। ਉਸ ਵਕਤ ਵਾਲਾਂ ਨੂੰ ਕਾਲੇ ਕਰਨ ਦਾ ਰਿਵਾਜ ਨਹੀਂ ਸੀ ਜਾਂ ਕਹਿ ਲਓ ਵਾਲ ਰੰਗਣ ਲਈ ਕੋਈ ਸਮਾਨ ਨਹੀਂ ਸੀ ਹੁੰਦਾ। ਉਹ ਮੁਹੱਲੇ ਵਿਚਲੇ ਨਾਈ ਕੋਲ ਗਿਆ ਤੇ ਆਖਣ ਲੱਗਾ, ਮੇਰਾ ਵਿਆਹ ਹੋਣ ਵਾਲਾ ਹੈ ਤੇ ਤੂੰ ਮੇਰੀ ਦਾੜ੍ਹੀ ਵਿਚਲੇ ਚਿੱਟੇ ਵਾਲ ਜਾਂ ਤਾਂ ਮੋਚਨੇ ਨਾਲ ਪੁੱਟ ਦੇ ਜਾਂ ਕੈਂਚੀ ਨਾਲ ਕੱਟ ਦੇਹ। ਨਾਈ ਨੇ ਵੇਖਿਆ ਕਿ ਇਸ ਦੀ ਦਾੜ੍ਹੀ 'ਚ ਚਿੱਟੇ ਵਾਲ ਇੰਨੇ ਜ਼ਿਆਦਾ ਹਨ ਕਿ ਬਹੁਤ ਵਕਤ ਖਰਾਬ ਹੋ ਜਾਵੇਗਾ। ਨਾਈ ਨੇ ਉਸਤਰਾ ਫੜ੍ਹਿਆ ਤੇ ਸਾਰੀ ਦਾੜ੍ਹੀ ਕੁਤਰ ਕੇ ਉਸ ਬੰਦੇ ਦੀ ਤਲੀ 'ਤੇ ਰੱਖ ਦਿੱਤੀ ਤੇ ਆਖਣ ਲੱਗਾ ਮੇਰੇ ਕੋਲ ਏਨਾ ਸਮਾਂ ਨਹੀਂ ਹੈਗਾ, ਤੂੰ ਆਪ ਹੀ ਚਿੱਟੇ ਵਾਲ ਕੱਢ ਲੈ। ਇਸ ਤਰ੍ਹਾਂ ਹੀ ਮੈਂ ਤੱਥ ਤੇ ਅੰਕੜੇ ਕੱਢ ਕੇ ਧਰ ਦੇਣੇ ਹਨ ਤੇ ਫੈਸਲਾ ਤੁਸੀਂ ਖੁਦ ਕਰਨਾ ਹੈ ਕਿ ਕੀ ਸਿੱਖ ਜ਼ਰਾਇਮ ਪੇਸ਼ਾ ਸਨ? ਸਾਰੀ ਗੱਲ ਇਤਿਹਾਸ ਦੇ ਹਵਾਲੇ ਨਾਲ ਹੀ ਹੋਵੇਗੀ।

**ਜ਼ਰਾਇਮ ਪੇਸ਼ਾ ਕਰਾਰ ਦੇਣ ਦੇ ਨਿਯਮ:** ਕਿਸੇ ਕਬੀਲੇ ਜਾਂ ਲੋਕਾਂ ਦੇ ਸਮੂਹ ਨੂੰ ਜ਼ਰਾਇਮ ਪੇਸ਼ਾ ਐਲਾਨਣ ਲਈ ਬਣਾਏ ਗਏ ਨਿਯਮਾਂ ਅਧੀਨ ਹੀ ਕੰਮ ਲਿਆ ਜਾਂਦਾ ਸੀ। ਇਸ ਤਰ੍ਹਾਂ ਨਹੀਂ ਸੀ ਹੁੰਦਾ ਕਿ ਅੰਗਰੇਜ਼ ਕਿਸੇ ਕਬੀਲੇ ਨੂੰ ਕਹਿਣ ਕਿ ਤੁਸੀਂ ਜ਼ਰਾਇਮ ਪੇਸ਼ਾ ਹੋ ਤੇ ਉਹ ਕਬੀਲਾ ਜ਼ਰਾਇਮ ਪੇਸ਼ਾ ਹੋ ਗਿਆ ਤੇ ਕਿਸੇ ਕਬੀਲੇ ਨੂੰ ਕਹਿਣ ਕਿ ਤੁਸੀਂ ਜ਼ਰਾਇਮ ਪੇਸ਼ਾ ਨਹੀਂ ਹੋ ਤੇ ਉਹ ਕਬੀਲਾ ਜ਼ਰਾਇਮ ਪੇਸ਼ਾ ਲਿਸਟ 'ਚੋਂ ਨਿਕਲ ਗਿਆ। ਅੰਗਰੇਜ਼ ਬਾਦਸ਼ਾਹਾਂ ਵਾਂਗ ਨਹੀਂ ਸਨ ਕਰਦੇ ਜਿਨ੍ਹਾਂ ਦੇ ਮੂੰਹੋਂ ਨਿਕਲੇ ਹੋਏ ਸ਼ਬਦ ਹੀ ਕਾਨੂੰਨ ਹੋ ਜਾਇਆ ਕਰਦੇ ਸਨ। ਉਹ ਪਹਿਲਾਂ ਕਾਨੂੰਨ ਪਾਸ ਕਰਦੇ ਸਨ ਤੇ ਫਿਰ ਸਬੰਧਤ ਕਾਨੂੰਨ ਲਾਗੂ ਕਰਦੇ ਸਨ। ਇਸੇ ਕਰਕੇ ਹੀ ਉਹ ਏਨੀਆਂ ਸਦੀਆਂ ਹਿੰਦੋਸਤਾਨ 'ਤੇ ਹਕੂਮਤ ਕਰਨ 'ਚ ਕਾਮਯਾਬ ਰਹੇ। ਇੱਕ ਅੰਗਰੇਜ਼ ਅਧਿਕਾਰੀ ਮਿਸਟਰ ਫੈਨਸੀ ਪਾਰਕਸ ਨੇ ਇੱਕ ਕਿਤਾਬ ਲਿਖੀ ਹੈ, 'ਵੰਡਰਿੰਗ ਆਫ ਏ ਪਿਲਗਰਿਮ ਇਨ ਰਿਸਰਚ ਆਫ ਦੀ ਪਿਕਚਰਜ਼' 1840 ਈ. 'ਚ ਪ੍ਰਕਾਸ਼ਿਤ ਹੋਈ ਜੋ ਇਸ ਵਿਸ਼ੇ ਨਾਲ ਸਬੰਧਤ ਹੈ। ਇਸ ਤੋਂ ਇਲਾਵਾ ਅੰਗਰੇਜ਼ ਜ਼ਰਾਇਮ ਦੀਆਂ ਸਾਲਾਨਾ ਰਿਪੋਰਟਾਂ ਵੀ ਛਾਪਦੇ ਸਨ। ਉਨ੍ਹਾਂ ਕੋਲ ਇੱਕ ਲਿਸਟ ਹੁੰਦੀ ਸੀ ਜਿਸ 'ਚ ਇਸ਼ਤਿਹਾਰੀ ਮੁਜਰਮਾਂ ਦੇ ਨਾਂ ਦਰਜ ਹੁੰਦੇ ਸਨ। ਇਨ੍ਹਾਂ ਰਿਪੋਰਟਾਂ 'ਚੋਂ ਜੁਰਮ ਛੱਡ ਦੇਣ ਵਾਲੇ ਅਤੇ ਮਰ ਚੁਕੇ ਆਦਮੀਆਂ ਦੇ ਨਾਂ ਕੱਟ ਦਿੱਤੇ ਜਾਂਦੇ ਸਨ। ਹੁਣ ਵੀ ਭਾਰਤ ਤੇ ਪਾਕਿਸਤਾਨ ਦੇ ਥਾਣਿਆਂ 'ਚ ਇਵੇਂ ਹੀ ਹੁੰਦਾ ਹੈ। ਆਓ, ਉਸ ਵਕਤ ਦੇ ਉਨ੍ਹਾਂ ਹਾਲਾਤ ਨੂੰ ਵੇਖੀਏ ਜਿਨ੍ਹਾਂ ਦੀ ਵਜ੍ਹਾ ਨਾਲ ਅੰਗਰੇਜ਼ਾਂ ਨੂੰ ਜ਼ਰਾਇਮ ਪੇਸ਼ਾ ਲੋਕਾਂ ਨਾਲ ਸਬੰਧਤ ਇਹ ਕਾਨੂੰਨ ਬਣਾਉਣਾ ਪਿਆ।

**ਠੱਗ:** ਅੰਗਰੇਜ਼ਾਂ ਦੇ ਇੱਥੇ ਆਉਣ 'ਤੇ ਜੁਰਮ ਆਪਣੇ ਸਿਖਰ 'ਤੇ ਸੀ। ਇਨ੍ਹਾਂ 'ਚੋਂ ਠੱਗੀ ਇੱਕ ਵੱਡਾ ਜੁਰਮ ਸੀ। ਠੱਗ ਤਾਂ ਭਾਵੇਂ ਮੌਜੂਦਾ ਦੌਰ 'ਚ ਵੀ ਹਨ ਪਰ ਹੁਣ ਠੱਗੀ ਦਾ ਢੰਗ ਤਰੀਕਾ ਬਦਲ ਗਿਆ ਹੈ। ਉਸ ਵਕਤ ਠੱਗੀ ਦੀਆਂ ਬੜੀ ਦੂਰ-ਦੂਰ ਤੱਕ ਧੁੰਮਾਂ ਸਨ। ਠੱਗਾਂ ਦੇ ਵੱਡੇ-ਵੱਡੇ ਜਥੇ ਹੁੰਦੇ ਸਨ ਜੋ ਮਿਲ ਕੇ ਠੱਗੀਆਂ ਮਾਰਦੇ ਸਨ। ਠੱਗਾਂ ਦੇ ਗਿਰੋਹ ਦਾ ਇੱਕ ਮੁਖੀਆ ਹੁੰਦਾ ਸੀ, ਜਿਸ ਨੂੰ ਸਰਦਾਰ ਕਿਹਾ ਜਾਂਦਾ। ਠੱਗੀ ਮਾਰਨ ਦਾ ਇਨ੍ਹਾਂ ਦਾ ਆਪਣਾ ਹੀ ਢੰਗ ਹੁੰਦਾ ਸੀ। ਇਹ ਜ਼ੋਰ ਜ਼ਬਰਦਸਤੀ ਨਾਲ ਠੱਗੀ ਨਹੀਂ ਸਨ ਮਾਰਦੇ। ਠੱਗੀ ਮਾਰਨ 'ਚ ਜ਼ਿਆਦਾ ਰੋਲ ਜ਼ਬਾਨ ਤੇ ਅਦਾਕਾਰੀ ਦਾ ਹੁੰਦਾ ਸੀ। ਇਹ ਬੰਦੇ ਦਾ ਕਤਲ ਇਸ ਤਰ੍ਹਾਂ ਕਰਦੇ ਕਿ ਕੋਈ ਸਬੂਤ ਪਿਛੇ ਨਾ ਛੱਡਦੇ। ਇਹ ਪਤਾ ਹੀ ਨਹੀਂ ਸੀ ਚੱਲਦਾ ਕਿ ਕਤਲ ਕੌਣ ਕਰ ਗਿਆ। ਠੱਗਾਂ ਦੀਆਂ ਟੋਲੀਆਂ 'ਚ ਔਰਤਾਂ ਵੀ ਹੁੰਦੀਆਂ, ਜਿਨ੍ਹਾਂ ਦਾ ਮੁੱਖ ਕੰਮ ਠੱਗਣ ਲਈ ਮਾਲਦਾਰ ਸ਼ਿਕਾਰ ਨੂੰ ਲੱਭਣਾ ਹੁੰਦਾ ਸੀ।

ਉਸ ਵਕਤ ਲੋਕ ਕਾਫਲਿਆਂ 'ਚ ਸਫਰ ਕਰਦੇ ਸਨ। ਠੱਗ ਉਨ੍ਹਾਂ ਕਾਫਲਿਆਂ 'ਚ ਘੁੱਸ ਜਾਂਦੇ ਤੇ ਮਾਲਦਾਰ ਸ਼ਿਕਾਰ ਨੂੰ ਘੇਰ ਕੇ ਰੁਮਾਲ ਨਾਲ ਗਲਾ ਘੁੱਟ ਕੇ ਮਾਰ ਦਿੰਦੇ। ਇਨ੍ਹਾਂ ਠੱਗਾਂ 'ਚ ਹਰ ਫਿਰਕੇ ਦੇ ਲੋਕ ਸ਼ਾਮਿਲ ਹੁੰਦੇ ਸਨ। ਆਪਣੇ ਫਿਰਕੇ ਅਨੁਸਾਰ ਹੀ ਏਨਾ ਨੇ ਠੱਗੀ ਦੇ ਅਕੀਦੇ ਬਣਾਏ ਹੋਏ ਸਨ, ਜੋ ਹਿੰਦੂ ਤੇ ਇਸਲਾਮ ਧਰਮ 'ਚੋਂ ਲਏ ਸਨ। ਇਹ ਬੁਆਣੀ ਦੇਵੀ ਨਾਂ ਦੀ ਦੇਵੀ ਨੂੰ ਮੰਨਦੇ ਤੇ ਉਹਦੇ ਨਾਂ ਦਾ ਨਾਅਰਾ ਮਾਰਦੇ ਸਨ।

ਗਵਰਨਰ ਜਨਰਲ ਲਾਰਡ ਹੇਸਟਿੰਗਜ਼ ਦੇ ਸਮੇਂ ਕਰਨਲ ਵਿਲੀਅਮ ਸਲਮਨ ਦੇ ਅਧੀਨ ਠੱਗਾਂ 'ਤੇ ਕਾਬੂ ਪਾਉਣ ਲਈ ਮੁਹਿੰਮ ਚਲਾਈ ਗਈ। ਉਸ ਨੇ 1840 ਈ. 'ਚ ਆਪਣੀ ਰਿਪੋਰਟ ਪੇਸ਼ ਕੀਤੀ, ਜਿਸ ਦਾ ਨਾਂ ਸੀ, 'ਰਿਪੋਰਟਸ ਆਨ ਦਾ ਠਗਸ' ਭਾਵ ਠੱਗਾਂ ਦੇ ਗੈਂਗਾਂ 'ਤੇ ਰਿਪੋਰਟ। ਰਿਪੋਰਟ ਕਲਕੱਤਾ ਵਿਖੇ ਪ੍ਰਕਾਸ਼ਿਤ ਹੋਈ। ਜਾਰਜ ਪ੍ਰਿੰਸ ਵੀ ਆਪਣੀ ਕਿਤਾਬ ਦੀ 'ਸਟਰੈਂਜਲੈਸ' 'ਚ ਠੱਗਾਂ ਦੇ ਕਾਰਨਾਮਿਆਂ ਦਾ ਜ਼ਿਕਰ ਕਰਦਾ ਹੈ। ਸਟਰੈਂਜਲੈਸ ਦਾ ਮਤਲਬ ਹੈ, ਗਲਾ ਘੁੱਟ ਕੇ ਮਾਰਨ ਵਾਲੇ। ਇਹ ਕਿਤਾਬ 1841 ਈ. 'ਚ ਲਿਖੀ ਗਈ, ਇਸ 'ਚ ਲਿਖਿਆ ਮਿਲਦਾ ਹੈ ਕਿ ਉਸ ਸਮੇਂ ਦੇ ਠੱਗ ਖੁਦ ਇੰਕਸ਼ਾਫ ਕਰਦੇ ਸਨ ਕਿ ਉਸ ਨੇ ਕਿੰਨੇ ਬੰਦੇ ਕਤਲ ਕੀਤੇ ਜਿਵੇਂ ਕਿ ਬਹਿਰਾਮ ਠੱਗ ਆਖਦਾ ਸੀ ਕਿ ਉਸ ਨੇ 941 ਬੰਦੇ ਮਾਰੇ ਸਨ। ਅਮੀਰ ਅਲੀ ਠੱਗ ਨੇ ਵੀ ਕਿਹਾ ਸੀ ਕਿ ਉਸ ਨੇ 900 ਤੋਂ ਵੱਧ ਬੰਦੇ ਕਤਲ ਕੀਤੇ।



ਉਸ ਵਕਤ ਸੂਰਤ-ਏ-ਹਾਲ ਇਹ ਸੀ ਕਿ ਲੋਕ ਕੰਮਾਂ-ਕਾਰਾਂ ਲਈ ਘਰਾਂ ਤੋਂ ਨਿਕਲਦੇ ਤੇ ਰਸਤੇ 'ਚ ਠੱਗ ਆਪਣੀ ਚੁੰਗਲ 'ਚ ਫਸਾ ਕੇ ਲੁੱਟ ਲੈਂਦੇ, ਤੇ ਕਤਲ ਕਰਕੇ ਲਾਸ਼ ਰਸਤੇ 'ਚ ਹੀ ਦਫਨਾ ਦਿੰਦੇ। ਕਤਲ ਹੋਏ ਆਦਮੀ ਦੇ ਵਾਰਸਾਂ ਨੂੰ ਕੋਈ ਖੁਰਾ-ਖੋਜ ਨਹੀਂ ਸੀ ਲੱਭਦਾ ਕਿ ਉਨ੍ਹਾਂ ਦਾ ਬੰਦਾ ਗਿਆ ਕਿੱਥੇ? ਫਰੰਗੀਆ, ਬੁਧੂ, ਖੰਬੋਲੀ, ਜਮਾਲਦੀਨ ਤੇ ਸਾਹਬ ਖਾਂ ਮਸ਼ਹੂਰ ਠੱਗ ਸਨ। ਫਰੰਗੀਆ ਕਹਿੰਦਾ ਸੀ ਕਿ ਇਲਾਕੇ 'ਚ 100 ਤੋਂ ਵੱਧ ਠੱਗ ਆਪਣੀਆਂ ਕਾਰਵਾਈਆਂ 'ਚ ਲੱਗੇ ਹੋਏ ਹਨ। ਉਸ ਅਨੁਸਾਰ ਅਵਧ ਰਿਆਸਤ 'ਚ 10 ਠੱਗਾਂ ਪਿੱਛੇ 9 ਮੁਸਲਮਾਨ ਠੱਗ, ਦੋਆਬੇ ਦੇ ਏਰੀਏ 'ਚ 5 ਠੱਗਾਂ ਪਿੱਛੇ 4 ਹਿੰਦੂ ਠੱਗ, ਰਾਜਪੂਤਾਨਾ 'ਚ 4 ਠੱਗਾਂ ਪਿੱਛੇ 3 ਹਿੰਦੂ ਠੱਗ ਹੁੰਦੇ ਸਨ। ਬੰਗਾਲ, ਬਿਹਾਰ, ਉੜੀਸਾ 'ਚ ਮੁਸਲਮਾਨ ਤੇ ਹਿੰਦੂ ਠੱਗਾਂ ਦੀ ਨਿਸਬਤ ਬਰਾਬਰ-ਬਰਾਬਰ ਹੀ ਸੀ। ਠੱਗ ਗਿਰੋਹਾਂ ਦੇ ਸਰਦਾਰਾਂ ਵੱਲੋਂ ਆਪਣੇ ਠੱਗਾਂ ਨੂੰ ਇਹ ਹਦਾਇਤ ਸੀ ਕਿ ਸਿੱਖਾਂ ਅਤੇ ਜੋਗੀਆਂ ਦੀ ਲੁੱਟਮਾਰ ਨਹੀਂ ਕਰਨੀ।

ਅਵਧ ਰਿਆਸਤ 'ਚ ਠੱਗਾਂ ਨੂੰ ਮਾਰਨ ਦਾ ਜਾਂ ਕਾਬੂ ਪਾਉਣ ਦਾ ਕੰਮ ਜ਼ੇਮਜ ਪੈਟਨ ਨੇ ਆਪਣੇ ਹੱਥ ਲਿਆ। ਜਦ ਅੰਗਰੇਜ਼ਾਂ ਨੇ ਪੰਜਾਬ ਨੂੰ ਵੀ ਆਪਣੇ ਅਧੀਨ ਕਰ ਲਿਆ, ਉਨ੍ਹਾਂ ਨੇ ਸਮਝ ਲਿਆ ਕਿ ਜਦ ਤੱਕ ਇਸ ਖਿੱਤੇ 'ਚ ਜੁਰਮ 'ਤੇ ਕਾਬੂ ਨਾ ਪਾਇਆ ਗਿਆ, ਹਕੂਮਤ ਕਰਨ 'ਚ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਠੱਗੀ ਦੇ ਇਸ ਜ਼ਰਾਇਮ ਨੂੰ ਕਾਬੂ ਕਰਨ 'ਚ ਕਰਨਲ ਵਿਲੀਅਮ ਸਲਮਨ ਨੇ ਇਹ ਕੰਮ ਬਾਖੂਬੀ ਤਰੀਕੇ ਨਾਲ ਕੀਤਾ। ਸਭ ਤੋਂ ਪਹਿਲਾਂ ਉਸ ਨੇ ਆਪਣੇ ਠੱਗ ਤਿਆਰ ਕੀਤੇ ਤੇ ਇਨ੍ਹਾਂ ਨੂੰ ਠੱਗਾਂ ਦੇ ਗਿਰੋਹਾਂ 'ਚ ਵਾੜ ਦਿੱਤਾ। ਇਹ ਨਕਲੀ ਠੱਗ ਸਬੰਧਤ ਠੱਗ ਗਿਰੋਹਾਂ ਦੀ ਸਾਰੀ ਜਾਣਕਾਰੀ ਅੰਗਰੇਜ਼ ਅਫਸਰਾਂ ਨੂੰ ਦੇਣ ਲੱਗੇ। ਇਹ ਜਾਅਲੀ ਠੱਗ ਆਪਣੇ ਕੰਮ 'ਚ ਕਾਫੀ ਕਾਮਯਾਬ ਹੋਏ।

ਅਜੋਕੇ ਦੌਰ 'ਚ ਵੀ ਅਸੀਂ ਵੇਖਦੇ ਹਾਂ ਕਿ ਜਦੋਂ ਵੀ ਕੋਈ ਸਰਕਾਰ ਵਿਰੋਧੀ ਲਹਿਰ ਚੱਲਦੀ ਹੈ ਤਾਂ ਸਰਕਾਰਾਂ ਉਸ 'ਚ ਵੀ ਆਪਣੇ ਏਜੰਟ ਵਾੜ ਦਿੰਦੀਆਂ ਹਨ ਤਾਂ ਕਿ ਉਸ ਨੂੰ ਕਮਜ਼ੋਰ ਕੀਤਾ ਜਾ ਸਕੇ। ਵਿਲੀਅਮ ਸਲਮਨ ਨੇ ਆਪਣੇ ਇਸ ਤਜਰਬੇ ਦੇ ਆਧਾਰ 'ਤੇ ਹੀ ਦੋ ਕਿਤਾਬਾਂ ਲਿਖੀਆਂ। ਜਿਸ 'ਚ ਪਹਿਲੀ ਸੀ 'ਰਿਪੋਰਟਸ ਐਂਡ ਰਿਕੁਲੈਕਸ਼ਨ ਆਫ ਐਨ ਇੰਡੀਅਨ ਆਫੀਸਰ' ਜੋ 1840 ਈ. 'ਚ ਪ੍ਰਕਾਸ਼ਿਤ ਹੋਈ। ਦੂਸਰੀ ਕਿਤਾਬ ਸੀ, 'ਰਿਪੋਰਟਸ ਆਨ ਦਾ ਠਗਸ' ਜੋ 1840 ਈ. 'ਚ ਪ੍ਰਕਾਸ਼ਿਤ ਹੋਈ। ਠੱਗਾਂ ਬਾਰੇ ਇਹ ਕਿਤਾਬਾਂ ਸਾਡੀ ਜਾਣਕਾਰੀ 'ਚ ਭਰਪੂਰ ਵਾਧਾ ਕਰਦੀਆਂ ਹਨ। ਇਨ੍ਹਾਂ ਵਿਚ ਠੱਗਾਂ ਦੇ ਕਿਸੇ ਵੀ ਟੋਲੇ 'ਚ ਕਿਸੇ ਵੀ ਸਿੱਖ ਦਾ ਜ਼ਿਕਰ ਨਹੀਂ ਮਿਲਦਾ ਬਲਕਿ ਇਹ ਜਾਂ ਤਾਂ ਮੁਸਲਮਾਨ ਸਨ ਜਾਂ ਫਿਰ ਹਿੰਦੂ। ਸਿੱਖ ਕਿਉਂਕਿ ਇੱਕ ਦਲੇਰ ਤੇ ਸੂਰਬੀਰ ਕੌਮ ਹੈ, ਦਲੇਰ ਆਦਮੀ ਠੱਗੀ ਨਹੀਂ ਕਰ ਸਕਦਾ, ਲੁੱਟਮਾਰ ਭਾਵੇਂ ਕਰ ਲਵੇ।

**ਪਿੰਡਾਰੀ:** ਪਿੰਡਾਰੀਆਂ ਨੇ ਆਪਣੇ ਆਪ ਨੂੰ 1689 ਈ. ਤੋਂ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਦੀ ਤਾਦਾਦ 20 ਤੋਂ ਲੈ ਕੇ 30 ਹਜ਼ਾਰ ਤੱਕ ਸੀ। ਇਹ ਰੋਜ਼ਾਨਾ 30 ਤੋਂ ਲੈ ਕੇ 40 ਕਿਲੋਮੀਟਰ ਦੇ ਖੇਤਰ 'ਚ ਜਾ ਕੇ ਲੁੱਟਮਾਰ ਕਰਦੇ ਸਨ। ਜੇ ਹਕੂਮਤੀ ਫੌਜਾਂ ਪਿੱਛਾ ਕਰਦੀਆਂ ਤਾਂ ਇਹ ਆਪਣੇ ਆਪ ਨੂੰ ਛੋਟੇ-ਛੋਟੇ ਜਥਿਆਂ 'ਚ ਵੰਡ ਲੈਂਦੇ। ਪਿੱਛਾ ਕਰਦੀ ਫੌਜ ਕਿਸੇ ਇੱਕ ਜਥੇ ਮਗਰ ਹੀ ਜਾ ਸਕਦੀ ਸੀ। ਜਿਸ ਨਾਲ ਦੂਸਰੇ ਜਥੇ ਆਸਾਨੀ ਨਾਲ ਬਚ ਨਿਕਲਦੇ ਸਨ। ਜਿਸ ਜਥੇ ਦਾ ਫੌਜ ਪਿੱਛਾ ਕਰ ਰਹੀ ਹੁੰਦੀ, ਉਹ ਜਥਾ ਹਮੇਸ਼ਾ ਪਹਾੜ ਤੇ ਜੰਗਲ ਵਰਗੇ ਮੁਸ਼ਕਿਲ ਰਸਤੇ ਹੀ ਚੁਣਦਾ, ਜਿੱਥੇ ਜਾਣ ਲਈ ਫੌਜਾਂ ਨੂੰ ਕਾਫੀ ਮੁਸ਼ਕਿਲ ਪੇਸ਼ ਆਉਂਦੀ। ਇਸ ਤਰ੍ਹਾਂ ਪਿੰਡਾਰੀ ਫੌਜਾਂ ਦੀ ਪਕੜ ਤੋਂ ਬਚ ਕੇ ਨਿਕਲ ਜਾਂਦੇ ਅਤੇ ਆਪਣੇ ਪਹਿਲਾਂ ਤੋਂ ਮਿਥੇ ਟਿਕਾਣਿਆਂ 'ਤੇ ਸਾਰੇ ਜਥੇ ਇਕੱਠੇ ਹੋ ਜਾਂਦੇ। ਜਿੱਥੇ ਠੱਗ ਆਪਣੇ ਕੰਮ ਨੂੰ ਸਿਰੇ ਚਾੜ੍ਹਨ ਲਈ ਧੋਖੇ ਅਤੇ ਫਰੇਬ ਦਾ ਸਹਾਰਾ ਲੈਂਦੇ ਸਨ, ਉਥੇ ਪਿੰਡਾਰੀ ਆਪਣੀ ਤਲਵਾਰ ਦੇ ਜ਼ੋਰ 'ਤੇ ਲੁੱਟਮਾਰ ਕਰਦੇ। ਇਹ ਬਹੁਤ ਹੀ ਜ਼ਾਲਮ ਸਨ। ਕਈ ਵਾਰ ਸਮੇਂ ਦੀ ਹਕੂਮਤ ਨਾਲ ਸਮਝੌਤਾ ਵੀ ਕਰ ਲੈਂਦੇ। ਇਨ੍ਹਾਂ ਪਿੰਡਾਰੀਆਂ 'ਚ ਵੱਖ-ਵੱਖ ਕੌਮਾਂ ਤੇ ਧਰਮਾਂ ਦੇ ਲੋਕ ਸ਼ਾਮਿਲ ਸਨ। ਮਸਲਨ ਰੋਹੀਲੇ, ਪਠਾਣ, ਮਰਹੱਟੇ, ਅਫਗਾਨ ਪਠਾਣ ਤੇ ਸਿੱਖ ਵੀ ਥੋੜ੍ਹੀ ਬਹੁਤ ਗਿਣਤੀ 'ਚ ਸ਼ਾਮਲ ਸਨ।

ਕਿਉਂਕਿ ਇਸ ਸਮੇਂ ਦੌਰਾਨ ਮੁਗਲ ਹਕੂਮਤ ਕਮਜ਼ੋਰ ਹੋਣੀ ਸ਼ੁਰੂ ਹੋ ਗਈ ਸੀ, ਬਹੁਤ ਸਾਰੇ ਸੈਨਿਕ ਬੇਰੁਜ਼ਗਾਰ ਹੋ ਗਏ ਤੇ ਉਨ੍ਹਾਂ ਮਿਲ ਕੇ ਰੁਜ਼ਗਾਰ ਲੱਭ ਲਿਆ, ਪਿੰਡਾਰੀਆਂ ਵਾਲਾ। ਪਿੰਡਾਰੀਆਂ ਦੀ ਜ਼ਿਆਦਾਤਰ ਸਰਪ੍ਰਸਤੀ ਮਰਹੱਟੇ ਸਰਦਾਰਾਂ ਨੇ ਕੀਤੀ। ਮਰਾਠਾ ਸਰਦਾਰ ਮਲਿਹਾਰ ਰਾਓ ਨੇ ਪਿੰਡਾਰੀਆਂ ਨੂੰ ਇੱਕ ਝੰਡਾ ਦਿੱਤਾ, ਜਿਸ ਨੂੰ ਇਹ ਸੁਨਹਿਰੀ ਝੰਡਾ ਆਖਦੇ ਸਨ। ਮਰਹੱਟੇ ਜਿਸ ਪਾਸੇ ਵੀ ਜਾਂਦੇ, ਪਿੰਡਾਰੀਆਂ ਨੂੰ ਅੱਗੇ ਲਾ ਲੈਂਦੇ। ਪਿੰਡਾਰੀਆਂ ਦਾ ਵੀ ਇੱਕ ਮੁਖੀ ਹੁੰਦਾ ਸੀ, ਜਿਸ ਨੂੰ ਸਰੀਆ ਆਖਿਆ ਜਾਂਦਾ ਸੀ। ਪਿੰਡਾਰੀਆਂ ਨੇ ਜਿਸ ਸਮੇਂ ਸ਼ੁਰੂਆਤ ਕੀਤੀ ਉਸ ਸਮੇਂ ਇਨ੍ਹਾਂ ਦਾ ਮੁਖੀ ਸੀ, ਗਾਜ਼ੀ ਖਾਂ। ਗਾਜ਼ੀ ਖਾਂ ਦੇ ਦੋ ਪੁੱਤਰ-ਗਰਦੀ ਖਾਂ ਤੇ ਸ਼ਾਹਬਾਜ਼ ਖਾਂ ਹੋਏ ਜੋ ਪਿੰਡਾਰੀਆਂ ਦਾ ਟੋਲਾ ਲੈ ਕੇ ਚੱਲਦੇ ਰਹੇ। ਅੱਗੇ ਜਾ ਕੇ ਗਰਦੀ ਖਾਂ ਦਾ ਮੁੰਡਾ ਲਾਲ ਖਾਂ ਤੇ ਅੱਗੇ ਉਸ ਦਾ ਮੁੰਡਾ ਇਮਾਮ ਬਖਸ਼ ਵੀ ਪਿੰਡਾਰੀਆਂ ਦੇ ਸਰਦਾਰ ਬਣੇ। ਇੰਜ ਇਹ ਕੰਮ ਪੀੜ੍ਹੀ ਦਰ ਪੀੜ੍ਹੀ ਚੱਲਦਾ ਰਿਹਾ।

ਇਨ੍ਹਾਂ ਤੋਂ ਬਿਨਾ ਇੱਕ ਮਰਹੱਟੇ ਜਰਨੈਲ ਰਾਓ ਹੋਲਕਰ ਦੇ ਇੱਕ ਮੁਲਾਜ਼ਮ ਤਾਰਾ ਬਖਸ਼ ਨੇ ਪਿੰਡਾਰੀਆਂ 'ਚ ਸ਼ਾਮਲ ਹੋ ਕੇ ਬਹੁਤ ਲੁੱਟਮਾਰ ਕੀਤੀ। ਟੱਕੂ ਖਾਂ ਤੇ ਬਹਾਦਰ ਖਾਂ ਵੀ ਪਿੰਡਾਰੀਆਂ ਦੇ ਪ੍ਰਸਿੱਧ ਆਗੂ ਹੋਏ ਹਨ। ਬਹਾਦਰ ਖਾਂ ਤੋਂ ਬਾਅਦ ਚੀਤੂ ਖਾਂ ਮੇਵਾਤੀ ਨੇ 12 ਹਜ਼ਾਰ ਘੋੜ ਸਵਾਰ ਲੈ ਕੇ ਪਿੰਡਾਰੀਆਂ ਦੀ ਅਗਵਾਈ ਕੀਤੀ। ਇਨ੍ਹਾਂ ਪਿੰਡਾਰੀਆਂ 'ਚ ਇੱਕ ਐਸਾ ਬੰਦਾ ਸੀ ਜਿਸ ਕੋਲ 8 ਹਜ਼ਾਰ ਘੋੜ ਸਵਾਰ ਤੇ 10 ਹਜ਼ਾਰ ਪੈਦਲ ਸੈਨਿਕ ਸਨ। ਇਸ ਪਿੰਡਾਰੀ ਸਰਦਾਰ ਦਾ ਨਾਂ ਅਮਿਰ ਖਾਂ ਸੀ ਜੋ ਅਫਗਾਨੀ ਤੇ ਤੁਰਕ ਕਬੀਲੇ ਨਾਲ ਸਬੰਧ ਰੱਖਦਾ ਸੀ। ਇਹ ਮਰਹੱਟਾ ਸਰਦਾਰ ਰਾਓ ਹੋਲਕਰ ਦਾ ਵੀ ਕਮਾਂਡਰ ਸੀ ਤੇ ਉਸ ਨਾਲ ਮਿਲ ਕੇ ਵਾਰਦਾਤਾਂ ਨੂੰ ਅੰਜਾਮ ਦਿੰਦਾ ਸੀ। ਕਾਫੀ ਅਰਸੇ ਤੱਕ ਇਹ ਇੰਜ ਹੀ ਫਿਰਦਾ ਰਿਹਾ, ਮਤਲਬ ਇਸ ਕੋਲ ਫੌਜ ਹੋਣ ਦੇ ਬਾਵਜੂਦ ਕਿਸੇ ਸਥਾਨ ਜਾਂ ਰਿਆਸਤ ਉਪਰ ਇਸ ਦਾ ਕਬਜ਼ਾ ਨਹੀਂ ਸੀ। ਇਹ ਸਿਰਫ ਕਿਰਾਏ 'ਤੇ ਹੀ ਲੜਦਾ ਸੀ। ਆਖਰ ਇਸ ਨੇ ਰਾਜਸਥਾਨ 'ਚ ਟੌਂਗ ਰਿਆਸਤ ਨੂੰ ਘੇਰ ਕੇ ਉਸ ਉਪਰ ਕਬਜ਼ਾ ਕਰ ਲਿਆ। ਟੌਂਗ ਰਿਆਸਤ 1947 ਤੱਕ ਅਮਿਰ ਖਾਂ ਦੇ ਵਾਰਸਾਂ ਦੇ ਅਧੀਨ ਹੀ ਰਹੀ।

ਜਦੋਂ ਪਿੰਡਾਰੀਆਂ ਦੀਆਂ ਵਾਰਦਾਤਾਂ ਹੱਦੋਂ ਵਧ ਗਈਆਂ ਤਾਂ ਅੰਗਰੇਜ਼ ਹਕੂਮਤ ਨੂੰ ਇਨ੍ਹਾਂ ਨੂੰ ਕਾਬੂ ਕਰਨ ਲਈ ਮਜ਼ਬੂਰ ਹੋਣਾ ਪਿਆ। ਇਸ ਲਈ ਲਾਰਡ ਹੇਸਟਿੰਗਜ਼ ਦੀ ਜਿੰਮੇਵਾਰੀ ਲਾਈ ਗਈ। 1816 ਈ. ਤੱਕ ਉਸ ਨੇ ਪਿੰਡਾਰੀਆਂ ਤੇ ਮਰਹੱਟਿਆਂ 'ਤੇ ਕਾਫੀ ਹੱਦ ਤੱਕ ਕਾਬੂ ਪਾ ਲਿਆ। ਪਿੰਡਾਰੀਆਂ 'ਚੋਂ ਕਰੀਮ ਖਾਂ ਤੇ ਨਾਮਦਾਰ ਖਾਂ ਨੇ ਅੰਗਰੇਜ਼ਾਂ ਨਾਲ ਸਮਝੌਤਾ ਕਰ ਲਿਆ। ਪਿੰਡਾਰੀ ਵਾਸਲ ਮੁਹੰਮਦ ਦਾ ਵੀ ਅੰਗਰੇਜ਼ਾਂ ਨਾਲ ਸਮਝੌਤਾ ਹੋ ਗਿਆ। ਚੀਤੂ ਖਾਂ ਮੇਵਾਤੀ ਦੌੜ ਕੇ ਜੰਗਲ ਵੱਲ ਨੱਸ ਗਿਆ, ਜਿੱਥੇ ਉਹ ਸ਼ੇਰ ਦਾ ਸ਼ਿਕਾਰ ਹੋ ਗਿਆ। 1819 ਈ. ਨੂੰ ਜੰਗਲ 'ਚੋਂ ਉਸ ਦਾ ਸਿਰ ਧੜ ਤੋਂ ਬਗੈਰ ਹੀ ਮਿਲਿਆ, ਜਿਸ ਤੋਂ ਅੰਗਰੇਜ਼ਾਂ ਨੂੰ ਉਸ ਦੀ ਮੌਤ ਦਾ ਯਕੀਨ ਹੋਇਆ।

ਜਾਨ ਮੈਲਕਮ ਨੇ ਇਨ੍ਹਾਂ ਜ਼ਰਾਇਮ ਪੇਸ਼ਾ ਲੋਕਾਂ ਨਾਲ ਸਮਝੌਤੇ ਕਰਕੇ ਇਨ੍ਹਾਂ ਨੂੰ ਗੋਰਖਪੁਰ ਤੇ ਭੋਪਾਲ ਵਾਲੇ ਪਾਸੇ ਜਮੀਨਾਂ ਅਲਾਟ ਕਰਕੇ ਉਥੇ ਵਸਾਇਆ। ਇਸ ਤਰ੍ਹਾਂ ਮਾਲਕਮ ਨੇ ਲਾਰਡ ਹੇਸਟਿੰਗਜ਼ ਨਾਲ ਮਿਲ ਕੇ ਪਿੰਡਾਰੀਆਂ 'ਤੇ ਕਾਬੂ ਪਾਇਆ। ਮਾਲਕਮ ਨੇ ਬਾਅਦ 'ਚ ਇੱਕ ਕਿਤਾਬ ਵੀ ਲਿਖੀ ਜਿਸ ਦਾ ਨਾਂ ਸੀ, 'ਹਿਸਟਰੀ ਆਫ ਦਾ ਸੈਂਟਰਲ ਪ੍ਰੋਵਿਨਸ।' ਇਸ 'ਚ ਉਸ ਨੇ ਦੱਸਿਆ ਹੈ ਕਿ ਪਿੰਡਾਰੀਆਂ ਨੂੰ ਕਿਸ ਤਰ੍ਹਾਂ ਖਤਮ ਕੀਤਾ। ਚੀਤੂ ਖਾਂ ਕਿਸ ਤਰ੍ਹਾਂ ਮਰਿਆ ਤੇ ਕਿਸ ਤਰੀਕੇ ਨਾਲ ਉਸ ਦੀ ਲਾਸ਼ ਬਰਾਮਦ ਕੀਤੀ, ਤੇ ਉਸ ਦਾ ਸਿਰ ਵੇਖ ਕੇ ਉਸ ਦੀ ਸ਼ਨਾਖਤ ਕੀਤੀ। ਇਸ 'ਚ ਸਪਸ਼ਟ ਹੁੰਦਾ ਹੈ ਕਿ ਇੱਥੇ ਕਿਤੇ ਵੀ ਸਿੱਖਾਂ ਦਾ ਜ਼ਿਕਰ ਨਹੀਂ ਆਇਆ। ਪਿੰਡਾਰੀਆਂ 'ਚ ਸਾਰੇ ਮੁਸਲਮਾਨ ਸਨ ਜਾਂ ਫਿਰ ਹਿੰਦੂ। ਕੋਈ ਵਿਰਲਾ ਵਾਂਝਾ ਸਿੱਖ ਹੋ ਸਕਦਾ ਹੈ। ਸੋ ਗੱਲ ਬਣਦੀ ਨਹੀਂ ਕਿ ਸਿੱਖ ਜ਼ਰਾਇਮ ਪੇਸ਼ਾ ਸਨ ਤੇ ਉਨ੍ਹਾਂ ਨੂੰ ਇਸ ਸ਼੍ਰੇਣੀ 'ਚ ਦਰਜ ਕੀਤਾ ਜਾਵੇ।

**(ਚਲਦਾ)**

# ਪਿੰਡ ਭੜਾਣੇ ਤੋਂ ਪਿੰਡ ਸੁਰਸਿੰਘ ਤੱਕ ਦਾ ਸਫਰ

**ਕਹਾਣੀਆਂ ਦਾ ਕੋਹੇਨੂਰ ਵਰਿਆਮ ਸਿੰਘ ਸੰਧੂ**

**3**

*ਪ੍ਰਿੰਸੀਪਲ ਸਰਵਣ ਸਿੰਘ ਬੇਸ਼ਕ ਬਹੁਤਾ ਖੇਡ ਲੇਖਕ ਵਜੋਂ ਜਾਣੇ ਜਾਂਦੇ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਕਥਾ ਰਸ ਕਮਾਲ ਦਾ ਹੁੰਦਾ ਹੈ। ਇਸੇ ਕਰਕੇ ਉਨ੍ਹਾਂ ਦੀਆਂ ਖੇਡ ਲਿਖਤਾਂ ਵੀ ਕਹਾਣੀਆਂ ਵਾਂਗ ਜਾਪਦੀਆਂ ਹਨ। ਉਂਜ ਉਨ੍ਹਾਂ ਕਹਾਣੀਆਂ ਲਿਖੀਆਂ ਵੀ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਦੀਆਂ ਰਚਨਾਵਾਂ ਪਾਠਕ ਬੜੀ ਦਿਲਚਸਪੀ ਨਾਲ ਪੜ੍ਹਦੇ ਹਨ। ਜੀਵਨੀਨੁਮਾ ਲੇਖ ਵੀ ਉਹ ਬਹੁਤ ਸੋਹਣੇ ਲਿਖਦੇ ਹਨ। ਪਿਛਲੇ ਕੁਝ ਸਮੇਂ ਵਿਚ 'ਪੰਜਾਬ ਟਾਈਮਜ਼' ਦੇ ਪਾਠਕ 'ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਵਰਗਾ ਇਨਕਲਾਬੀ ਗੀਤ ਲਿਖਣ ਵਾਲੇ ਸ਼ਾਇਰ ਮਰਹੂਮ ਸੰਤ ਰਾਮ ਉਦਾਸੀ, ਨਾਟਕਕਾਰ (ਨਾਟਕਬਾਜ਼) ਬਲਵੰਤ ਗਾਰਗੀ ਅਤੇ ਸਾਹਿਤਕਾਰ ਤੇ ਪੱਤਰਕਾਰ ਗੁਲਜ਼ਾਰ ਸਿੰਘ ਸੰਧੂ ਬਾਰੇ ਉਨ੍ਹਾਂ ਦੇ ਲੰਮੇ ਲੇਖ ਪੜ੍ਹ ਚੁਕੇ ਹਨ। ਹੁਣ ਕਹਾਣੀਕਾਰ ਵਰਿਆਮ ਸਿੰਘ ਸੰਧੂ ਬਾਰੇ ਉਸ ਦੀਆਂ ਲੰਮੀਆਂ ਕਹਾਣੀਆਂ ਵਾਂਗ ਹੀ ਪ੍ਰਿੰਸੀਪਲ ਸਰਵਣ ਸਿੰਘ ਨੇ ਇਹ ਲੰਮਾ ਲੇਖ ਲਿਖਿਆ ਹੈ ਜੋ ਅਸੀਂ ਕਿਸ਼ਤਾਂ ਵਿਚ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਦੇਖੀਏ ਪ੍ਰਿੰਸੀਪਲ ਸਾਹਿਬ ਆਪਣੇ ਗੋਤੀ ਮੜੈਲ ਭਾਊ ਦਾ ਕਿੰਨਾ ਕੁ ਪੱਖ ਪੂਰਦੇ ਨੇ! ਤੀਜੀ ਕਿਸ਼ਤ ਹਾਜ਼ਰ ਹੈ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਵਰਿਆਮ ਸਿੰਘ ਸੰਧੂ ਦਾ ਪਿੰਡ 'ਸੁਰਸਿੰਘ' ਕਿਹਾ ਜਾਂਦਾ ਹੈ ਪਰ ਇਹ ਉਸ ਦਾ ਜੱਦੀ ਪਿੰਡ ਨਹੀਂ। ਸੁਰਸਿੰਘ ਅਸਲ ਵਿਚ ਸੰਧੂਆਂ ਦਾ ਪਿੰਡ ਹੀ ਨਹੀਂ। ਸੁਰਸਿੰਘ ਵਧੇਰੇ ਕਰ ਕੇ ਢਿੱਲੋਂਆਂ ਦਾ ਪਿੰਡ ਹੈ। ਸੁਰਸਿੰਘ ਵਰਿਆਮ ਸਿੰਘ ਦੇ ਪਿਤਾ ਦੇ ਨਾਨਕੇ ਸਨ। ਉਹ ਇਕ ਤਰ੍ਹਾਂ ਨਾਨਕੀ ਢੇਰੀ 'ਤੇ ਆਏ। ਉਨ੍ਹਾਂ ਦਾ ਜੱਦੀ ਪਿੰਡ ਭੜਾਣਾ ਹੈ ਜੋ ਸੁਰਸਿੰਘ ਤੋਂ ਦਸ ਕੁ ਕਿਲੋਮੀਟਰ ਪਾਕਿਸਤਾਨ ਵਾਲੇ ਪਾਸੇ ਹੈ ਤੇ ਹੁਣ ਪਾਕਿਸਤਾਨ ਦਾ ਪਿੰਡ ਹੈ। 1947 ਤੋਂ ਪਹਿਲਾਂ ਸੁਰਸਿੰਘ ਤੇ ਭੜਾਣਾ ਜ਼ਿਲ੍ਹਾ ਲਾਹੌਰ ਦੇ ਪਿੰਡ ਸਨ। ਭੜਾਣਾ ਸੰਧੂ ਜੱਟਾਂ ਦਾ ਪਿੰਡ ਸੀ। ਵਰਿਆਮ ਉਦੋਂ ਮਾਂ ਦੀ ਗੋਦ ਵਿਚ ਸੀ, ਜਦ ਉਸ ਨੇ ਭੜਾਣੇ ਦੀ ਆਬੋ-ਹਵਾ ਵਿਚ ਸਾਹ ਲਏ। ਅਜੇ ਡੇਢ ਕੁ ਸਾਲ ਦਾ ਹੋਇਆ ਸੀ ਕਿ ਭੜਾਣਾ ਛੱਡਣਾ ਪਿਆ। ਉਦੋਂ ਤੋਂ ਹੁਣ ਤਕ ਉਹ ਮੁੜ ਭੜਾਣੇ ਨਹੀਂ ਜਾ ਸਕਿਆ ਹਾਲਾਂਕਿ ਸੁਰਸਿੰਘ ਦੀਆਂ ਉਚੀਆਂ ਅਟਾਰੀਆਂ ਤੋਂ ਭੜਾਣੇ ਦੇ ਗੁਰਦੁਆਰੇ ਦਾ ਗੁੰਬਦ ਤੇ ਉਚੇ ਰੁੱਖ ਨਜ਼ਰੀਂ ਪੈ ਜਾਂਦੇ ਹਨ। 2001 ਵਿਚ ਵਰਿਆਮ ਸਮੇਤ ਅਸੀਂ ਆਲਮੀ ਪੰਜਾਬੀ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਲਾਹੌਰ ਗਏ, ਤਦ ਵੀ ਉਹ ਭੜਾਣੇ ਨਹੀਂ ਸੀ ਜਾ ਸਕਿਆ।



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਨਵੰਬਰ 2017 ਦੇ ਪਹਿਲੇ ਹਫਤੇ ਜਦੋਂ ਮੈਂ ਇਹ ਸਤਰਾਂ ਲਿਖ ਰਿਹਾ ਸਾਂ ਤਾਂ ਟੀ.ਵੀ. ਉਤੇ ਵਰਿਆਮ ਸੰਧੂ ਦੇ ਪੁੱਤਰ ਸੁਪਨਦੀਪ ਸੰਧੂ ਨੂੰ ਭੜਾਣੇ ਦੀਆਂ ਗਲੀਆਂ ਵਿਚ ਘੁੰਮਦਾ ਵੇਖ ਰਿਹਾ ਸਾਂ। ਉਹ ਪਰਾਈਮ ਏਸ਼ੀਆ ਚੈਨਲ ਲਈ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ, ਇਤਿਹਾਸਕ ਗੁਰਧਾਮ ਤੇ ਯਾਦਗਾਰੀ ਥਾਂਵਾਂ ਵੇਖਣ/ਕਵਰ ਕਰਨ ਗਿਆ ਹੋਇਆ ਸੀ। ਵਾਹਗਾ ਬਾਰਡਰ ਲੰਘਦਿਆਂ ਉਸ ਨੇ ਆਪਣੇ ਮੇਜ਼ਬਾਨ ਜਨਾਬ ਸ਼ੌਕਤ ਅਲੀ ਨੂੰ ਸਭ ਤੋਂ ਪਹਿਲਾਂ ਆਪਣੇ ਪੁਰਖਿਆਂ ਦਾ ਪਿੰਡ ਵਿਖਾਉਣ ਦੀ ਬੇਨਤੀ ਕੀਤੀ। ਜਨਾਬ ਸ਼ੌਕਤ ਅਲੀ ਸੁਪਨ ਨੂੰ ਲਾਹੌਰ ਲਿਜਾਣ ਤੋਂ ਪਹਿਲਾਂ ਭੜਾਣੇ ਲੈ ਗਏ। ਵਰਿਆਮ ਸੰਧੂ ਨੂੰ ਮਹਿਸੂਸ ਹੋਇਆ ਜਿਵੇਂ ਉਸ ਨੇ ਖੁਦ ਆਪਣੀਆਂ ਜੜ੍ਹਾਂ ਵੇਖ ਲਈਆਂ ਹੋਣ, ਆਪਣੇ ਵਡੇਰਿਆਂ ਨੂੰ ਮਿਲ ਲਿਆ ਹੋਵੇ। ਵਰਿਆਮ ਨੇ ਆਪਣੇ ਫੇਸ ਬੁੱਕ ਪੇਜ 'ਤੇ ਲਿਖਿਆ, "ਅਦਾਰਾ 'ਪਰਾਈਮ ਏਸ਼ੀਆ' ਦਾ ਬਹੁਤ ਬਹੁਤ ਧੰਨਵਾਦ, ਜਿਸ ਨੇ ਮੇਰੇ ਪੁੱਤਰ ਨੂੰ ਆਪਣੇ ਪੁਰਖਿਆਂ ਦੇ ਪਿੰਡ ਦਾ ਦੀਦਾਰ ਕਰਵਾਇਆ। ਅਗਲੇ ਦਿਨਾਂ ਵਿਚ ਹੋਰ ਵੀ ਬਹੁਤ ਕੁਝ ਚੰਗਾ ਵੇਖਣ/ਵਿਖਾਉਣ ਦੀ ਦੁਆ!"

ਸੁਪਨ ਸੰਧੂ ਨੇ ਲਿਖਿਆ, "ਮੈਂ ਅੱਜ ਆਪਣੇ ਵਡੇਰਿਆਂ ਦੇ ਪਿੰਡ ਭੜਾਣਾ, ਜ਼ਿਲ੍ਹਾ ਲਾਹੌਰ, ਪਾਕਿਸਤਾਨ ਪੁੱਜਾ ਤਾਂ ਭਾਵੁਕ ਹੋ ਗਿਆ। ਮੈਨੂੰ ਵਾਹਗੇ ਤੋਂ ਪੰਜਾਬ ਦੀ ਮਾਇਆਨਾਜ਼ ਹਸਤੀ ਜਨਾਬ ਸ਼ੌਕਤ ਅਲੀ ਸਾਹਿਬ ਆਪ ਲੈਣ ਆਏ। ਮੇਰੇ ਧੰਨਭਾਗ! ਪਰਾਈਮ ਏਸ਼ੀਆ ਟੀ.ਵੀ. ਦਾ ਬੇਹੱਦ ਧੰਨਵਾਦ ਜਿਸ ਨੇ ਇਹ ਸਬੱਬ ਬਣਾਇਆ। ਅਗਲੇ ਦਿਨਾਂ ਵਿਚ ਮਿਲਦੇ ਰਹਾਂਗੇ। ਪਰਾਈਮ ਏਸ਼ੀਆ ਅਗਲੇ ਦਿਨਾਂ ਵਿਚ ਪਾਕਿਸਤਾਨ ਦੇ ਗੁਰਧਾਮਾਂ ਦਾ ਦੀਦਾਰ ਕਰਾਏਗਾ। ਪੱਛਮੀ ਪੰਜਾਬ ਦੀਆਂ ਇਤਿਹਾਸਕ ਥਾਂਵਾਂ 'ਤੇ ਵੱਡੀਆਂ ਹਸਤੀਆਂ ਨਾਲ ਮਿਲਾਏਗਾ ਤੇ ਹੋਰ ਵੀ ਬਹੁਤ ਕੁਝ।"

ਵਰਿਆਮ ਸਿੰਘ ਸੰਧੂ ਬਾਰੇ ਦੂਰਦਰਸ਼ਨ ਨੇ ਜਿਹੜੀ ਦਸਤਾਵੇਜ਼ੀ ਫਿਲਮ ਬਣਾਈ ਹੈ, ਉਸ ਦਾ ਪਹਿਲਾ ਦ੍ਰਿਸ਼ ਸੰਧੂ ਨੂੰ ਹਿੰਦ-ਪਾਕਿ ਸਰਹੱਦ 'ਤੇ ਖੜ੍ਹਾ ਕਰ ਕੇ ਫਿਲਮਾਇਆ ਗਿਆ ਹੈ। ਉਹ ਸਰਹੱਦੀ ਤਾਰ ਤੋਂ ਸੌ ਕੁ ਮੀਟਰ ਸੁਰਸਿੰਘ ਵਾਲੇ ਪਾਸੇ ਖੜ੍ਹਾ ਹੈ। ਪਿੱਛੇ ਤਾਰ ਅਤੇ ਤਾਰ ਤੋਂ ਪਾਰ ਭੜਾਣੇ ਦਾ ਗੁਰਦੁਆਰਾ ਦਿਸਦਾ ਹੈ। ਵਰਿਆਮ ਬੋਲਦੈ, "ਮੈਂ ਜਿਥੇ ਖੜ੍ਹਾ ਹਾਂ, ਇਥੇ 1947 ਵਿਚ ਪੰਜਾਬ ਦੀ ਸਾਂਝੀ ਧਰਤੀ ਨੂੰ ਆਰੇ ਨਾਲ ਚੀਰ ਦਿੱਤਾ ਗਿਆ ਸੀ। ਸਾਡੇ ਅੱਧੇ ਧੜ ਉਧਰ ਰਹਿ ਗਏ ਤੇ ਅੱਧੇ ਏਧਰ। ਮੇਰੇ ਪਿਛਲੇ ਪਾਸੇ ਮੇਰਾ ਜੱਦੀ ਪਿੰਡ ਭੜਾਣਾ ਦਿਸ ਰਿਹੈ ਤੇ ਸਾਹਮਣੇ ਨਵਾਂ ਅਪਨਾਇਆ ਪਿੰਡ ਸੁਰਸਿੰਘ। ਮੈਂ ਡੇਢ-ਪੌਣੇ ਦੋ ਸਾਲ ਦਾ ਸਾਂ ਜਦੋਂ ਅਸੀਂ ਜੜ੍ਹਾਂ ਤੋਂ ਪੁੱਟੇ ਗਏ। ਸਾਡੇ ਪਰਿਵਾਰ ਨੇ ਕਮਾਦਾਂ ਵਿਚ ਲੁਕ ਕੇ ਜਾਨਾਂ ਬਚਾਈਆਂ। ਹੁੰਮਸ ਵਿਚ ਮੈਂ ਰੋਣ ਲੱਗਾ ਤਾਂ ਮੇਰੇ ਬਾਬੇ ਨੇ ਮੇਰੀ ਮਾਂ ਨੂੰ ਕਿਹਾ, ਕੁੜੀਏ ਇਹਦੇ ਮੂੰਹ 'ਚ ਕੱਪੜਾ ਦੇ ਕੇ ਇਹਨੂੰ ਚੁੱਪ ਕਰਾ, ਨਹੀਂ ਤਾਂ ਸਾਰੇ ਟੱਬਰ ਨੂੰ ਮਰਵਾਏਗਾ! ਉਦੋਂ ਜਿਸ ਬੱਚੇ ਦੀ ਜੋ ਜ਼ਬਾਨ ਮੂੰਹ 'ਚ ਕੱਪੜਾ ਤੁੰਨ ਕੇ ਬੰਦ ਕੀਤੀ ਗਈ ਸੀ, ਉਹ ਪਿੱਛੋਂ ਸਾਰੀ ਉਮਰ ਹੱਦਾਂ ਸਰਹੱਦਾਂ ਦੇ ਖਿਲਾਫ ਬੋਲਦੀ ਤੇ ਲਿਖਦੀ ਆ ਰਹੀ ਹੈ।"

ਪੰਜਾਬੀ ਵਿਚ ਲਿਖਣ ਵਾਲੇ ਮੇਰੇ ਸਣੇ ਕਈ 'ਸੰਧੂ' ਹਨ, ਜਿਨ੍ਹਾਂ 'ਚੋਂ ਸਿਰਕੱਢਵੇਂ ਗੁਲਜ਼ਾਰ ਸਿੰਘ ਸੰਧੂ ਤੇ ਵਰਿਆਮ ਸਿੰਘ ਸੰਧੂ ਹਨ। ਦੋਵੇਂ ਕਹਾਣੀਕਾਰ ਵਜੋਂ ਭਾਰਤੀ ਸਾਹਿਤ ਅਕੈਡਮੀ ਐਵਾਰਡਾਂ ਨਾਲ ਸਨਮਾਨੇ ਗਏ। ਗੁਲਜ਼ਾਰ ਸਿੰਘ ਸੰਧੂ ਜਦੋਂ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਬਣ ਕੇ ਚੰਡੀਗੜ੍ਹ ਆਇਆ ਤਾਂ ਭੂਸ਼ਨ ਧਿਆਨਪੁਰੀ ਨੇ ਭੂਸ਼ਨੀ-ਬੰਦ ਲਿਖਿਆ ਸੀ:

> ਲਿਖਿਆ ਖਤ ਸ਼ਮਸ਼ੇਰ, ਵਰਿਆਮ ਤਾਈਂ,
> ਅਸੀਂ ਸਦਾ ਹੀ ਰਹੇ ਸਰਦਾਰ ਸੰਧੂ।
> ਸਾਡਾ ਸੰਤ ਸੰਧੂ, ਸਾਡਾ ਪਾਸ਼ ਸੰਧੂ,
> ਪੂਰਨ ਭਗਤ ਵਾਲਾ ਕਾਦਰ ਯਾਰ ਸੰਧੂ।
> ਸਾਡੀ ਕਲਗੀ 'ਚ ਨਵਾਂ ਏ ਖੰਭ ਲੱਗਾ,
> ਆਇਆ ਜਦੋਂ ਦਾ ਏਥੇ ਗੁਲਜ਼ਾਰ ਸੰਧੂ।
> ਸੰਧੂ ਨਹੀਂ ਸੁਹਾਗੇ 'ਤੇ ਮਾਣ ਹੁੰਦਾ,
> ਇਹ ਤਾਂ ਆਇਆ ਅਖਬਾਰ/ਸਵਾਰ ਸੰਧੂ!

ਪੁਸਤਕ 'ਜੱਟਾਂ ਦਾ ਇਤਿਹਾਸ' ਵਿਚ ਹੁਸ਼ਿਆਰ ਸਿੰਘ ਦੁਲੇਹ ਲਿਖਦਾ ਹੈ, "ਪੰਜਾਬ ਵਿਚ ਸਿੱਧੂ ਬਰਾੜਾਂ ਮਗਰੋਂ ਸੰਧੂ ਗਿਣਤੀ ਪੱਖੋਂ ਜੱਟਾਂ ਦਾ ਦੂਜਾ ਵੱਡਾ ਗੋਤ ਹੈ। ਇਨ੍ਹਾਂ ਦੇ ਮੁੱਖ ਸਥਾਨ ਲਾਹੌਰ ਅਤੇ ਅੰਮ੍ਰਿਤਸਰ ਜ਼ਿਲ੍ਹੇ ਹਨ...। ਗੁਰੂ ਨਾਨਕ ਦਾ ਪ੍ਰਸਿੱਧ ਸਿੱਖ ਭਾਈ ਬਾਲਾ ਅਤੇ ਭਾਰਤ ਦਾ ਮਹਾਨ ਸ਼ਹੀਦ ਸਰਦਾਰ ਭਗਤ ਸਿੰਘ ਸੰਧੂ ਖਾਨਦਾਨ ਵਿਚੋਂ ਹੀ ਸਨ। ਸੰਧੂ ਜੱਟਾਂ ਦਾ ਖਿਆਲ ਹੈ ਕਿ ਉਹ ਅਯੁਧਿਆ ਦੇ ਰਾਜੇ ਸ੍ਰੀ ਰਾਮ ਚੰਦਰ ਰਾਹੀਂ ਸੂਰਜਬੰਸੀ ਰਾਜਪੂਤਾਂ ਦੀ ਰਘੂਬੰਸੀ ਕੁਲ ਨਾਲ ਸਬੰਧ ਰੱਖਦੇ ਹਨ। ਇਸ ਬੰਸ ਵਿਚੋਂ ਹੀ 'ਸੰਧੂ ਰਾਉ' ਇੱਕ ਮਹਾਨ ਯੋਧਾ ਹੋਇਆ ਹੈ। ਸਰ ਲੈਪਲ ਗ੍ਰਿਫਨ ਦੀ ਰਾਏ ਵਿਚ ਸੰਧੂ ਉਤਰ ਪੱਛਮੀ ਰਾਜਪੂਤਾਨੇ ਵਿਚੋਂ ਪੰਜਾਬ ਵਿਚ ਆਏ ਹਨ। ਪੁਰਾਣੇ ਸਮੇਂ ਵਿਚ ਜਦ ਕਾਲ ਪੈਂਦਾ ਸੀ ਤਾਂ ਜੱਟ ਹਰੇ ਚਾਰੇ ਦੀ ਤਲਾਸ਼ ਵਿਚ ਕਿਸੇ ਨਵੀਂ ਥਾਂ ਚਲੇ ਜਾਂਦੇ ਸਨ। ਪ੍ਰਸਿੱਧ ਇਤਿਹਾਸਕਾਰ ਕੇ. ਸੀ. ਯਾਦਵ ਅਨੁਸਾਰ ਬਹੁਤੀਆਂ ਜੱਟ ਜਾਤੀਆਂ 11ਵੀਂ ਸਦੀ ਵਿਚ ਮਹਿਮੂਦ ਗਜ਼ਨਵੀ ਦੇ ਸਮੇਂ ਪੰਜਾਬ ਵਿਚ ਆਈਆਂ ਹਨ। ਸੰਧੂ ਵੀ ਇਸ ਸਮੇਂ ਹੀ ਪੰਜਾਬ ਵਿਚ ਆਏ ਸਨ। ਐਚ. ਕੇ. ਰੋਜ਼ ਨੇ ਆਪਣੀ ਕਿਤਾਬ ਵਿਚ ਸੰਧੂਆਂ ਦੀਆਂ 84 ਛੋਟੀਆਂ ਮੂੰਹੀਆਂ ਲਿਖੀਆਂ ਹਨ। ਸਿਆਲਕੋਟ ਦੇ 1883-84 ਗਜ਼ਟ ਅਨੁਸਾਰ ਸੰਧੂਆਂ ਦੀਆਂ ਕੇਵਲ ਪੰਜ ਹੀ ਮੁੱਖ ਮੂੰਹੀਆਂ ਸਨ। ਸੰਧੂ ਬਾਬਾ ਕਾਲਾ ਮੈਹਿਰ ਦੀ ਪੂਜਾ ਕਰਦੇ ਹਨ। ਇਹ ਸੰਧੂ ਬੰਸ ਦਾ ਵੱਡਾ ਵਡੇਰਾ ਹੈ। ਸੰਧੂ ਖਾਨਦਾਨ ਦੇ ਲੋਕ ਆਪਣੀ ਸ਼ਰਧਾ ਅਨੁਸਾਰ ਬਾਬਾ ਜੀ ਦੇ ਮੱਠ 'ਤੇ ਸ਼ਰਾਬ ਦਾ ਪ੍ਰਸ਼ਾਦ ਚੜ੍ਹਾਉਂਦੇ ਹਨ ਅਤੇ ਦੋਸਤਾਂ-ਮਿੱਤਰਾਂ ਨੂੰ ਵੰਡਦੇ ਹਨ। ਸੰਧੂਆਂ ਅਨੁਸਾਰ ਬਾਬਾ ਕਾਲਾ ਮੈਹਿਰ ਗਜ਼ਨੀ ਤੋਂ ਆਏ ਤੇ ਫੇਰ ਸਿੰਧ ਤੇ ਪੰਜਾਬ ਆਦਿ ਖੇਤਰਾਂ ਵਿਚ ਆਪਣੇ ਭਾਈਚਾਰੇ ਸਮੇਤ ਵਸ ਗਏ। ਇਕ ਹੋਰ ਰਵਾਇਤ ਹੈ ਕਿ ਬਾਬਾ ਕਾਲਾ ਮੈਹਿਰ ਪਹਿਲੀ ਜਗ੍ਹਾ ਤੋਂ ਉਠ ਕੇ ਮਾਝੇ ਵਿਚ ਸਿਰਹਾਲੀ ਚਲਾ ਗਿਆ। ਸੰਧੂਆਂ ਦੇ ਸਿਰਹਾਲੀ ਖੇਤਰ ਵਿਚ 22 ਪਿੰਡ ਹਨ। ਇਸ ਇਲਾਕੇ ਨੂੰ ਸੰਧੂਆਂ ਦਾ ਬਾਹੀਆ ਕਿਹਾ ਜਾਂਦਾ ਹੈ। ਸੰਧੂਆਂ ਦੇ 17 ਪਿੰਡ ਭਕਨੇ ਦੇ ਇਲਾਕੇ ਵਿਚ ਹਨ। ਲਾਹੌਰ ਦੇ ਇਲਾਕੇ ਵਿਚ ਸੰਧੂਆਂ ਦੇ 12 ਪਿੰਡ ਸਨ ਜਿਨ੍ਹਾਂ ਵਿਚ ਰਾਜਾ ਜੰਗ ਤੇ ਜੋਧੂ ਆਦਿ ਵੱਡੇ ਪ੍ਰਸਿੱਧ ਪਿੰਡ ਹਨ। ਲਾਹੌਰੀਏ ਸੰਧੂ ਹੁਣ ਵੀ ਮਸ਼ਹੂਰ ਹਨ। ਇਹ ਲੜਾਕੂ ਤੇ ਝਗੜਾਲੂ ਹੁੰਦੇ ਹਨ। ਪੂਰਬੀ ਪੰਜਾਬ ਵਿਚ ਆ ਕੇ ਹੁਣ ਮਲਵਈ ਭਾਈਚਾਰੇ ਵਿਚ ਹੀ ਰਲ-ਮਿਲ ਗਏ ਹਨ...।"

ਦੁਲੇਹ ਅੱਗੇ ਲਿਖਦੈ, "ਸੰਧੂ ਵਿਆਹ ਜਾਂ ਪੁੱਤਰ ਦੇ ਜਨਮ ਦੀ ਖੁਸ਼ੀ ਵਿਚ ਬਾਬੇ ਕਾਲੇ ਮੈਹਿਰ ਦੀ ਸਮਾਧ 'ਤੇ ਚੜ੍ਹਾਵਾ ਚੜ੍ਹਾਉਂਦੇ ਹਨ। ਉਹ ਸਾਰਾ ਚੜ੍ਹਾਵਾ ਸੰਧੂਆਂ ਦੇ ਮਿਰਾਸੀ ਨੂੰ ਦੇ ਦਿੱਤਾ ਜਾਂਦਾ ਹੈ। ਸੰਧੂਆਂ ਦੇ ਇਕ ਮਿਰਾਸੀ ਨੇ ਲੇਖਕ ਨੂੰ ਦੱਸਿਆ ਕਿ ਫਰੀਦਕੋਟ ਦੇ ਇਲਾਕੇ ਵਿਚ ਸੰਧੂਆਂ ਦੇ ਮੁਖੀ ਕਾਲੇ ਮੈਹਿਰ ਅਤੇ ਭੱਟੀਆਂ ਵਿਚਕਾਰ ਕਿਸੇ ਕਾਰਨ ਦੁਸ਼ਮਣੀ ਪੈਦਾ ਹੋ ਗਈ। ਭੱਟੀਆਂ ਨੇ ਕਾਲੇ ਮੈਹਿਰ ਦੇ ਰਸੋਈਏ ਬ੍ਰਾਹਮਣ ਨੂੰ ਲਾਲਚ ਦੇ ਕੇ ਆਪਣੇ ਵੱਲ ਕਰ ਲਿਆ। ਉਸ ਨੇ ਕਾਲੇ ਮੈਹਿਰ ਨੂੰ ਖਾਣੇ ਵਿਚ ਜ਼ਹਿਰ ਦੇ ਦਿੱਤੀ। ਕਾਲਾ ਮੈਹਿਰ ਖਾਣਾ ਖਾ ਕੇ ਬੇਹੋਸ਼ ਹੋ ਗਿਆ। ਉਸ ਸਮੇਂ ਭੱਟੀਆਂ ਨੇ ਕਾਲੇ ਮੈਹਿਰ ਨੂੰ ਮਾਰਨਾ ਚਾਹਿਆ ਪਰ ਇੱਕ ਮਿਰਾਸੀ ਨੇ ਉਨ੍ਹਾਂ ਨੂੰ ਰੋਕ ਦਿੱਤਾ ਕਿ ਕਾਲਾ ਮੈਹਿਰ ਅਜੇ ਜਾਗ ਰਿਹੈ, ਪੂਰਾ ਸੁੱਤਾ ਨਹੀਂ। ਉਸ ਦੀਆਂ ਸੁੱਤੇ ਪਿਆਂ ਵੀ ਅੱਖਾਂ ਅੱਧ-ਖੁੱਲ੍ਹੀਆਂ ਸਨ। ਉਥੋਂ ਹੀ ਦੰਦ ਕਥਾ ਚੱਲੀ ਕਿ ਸੰਧੂਆਂ ਦੀਆਂ ਸੁੱਤਿਆਂ ਵੀ ਅੱਖਾਂ ਖੁੱਲ੍ਹੀਆਂ ਰਹਿੰਦੀਆਂ ਹਨ! ਜਦੋਂ ਕਾਲੇ ਮੈਹਿਰ ਨੂੰ ਹੋਸ਼ ਆਈ ਤਾਂ ਭੱਟੀਆਂ ਨੇ ਉਸ ਦੇ ਸਿਰ ਨੂੰ ਜ਼ਖਮੀ ਕਰ ਦਿੱਤਾ। ਉਹ ਜ਼ਖਮੀ ਸਿਰ ਨਾਲ ਵੀ ਭੱਟੀਆਂ ਵਿਰੁਧ ਲੜਦਾ ਰਿਹਾ। ਕਾਲੇ ਮੈਹਿਰ ਨੇ ਮਰਨ ਲੱਗਿਆਂ ਆਪਣੀ ਬੰਸ ਦੇ ਲੋਕਾਂ ਨੂੰ ਆਖਿਆ ਕਿ ਮੇਰੇ ਮੱਠ 'ਤੇ ਜੇ ਬ੍ਰਾਹਮਣ ਚੜ੍ਹੇ ਤਾਂ ਉਸ ਦਾ ਸਿਰ ਵੱਢ ਦਿਓ। ਲਲਾਰੀ ਦੇ ਨੀਲ ਦੀ ਵਰਤੋਂ ਨਾ ਕਰੋ। ਮੇਰੀ ਪੂਜਾ ਦਾ ਸਾਰਾ ਚੜ੍ਹਾਵਾ ਮਿਰਾਸੀ ਨੂੰ ਹੀ ਦਿਓ।"

---

ਵਰਿਆਮ ਹੋਰੀਂ ਪੰਜ ਭੈਣ-ਭਰਾ ਸਨ। ਤਿੰਨ ਭੈਣਾਂ ਤੇ ਦੋ ਭਰਾ। ਛੋਟੇ ਭਰਾ ਸੁਰਿੰਦਰ ਸਿੰਘ ਦੀ 2014 ਵਿਚ ਮੌਤ ਹੋ ਗਈ। ਵਰਿਆਮ ਸਭ ਤੋਂ ਵੱਡਾ ਹੈ। ਪੰਜਾਬ ਦੀ ਰਵਾਇਤ ਅਨੁਸਾਰ ਕੁੜੀਆਂ ਆਪਣਾ ਪਹਿਲਾ ਬੱਚਾ ਆਪਣੇ ਪੇਕੇ ਪਿੰਡ ਜੰਮਦੀਆਂ ਸਨ। ਅੰਮ੍ਰਿਤਸਰ ਜ਼ਿਲ੍ਹੇ ਦੀ ਅਜਨਾਲਾ ਤਹਿਸੀਲ ਦੇ ਪਿੰਡ ਚਵਿੰਡਾ ਕਲਾਂ ਵਿਚ ਵਰਿਆਮ 5 ਦਸੰਬਰ 1945 ਨੂੰ ਬੁੱਧਵਾਰ ਵਾਲੇ ਦਿਨ ਪੈਦਾ ਹੋਇਆ। ਉਹਦੇ ਨਾਨਕੇ ਔਲਖ ਜੱਟ ਹਨ। ਉਹਦੇ ਨਾਨੇ ਠਾਕੁਰ ਸਿੰਘ ਦੀ ਭੈਣ ਮੰਗਲ ਕੌਰ ਪਿੰਡ ਭੜਾਣੇ ਵਿਚ ਹਰੀ ਸਿੰਘ ਨਾਲ ਵਿਆਹੀ ਹੋਈ ਸੀ। ਹਰੀ ਸਿੰਘ ਤੋਂ ਛੋਟੇ ਉਸ ਦੇ ਦੋ ਭਰਾ ਸਨ-ਚੰਦਾ ਸਿੰਘ ਤੇ ਬਿਸ਼ਨ ਸਿੰਘ। ਛੋਟਾ ਬਿਸ਼ਨ ਸਿੰਘ ਸਿੱਧੜ ਹੋਣ ਕਰਕੇ ਛੜਾ-ਛਾਂਟ ਰਿਹਾ ਅਤੇ ਆਪਣੇ ਵੱਡੇ ਭਰਾਵਾਂ ਦਾ ਮਾਲ-ਡੰਗਰ ਸਾਂਭਦਾ ਰਿਹਾ। ਚੰਦਾ ਸਿੰਘ, ਜਿਸ ਨੇ ਭਵਿੱਖ ਵਿਚ ਵਰਿਆਮ ਦਾ ਦਾਦਾ ਬਣਨਾ ਸੀ, ਲਾਹੌਰ ਜ਼ਿਲ੍ਹੇ ਦੇ ਇੱਕ ਹੋਰ ਵੱਡੇ ਪਿੰਡ ਸੁਰਸਿੰਘ ਵਿਚ ਪਾਲਾ ਸਿੰਘ ਦੀ ਧੀ ਧੰਨ ਕੌਰ ਨਾਲ ਵਿਆਹਿਆ ਗਿਆ।

ਪਾਲਾ ਸਿੰਘ ਦਾ ਪਿਤਾ ਕਿਸ਼ਨ ਸਿੰਘ ਘੋੜੇ ਪਾਲਣ ਦਾ ਸ਼ੌਕੀਨ ਹੋਣ ਕਰਕੇ ਸਾਰੇ ਇਲਾਕੇ ਵਿਚ ਪ੍ਰਸਿੱਧ ਸੀ। ਉਹਦੀ ਪ੍ਰਸਿੱਧੀ ਦਾ ਕਾਰਨ ਉਸ ਕੋਲ ਅਜਿਹਾ ਵਿਗਿਆਨਕ ਹੁਨਰ ਹੋਣਾ ਸੀ, ਜਿਸ ਸਦਕਾ ਉਹ ਆਪਣੇ ਸਾਨ੍ਹ ਘੋੜੇ ਰਾਹੀਂ ਗਰਭਿਤ ਹੋਈ ਘੋੜੀ ਦੇ ਮਾਲਕ ਦੇ ਮਨਚਾਹੇ ਰੰਗ ਦਾ ਵਛੇਰਾ/ਵਛੇਰੀ ਪੈਦਾ ਕਰਵਾ ਸਕਦਾ ਸੀ। ਦੱਸਣ ਵਾਲੇ ਦੱਸਦੇ ਹਨ ਕਿ ਉਹ ਘੋੜੇ ਦਾ ਵੀਰਜ ਕੈਂਹ ਦੇ ਛੰਨੇ ਵਿਚ ਪਾ ਕੇ ਉਸ ਵਿਚ ਲੋੜੀਂਦਾ ਨਿਸ਼ਚਿਤ ਰੰਗ ਮਿਲਾ ਕੇ ਨੜੇ ਦੇ ਖੋਲ ਵਿਚ ਪਾਉਂਦਾ ਅਤੇ ਫਿਰ ਉਸ ਨੜੇ ਨੂੰ ਘੋੜੀ ਦੀ ਬੱਚੇਦਾਨੀ ਤੱਕ ਪੁਚਾ ਕੇ ਪਿੱਛੋਂ ਫੂਕ ਮਾਰਦਾ। ਵੀਰਜ ਘੋੜੀ ਦੇ ਗਰਭ ਅੰਦਰ ਪਹੁੰਚ ਜਾਂਦਾ। ਇਹ ਪੁਰਾਣੇ ਬਜ਼ੁਰਗਾਂ ਤੋਂ ਸੁਣੀ ਦੰਦ-ਕਥਾ ਹੈ। ਅਸਲ ਵਿਧੀ ਪਤਾ ਨਹੀਂ ਉਹ ਕੀ ਅਖਤਿਆਰ ਕਰਦਾ ਸੀ। ਪਰ ਹੋਵੇਗੀ ਉਹ ਨਿਸਚੇ ਹੀ ਕੋਈ ਵਿਗਿਆਨਕ-ਵਿਧੀ। ਉਂਜ ਅਨਪੜ੍ਹ ਕਿਸਾਨ ਕੋਲ ਇਸ ਹੁਨਰ ਦਾ ਹੋਣਾ ਉਸ ਨੂੰ ਹੈਰਾਨੀ ਭਰੀ ਸ਼ਲਾਘਾ ਦਾ ਪਾਤਰ ਬਣਾਉਂਦਾ ਹੈ। ਇਹ ਕਹਾਣੀ ਵੀ ਪ੍ਰਚਲਿਤ ਸੀ ਕਿ ਉਹਦੀ ਸ਼ੋਭਾ ਸੁਣ ਕੇ ਲਾਹੌਰ ਦੇ ਡੀ. ਸੀ. ਨੇ ਆਪਣੇ ਅਹਿਲਕਾਰ ਰਾਹੀਂ ਉਹਨੂੰ ਆਪਣੇ ਕੋਲ ਸੱਦਿਆ। ਅਹਿਲਕਾਰ ਨੇ ਆਪਣੇ ਆਉਣ ਦਾ ਮਕਸਦ ਪਹਿਲਾਂ ਹੀ ਦੱਸ ਦਿੱਤਾ ਸੀ। 'ਸਾਹਬ-ਬਹਾਦਰ' ਨੂੰ ਆਪਣੀ ਘੋੜੀ ਤੋਂ ਕਾਲੇ-ਚਿੱਟੇ ਡੱਬਾਂ ਵਾਲਾ ਬੱਚਾ ਚਾਹੀਦਾ ਸੀ। ਕਿਸ਼ਨ ਸਿੰਘ ਨੇ ਆਪਣੇ ਰੰਗਾਂ ਜਾਂ ਹੋਰ ਲੋੜੀਂਦੀਆਂ ਚੀਜ਼ਾਂ ਡੱਬੀ ਵਿਚ ਪਾਈਆਂ ਅਤੇ ਡੱਬੀ ਖੱਦਰ ਦੇ ਲੰਮੇ ਕੁੜਤੇ ਦੀ ਅੰਦਰਲੀ ਵੱਡੀ ਜੇਬ ਵਿਚ ਪਾ ਲਈ। ਨਾਲ ਲੈ ਲਿਆ ਨੜਾ। ਸਾਨ੍ਹ ਘੋੜਾ ਤਾਂ ਉਹ ਨਾਲ ਲੈ ਕੇ ਗਿਆ ਹੀ ਸੀ। ਉਹ ਡੀ. ਸੀ. ਦੇ ਪੇਸ਼ ਹੋਇਆ ਤਾਂ ਉਸ ਨੇ ਪੁੱਛਿਆ,

"ਵੈਲ ਕਿਸ਼ਨ ਸਿੰਘ! ਅਪਨਾ ਗੋੜ੍ਹਾ ਸਾਥ ਲਾਇਆ ਹੈ?"

"ਜੀ ਘੋੜਾ ਤਾਂ ਮੇਰੇ ਬੋਝੇ ਵਿਚ ਹੈ।" ਕਿਸ਼ਨ ਸਿੰਘ ਨੇ ਜੇਬ ਵਿਚ ਪਈ ਡੱਬੀ ਉਤੇ ਹੱਥ ਰੱਖਿਆ ਅਤੇ ਮੁੱਛਾਂ ਵਿਚ ਹੱਸਿਆ।

"ਬੋਝੇ ਵਿਚ?" ਹੈਰਾਨ ਹੋਏ ਡੀ. ਸੀ. ਨੇ ਪੁੱਛਿਆ।

ਨਾਲ ਗਏ ਬੰਦੇ ਨੇ ਵਿਆਖਿਆ ਕੀਤੀ ਤਾਂ ਡੀ. ਸੀ. ਮੁਸਕਰਾ ਪਿਆ।

ਕਹਿੰਦੇ ਨੇ, ਜਦੋਂ ਡੀ. ਸੀ. ਦੀ ਘੋੜੀ ਨੇ ਬੱਚਾ ਦਿੱਤਾ ਤਾਂ ਉਹਦਾ ਆਪਣਾ ਮਨਚਾਹਿਆ ਰੰਗ ਵੇਖ ਕੇ ਉਹ ਧੰਨ-ਧੰਨ ਹੋ ਗਿਆ!

ਕੁਝ ਚਿਰ ਪਿੱਛੋਂ ਬਾਰ ਵਿਚ ਜ਼ਮੀਨਾਂ ਅਲਾਟ ਕਰਨ ਸਮੇਂ ਡੀ. ਸੀ. ਨੇ ਕਿਸ਼ਨ ਸਿੰਘ ਨੂੰ ਚਿੱਠੀ ਭੇਜੀ ਕਿ ਉਸ ਨੂੰ ਮਿਲੇ ਤਾਂ ਕਿ ਉਹਦੀ ਇੱਛਾ ਅਨੁਸਾਰ ਉਸ ਨੂੰ ਨਵੀਂ ਵਸਾਈ ਜਾ ਰਹੀ ਬਾਰ ਵਿਚ ਜ਼ਮੀਨ ਅਲਾਟ ਕੀਤੀ ਜਾ ਸਕੇ। ਕਿਸ਼ਨ ਸਿੰਘ ਨੇ ਚਿੱਠੀ ਪੜ੍ਹਵਾ ਕੇ ਪਾਸੇ ਰੱਖ ਛੱਡੀ ਤੇ ਡਿਓੜ੍ਹੀ 'ਚ ਆਪਣੇ ਕੋਲ ਬੈਠੇ ਬੰਦਿਆਂ ਨੂੰ ਆਖਿਆ, "ਮੇਰੇ ਕੋਲ ਤਾਂ ਪਹਿਲਾਂ ਹੀ ਜ਼ਮੀਨ ਫੂਕੀ ਨਹੀਂ ਮੁੱਕਦੀ, ਮੈਂ ਜ਼ਮੀਨ ਦਾ ਕੀ ਕਰਨਾ?"

ਇਹ ਵੱਖਰੀ ਗੱਲ ਹੈ ਕਿ ਲੋਕਾਂ ਦੇ ਆਖਣ-ਵੇਖਣ 'ਤੇ ਕਿਸ਼ਨ ਸਿੰਘ ਦਾ ਪੁੱਤਰ ਪਾਲਾ ਸਿੰਘ ਆਪਣੇ ਪਿਓ ਤੋਂ ਚੋਰੀ, ਪੁੱਛ-ਪੁਛਾ ਕੇ, 'ਸਾਹਬ-ਬਹਾਦਰ' ਨੂੰ ਦੌਰੇ ਦੇ ਕਿਸੇ ਅਗਲੇ ਪੜਾਅ 'ਤੇ, ਆਪਣੇ ਪਿਓ ਵੱਲੋਂ ਜਾ ਮਿਲਿਆ। ਕਾਫੀ ਪਛੜ ਕੇ ਪੁੱਜਣ 'ਤੇ ਵੀ ਉਸ ਨੂੰ ਦੋ ਮੁਰੱਬੇ ਜ਼ਮੀਨ ਅਲਾਟ ਕਰ ਦਿੱਤੀ ਗਈ। ਕਿਸ਼ਨ ਸਿੰਘ ਜੇ ਆਪ ਵੇਲੇ ਸਿਰ ਸਾਹਬ ਕੋਲ ਚਲਾ ਜਾਂਦਾ ਤਾਂ ਪਤਾ ਨਹੀਂ ਉਸ ਨੇ ਕਿੰਨੀ ਜ਼ਮੀਨ ਦੇ ਦੇਣੀ ਸੀ!

ਪਿੰਡ ਸੁਰਸਿੰਘ ਦਾ ਬਜ਼ੁਰਗ ਨੰਦ ਸਿੰਘ ਹਸਰਤ ਨਾਲ ਦੱਸਦਾ ਹੁੰਦਾ ਸੀ, "ਉਦੋਂ ਸੁਰਸਿੰਘ 'ਕਿਸ਼ਨ ਸਿੰਘ ਵਾਲਾ ਸੁਰਸਿੰਘ' ਵੱਜਦਾ ਸੀ। ਡਿਓੜ੍ਹੀ ਵਿਚ ਰੌਣਕ ਲੱਗੀ ਰਹਿੰਦੀ। ਹਰ ਵੇਲੇ ਪੰਜ-ਸੱਤ ਮੰਜੇ ਡੱਠੇ ਰਹਿੰਦੇ। ਡਿਓੜ੍ਹੀ ਦਾ ਗਾਡੀ-ਦਰਵਾਜ਼ਾ ਹਰ ਆਏ-ਗਏ ਬੰਦੇ ਲਈ ਖੁੱਲ੍ਹਾ ਰਹਿੰਦਾ। ਰਾਹੀ-ਪਾਂਧੀ ਸਰਦਾਰ ਨੂੰ ਸਾਸਰੀ ਕਾਲ ਆਖਦੇ। ਲੱਸੀ-ਪਾਣੀ ਪੀਂਦੇ, ਅਰਾਮ ਕਰਦੇ, ਲੋੜ ਪੈਣ 'ਤੇ ਰਾਤ-ਬਰਾਤੇ ਸਰਦਾਰ ਉਨ੍ਹਾਂ ਦੀ ਠਾਹਰ ਹੁੰਦਾ। ਏਨ੍ਹਾਂ ਚਾਰ ਕੋਠੜੀਆਂ 'ਚ ਚਾਰ ਸਾਨ੍ਹ ਘੋੜੇ ਹੁੰਦੇ ਸਨ, ਦਰਸ਼ਨੀ ਤੋਂ ਦਰਸ਼ਨੀ। ਘੋੜਿਆਂ ਨੂੰ ਦਾਣਾ ਤੇ ਪੱਠਾ-ਦੱਥਾ ਪਾਉਣ ਅਤੇ ਮਾਲਸ਼ ਤੇ ਖਰਖਰਾ ਕਰਨ ਲਈ ਬੰਦੇ ਰੱਖੇ ਹੁੰਦੇ...।"

'ਘੋੜਿਆਂ ਵਾਲੇ ਸਰਦਾਰ' ਦੇ ਇਸੇ ਪਰਿਵਾਰ ਵਿਚ ਹੀ ਵਿਆਹਿਆ ਗਿਆ ਸੀ, ਵਰਿਆਮ ਦਾ ਦਾਦਾ ਚੰਦਾ ਸਿੰਘ। ਕਿਸ਼ਨ ਸਿੰਘ ਦਾ ਪੁੱਤਰ ਪਾਲਾ ਸਿੰਘ ਉਹਦਾ ਸਹੁਰਾ ਸੀ। ਦੋ ਸਾਲੇ ਸਨ-ਹਕੀਕਤ ਸਿੰਘ ਤੇ ਗਰੀਬ ਸਿੰਘ। ਚੰਦਾ ਸਿੰਘ ਦੇ ਛੋਟੇ ਸਾਲੇ ਹਕੀਕਤ ਸਿੰਘ ਦੇ ਘਰ ਕੋਈ ਔਲਾਦ ਨਹੀਂ ਸੀ।

ਚੰਦਾ ਸਿੰਘ ਤੇ ਧੰਨ ਕੌਰ ਦੰਪਤੀ ਦੇ ਘਰ ਪਲੇਠੀ ਦੀ ਧੀ ਗੁਰਮੇਜੋ ਪੈਦਾ ਹੋਈ। ਉਸ ਤੋਂ ਚਾਰ ਕੁ ਸਾਲ ਪਿੱਛੋਂ ਧੰਨ ਕੌਰ ਨੇ ਪੁੱਤਰ ਦੀਦਾਰ ਸਿੰਘ ਨੂੰ ਜਨਮ ਦਿੱਤਾ ਅਤੇ ਉਸ ਦੇ ਜਨਮ ਸਮੇਂ ਹੀ ਕੋਈ ਕਸਰ ਹੋ ਜਾਣ ਕਰਕੇ ਉਹ ਛੇ ਕੁ ਮਹੀਨੇ ਬਾਅਦ ਹੀ ਸੰਸਾਰ ਨੂੰ ਅਲਵਿਦਾ ਆਖ ਗਈ। ਚੰਦਾ ਸਿੰਘ ਮਾਂ-ਮਹਿੱਟਰਾਂ ਨੂੰ ਪਾਲਣ ਵਾਸਤੇ 'ਕੱਲਾ ਰਹਿ ਗਿਆ।

ਉਂਜ ਵੀ ਉਹਦੀਆਂ ਰੁਚੀਆਂ ਘਰ ਟਿਕ ਕੇ ਬਹਿਣ ਵਾਲੀਆਂ ਨਹੀਂ ਸਨ। ਉਹ ਮਾਰ-ਖੋਰਾ ਅਤੇ ਲੜਾਕਾ ਬੰਦਾ ਸੀ। ਬੁੱਢੇ ਵਾਰੇ ਉਹ ਬੜੇ ਸਹਿਜ-ਭਾਅ ਦੱਸਦਾ, "ਸਾਡੀ ਫਲਾਣਿਆਂ ਨਾਲ ਦੁਸ਼ਮਣੀ ਸੀ। ਦੋ ਵਾਰ ਅਸਾਂ ਉਨ੍ਹਾਂ ਦੇ ਸੱਟਾਂ ਲਾਈਆਂ। ਤੀਜੀ ਵਾਰ ਉਨ੍ਹਾਂ ਮੈਨੂੰ ਘੇਰ ਲਿਆ। ਗਲੀ ਦੇ ਮੋੜ 'ਤੇ, ਉਹ ਪੰਦਰਾਂ-ਵੀਹ ਬੰਦੇ ਖੜੋਤੇ ਸਨ, ਡਾਂਗਾਂ ਲੈ ਕੇ। ਉਦੋਂ ਡਾਂਗਾਂ ਦੀਆਂ ਹੀ ਲੜਾਈਆਂ ਹੁੰਦੀਆਂ ਸਨ। ਮੈਂ 'ਕੱਲਾ ਹੀ ਗੁਰਦੁਆਰਿਓਂ ਮੱਥਾ ਟੇਕ ਕੇ ਤੁਰਿਆ ਜਾਂਦਾ ਸਾਂ। ਅੱਗੇ ਬੰਦੇ ਵੇਖ ਕੇ ਮੈਂ ਪਿੱਛੇ ਨੂੰ ਗਲੀ 'ਚ ਭੱਜਣ ਲਈ ਮੁੜਿਆ। ਪਿੱਛੇ ਵੀ ਬੰਦੇ ਖਲੋਤੇ ਸਨ। ਮੌਤ ਸਾਹਮਣੇ ਸੀ। ਖੱਬੇ ਹੱਥ ਇੱਕ ਆਵਾ ਬਲਦਾ ਪਿਆ ਸੀ, ਇੱਟਾਂ ਪਕਾਉਣ ਵਾਸਤੇ। ਮੈਂ ਆਖਿਆ ਚੰਦਾ ਸਿਆਂ! ਹੁਣ ਤਾਂ ਇੱਧਰ ਹੀ ਭੱਜਣਾ ਪਊ। ਲਓ ਜੀ, ਮੈਂ ਬਲਦੇ ਆਵੇ ਵਿਚੋਂ ਦੀ ਭੱਜ ਕੇ ਨਿਕਲ ਗਿਆ! ਤੇ ਭੱਜਣ 'ਚ ਤਾਂ ਮੈਂ ਘੋੜੀਆਂ ਨੂੰ ਵੀ ਡਾਹ ਨਹੀਂ ਸਾਂ ਦੇਂਦਾ!"

ਇੰਜ ਹੀ ਉਸ ਨੇ ਦੱਸਣਾ, "ਇੱਕ ਵਾਰ ਭੋਲੇ ਭਾਅ ਹੀ ਮੈਥੋਂ ਬੰਦਾ ਮਰ ਗਿਆ। ਗੱਲ ਇਓਂ ਹੋਈ ਕਿ ਮੈਂ ਆਪਣੀ ਢਾਣੀ ਨਾਲ ਤਰਨਤਾਰਨ ਮੱਸਿਆ ਵੇਖਣ ਚੱਲਿਆ ਸਾਂ। ਕੋਈ ਜਾਣੂ ਰਾਹ ਵਿਚ ਮਿਲ ਪਿਆ ਤੇ ਮੈਂ ਉਸ ਨਾਲ ਗੱਲੀਂ ਪੈ ਗਿਆ। ਢਾਣੀ ਅੱਗੇ ਨਿਕਲ ਗਈ। ਜਾਣੂ ਨਾਲ ਗੱਲਬਾਤ ਕਰ ਕੇ, ਢਾਣੀ ਨਾਲ ਰਲਣ ਵਾਸਤੇ ਛੇਤੀ ਤੁਰਿਆ ਜਾ ਰਿਹਾ ਸਾਂ। 'ਸੋਹਲਾਂ' ਦੇ ਬਾਹਰਵਾਰ ਨਿਆਈਆਂ ਵਿਚ ਕਿਸੇ ਜੱਟ ਨੇ ਕਣਕ ਨੂੰ ਪਾਣੀ ਲਾਇਆ ਹੋਇਆ ਸੀ। ਮੈਂ ਨੰਗੇ ਪੈਰੀਂ ਸਾਂ। ਆਪਣੀ ਤਿੱਲੇ ਵਾਲੀ ਜੁੱਤੀ ਡਾਂਗ ਦੇ ਸੰਮ ਉਤੇ ਅੜਾ ਕੇ ਡਾਂਗ ਮੋਢੇ 'ਤੇ ਰੱਖੀ ਹੋਈ ਸੀ। ਕੋਲੋਂ ਲੰਘਣ ਲੱਗਾ ਤਾਂ ਮੇਰੀ ਜੁੱਤੀ ਵੱਲ ਵੇਖ ਉਹ ਜੱਟ ਮਖੌਲ ਨਾਲ ਆਖਣ ਲੱਗਾ, 'ਕਿੱਡਾ ਅਹਿਮਕ ਜੱਟ ਐ ਓਏ! ਜੁੱਤੀ ਸਿਰ ਉਤੋਂ ਉਚੀ ਚੁੱਕੀ ਹੋਈ ਸੂ।' ਮੈਨੂੰ ਉਹਦੀ ਗੱਲ ਚੁਭ ਗਈ, 'ਤੇਰੇ ਢਿੱਡ ਪੀੜ ਹੁੰਦੀ ਆ, ਓਏ!'

'ਢਿੱਡ ਪੀੜ ਮੇਰੇ ਕਿਓਂ ਹੋਊ ਸਹੁਰਿਆ! ਪਰ ਸਿਰ ਪੱਗ ਵਾਸਤੇ ਹੁੰਦਾ, ਜੁੱਤੀਆਂ ਵਾਸਤੇ ਨਹੀਂ।' ਆਪਣੀ ਗਲੀ ਵਿਚ ਤਾਂ ਕੁੱਤਾ ਵੀ ਸ਼ੇਰ ਹੁੰਦਾ, ਉਹ ਤਾਂ ਛੇ ਫੁੱਟਾ ਹੱਟਾ-ਕੱਟਾ ਗੱਭਰੂ ਸੀ, ਆਪਣੇ ਪਿੰਡ ਤੇ ਆਪਣੀ ਜ਼ਮੀਨ ਵਿਚ ਖਲੋਤਾ ਹੋਇਆ। ਪਰ ਮੈਨੂੰ ਉਹਦੀ ਇਹ ਗੱਲ ਲੜ ਗਈ ਸੀ। ਜੁੱਤੀ ਲਾਹ ਕੇ ਮੈਂ ਥੱਲੇ ਸੁੱਟੀ ਅਤੇ ਸਵ੍ਹਾਰੀ ਕਰਕੇ ਡਾਂਗ ਮਾਰੀ ਉਹਦੀ ਪੁੜਪੁੜੀ ਵਿਚ। ਡਾਂਗ ਟਿਕਾਣੇ ਵੱਜ ਗਈ। ਉਹ 'ਸਰਦਾਰ ਜੀ' ਫੁੜਕ ਕੇ ਔਹ ਜਾ ਪਿਆ। ਮੈਂ ਜਾ ਵੜਿਆ ਭੱਜ ਕੇ ਆਪਣੀ ਢਾਣੀ 'ਚ। ਪਿੱਛੋਂ ਪੁਲਿਸ ਤੋਂ ਬਚਣ ਲਈ ਭੱਜ ਕੇ ਚੀਨ ਚਲਿਆ ਗਿਆ। ਉਥੋਂ ਤਿੰਨੀ ਸਾਲੀਂ ਪੁਲਿਸ ਫੜ ਲਿਆਈ। ਮੌਕੇ ਦਾ ਗਵਾਹ ਨਾ ਮਿਲਣ ਕਰਕੇ ਮੈਂ ਛੇਤੀ ਹੀ ਬਰੀ ਹੋ ਗਿਆ।"

ਇੱਕ ਵਾਰ ਵਰਿਆਮ ਨੇ ਆਪਣੇ ਜੱਦੀ ਪਿੰਡ ਭੜਾਣੇ ਦੇ ਗੁਆਂਢੀ ਪਿੰਡ ਨੌਸ਼ਹਿਰੇ-ਵਾਲੇ ਦੇ ਇੱਕ ਪੁਰਾਣੇ ਬਜ਼ੁਰਗ ਨੂੰ ਪੁੱਛਿਆ ਪਈ ਉਹਨੇ ਭੜਾਣੇ ਵਾਲੇ ਚੰਦਾ ਸਿੰਘ ਦਾ ਨਾਂ ਸੁਣਿਐ? ਉਹਨੇ ਹੁੱਬ ਕੇ ਦੱਸਿਆ, "ਕੀ ਰੀਸਾਂ ਓਸ ਜੱਟ ਦੀਆਂ! ਉਸ ਜਵਾਨ ਨਾਲ ਦਾ ਸੋਟਾ ਕਿਸੇ ਕੀ ਮਾਰਨਾ ਹੋਇਆ! ਅਗਲੇ ਦਾ ਸੋਟਾ ਝੱਲ ਕੇ ਮੁੜ ਵਾਰ ਕਰਨਾ ਕੋਈ ਚੰਦਾ ਸਿੰਘ ਤੋਂ ਸਿੱਖਦਾ। ਬੰਦਿਆਂ ਦਾ ਵੀ ਕੋਈ ਘਾਟਾ ਨਹੀਂ ਸੀ। ਚਾਰ ਤਾਂ ਭਤੀਜੇ ਸੀ, ਉਹਦੇ

*(ਬਾਕੀ ਅਗਲੇ ਸਫੇ 'ਤੇ)*

ਪਿੱਛੇ ਕੰਧ ਬਣ ਕੇ ਖਲੋਣ ਵਾਲੇ। ਚਾਰੇ ਕੜੀ ਵਰਗੇ ਜਵਾਨ, ਤਿੰਨ ਭਰਾ ਉਹ ਆਪ।"

ਵਰਿਆਮ ਸੰਧੂ ਲਿਖਦੈ, "ਅੱਜ ਤੱਕ ਲੱਖ ਦਬਾਉਣ ਉਤੇ ਵੀ ਮੇਰੇ ਅੰਦਰੋਂ ਕਦੇ ਕਦੇ ਮੇਰਾ ਜਟਕਾ ਰੰਘੜਊ ਜਾਗ ਪੈਂਦਾ ਹੈ। ਕਿਸੇ ਦਾ ਵਾਧਾ, ਧੱਕਾ ਜਾਂ ਟੇਢਾ ਮਖੌਲ ਮੈਨੂੰ ਧੁਖਣ ਅਤੇ ਬਲਣ ਲਾ ਦਿੰਦਾ ਹੈ। ਕਿਸੇ ਸਮੇਂ ਜੇ ਮੈਂ ਤੇਜ਼-ਤਰਾਰ ਕਿਸਮ ਦੀ ਨਕਸਲਵਾਦੀ ਲਹਿਰ ਦੇ ਪ੍ਰਭਾਵ ਅਧੀਨ ਆ ਗਿਆ ਸਾਂ ਤਾਂ ਇਸ ਪਿੱਛੇ ਹੋਰ ਕਈ ਕਾਰਨਾਂ ਤੋਂ ਇਲਾਵਾ ਮੇਰੇ ਦਾਦੇ ਚੰਦਾ ਸਿੰਘ ਤੋਂ ਮਿਲਿਆ ਖਾੜਕੂਪਣ ਵੀ ਮੇਰੇ ਸੰਸਕਾਰਾਂ ਦਾ ਹਿੱਸਾ ਬਣ ਕੇ ਮੇਰੀ ਸ਼ਖਸੀਅਤ ਨੂੰ ਪ੍ਰਭਾਵਿਤ ਕਰਨ ਵਾਲਾ ਇੱਕ ਕਾਰਨ ਜ਼ਰੂਰ ਰਿਹਾ ਹੋਵੇਗਾ।"

ਚੰਦਾ ਸਿੰਘ ਦੀ ਪਤਨੀ ਧੰਨ ਕੌਰ ਦੀ ਮੌਤ ਹੋ ਜਾਣ 'ਤੇ ਛੋਟੇ ਬੱਚਿਆਂ ਨੂੰ ਪਾਲਣ ਦੀ ਜ਼ਿੰਮੇਵਾਰੀ ਉਹਦੇ ਆਪਣੇ ਸਿਰ ਆਣ ਪਈ ਹੋਣ ਕਰਕੇ ਉਹ ਡਾਢਾ ਪ੍ਰੇਸ਼ਾਨ ਸੀ। ਪਰ ਇਸ ਪ੍ਰੇਸ਼ਾਨੀ ਨੂੰ ਉਹਦੇ ਛੋਟੇ ਸਾਲੇ ਹਕੀਕਤ ਸਿੰਘ ਅਤੇ ਉਹਦੀ ਪਤਨੀ ਹਰਨਾਮ ਕੌਰ ਨੇ ਛੇਤੀ ਹੀ ਦੂਰ ਕਰ ਦਿੱਤਾ। ਹਰਨਾਮ ਕੌਰ ਨੇ ਆਪਣੀ ਨਨਾਨ ਧੰਨ ਕੌਰ ਦੇ ਸਸਕਾਰ ਪਿੱਛੋਂ ਹੀ ਉਸ ਦਾ ਬੱਚਾ ਆਪਣੀ ਗੋਦ ਲੈ ਲਿਆ ਅਤੇ ਸਭ ਦੇ ਸਾਹਮਣੇ ਐਲਾਨ ਕਰ ਦਿੱਤਾ, "ਵੀਰਾ ਚੰਦਾ ਸਿਆਂ! ਅੱਜ ਤੋਂ ਗੇਜੋ ਤੇ ਦੀਦਾਰ ਸਾਡੇ ਹੋਏ।"

ਹਰਨਾਮ ਕੌਰ ਦਾ ਪਿੰਡ ਪਠਾਣ ਕੇ, ਭਡਾਣੇ ਦੇ ਨੇੜੇ ਹੀ ਸੀ। ਇਹ ਪਿੰਡ ਵੀ ਭਡਾਣੇ ਵਾਂਗ 'ਸੰਧੂਆਂ ਦਾ ਪਿੰਡ' ਹੀ ਸੀ। ਗੋਤ ਵੱਲੋਂ ਸੰਧੂ ਹੋਣ ਕਰਕੇ ਉਹ ਚੰਦਾ ਸਿੰਘ ਨੂੰ ਭਰਾ ਹੀ ਸਮਝਦੀ ਤੇ ਆਖਦੀ ਸੀ। ਹਕੀਕਤ ਸਿੰਘ ਅਤੇ ਹਰਨਾਮ ਕੌਰ ਦਾ ਆਪਣਾ ਕੋਈ ਬੱਚਾ ਨਹੀਂ ਸੀ। ਦੋਵੇਂ ਜੀਅ, ਦੋਹਾਂ ਬੱਚਿਆਂ-ਗੁਰਮੇਜ ਕੌਰ ਤੇ ਦੀਦਾਰ ਸਿੰਘ ਨੂੰ ਸੁਰਸਿੰਘ ਆਪਣੇ ਨਾਲ ਲੈ ਆਏ। ਹਰਨਾਮ ਕੌਰ ਨੇ ਦੀਦਾਰ ਸਿੰਘ ਨੂੰ ਆਪਣਾ ਪੁੱਤਰ ਸਮਝ ਕੇ ਬੜੀ ਰੀਝ ਤੇ ਮੁਹੱਬਤ ਨਾਲ ਪਾਲਿਆ। ਮੋਹ-ਵੱਸ ਉਹਦੇ ਦੁੱਧ ਉਤਰ ਆਇਆ ਸੀ ਅਤੇ ਦੀਦਾਰ ਸਿੰਘ ਉਹਦਾ ਦੁੱਧ ਪੀ ਕੇ ਹੀ ਵੱਡਾ ਹੋਇਆ। ਉਹੋ ਹੀ ਅਸਲ ਵਿਚ ਉਹਦੀ ਮਾਂ ਸੀ। ਉਹੋ ਹੀ ਵਰਿਆਮ ਹੋਰਾਂ ਦੀ ਦਾਦੀ ਬਣੀ।

ਵਰਿਆਮ ਨੇ ਆਪਣੀ ਸਵੈਜੀਵਨੀ ਵਿਚ ਲਿਖਿਆ, "ਹੁਣ ਵੀ ਮੈਨੂੰ ਇਹ ਕਹਿੰਦਿਆਂ ਸ਼ਰਮ ਆ ਰਹੀ ਹੈ ਕਿ ਮੇਰੀ ਸਕੀ ਦਾਦੀ ਹਰਨਾਮ ਕੌਰ ਨਹੀਂ, ਧੰਨ ਕੌਰ ਸੀ। ਮੇਰਾ ਮਨ ਕਦੀ ਵੀ ਇਹ ਮੰਨਣ ਜਾਂ ਦੱਸਣ ਨੂੰ ਤਿਆਰ ਨਹੀਂ ਹੋਇਆ ਕਿ ਹਰਨਾਮ ਕੌਰ ਮੇਰੀ ਅਸਲ ਦਾਦੀ ਨਹੀਂ ਸੀ। ਸੱਚੀ ਗੱਲ ਤਾਂ ਇਹ ਹੈ ਕਿ ਮਮਤਾ ਵਿਚ ਧੁਰ ਡੂੰਘਾਣਾਂ ਵਿਚ ਭਿੱਜੀ ਉਹ ਅਜਿਹੀ ਸੱਚੀ ਅਤੇ ਸੁਹਿਰਦ ਔਰਤ ਸੀ ਜਿਸ ਕੋਲੋਂ ਮੇਰੀ ਆਪਣੀ ਮਾਂ ਨਾਲੋਂ ਵੀ ਮੈਨੂੰ ਵੱਧ ਪਿਆਰ ਮਿਲਿਆ। ਮੇਰੇ ਪਿਓ ਦੀ ਜਾਨ ਵਿਚ ਤਾਂ ਉਸ ਦੀ ਜਾਨ ਹੋਣੀ ਹੀ ਸੀ, ਜਿਸ ਨੂੰ ਉਸ ਨੇ ਆਪਣਾ ਦੁੱਧ ਚੁੰਘਾਇਆ, ਹੱਥੀਂ ਖਿਡਾਇਆ ਅਤੇ ਜਵਾਨ ਕੀਤਾ।"

ਦੀਦਾਰ ਸਿੰਘ ਸੁਰਸਿੰਘ ਦੇ ਮਿਡਲ ਸਕੂਲ ਵਿਚ ਸੱਤ ਜਮਾਤਾਂ ਪੜ੍ਹ ਗਿਆ। ਓਧਰ ਉਹਦੇ ਪਿਓ ਚੰਦਾ ਸਿੰਘ ਉਤੇ ਹੋਰ ਵਖਤ ਆਣ ਪਿਆ। ਉਹਦੀ ਭੈਣ ਚੰਦੋ ਭਰ ਜਵਾਨ ਉਮਰੇ ਵਿਧਵਾ ਹੋ ਗਈ। ਛੋਟੇ ਛੋਟੇ ਉਹਦੇ ਬਾਲ-ਬੱਚੇ। ਚੰਦਾ ਸਿੰਘ ਦੀ ਖੜਕੇ-ਦੜਕੇ ਵਾਲੀ ਜ਼ਿੰਦਗੀ ਗਵਾਚ ਗਈ। ਉਸ ਨੂੰ ਭੈਣ ਦਾ ਪਰਿਵਾਰ ਪਾਲਣ ਲਈ ਬਾਰ ਵਿਚ ਜਾਣਾ ਪਿਆ। ਉਥੇ ਬਾਰ ਵਿਚ ਉਹਨੇ ਵੀ ਕੁਝ ਜਮੀਨ ਆਪਣੇ ਹੱਥ ਹੇਠ ਕਰ ਲਈ। ਉਹ ਆਪਣੀ ਤੇ ਭੈਣ ਦੀ ਜਮੀਨ ਸੰਭਾਲਦਾ। ਭਡਾਣੇ ਵਾਲੀ ਜਮੀਨ ਉਹਦੇ ਭਤੀਜੇ ਵਾਹੁੰਦੇ।

ਕੁਦਰਤ ਦੇ ਰੰਗ ਵੇਖੋ ਕਿ ਇੱਕ 'ਭਰਾ' ਹਕੀਕਤ ਸਿੰਘ ਆਪਣੀ ਮਰ ਚੁਕੀ ਭੈਣ ਦੇ ਬੱਚੇ ਪਾਲ ਰਿਹਾ ਸੀ ਤੇ ਇੱਕ 'ਭਰਾ' ਚੰਦਾ ਸਿੰਘ ਆਪਣੀ ਜੀਂਦੀ ਵਿਧਵਾ ਭੈਣ ਦੇ ਬੱਚੇ ਪਾਲਣ ਦੀ ਜ਼ਿੰਮੇਵਾਰੀ ਨਿਭਾਉਣ ਜਾ ਲੱਗਾ ਸੀ।

ਚੰਦੋ ਦੇ ਬੱਚੇ ਵੱਡੇ ਹੋਏ। ਚੰਦਾ ਸਿੰਘ ਨੇ ਉਨ੍ਹਾਂ ਦੇ ਵਿਆਹ ਕੀਤੇ। ਨੂੰਹਾਂ ਘਰ ਆ ਗਈਆਂ। ਭੈਣ ਦਾ ਪਰਿਵਾਰ ਵੱਸਣ-ਰੱਸਣ ਲੱਗਾ ਤਾਂ ਚੰਦਾ ਸਿੰਘ ਨੇ ਸੋਚਿਆ ਕਿ ਉਹਦੇ ਆਪਣੇ ਬੱਚਿਆਂ ਦੇ ਵਿਆਹੁਣ ਦੀ ਜ਼ਿੰਮੇਵਾਰੀ ਤਾਂ ਅਜੇ ਉਹਦੇ ਆਪਣੇ ਸਿਰ 'ਤੇ ਹੈ। ਉਹਨੇ ਸੁਰਸਿੰਘ ਜਾ ਕੇ ਹਕੀਕਤ ਸਿੰਘ ਤੇ ਹਰਨਾਮ ਕੌਰ ਤੋਂ ਮੰਗ ਕੀਤੀ ਕਿ ਉਹ ਬੱਚਿਆਂ ਨੂੰ ਆਪਣੇ ਨਾਲ ਲਿਜਾਣਾ ਤੇ ਉਨ੍ਹਾਂ ਦਾ ਆਪਣੇ ਹੱਥੀਂ ਵਿਆਹ ਕਰਨਾ ਚਾਹੁੰਦੈ। ਹਕੀਕਤ ਸਿੰਘ ਤੇ ਹਰਨਾਮ ਕੌਰ ਨੇ ਕਿਹਾ ਕਿ ਜਿਵੇਂ ਉਨ੍ਹਾਂ ਪਾਲੇ ਨੇ, ਉਵੇਂ ਵਿਆਹ ਵੀ ਉਹ ਆਪ ਹੀ ਕਰਨਗੇ। ਪਰ ਚੰਦਾ ਸਿੰਘ ਦੀ ਇੱਛਾ ਸੀ ਕਿ ਉਹ ਆਪਣਾ ਮੁੰਡਾ ਆਪ ਵਿਆਹੇ, ਘਰ ਵਿਚ ਨੂੰਹ ਆਏਗੀ, ਬੱਚੇ ਹੋਣਗੇ। ਉਹਦਾ ਉਜੜਿਆ ਘਰ ਵੱਸ ਜਾਊ। ਪਰ ਏਧਰ ਜਿਨ੍ਹਾਂ ਨੇ ਦੋਹਾਂ ਹੀ ਬੱਚਿਆਂ ਨੂੰ ਕਲੇਜੇ ਦਾ ਟੁਕੜਾ ਸਮਝ ਕੇ ਪਾਲਿਆ ਤੇ ਵੱਡਾ ਕੀਤਾ, ਉਹ ਉਨ੍ਹਾਂ ਦਾ ਆਪਣੇ ਕਲੇਜੇ ਨਾਲੋਂ ਟੁੱਟਣਾ ਕਿਵੇਂ ਬਰਦਾਸ਼ਤ ਕਰ ਸਕਦੇ ਸਨ?

"ਤੂੰ ਵੀ ਏਥੇ ਹੀ ਸਾਡੇ ਕੋਲ ਆ ਰਹੁ।" ਹਕੀਕਤ ਸਿੰਘ ਨੇ ਸੋਚਿਆ ਕਿ ਇੰਜ ਦੋਹਾਂ ਧਿਰਾਂ ਦੀ ਪੁੱਤ ਵਿਆਹੁਣ ਅਤੇ ਘਰ ਵੱਸਦਾ ਵੇਖਣ ਦੀ ਰੀਝ ਪੂਰੀ ਹੋ ਜਾਊ। ਪਰ ਚੰਦਾ ਸਿੰਘ ਦੀ 'ਟੈਂਅ' ਨੂੰ ਇਹ ਗੱਲ ਕਿਵੇਂ ਪੁੱਗ ਸਕਦੀ ਸੀ? ਉਹ ਕੂਇਆ, "ਤੂੰ ਚਾਹੁੰਨੈਂ ਠੇਠਰ ਬੰਦਿਆਂ ਵਾਂਗੂੰ ਮੈਂ ਸਹੁਰੇ ਘਰ ਆ ਕੇ ਬਹਿ ਜਾਂ।"

ਆਖਰ ਹਰਨਾਮ ਕੌਰ ਨੇ ਹੀ ਨਿਬੇੜਾ ਕੀਤਾ, "ਦੀਦਾਰ ਦੇ ਮਾਮਾ! ਇਹ ਪਹਿਲਾਂ ਭਾਊ ਚੰਦਾ ਸੁੰਹ ਦੇ ਨਿਆਣੇ ਈ ਨੇ। ਜਿਵੇਂ ਉਹਨੂੰ ਚੰਗਾ ਲੱਗਦੈ, ਕਰਨ ਦੇਹ। ਆਪਾਂ ਤਾਂ ਪਰਾਈ ਅਮਾਨਤ ਸਾਂਭਣ ਜੋਗੇ ਸਾਂ। ਆਪਣਾ ਕਾਹਦਾ ਮਾਣ!" ਹਉਕਾ ਲੈ ਕੇ ਉਹਨੇ ਦਿਲ 'ਤੇ ਪੱਥਰ ਰੱਖ ਲਿਆ।



*ਤਸਵੀਰ ਵਿਚ ਪਿਛੇ ਰਤਨ ਕੌਰ ਖੜ੍ਹੇ ਹਨ। ਉਸ ਤੋਂ ਅੱਗੇ ਬਖਸ਼ੀਸ਼ ਸਿੰਘ ਢਿੱਲੋਂ, ਉਨ੍ਹਾਂ ਦੀ ਗੋਦ ਵਿਚ ਹਰਨਾਮ, ਨਾਲ ਖੜ੍ਹੇ ਹਨ ਬਡ, ਕਪੂਰ, ਕਰਤਾਰ ਕੌਰ ਬੈਠੀ ਹੈ ਅਤੇ ਕਰਮ ਕੌਰ ਖੜ੍ਹੀ ਹੈ*

ਚੰਦਾ ਸਿੰਘ ਦੋਹਾਂ ਬੱਚਿਆਂ ਨੂੰ ਲੈ ਕੇ ਭਡਾਣੇ ਚਲਾ ਗਿਆ। ਪਹਿਲਾਂ ਧੀ ਦਾ ਵਿਆਹ ਕੀਤਾ। ਫਿਰ ਚੰਦਾ ਸਿੰਘ ਦੇ ਵੱਡੇ ਭਰਾ ਹਰੀ ਸਿੰਘ ਦੇ ਘਰੋਂ, ਮੰਗਲ ਕੌਰ ਚਵਿੰਡੇ ਤੋਂ ਆਪਣੀ ਭਤੀਜੀ ਜਿੰਦੋ ਦਾ ਸਾਕ ਆਪਣੇ ਦਿਓਰ ਦੇ ਮੁੰਡੇ ਦੀਦਾਰ ਸਿੰਘ ਲਈ ਲੈ ਆਈ। ਦੀਦਾਰ ਸਿੰਘ ਵੀ ਵਿਆਹਿਆ ਗਿਆ। ਹਕੀਕਤ ਸਿੰਘ ਅਤੇ ਹਰਨਾਮ ਕੌਰ ਨੇ ਗੁਰਮੇਜ ਕੌਰ ਤੇ ਦੀਦਾਰ ਸਿੰਘ ਦੇ ਵਿਆਹਾਂ 'ਤੇ ਉਨ੍ਹਾਂ ਨੂੰ ਆਪਣੇ ਬੱਚੇ ਸਮਝ ਕੇ ਖਰਚ ਕੀਤਾ। ਦੀਦਾਰ ਸਿੰਘ ਤੇ ਜੋਗਿੰਦਰ ਕੌਰ ਦੇ ਪਲੇਠੀ ਦਾ ਪੁੱਤਰ ਸਾਡਾ ਵਰਿਆਮ ਜੰਮਿਆ।

ਵਰਿਆਮ ਅਜੇ ਡੇਢ ਪੌਣੇ ਦੋ ਸਾਲ ਦਾ ਸੀ ਕਿ ਪਾਕਿਸਤਾਨ ਬਣ ਗਿਆ। ਐਨ ਆਖਰੀ ਦਿਨ ਤੱਕ, ਜਦੋਂ ਇਹ ਖਬਰ ਮਿਲੀ ਕਿ ਧਾੜਵੀ ਪਿੰਡ ਨੂੰ ਲੁੱਟਣ ਅਤੇ ਸਾੜਨ ਆ ਰਹੇ ਹਨ, ਸਾਰੇ ਹਿੰਦੂ-ਸਿੱਖ ਪਿੰਡ ਵਿਚ ਹੀ ਟਿਕੇ ਹੋਏ ਸਨ। ਭਡਾਣਾ ਪਾਕਿਸਤਾਨ ਵਿਚ ਆ ਗਿਆ ਸੀ। ਹੁਣ ਅਚਨਚੇਤ ਹਨੇਰਾ ਉਤਰਦਿਆਂ ਹੀ ਵੱਸਦੇ-ਰੱਸਦੇ ਘਰ ਛੱਡ ਕੇ ਸਭ ਨੂੰ ਤੁਰਨਾ ਪੈ ਗਿਆ।

ਵਰਿਆਮ ਦੀ ਬੀਬੀ ਵਰਿਆਮ ਨੂੰ ਦੱਸਿਆ ਕਰਦੀ, "ਤੇਰੇ ਜੰਮਣ 'ਤੇ ਕੁਝ ਚਿਰ ਤਾਂ ਮੈਂ ਚਵਿੰਡੇ ਰਹੀ। ਭਡਾਣੇ ਬਾਪੂ ਜੀ ਨਵਾਂ ਮਕਾਨ ਬਣਵਾ ਰਹੇ ਸਨ। ਸਾਂਝੇ ਟੱਬਰ 'ਚੋਂ ਹਿੱਸੇ ਆਉਂਦਾ ਪਹਿਲਾ ਮਕਾਨ ਤਾਂ ਏਨੇ ਸਾਲਾਂ ਪਿੱਛੋਂ ਰਹਿਣ ਜੋਗਾ ਨਹੀਂ ਸੀ ਰਿਹਾ। ਦੋ ਨਵੇਂ ਪੱਕੇ ਕੋਠੇ, ਅੱਗੇ ਸੂਫਾ ਤੇ ਰਸੋਈ ਬਣਵਾਈ। ਡੰਗਰਾਂ ਲਈ ਵੱਖਰਾ ਕੱਚਾ ਕੋਠਾ ਤੇ ਪੱਕਾ ਬਰਾਂਡਾ ਬਣਵਾਇਆ। ਬਰਾਂਡੇ ਵਿਚ ਟੋਕਾ ਲਵਾਇਆ। ਉਦੋਂ ਮਸ਼ੀਨੀ ਟੋਕਾ ਕਿਸੇ ਕਿਸੇ ਦੇ ਘਰ ਹੀ ਹੁੰਦਾ ਸੀ। ਬਾਰ ਵਾਲੀ ਜਮੀਨ ਵਿਚ ਕਣਕ ਬੀਜ ਕੇ ਅਸੀਂ ਫੱਗਣ ਵਿਚ ਭਡਾਣੇ ਆ ਗਏ। ਬਾਪੂ ਜੀ ਬੜੇ ਖੁਸ਼ ਕਿ ਵਰ੍ਹਿਆਂ ਬਾਅਦ ਉਨ੍ਹਾਂ ਦਾ ਘਰ ਵੱਸਿਆ ਸੀ! ਅਜੇ ਪੰਜ-ਛੇ ਮਹੀਨੇ ਹੀ ਰਹੇ ਹੋਵਾਂਗੇ ਕਿ ਭਾਦਰੋਂ ਵਿਚ ਪਾਕਿਸਤਾਨ ਬਣ ਗਿਆ। ਗੁਰੂ ਕੀ ਵਡਾਲੀ ਤੋਂ ਉਜੜ ਕੇ ਮੁਸਲਮਾਨ ਸਾਡੇ ਗੁਆਂਢ ਆ ਵੱਸੇ ਸਨ। ਬਾਪੂ ਜੀ ਆਪਣੇ ਦਲੇਰ ਸੁਭਾਅ ਕਰਕੇ ਉਨ੍ਹਾਂ ਨੂੰ ਕਹਿੰਦੇ, 'ਤੁਸੀਂ ਮੈਨੂੰ ਦੱਸੋ, ਮੈਂ ਗੁਰੂ ਕੀ ਵਡਾਲੀ ਤੋਂ ਜਾ ਕੇ ਤੁਹਾਡਾ ਸਮਾਨ ਲਿਆਉਂਦਾ ਹਾਂ!' ਪਰ ਰਾਤ ਨੂੰ ਆਪਣਾ ਸਭ ਕੁਝ ਛੱਡ-ਛੁਡਾ ਕੇ ਘਰੋਂ ਨਿਕਲਣਾ ਪੈ ਗਿਆ! ਉਂਜ ਪਿੰਡ ਵਿਚ ਅਮਨ-ਕਮੇਟੀ ਵੀ ਬਣੀ ਹੋਈ ਸੀ। ਰੇਡੀਓ ਸੁਣਨ ਵਾਲੇ ਕੁਝ ਲੋਕ ਆਖਦੇ ਤਾਂ ਸਨ ਕਿ ਭਡਾਣਾ ਪਾਕਿਸਤਾਨ ਵਿਚ ਆ ਗਿਐ, ਪਰ ਵੱਸਦੇ ਘਰ ਛੱਡਣ ਨੂੰ ਕਿਸੇ ਦਾ ਦਿਲ ਨਹੀਂ ਸੀ ਕਰਦਾ। ਭਡਾਣੇ ਦੇ ਪਾਕਿਸਤਾਨ ਵਿਚ ਆ ਜਾਣ ਦੀ ਖਬਰ ਸੁਣ ਕੇ ਸਵੇਰੇ ਈ ਸੁਰਸਿੰਘ ਵਾਲੇ ਬਾਪੂ ਜੀ ਸਾਨੂੰ ਲੈਣ ਗਏ ਤਾਂ ਬਾਪੂ ਜੀ ਉਨ੍ਹਾਂ ਨੂੰ ਝਿੜਕ ਕੇ ਪਏ, 'ਪੰਝੀਆਂ ਵਰ੍ਹਿਆਂ ਬਾਅਦ ਮੇਰਾ ਘਰ ਵੱਸਿਆ। ਤੂੰ ਫੇਰ ਉਜਾੜਨ ਆਇਐਂ!' ਪਰ ਤਕਾਲੀਂ ਰੌਲਾ ਪੈ ਗਿਆ ਕਿ ਲੀਗ ਵਾਲੇ ਹੱਲਾ ਕਰਨ ਆ ਪਏ ਨੇ। ਲੋਕ ਪਿੰਡੋਂ ਨਿਕਲ ਤੁਰੇ। ਮਿਲਟਰੀ ਨੇ ਵਾਪਸ ਭੇਜ ਦਿੱਤੇ। ਸੱਤ-ਅੱਠ ਵਜੇ ਫਿਰ ਰੌਲਾ ਪੈ ਗਿਆ। ਰਾਤ ਦੇ ਹਨੇਰੇ ਵਿਚ ਭੱਜ ਨਿਕਲੇ। ਭਡਾਣੇ ਦੀ ਜਮੀਨ ਦੀ ਹੱਦ ਹੀ ਪਾਕਿਸਤਾਨ ਦੀ ਹੱਦ ਸੀ। ਪਰ ਨੇਰ੍ਹੀ ਰਾਤ ਵਿਚ ਰਾਹ ਨਾ ਲੱਭੇ। ਓਧਰੋਂ ਮੀਂਹ ਪੈਣ ਲੱਗਾ। ਖਾਲੇ-ਖਾਲ ਲੰਮੇ ਪੈ ਕੇ ਸੂਏ ਵੱਲ ਗਏ ਤਾਂ ਓਥੇ ਮਿਲਟਰੀ ਦਾ ਨਾਕਾ ਲੱਗਾ ਹੋਇਆ। ਮਿਲਟਰੀ ਤੋਂ ਵੀ ਡਰੀਏ ਕਿ ਕਿਤੇ ਗੋਲੀ ਨਾ ਚਲਾ ਦੇਣ! ਫੇਰ ਪਿੱਛੇ ਮੁੜੇ। ਰਾਤੋ ਰਾਤ ਕਮਾਦਾਂ 'ਚ ਲੁਕਦੇ, ਜਾਨ ਬਚਾਉਂਦੇ, ਵੌੜਾਂ ਲੈਂਦੇ ਮਸਾਂ ਦਿਨ ਚੜ੍ਹਨ ਤੱਕ 'ਸੌ ਕੋਹਾਂ' ਵਰਗਾ ਚਾਰ ਪੰਜ ਕੋਹ ਪੈਂਡਾ ਮਾਰ ਕੇ ਮਸੀਂ ਸੁਰਸਿੰਘ ਪਹੁੰਚੇ।

ਸੁਰਸਿੰਘ ਆ ਕੇ ਰੋਟੀ-ਪਾਣੀ ਖਾਧਾ ਤੇ ਬਾਪੂ ਜੀ ਆਖਣ ਲੱਗੇ, ਮੈਂ ਭਡਾਣੇ ਨੂੰ ਚੱਲਿਆਂ। ਜਾ ਕੇ ਪਤਾ-ਸੁਤਾ ਕਰਦਾਂ, ਨਾਲੇ ਮਾਲ ਡੰਗਰ ਭੁੱਖਾ ਮਰਦਾ ਹੋਊ, ਉਹਨੂੰ ਪੱਠਾ-ਦੱਥਾ ਪਾ ਆਊਂ। ਆਪਣੇ ਕੋਲ ਉਸ ਵੇਲੇ ਚਾਰ ਮੱਝਾਂ, ਦੋ ਝੋਟੀਆਂ, ਦੋ ਬਲਦ, ਲਬੋਚੜ ਗਾਂ, ਆਉਣ ਜਾਣ ਲਈ ਘੋੜੀ ਤੇ ਪੱਠਾ-ਦੱਥਾ ਢੋਣ ਤੇ ਖੂਹ ਵਾਹੁਣ ਲਈ ਪਹਾੜ ਜਿੱਡਾ ਊਠ ਸੀ। ਘਰ ਜਾ ਕੇ ਬਾਪੂ ਜੀ ਨੇ ਊਠ ਖੋਲ੍ਹਿਆ ਤੇ ਪੱਠਿਆ ਨੂੰ ਤੁਰ ਪਿਆ। ਪਿੰਡ ਦੇ ਮੁਸਲਮਾਨ ਹੈਰਾਨ ਹੋਏ ਉਸ ਵੱਲ ਵੇਖਣ। ਉਸ ਨੂੰ ਪੈਲੀ 'ਚੋਂ ਪੱਠੇ ਵੱਢਦਿਆਂ ਵੇਖ ਜਲਾਲ ਬਰਵਾਲਾ ਭੱਜਾ ਆਇਆ ਤੇ ਆਖਣ ਲੱਗਾ, 'ਸਰਦਾਰਾ! ਮੇਰੀ ਮੰਨਦੈਂ ਤਾਂ ਤੈਨੂੰ ਅੱਲਾ ਦਾ ਵਾਸਤਾ ਈ, ਛੇਤੀ ਭੱਜ ਜਾ। ਰਾਤੀਂ ਤਾਂ ਪਿੰਡ ਵਾਲਿਆਂ ਨੇ ਬਾਹਰੋਂ ਆਏ ਬੰਦੇ ਹੱਥ ਬੰਨ੍ਹ ਕੇ ਮੋੜ ਦਿੱਤੇ ਸਨ। ਮਿਲਟਰੀ ਵਾਲਿਆਂ ਵੀ ਸਾਥ ਦਿੱਤਾ ਸੀ। ਹੁਣ ਵੀ ਪਿੰਡ ਵਾਲਿਆਂ ਦਾ ਤਾਂ ਕੋਈ ਨਹੀਂ, ਪਰ ਬਾਹਰੋਂ ਆਏ ਮੁਸਲਮਾਨ ਬੜੇ ਆਫਰੇ ਫਿਰਦੇ ਨੇ। ਉਨ੍ਹਾਂ ਤਾਂ ਘਰ ਲੁੱਟਣੇ ਵੀ ਸ਼ੁਰੂ ਕਰ ਦਿੱਤੇ ਨੇ। ਜਿਨ੍ਹਾਂ ਡੰਗਰਾਂ ਲਈ ਪੱਠੇ ਵੱਢਣ ਡਿਹੈਂ ਉਨ੍ਹਾਂ ਵਿਚੋਂ ਤਾਂ ਹੁਣ ਕੋਈ ਵੀ ਕਿੱਲੇ 'ਤੇ ਬੱਝਾ ਨਹੀਂ ਰਹਿ ਗਿਆ!' ਬਾਪੂ ਜੀ ਹੱਥ ਝਾੜ ਕੇ ਤੁਰ ਪਏ। ਆਉਣ ਲੱਗਿਆਂ ਊਠ ਨੂੰ ਪੈਲੀਆਂ ਵਿਚ ਖੁੱਲ੍ਹਾ ਛੱਡ ਆਏ। ਉਨ੍ਹਾਂ ਨੂੰ ਪਤਾ ਸੀ ਕਿ ਘਰ ਦੇ ਕਿਸੇ ਜੀਅ ਤੋਂ ਬਿਨਾ ਕੋਈ ਹੋਰ ਜਣਾ ਉਸ ਨੂੰ ਫੜਨ ਦੀ ਹਿੰਮਤ ਨਹੀਂ ਕਰ ਸਕਦਾ। ਬੜਾ ਵਾਢੂ ਊਠ ਸੀ ਉਹ। ਹੋਇਆ ਵੀ ਇੰਜ ਹੀ। ਆਂਹਦੇ ਨੇ ਮਹੀਨਾ ਭਰ ਉਸ ਨੇ ਕਿਸੇ ਨੂੰ ਆਪਣੇ ਨੇੜੇ ਨਾ ਢੁੱਕਣ ਦਿੱਤਾ।"

ਉਜੜਨ ਦੀ ਵਾਰਤਾ ਸੁਣਾਉਂਦੀ ਬੀਬੀ ਆਪਣੇ ਦਾਜ ਤੇ ਗਹਿਣਿਆਂ ਦੀ ਗਿਣਤੀ ਕਰਨ ਲੱਗਦੀ, ਜਿਨ੍ਹਾਂ ਨੂੰ ਪਹਿਨਣਾ ਉਹਦੀ ਕਿਸਮਤ ਵਿਚ ਨਹੀਂ ਸੀ। ਚੰਦਾ ਸਿੰਘ ਦਾ ਟੱਬਰ, ਉਹਦੀ ਧੀ ਗੁਰਮੇਜ ਕੌਰ ਦੇ ਸਹੁਰਿਆਂ ਦਾ ਵੱਡਾ ਟੱਬਰ, ਹਰਨਾਮ ਕੌਰ ਦੇ ਪੇਕਿਆਂ ਦਾ ਟੱਬਰ, ਪੰਜਾਹ-ਸੱਠ ਜੀਅ ਹੋਣਗੇ ਨਿੱਕੇ-ਵੱਡੇ ਰਲਾ ਕੇ, ਜਿਹੜੇ ਸੁਰਸਿੰਘ ਦੀ ਹਵੇਲੀ ਵਿਚ ਆ ਟਿਕੇ। ਹਕੀਕਤ ਸਿੰਘ ਅਤੇ ਹਰਨਾਮ ਕੌਰ ਨੇ ਆਪਣੇ ਦਿਲ ਵਾਂਗ ਹੀ ਘਰ ਦੇ ਬੂਹੇ ਖੋਲ੍ਹ ਦਿੱਤੇ। ਹੌਲੀ-ਹੌਲੀ ਸਭ ਜਿੱਥੇ-ਜਿੱਥੇ ਪੈਰ ਅੜਿਆ, ਤੁਰਦੇ ਗਏ ਪਰ ਸੁਰਸਿੰਘੀਆਂ ਦੀ ਖੁੱਲ੍ਹ-ਦਿਲੀ ਤੇ ਪ੍ਰਾਹੁਣਚਾਰੀ ਦੀਆਂ ਤਾਰੀਫਾਂ ਸਾਲਾਂ ਤੱਕ ਕਰਦੇ ਰਹੇ।

ਪਾਕਿਸਤਾਨ ਵਿਚ ਰਹਿ ਗਈ ਜਮੀਨ ਦੇ ਬਦਲੇ ਚੰਦਾ ਸਿੰਘ ਨੂੰ ਕੱਚੀ ਅਲਾਟਮੈਂਟ ਮੁਕੇਰੀਆਂ ਨੇੜੇ ਛੋਟੇ ਜਿਹੇ ਪਿੰਡ ਤੰਗਰਾਲੀਆਂ ਵਿਚ ਹੋਈ। ਬਾਕੀ ਭਾਈਚਾਰੇ ਨਾਲ ਚੰਦਾ ਸਿੰਘ ਦਾ ਪਰਿਵਾਰ ਵੀ ਤੰਗਰਾਲੀਆਂ ਜਾ ਵੱਸਿਆ। ਵਰਿਆਮ ਉਦੋਂ ਮਾਂ ਦੇ ਕੁੱਛੜ ਸੀ। ਉਹ ਆਪਣਾ ਮਾਲ ਡੰਗਰ ਤਾਂ ਪਿੱਛੇ ਭਡਾਣੇ ਛੱਡ ਆਏ ਸਨ। ਹਰਨਾਮ ਕੌਰ ਤੇ ਹਕੀਕਤ ਸਿੰਘ ਮਿਲਣ ਆਏ ਤਾਂ ਸੱਜਰ-ਸੂਈ ਮੱਝ ਮੁੱਲ ਲੈ ਕੇ ਦੇ ਗਏ ਤਾਂ ਕਿ ਬੱਚਿਆਂ ਦੇ ਮੂੰਹ 'ਚ ਦੁੱਧ ਦੀ ਤਿੱਪ ਜਾ ਸਕੇ।

ਵਰਿਆਮ ਨੂੰ ਆਪਣੀ ਪਹਿਲੀ ਸੁਰਤ-ਸੰਭਾਲ ਇਸੇ ਪਿੰਡ ਤੰਗਰਾਲੀਆਂ ਦੀ ਹੈ। ਉਥੇ ਉਸ ਨੇ ਤੁਰਨਾ ਸਿੱਖਿਆ। ਉਥੇ ਹੀ ਉਸ ਦੀ ਭੈਣ ਸੁਰਜੀਤੋ ਨੇ ਜਨਮ ਲਿਆ। ਹਕੀਕਤ ਸਿੰਘ ਅਤੇ ਹਰਨਾਮ ਕੌਰ ਕੁਝ ਚਿਰ ਬਾਅਦ ਫੇਰ ਆਏ। ਉਨ੍ਹਾਂ ਨੇ ਚੰਦਾ ਸਿੰਘ ਨੂੰ ਸਮਝਾਇਆ। ਹਰਨਾਮ ਕੌਰ ਨੇ ਆਖਿਆ, "ਵੀਰਾ! ਇਹ ਤੇਰੇ ਹੀ ਨਿਆਣੇ ਸਹੀ, ਪਰ ਸਾਡੇ ਵੀ ਕੁਝ ਲੱਗਦੇ ਨੇ। ਇਨ੍ਹਾਂ ਨੂੰ ਇਸ ਹਾਲੇ ਵੇਖ ਕੇ ਸਾਡੇ ਤੋਂ ਜਰਿਆ ਨਹੀਂ ਜਾਂਦਾ। ਤੂੰ ਦੀਦਾਰ ਨੂੰ ਸਾਡੇ ਕੋਲ ਘੱਲ ਦੇਹ। ਜਦੋਂ ਤੈਨੂੰ ਕਿਤੇ ਪੱਕੀ ਜਮੀਨ ਮਿਲ ਗਈ, ਬੇਸ਼ੱਕ ਲੈ ਜਾਈਂ।"

ਇੰਜ ਦੀਦਾਰ ਸਿੰਘ ਆਪਣੇ ਬਾਲ-ਬੱਚੇ ਨਾਲ ਸੁਰਸਿੰਘ ਪਰਤ ਪਿਆ। ਪਿੱਛੋਂ ਕੱਚੀ ਅਲਾਟਮੈਂਟ ਵਾਲੀ ਜਮੀਨ ਵੀ ਖੁੱਸ ਗਈ ਅਤੇ ਚੰਦਾ ਸਿੰਘ ਵੀ ਸੁਰਸਿੰਘ ਹੀ ਆ ਗਿਆ। ਉਹ ਆਪਣੇ ਕਲੇਮ ਤੇ ਜਮੀਨ ਦੀ ਪ੍ਰਾਪਤੀ ਲਈ ਜਲੰਧਰ ਫੇਰੇ 'ਤੇ ਫੇਰੇ ਮਾਰਦਾ। ਉਹ ਸੁਰਸਿੰਘ ਤੋਂ ਸਦਾ ਤੁਰ ਕੇ ਹੀ ਜਾਂਦਾ। ਰਾਤ ਦੇ ਤੀਜੇ ਪਹਿਰ ਪਰਾਉਂਠੇ ਤੇ ਅੰਬ ਦਾ ਆਚਾਰ ਪਰਨੇ ਦੇ ਲੜ ਬੰਨ੍ਹ ਕੇ ਜਲੰਧਰ ਨੂੰ ਪੈਦਲ ਨਿਕਲ ਤੁਰਦਾ ਤੇ ਤੀਜੇ ਚੌਥੇ ਦਿਨ ਖੱਜਲ-ਖਰਾਬ ਹੋਣ ਬਾਅਦ ਘਰ ਪਰਤਦਾ। ਜਲੰਧਰ ਉਸ ਨੂੰ ਕੋਈ ਹੱਥ-ਪੱਲਾ ਨਾ ਫੜਾਉਂਦਾ। ਇੱਕ ਵਾਰ ਤਾਂ ਉਹ ਮਹਿਕਮਾ ਮਾਲ ਦੇ ਕਰਮਚਾਰੀ ਨੂੰ ਆਪਣਾ ਚਾਕੂ ਕੱਢ ਕੇ ਹੀ ਪੈ ਗਿਆ ਸੀ। ਆਖਰ ਲੰਮੇ ਯਤਨਾਂ ਪਿੱਛੋਂ ਉਸ ਨੂੰ ਆਪਣੇ ਹੋਰ ਬਹੁਤ ਸਾਰੇ ਪਿੰਡ ਵਾਸੀਆਂ ਵਾਂਗ ਅਬੋਹਰ ਨੇੜੇ 'ਚਰਾਗ ਢਾਣੀ' ਨਾਂ ਦੇ ਪਿੰਡ ਵਿਚ ਜਮੀਨ ਅਲਾਟ ਹੋਈ। ਜਮੀਨ ਦਾ ਕਬਜ਼ਾ ਲੈਣ ਲਈ ਚੰਦਾ ਸਿੰਘ ਓਥੇ ਪਹੁੰਚ ਗਿਆ। ਓਥੇ ਹੀ ਉਹਦੇ ਭਤੀਜਿਆਂ ਨੂੰ ਜਮੀਨ ਮਿਲੀ ਹੋਈ ਸੀ। ਬਾਕੀ ਪਰਿਵਾਰ ਸੁਰਸਿੰਘ ਹੀ ਟਿਕਿਆ ਰਿਹਾ।

ਵਰਿਆਮ ਦੱਸਦੈ: 1951 ਵਿਚ ਮੇਰਾ ਪਿਓ ਮੈਨੂੰ ਸਕੂਲ ਦਾਖਲ ਕਰਵਾਉਣ ਲੈ ਗਿਆ। ਮੇਰੇ ਤੇੜ ਚਾਦਰਾ ਬੱਝਾ ਹੋਇਆ ਸੀ। ਮੇਰੇ ਪਿਤਾ ਦੇ ਕਿੱਤੇ ਵਾਲੇ ਖਾਨੇ ਵਿਚ 'ਰਫਿਊਜੀ' ਲਿਖਿਆ ਗਿਆ। ਮਾਸਟਰ ਮੁਲਖ ਰਾਜ ਮੇਰੇ ਪਿਓ ਦਾ ਵੀ ਉਸਤਾਦ ਰਿਹਾ ਸੀ। ਉਸ ਨੇ ਮੈਨੂੰ ਘਬਰਾਇਆ ਵੇਖ ਕੇ ਕਿਹਾ, "ਡਰਦਾ ਕਿਓਂ ਏਂ? ਤੇਰਾ ਪਿਓ ਵੀ ਏਥੇ ਇਨ੍ਹਾਂ ਤੱਪੜਾਂ 'ਤੇ ਬਹਿ ਕੇ ਹੀ ਪੜ੍ਹਿਆ। ਆਹ ਵੇਖ ਸਭ ਤੇਰੇ ਜਿੱਡੇ ਮੁੰਡੇ। ਔਹ ਵੇਖ ਖੁਸ਼ੀਏ ਦਾ ਮੁੰਡਾ ਤੇਰੇ ਜਿੱਡਾ।" ਉਹ ਮੈਨੂੰ ਹੌਸਲਾ ਦੇਣ ਲਈ ਜਮਾਤ ਵਿਚ ਲੈ ਗਿਆ ਅਤੇ ਮੈਨੂੰ ਬਾਜ਼ਾਰ ਵਿਚ ਸਾਡੇ ਨੇੜੇ ਹੀ ਵੱਸਦੇ ਦੁਕਾਨਦਾਰ ਖੁਸ਼ੀ ਰਾਮ ਦੇ ਲੜਕੇ ਕੋਲ ਬਿਠਾ ਦਿੱਤਾ। ਮੈਂ ਵੀ ਉਹਦੇ ਵਾਂਗ ਜਮਾਤਾਂ ਚੜ੍ਹਨ ਲੱਗਾ। ਅਠਵੀਂ 'ਚ ਪੜ੍ਹਦਾ ਸਾਂ ਜਦੋਂ ਅਸੀਂ ਆਪਣੀ ਪੱਕੀ ਅਲਾਟਮੈਂਟ ਵਾਲੀ ਜਮੀਨ 'ਤੇ ਜਾਣ ਦਾ ਫੈਸਲਾ ਕਰ ਲਿਆ। ਸਮਾਨ ਲੈ ਜਾਣ ਲਈ ਮੇਰਾ ਪਿਤਾ ਟਰੱਕ ਵੀ ਕਿਰਾਏ 'ਤੇ ਕਰ ਲਿਆਇਆ। ਬਾਪੂ ਹਕੀਕਤ ਸਿੰਘ ਅਤੇ ਦਾਦੀ ਹਰਨਾਮ ਕੌਰ ਨੂੰ ਜਦੋਂ ਪਤਾ ਲੱਗਾ ਤਾਂ ਉਨ੍ਹਾਂ ਨੇ ਮੇਰੇ ਪਿਤਾ ਦੇ ਨੇੜਲੀ ਜਾਣ-ਪਛਾਣ ਅਤੇ ਰਸੂਖ ਵਾਲੇ ਬੰਦਿਆਂ ਕੋਲ ਸਾਨੂੰ ਅਬੋਹਰ ਜਾਣੋਂ ਰੋਕਣ ਦਾ ਤਰਲਾ ਲਿਆ। ਵਿਚਲੀ ਗੱਲ ਇਹ ਸੀ ਕਿ ਸੁਰਸਿੰਘ ਵਿਚਲੀ ਸਾਰੀ ਜਮੀਨ-ਜਾਇਦਾਦ ਤਾਂ ਹਕੀਕਤ ਸਿੰਘ ਦੇ ਨਾਂ ਸੀ ਤੇ ਉਹਤੋਂ ਬਾਅਦ ਉਸ ਉਤੇ ਉਹਦੇ ਭਤੀਜਿਆਂ ਦਾ ਹੱਕ ਹੋ ਜਾਣਾ ਸੀ। ਮੇਰਾ ਪਿਤਾ ਕਹਿੰਦਾ ਸੀ ਕਿ ਜੇ ਉਹ ਏਥੇ ਹੀ ਬੈਠਾ ਰਿਹਾ ਤਾਂ ਕੱਲ੍ਹ ਨੂੰ ਆਪਣੇ ਪਰਿਵਾਰ ਨੂੰ ਰੋਟੀ ਕਿਥੋਂ ਖੁਆਵੇਗਾ? ਉਂਜ ਵੀ ਜਮੀਨ ਦੀ ਸਾਰੀ ਖੱਟੀ ਹਕੀਕਤ ਸਿੰਘ ਦੀ ਜੇਬ ਵਿਚ ਜਾਂਦੀ ਸੀ ਅਤੇ ਘਰ-ਪਰਿਵਾਰ ਦੇ ਖਰਚਿਆਂ ਲਈ ਹਰ ਵੇਲੇ ਉਨ੍ਹਾਂ ਦੇ ਮੂੰਹ ਵੱਲ ਵੇਖਣਾ ਪੈਂਦਾ ਸੀ। ਮੇਰੇ ਪਿਤਾ ਨੂੰ ਇਸ ਘਰ ਵਿਚ ਕਿਸੇ ਪ੍ਰਕਾਰ ਦੇ ਹੱਕ ਅਤੇ ਮਾਣ ਦੀ ਘਾਟ ਦੁਖੀ ਕਰਦੀ ਸੀ। ਉਹ ਲੱਖ ਕੋਸ਼ਿਸ਼ ਕਰਨ 'ਤੇ ਵੀ ਆਪਣੇ ਪਿਓ ਵਰਗਾ ਮਾਣ ਆਪਣੇ ਪਿਓ ਵਰਗੇ ਮਾਮੇ 'ਤੇ ਨਹੀਂ ਸੀ ਕਰ ਸਕਦਾ। ਬਹੁਤੀ ਵਾਰ ਤਾਂ ਉਹ ਮਾਂ ਹਰਨਾਮ ਕੌਰ ਕੋਲ ਹੀ ਆਪਣੀ ਮੰਗ ਰੱਖਦਾ ਤੇ ਉਹੋ ਹੀ ਅੱਗੇ ਬਾਪੂ ਹਕੀਕਤ ਸਿੰਘ ਨੂੰ ਦੱਸਦੀ। ਦੂਜੇ ਪਾਸੇ ਹਕੀਕਤ ਸਿੰਘ ਦੇ ਅੰਦਰ ਵੀ ਸ਼ਾਇਦ ਇਹ ਕੰਡਾ ਰੜਕਦਾ ਰਹਿੰਦਾ ਸੀ ਕਿ ਉਸ ਦਾ ਅਸਲੀ ਪੁੱਤ ਹੁੰਦਾ ਤਾਂ ਉਸ ਨੂੰ ਖਬਰੇ ਕਿਵੇਂ ਦਾ ਮੋਹ-ਪਿਆਰ ਅਤੇ ਆਦਰ-ਮਾਣ ਦਿੰਦਾ! ਮਾਮਾ-ਭਣੇਵਾਂ ਦੋਵੇਂ ਇੱਕ ਦੂਜੇ ਨੂੰ ਆਪਣੀ ਵੱਲੋਂ ਬਣਦਾ ਮੋਹ-ਪਿਆਰ ਦੇਣ ਦੇ ਬਾਵਜੂਦ ਅੰਦਰੋਂ-ਅੰਦਰੀ ਕਿਤੇ ਖਾਲੀਪਨ ਮਹਿਸੂਸ ਕਰਦੇ ਸਨ। ਇਸੇ ਕਰਕੇ ਕਦੀ-ਕਦੀ ਮਾਮੇ-ਭਣੇਵੇਂ ਵਿਚ ਮਨ-ਮੁਟਾਵ ਵੀ ਹੋ ਜਾਂਦਾ ਸੀ। ਅੱਜ ਮੈਨੂੰ ਲੱਗਦਾ ਹੈ ਕਿ ਮਾਮਾ-ਭਣੇਵਾਂ ਦੋਵੇਂ ਹੀ ਸ਼ਾਇਦ ਆਪਣੀ-ਆਪਣੀ ਥਾਂ ਸੱਚੇ ਸਨ। ਦੋਵਾਂ ਨੂੰ ਕਿਤੇ-ਕਿਤੇ 'ਪਿਓ-ਪੁੱਤ' ਦਾ ਇਹ ਰਿਸ਼ਤਾ 'ਅੰਬ' ਦੀ ਥਾਂ 'ਅੰਬਾਕੜੀ' ਵਾਂਗ ਲੱਗਣ ਦਾ ਅਹਿਸਾਸ ਕਰਾਉਣ ਲੱਗ ਜਾਂਦਾ ਸੀ।

ਸੱਚਾਈ ਉਤੇ ਜਿੰਨਾ ਮਰਜ਼ੀ ਆਦਰਸ਼ ਦਾ ਪੋਚਾ ਫੇਰੀਏ 'ਪਿਉ' ਤੇ 'ਮਾਮੇ' ਵਾਲੀ ਗੱਲ ਰੜਕਦੀ ਹੀ ਰਹਿੰਦੀ ਹੈ। ਰਿਸ਼ਤਿਆਂ ਦੀ ਇਸ ਗੁੰਝਲ ਵਿਚ ਫਸਿਆ ਮੇਰਾ ਪਿਤਾ ਆਪਣੇ ਆਪ ਨੂੰ ਹਕੀਕਤ ਸਿੰਘ ਦੀ ਦਇਆ 'ਤੇ ਨਿਰਭਰ ਸਮਝਦਾ ਸੀ। ਇਹ 'ਦਇਆ' ਉਸ ਦੇ ਸਵੈਮਾਣ ਨੂੰ ਜ਼ਖਮੀ ਕਰਦੀ ਰਹਿੰਦੀ। ਉਸ ਨੂੰ ਹਰ ਨਿੱਕੇ ਮੋਟੇ ਪਰਿਵਾਰਕ ਖਰਚੇ ਲਈ ਮਾਮੇ ਅੱਗੇ ਹੱਥ ਅੱਡਣੇ ਗਵਾਰਾ ਨਹੀਂ ਸਨ। ਉਹ ਹੁਣ ਕੋਈ ਛੋਟਾ ਬੱਚਾ ਨਹੀਂ ਸੀ ਰਹਿ ਗਿਆ! ਦੂਜੇ ਪਾਸੇ ਹਕੀਕਤ ਸਿੰਘ ਦਾ ਵਿਚਾਰ ਸੀ ਕਿ ਸਾਨੂੰ ਏਥੇ ਕਿਸ ਚੀਜ਼ ਦਾ ਘਾਟਾ ਸੀ? ਉਸ ਨੇ ਕਿਹੜਾ ਸਾਡੇ ਕੋਲੋਂ ਕੁਝ ਲੁਕਾਇਆ ਸੀ? ਉਹ ਜਟਕੀ ਜਿਹੀ ਦਲੀਲ ਦਿੰਦਾ ਕਿ ਜਦੋਂ ਮੈਂ ਤੈਨੂੰ ਆਪਣਾ ਪੁੱਤ ਬਣਾ ਕੇ ਪਾਲਿਆ ਤੇ ਕੋਲ ਰੱਖਿਆ ਹੈ ਤਾਂ ਮੇਰੀ ਜਾਇਦਾਦ ਦਾ ਵਾਰਿਸ ਕੋਈ ਹੋਰ ਕਿਵੇਂ ਬਣ ਜਾਵੇਗਾ? ਪਰ ਉਸ ਨੇ ਬਾਕਾਇਦਾ ਕਾਨੂੰਨੀ ਤੌਰ 'ਤੇ ਮੇਰੇ ਪਿਤਾ ਨੂੰ ਆਪਣਾ ਮੁਤਬੰਨਾ ਨਹੀਂ ਸੀ ਬਣਾਇਆ ਹੋਇਆ। ਮੇਰਾ ਪਿਤਾ ਕਾਨੂੰਨੀ ਮੁਤਬੰਨਾ ਬਣਾਏ ਜਾਣ ਦੀ ਗੱਲ ਉਸ ਨੂੰ ਆਖਦਾ ਵੀ ਨਹੀਂ ਸੀ ਕਿਉਂਕਿ ਉਹ ਨਹੀਂ ਸੀ ਚਾਹੁੰਦਾ ਕਿ ਉਹਦੇ ਮਾਮਾ-ਮਾਮੀ ਇਹ ਸੋਚਣ ਕਿ ਉਹ ਉਨ੍ਹਾਂ ਦੀ ਜਾਇਦਾਦ ਉਤੇ ਲਾਲਚੀ ਨਜ਼ਰ ਰੱਖੀ ਬੈਠਾ ਹੈ। ਸ਼ਾਇਦ ਅੰਦਰਲੀ ਗੱਲ ਇਹ ਵੀ ਸੀ ਕਿ ਹਕੀਕਤ ਸਿੰਘ ਜਮੀਨ ਆਪਣੇ ਹੱਥ ਵਿਚ ਇਸ ਲਈ ਵੀ ਰੱਖੀ ਰੱਖਣਾ ਚਾਹੁੰਦਾ ਹੋਵੇ ਕਿ ਜੇ ਸਾਰੀ ਜਮੀਨ ਸਾਡੇ ਨਾਂ ਲਵਾ ਦਿੱਤੀ ਤਾਂ ਕੀ ਪਤਾ ਲੋੜ ਪੈਣ 'ਤੇ ਅਸੀਂ ਉਨ੍ਹਾਂ ਦੀ ਦੇਖ-ਭਾਲ ਕਰੀਏ ਵੀ ਜਾਂ ਨਾ ਕਰੀਏ? ਉਹਦੀ ਇਹ ਸ਼ੰਕਾ ਵੀ ਦੁਨਿਆਵੀ ਵਿਹਾਰ ਦੇ ਪੱਖੋਂ ਨਿਰਮੂਲ ਨਹੀਂ ਸੀ ਆਖੀ ਜਾ ਸਕਦੀ। ਪਰ 'ਉਸ ਦੇ ਪਿੱਛੋਂ ਵੀ ਜਮੀਨ ਜਾਇਦਾਦ ਸਾਡੀ ਹੋਵੇਗੀ' ਇਹ ਗੱਲ ਏਨੀ ਸਿੱਧੀ ਤਾਂ ਨਹੀਂ ਸੀ। ਸਾਡੇ ਵੱਲੋਂ ਪਿੰਡ ਛੱਡ ਕੇ ਚਲੇ ਜਾਣ ਦੀ ਖਬਰ ਸੁਣ ਕੇ ਅਤੇ ਮਾਤਾ ਹਰਨਾਮ ਕੌਰ ਦੇ ਤਰਲਿਆਂ ਕਰਕੇ ਪਰਿਵਾਰ ਦੇ ਸਨੇਹੀਆਂ ਦਾ ਸਾਡੇ ਘਰ ਆਉਣ-ਜਾਣ ਅਤੇ ਬਾਪੂ ਹਕੀਕਤ ਸਿੰਘ ਨੂੰ ਸਮਝਾਉਣ ਦਾ ਸਿਲਸਿਲਾ ਦੋ ਕੁ ਦਿਨ ਚੱਲਿਆ ਅਤੇ ਆਖਰਕਾਰ ਅੰਗਾਂ-ਸਾਕਾਂ ਤੇ ਹਰਨਾਮ ਕੌਰ ਦੇ ਕਹਿਣ 'ਤੇ ਉਸ ਨੇ 'ਹਾਲ ਦੀ ਘੜੀ' ਆਪਣੀ ਜਮੀਨ ਵਿਚੋਂ ਅੱਠ ਕੁ ਕਿੱਲੇ ਜਮੀਨ ਮੇਰੇ ਪਿਤਾ ਦੇ ਨਾਂ ਲਗਵਾ ਦਿੱਤੀ।

ਪਿਤਾ ਨੇ ਅਬੋਹਰ ਜਾਣ ਦਾ ਇਰਾਦਾ ਤਰਕ ਕਰ ਦਿੱਤਾ। ਉਂਜ ਵੀ ਉਹ ਬਚਪਨ ਤੋਂ ਹੀ ਪਿੰਡ ਸੁਰਸਿੰਘ ਪਲਿਆ, ਪੜ੍ਹਿਆ ਅਤੇ ਹੁਣ ਕਈ ਸਾਲਾਂ ਤੋਂ ਏਥੇ ਹੀ ਵੱਸਦਾ ਰਿਹਾ ਹੋਣ ਕਰਕੇ ਇਸ ਪਿੰਡ ਨਾਲ ਉਸ ਦੀਆਂ ਗੂੜ੍ਹੀਆਂ ਸਾਂਝਾਂ ਬਣੀਆਂ ਹੋਈਆਂ ਸਨ। ਇਸ ਲਈ ਇਸ ਪਿੰਡ ਨੂੰ ਛੱਡ ਕੇ ਤੁਰ ਜਾਣ ਦਾ ਉਸ ਦਾ ਆਪਣਾ ਮਨ ਵੀ ਨਹੀਂ ਸੀ।

ਸੋ ਇੰਜ ਬਣਿਆ ਸੰਧੂਆਂ ਦੇ ਪਿੰਡ ਭਡਾਣੇ ਦਾ ਲਾਡਲਾ ਬਾਲ ਵਰਿਆਮ, ਢਿੱਲੋਆਂ ਦੇ ਪਿੰਡ ਸੁਰਸਿੰਘ ਦਾ ਲੇਖਕ ਵਰਿਆਮ ਸਿੰਘ ਸੰਧੂ।

***(ਚਲਦਾ)***

# ਹਾਦਸਿਆਂ ਦਾ ਦੌਰ

***ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ 23ਵੀਂ ਕਿਸ਼ਤ ਹਾਜ਼ਰ ਹੈ। -ਸੰਪਾਦਕ***



## ਸ਼ੌਰਟ ਕੱਟ ਵਾਇਆ ਲੌਂਗ ਰੂਟ

**23**

**ਅਮਰੀਕ ਸਿੰਘ ਬਲ**
ਫੋਨ: 34602835897

### ਤੁਸੀਂ ਪੜ੍ਹ ਚੁੱਕੇ ਹੋ...

*ਟ੍ਰੈਵਲ ਏਜੰਟ ਦੇ ਸੁਨੇਹੇ ਨਾਲ ਪਿੰਡ ਬੁਤਾਲਾ ਦੇ ਨੌਜਵਾਨ ਅਮਰੀਕ ਸਿੰਘ ਬਲ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪਹਿਲਾ ਵੱਡਾ ਝਟਕਾ ਤੁਰੰਤ ਕੇਸ ਕਟਵਾਉਣ ਵਾਲੇ ਹੁਕਮ ਨਾਲ ਲੱਗਦਾ ਹੈ। ਹਵਾਈ ਜਹਾਜ਼ ਤੋਂ ਬਾਅਦ ਜੀਪਾਂ ਦਾ ਸਫਰ ਸ਼ੁਰੂ ਹੋਇਆ ਤਾਂ ਲੱਗਿਆ, ਕੁਝ ਅਣਹੋਇਆ ਹੋਣ ਵਾਲਾ ਹੈ। ਫਿਰ ਇਕ ਏਜੰਟ ਤੋਂ ਦੂਜੇ ਤੱਕ ਪੁੱਜਣ ਦਾ ਸਿਲਸਿਲਾ ਚੱਲ ਪਿਆ। ਹਰ ਥਾਂ ਦੁਸ਼ਵਾਰੀਆਂ! ਪਤਾ ਨਹੀਂ ਸੀ ਕਿ ਸੰਸਾਰ ਦੇ ਸਭ ਤੋਂ ਵੱਡੇ ਤੇ ਮਾਰੂ, ਸਹਾਰਾ ਮਾਰੂਥਲ ਵਿਚੋਂ ਵੀ ਲੰਘਣਾ ਪੈਣਾ ਹੈ... ਫਿਰ ਉਹ ਕਦੇ ਮੋਰੱਕੋ ਦੇ ਉਜਾੜਾਂ ਅਤੇ ਕਦੀ ਜੇਲ੍ਹਾਂ ਅੰਦਰ ਰੁਲਣ ਜੋਗੇ ਰਹਿ ਗਏ!... ਹੁਣ ਪੜ੍ਹੋ ਇਸ ਤੋਂ ਅੱਗੇ...*

ਤੀਜੀ ਸ਼ਾਮ ਖਾਨ ਦਾ ਫੋਨ ਆਉਣ ਦੇ 10-15 ਮਿੰਟਾਂ 'ਚ ਅਫਰਾ-ਤਫਰੀ ਮਚ ਗਈ। ਖਬਰ ਸੀ ਕਿ ਪਰਸੋਂ ਨੂੰ 6 ਜਣਿਆਂ ਦੀ ਡੌਂਕੀ ਲੱਗੇਗੀ। ਸਭ ਆਪੋ-ਆਪਣੇ ਏਜੰਟਾਂ ਦੇ ਰਸੂਖ ਨਾਲ ਆਫਰੇ ਖੁਦ ਨੂੰ ਮੋਹਰੀ ਉਮੀਦਵਾਰ ਐਲਾਨ ਰਹੇ ਸਨ।

ਖਾਨ ਦਾ ਫੋਨ ਦੁਬਾਰਾ ਆਇਆ। ਸੀਤੋ ਨੂੰ ਜਾਣ ਵਾਲੇ ਬੰਦਿਆਂ ਤੋਂ ਜਾਣੂ ਕਰਵਾਇਆ ਤਾਂ ਮਹਿਸੂਸ ਹੋਇਆ, ਕੁਝ ਖ਼ਾਸ ਏਜੰਟਾਂ ਦਾ ਸਿੱਕਾ ਖ਼ਾਨ ਦੇ ਵਹੀ-ਖਾਤਿਆਂ 'ਚ ਪਹਿਲ ਦੇ ਆਧਾਰ 'ਤੇ ਜ਼ਿਆਦਾ ਚੱਲਦਾ ਹੈ। ਦੋ ਛੋਟੇ-ਪਤਲੇ ਸਰੀਰਾਂ ਵਾਲੇ, ਰਣਜੀਤ ਤੇ ਕਾਲਾ, ਟੈਕਸੀ ਦੀ ਗੇਮ ਲਈ ਰਾਖਵੇਂ ਐਲਾਨ ਦਿੱਤੇ ਗਏ ਤੇ ਹੋਰ ਡੌਂਕੀ ਲਈ ਪਹਿਲਾਂ ਜਾਣ ਵਾਲੇ ਛੇ ਜਣੇ ਸਨ- ਪਨੂੰ, ਅਸ਼ਫਾਕ, ਤਾਹਿਰ, ਸ਼ੀਰਾਜ਼, ਦਵਿੰਦਰ ਤੇ ਜੰਟਾ। ਮੈਂ ਫਿਰ ਕਿਤੇ ਨਹੀਂ ਸਾਂ। ਆਪਣੇ ਨਵੇਂ ਏਜੰਟ ਦੀ ਨਾਕਾਫੀ ਪਹੁੰਚ ਦਾ ਮੈਨੂੰ ਬੜਾ ਅਫਸੋਸ ਹੋਇਆ।

ਪਾਕਿਸਤਾਨੀਆਂ ਤੋਂ ਬਿਨਾ ਬਾਕੀ ਸਭ ਦਿੱਲੀ ਵਾਲੇ ਅਹਿਮ ਏਜੰਟ ਟੀਟੂ ਦੇ ਕਲਾਇੰਟ ਸਨ। ਪਿੱਛੇ ਰਹਿਣ ਵਾਲੇ ਕੰਧਾਂ ਨਾਲ ਢੋਹ ਲਾਈ ਗਹਿਰੀਆਂ ਸੋਚਾਂ ਵਿਚ ਡੁੱਬੇ ਰਹੇ। ਫਿਰ ਇਹ ਵੀ ਹੌਸਲਾ ਹੋਇਆ ਕਿ ਇਨ੍ਹਾਂ ਤੋਂ ਬਾਅਦ ਰਹਿ ਈ ਕਿੰਨੇ ਜਾਣਗੇ! ਬਸ਼ਰਤੇ ਪਿੱਛਿਓਂ ਹੋਰ ਬੰਦਿਆਂ ਦੀ ਹੇੜ੍ਹ ਨਾ ਪਹੁੰਚ ਜਾਵੇ।

ਅੱਠਾਂ ਚਿਹਰਿਆਂ 'ਤੇ ਰੌਣਕ ਲਰਜ਼ ਰਹੀ ਸੀ। ਮੈਂ ਨੋਟ ਕੀਤਾ, ਹੁਣ ਉਹ ਬੇਵਜ੍ਹਾ ਤੇ ਬੇਵਕਤ ਹੱਸ ਪੈਂਦੇ ਸੀ, ਬਿਲਾ ਵਜ੍ਹਾ ਹਾਸਾ-ਠੱਠਾ ਕਰ ਰਹੇ ਸਨ। ਇਸ ਦੇ ਉਲਟ ਸਾਨੂੰ ਹੱਸਣ ਵਾਲੀ ਗੱਲ 'ਤੇ ਵੀ ਗੁੱਸਾ ਚੜ੍ਹ ਰਿਹਾ ਸੀ। ਅਸੀਂ ਚਾਰ ਜਣੇ ਫਾਡੀ, ਰਾਤ ਦੇ ਹਨੇਰੇ ਵਿਚ ਦੂਰ ਚਮਕਦੇ ਸਿਬਤਾ ਸ਼ਹਿਰ ਨੂੰ ਬੜੀ ਹਸਰਤ ਨਾਲ ਨਿਹਾਰਦੇ; ਕਦੇ ਆਕਾਸ਼ ਦੀ ਕਾਲੀ ਚਾਦਰ 'ਚ ਟੰਗੇ ਟਾਂਵੇਂ-ਟਾਂਵੇਂ ਤਾਰਿਆਂ 'ਚ ਕੁਝ ਬੇਮਾਨੀ ਜਿਹਾ ਤਲਾਸ਼ਦੇ, ਸੌਣ ਦੀ ਅਸਫਲ ਕੋਸ਼ਿਸ਼ ਕਰਦੇ ਕਰਵਟਾਂ ਲੈਂਦੇ ਰਹੇ।

ਆਖਰਕਾਰ ਅੱਧੀ ਰਾਤ ਪਿੱਛੋਂ ਖਾਨ ਦਾ ਫੋਨ ਆਇਆ। ਕਾਲੇ ਤੇ ਰਣਜੀਤ ਵਿਚੋਂ ਟੈਕਸੀ ਦੀ ਗੇਮ ਲਈ ਇਕ ਜਣਾ ਜਾਣਾ ਸੀ। ਪਹਾੜੀ ਖਾਈ ਵਾਲਾ ਰਸਤਾ ਹਨੇਰਾ ਸੀ, ਖ਼ਤਰਨਾਕ ਸੀ; ਸੋ ਇਕ ਨਾਲੋਂ ਦੋ ਭਲੇ, ਤੇ ਦੋ ਨਾਲੋਂ ਤਿੰਨ। ਰਣਜੀਤ, ਕਾਲਾ, ਹੈਪੀ ਮੇਰੇ ਵਾਲਾ ਫੋਨ, ਟਾਰਚ ਤੇ ਸੋਟੇ ਲੈ ਕੇ ਪਹਿਲਾਂ ਨਿਸ਼ਚਿਤ ਕੀਤੇ ਸਥਾਨ ਵੱਲ ਕੂਚ ਕਰ ਗਏ।

ਬਾਕੀਆਂ ਦੀਆਂ ਅੱਖਾਂ ਵਿਚ ਨੀਂਦ ਕਿਥੇ ਸੀ! ਦੂਰ ਤਕ ਜੰਗਲੀ ਜਾਨਵਰਾਂ ਦੀਆਂ ਦਹਿਲਾਉਣ ਵਾਲੀਆਂ ਆਵਾਜ਼ਾਂ ਗੂੰਜ ਰਹੀਆਂ ਸਨ। ਡੇਢ ਕੁ ਘੰਟੇ ਬਾਅਦ ਰਣਜੀਤ ਤੇ ਹੈਪੀ ਮੁੜ ਆਏ। ਟੈਕਸੀ ਵਾਲਾ ਡੌਂਕਰ, ਕਾਲੇ ਨੂੰ ਲੈ ਗਿਆ ਸੀ। ਸਭ ਨੇ ਰਾਹਤ ਅਤੇ ਤਸੱਲੀ ਮਹਿਸੂਸ ਕੀਤੀ ਕਿ ਚਲੋ ਸਿਬਤਾ ਦੇ ਅਭੇਦ ਬਣੇ ਕਿਲ੍ਹੇ ਵਿਚ ਕਿਤਿਓਂ ਤਾਂ ਸੰਨ੍ਹ ਲੱਗੇਗੀ! ਦਿਨ ਚੜ੍ਹਦੇ ਸਾਰ ਖ਼ਬਰ ਆ ਗਈ, ਕਾਲਾ ਸਿਬਤਾ ਪਹੁੰਚ ਗਿਆ ਸੀ। ਪ੍ਰਸੰਨਤਾ ਦੀ ਲਹਿਰ ਸਭ ਦੇ ਚਿਹਰਿਆਂ 'ਤੇ ਉਮੜ ਪਈ।

ਦਿਨ ਗੁਜ਼ਰਿਆ, ਅਗਲੀ ਰਾਤ ਰਣਜੀਤ ਤੇ ਹੈਪੀ ਤੁਰ ਪਏ, ਪਰ ਉਨ੍ਹੀਂ ਪੈਰੀਂ ਵਾਪਸ ਆ ਗਏ। ਐਨ ਮੌਕੇ 'ਤੇ ਡੌਂਕੀ ਮੁਲਤਵੀ ਕਰ ਦਿੱਤੀ ਗਈ ਸੀ। ਉਹ ਰਾਤ ਅਤੇ ਅਗਲਾ ਦਿਨ ਬੋਝਲ ਤੇ ਸੁਸਤ ਰਫਤਾਰ ਨਾਲ ਗੁਜ਼ਰੇ।

ਤੀਜੀ ਰਾਤ ਡੌਂਕਰ ਗਿਣੇ-ਗਿਣਾਏ ਛੇ ਬੰਦੇ ਨਾਲ ਲੈ ਕੇ ਤੁਰ ਗਏ ਸਨ। ਪਿੱਛੇ ਪੰਜ ਜਣੇ ਉਮੀਦ ਅਤੇ ਮਲਾਲ ਵਿਚਕਾਰ ਫਸੇ ਇਹ ਹੌਸਲਾ ਕਰ ਕੇ ਸੌਂ ਗਏ ਕਿ ਬਾਕੀ ਬਚੇ ਤਾਂ ਹੁਣ ਇਕ-ਦੋ ਝਟਕਿਆਂ ਦੀ ਹੀ ਮਾਰ ਸੀ! ਇਕ-ਦੋ ਦਿਨਾਂ ਵਿਚ ਸਭ ਨੇ ਕਿਸੇ ਪਾਸੇ ਲੱਗ ਜਾਣਾ ਸੀ।

ਰਾਤ ਟਿਕੀ ਹੋਈ ਸੀ ਜਦੋਂ ਭਾਜੜ ਜਿਹੀ ਪੈ ਗਈ। ਉਂਘਲਾਂਦੇ ਹੋਏ ਸੜਹਾਂਦ ਮਾਰਦੇ ਫਟੇ ਕੰਬਲਾਂ ਵਿਚੋਂ ਮੂੰਹ ਕੱਢ ਕੇ ਹਨੇਰੇ ਨੂੰ ਘੂਰਦੇ ਉਠ ਬੈਠੇ। ਚਾਰ ਸਾਏ ਅੰਦਰ ਆਣ ਵੜੇ ਤੇ ਉਚੀ ਰੋਅਬਦਾਰ ਆਵਾਜ਼ 'ਚ ਦਬਕੇ ਮਾਰਨ ਲੱਗੇ। ਅਸੀਂ ਘਬਰਾਏ ਹੋਏ ਧੁਰ ਅੰਦਰ ਤੀਕ ਕੰਬ ਗਏ, ਬੁਰੀ ਤਰ੍ਹਾਂ ਡਰ ਗਏ। ਇਕ-ਦੋਂਹ ਦੀਆਂ ਤਾਂ ਰੋਣ ਵਰਗੀਆਂ ਚੀਕਾਂ ਵੀ ਨਿਕਲ ਗਈਆਂ। ਅਸੀਂ ਫਟਾਫਟ ਆਪਣੇ ਡੌਂਕਰਾਂ ਦੇ ਨਾਂ ਗਿਣਾਉਣ ਲੱਗੇ ਕਿ ਉਹ ਕਿਤੇ ਸਾਨੂੰ ਲਾਵਾਰਿਸ ਸਮਝ ਕੇ ਲੁੱਟ-ਮਾਰ ਹੀ ਨਾ ਸ਼ੁਰੂ ਕਰ ਦੇਣ।

ਸਾਡੇ ਅੰਦਰੂਨੀ ਹਾਲਾਤ ਇੰਨੇ ਨਾਜ਼ੁਕ ਸਨ ਕਿ ਇੱਦਾਂ ਦੇ ਹੋਰ ਭਾਰੇ, ਸਦਮੇ ਭਰੇ ਡਰਾਉਣੇ ਪਲਾਂ ਦੇ ਦਬਾਅ ਵਿਚ ਕਿਸੇ ਦਾ ਦਿਲ ਫੇਲ੍ਹ ਵੀ ਹੋ ਜਾਂਦਾ ਤਾਂ ਕੋਈ ਵੱਡੀ ਗੱਲ ਨਹੀਂ ਸੀ। ਅਸੀ ਖੂੰਜਿਆਂ 'ਚ ਲੱਗੇ ਥਰ-ਥਰ ਕੰਬਦੇ, ਅਰਬੀ ਦੇ ਗਿਣੇ-ਚੁਣੇ ਲਫਜ਼ਾਂ 'ਚ ਮਿੰਨਤਾਂ-ਤਰਲੇ ਜਿਹੇ ਕਰ ਰਹੇ ਸਾਂ ਕਿ ਦੂਜੇ ਪਾਸੇ ਦੀਆਂ ਗੁਸੈਲ ਆਵਾਜ਼ਾਂ ਹਾਸੇ 'ਚ ਤਬਦੀਲ ਹੋ ਗਈਆਂ ਅਤੇ ਹੈਰਾਨ-ਪਰੇਸ਼ਾਨ ਮਾਹੌਲ ਮੋਮਬੱਤੀ ਦੀ ਲੋਅ ਨਾਲ ਚਮਕ ਉਠਿਆ। ਸਾਡੇ ਸਾਹ ਪਤਾ ਨਹੀਂ ਕਿੰਨੀ ਦੂਰੋਂ ਵਾਪਸ ਮੁੜੇ ਹੋਣਗੇ। ਇਹ ਪਨੂੰ, ਦਵਿੰਦਰ, ਤਾਹਿਰ ਤੇ ਸ਼ੀਰਾਜ਼ ਸਨ। ਪਹਿਲਾਂ ਅਸੀਂ ਗੁੱਸੇ ਨਾਲ ਗਾਲ੍ਹਾਂ ਦੀ ਰੇਲ ਬਣਾਈ, ਬੁਰਾ-ਭਲਾ ਕਿਹਾ, ਫਿਰ ਸਵਾਲਾਂ ਦੀ ਵਾਛੜ ਕਰ ਦਿੱਤੀ।

ਉਨ੍ਹਾਂ ਦੱਸਿਆ ਸੀ: "ਅਸੀਂ ਦੋ ਕਾਰਾਂ ਤੇ ਦੋ-ਦੋ ਡੌਂਕਰਾਂ ਸਮੇਤ ਸਿਬਤਾ ਵੱਲ ਚਾਲੇ ਪਾ ਦਿੱਤੇ, ਹਾਲਾਂਕਿ ਇਹ ਸਪਸ਼ਟ ਨਹੀਂ ਸੀ, ਕਿਹੜੀ ਡੌਂਕੀ ਲੱਗਣੀ ਸੀ। ਅੱਗੇ ਅਚਨਚੇਤ, ਅਣਕਿਆਸੇ ਲੱਗੇ ਪੁਲਿਸ ਨਾਕੇ 'ਤੇ ਅਗਲੀ ਕਾਰ ਰੋਕ ਲਈ ਗਈ, ਪਿਛਲੀ ਕਾਰ ਪਿੱਛੇ ਹੀ ਰੁਕ ਗਈ ਸੀ। ਸਵਾਲ-ਜਵਾਬ ਹੋਏ। ਡਰਾਇਵਰ ਡੌਂਕਰ ਨੇ ਕੋਈ ਸ਼ਿਨਾਖ਼ਤੀ ਕਾਰਡ (ਬੇਸ਼ੱਕ! ਨਕਲੀ ਹੋਵੇਗਾ) ਪੁਲਿਸ ਵਾਲਿਆਂ ਨੂੰ ਫੜਾਇਆ। ਇਕ ਜਣਾ ਸਾਥੋਂ ਪੁੱਛਗਿੱਛ ਕਰਨ ਲੱਗਾ। ਪੰਜਾਬੀਆਂ ਨੂੰ ਖਾਣ ਵਾਲੀ ਅਰਬੀ ਬਾਰੇ ਪਤਾ ਸੀ, ਬੋਲੀ ਜਾਣ ਵਾਲੀ ਅਰਬੀ ਦਾ ਉਨ੍ਹਾਂ ਨੂੰ ਕੀ ਪਤਾ, ਕਿਸ ਭਾਅ ਪੈਂਦੀ ਹੈ। ਗੜਬੜ ਭਾਂਪਦੇ ਦੋ ਪੁਲਿਸ ਵਾਲੇ ਹੋਰ ਕਾਰ ਵਲ ਵਧੇ। ਬਸ, ਹੋਰ ਸੋਚਣ ਦਾ ਵਕਤ ਨਹੀਂ ਸੀ, ਡਰਾਇਵਰ ਨੇ ਤੇਜ਼ ਝਟਕੇ ਨਾਲ, ਫਿਲਮੀ ਸਟਾਇਲ ਵਿਚ ਕਾਰ ਖਤਰਨਾਕ ਢੰਗ ਨਾਲ ਘੁਮਾਈ ਅਤੇ ਪੂਰੀ ਰਫਤਾਰ ਨਾਲ ਵਾਪਸ ਦੁੜਾ ਲਈ। ਪਿਛਲੀ ਕਾਰ ਨੇ ਵੀ ਢਿੱਲ ਨਾ ਦਿਖਾਈ। ਪੁਲਿਸ ਵਾਲਿਆਂ ਨੇ ਵੀ ਕਾਰਾਂ ਨਾਲ ਪਿੱਛਾ ਸ਼ੁਰੂ ਕਰ ਦਿੱਤਾ ਸੀ। ਹਨੇਰੀ ਵਾਂਗ ਕਾਰਾਂ ਸੜਕਾਂ-ਗਲੀਆਂ ਅੰਦਰ ਵੜ ਗਈਆਂ।

ਸਭ ਦੇ ਸਾਹ ਸੂਤੇ ਗਏ ਸਨ ਕਿ ਪੁਲਿਸ ਤੋਂ ਬਚੀਏ ਭਾਵੇਂ ਨਾ, ਪਰ ਐਕਸੀਡੈਂਟ ਤੋਂ ਨਹੀਂ ਬਚਦੇ ਲੱਗਦੇ। ਆਖ਼ਰ ਅੱਡ-ਅੱਡ ਥਾਂਵਾਂ 'ਤੇ ਸਾਨੂੰ ਉਤਾਰ ਕੇ ਕਾਰਾਂ ਹਨੇਰੇ 'ਚ ਲੋਪ ਹੋ ਗਈਆਂ। ਜਿਸ ਦਾ ਜਿਧਰ ਮੂੰਹ ਸੀ, ਦੌੜ ਪਿਆ। ਅਸੀਂ ਅੰਦਾਜ਼ਨ ਪਹਾੜੀ ਵੱਲ ਦੌੜਦੇ ਆਖ਼ਰ ਇਥੇ ਆਣ ਪਹੁੰਚੇ। ਅਸ਼ਫਾਕ ਤੇ ਜੰਟਾ ਪਿੱਛੇ ਕਿਧਰੇ ਪਤਾ ਨਹੀਂ ਕਿਥੇ ਉਤਰੇ ਸਨ।"

ਸਵਾਲਾਂ-ਜਵਾਬਾਂ ਦਾ ਦੌਰ ਮੱਧਮ ਹੋਇਆ ਤਾਂ ਬਾਕੀ ਦੋਨੋਂ ਜਣੇ ਵੀ ਡਿਗਦੇ-ਢਹਿੰਦੇ ਆਣ ਪਹੁੰਚੇ; ਭਾਵ, ਸਿਰਫ ਇਕ ਰਾਤ ਤੋਂ ਜ਼ਿਆਦਾ ਦਾ ਨੁਕਸਾਨ ਨਹੀਂ ਸੀ ਹੋਇਆ। ਬਚੀ ਰਾਤ ਫਿਰ ਗੱਲਾਂ-ਬਾਤਾਂ 'ਚ ਹੀ ਲੰਘੀ।

ਅਗਲੇ ਰੋਜ਼ ਸ਼ਾਮ ਨੂੰ ਫੋਨ ਆਇਆ ਕਿ ਛੇ ਜਣੇ ਡੌਂਕੀ ਲਈ ਤਿਆਰ ਰਹਿਣ। ਅਸ਼ਫਾਕ ਨੇ ਕੰਨਾਂ ਨੂੰ ਹੱਥ ਲਾਉਂਦਿਆਂ ਤੌਬਾ ਕੀਤੀ ਅਤੇ ਟੈਕਸੀ ਦੀ ਡੌਂਕੀ ਨੂੰ ਤਰਜੀਹ ਦਿੱਤੀ ਜਿਸ ਵਿਚ ਘਟੋ-ਘਟ ਜਾਨੀ ਨੁਕਸਾਨ ਤਾਂ ਨਹੀਂ ਸੀ। ਸਾਡੇ ਆਪਸੀ ਸਲੂਕ ਦੀ ਵਜ੍ਹਾ ਨਾਲ ਉਸ ਨੇ ਮੈਨੂੰ ਕਿਹਾ, "ਮੇਰੀ ਜਗ੍ਹਾ ਤੂੰ ਚਲੇ ਜਾ, ਡੌਂਕਰਾਂ ਨੂੰ ਮੈਂ ਕਹਿ ਦੇਵਾਂਗਾ।" 'ਅੰਨ੍ਹਾ ਕੀ ਮੰਗੇ?'... 'ਅੱਖਾਂ'! ਮੈਂ ਖੁਸ਼ੀ ਵਿਚ ਉਛਲ ਕੇ ਉਸ ਦਾ ਸ਼ੁਕਰੀਆ ਅਦਾ ਕੀਤਾ; ਪਰ ਉਥੇ ਹੋਰ ਅੰਨ੍ਹੇ ਵੀ ਸਨ। ਪਨੂੰ ਤੇ ਜੰਟਾ ਆਪਣੇ ਸੰਗੀ ਸਤਨਾਮ ਮੋਟੇ ਨੂੰ ਲਿਜਾਣ ਦੇ ਹੱਕ ਵਿਚ ਸਨ। ਉਨ੍ਹਾਂ ਖ਼ਾਨ ਨਾਲ ਵੀ ਜੋੜ-ਤੋੜ ਕਰਨ ਦੀ ਕੋਸ਼ਿਸ਼ ਕੀਤੀ, ਪਰ ਅਸ਼ਫਾਕ ਦੇ ਜ਼ੋਰ ਦੇਣ 'ਤੇ, ਅਤੇ ਮੇਰੇ ਫੋਨ ਦੇ ਲਾਲਚ ਵਿਚ ਸੀਤੋ ਨੇ ਛੇਵੇਂ ਕੈਂਡੀਡੇਟ ਦੇ ਤੌਰ 'ਤੇ ਮੇਰੇ ਮੋਢੇ 'ਤੇ ਹੱਥ ਰੱਖ ਦਿੱਤਾ।

ਰਾਤ ਨੂੰ ਜਦ ਅਸੀਂ ਤੁਰਨ ਲੱਗੇ ਤਾਂ ਸਤਨਾਮ ਮੋਟੇ ਨੇ ਖਿਝ-ਸੜ ਕੇ ਮੈਨੂੰ ਮਿਹਣਾ ਮਾਰਿਆ, "ਫੋਨ ਦੇ ਕੇ ਆਪਣਾ ਨੰਬਰ ਪੁਆ ਲਿਆ ਏ...।" ਮੈਨੂੰ ਖੁੜਕ ਗਈ ਕਿ ਕਿਤੇ ਉਸ ਦੀ ਹਾਅ ਨਾ ਲੱਗ ਜਾਵੇ, ਪਰ ਮੈਂ ਇਸ ਵਕਤ ਇਨ੍ਹਾਂ ਗੱਲਾਂ ਵੱਲ ਧਿਆਨ ਨਹੀਂ ਦਿੱਤਾ। ਪਿੱਛਾ ਯਾਦ ਰੱਖਣ ਲਈ ਵਕਤ ਕਿਸ ਕੋਲ ਸੀ? ਮੰਜ਼ਿਲ ਖੋਟੀ ਹੋ ਰਹੀ ਸੀ। ਅਸੀਂ ਤਤਪਰਤਾ ਨਾਲ ਆਪਣੇ ਆਖਰੀ ਮਰਹਲੇ ਵੱਲ ਕੂਚ ਕਰ ਗਏ।

ਡੌਂਕਰਾਂ ਪਿੱਛੇ ਤੇਜ਼ ਕਦਮੀਂ ਪਹਾੜੀ ਉਤਰਦੇ ਗਏ। ਫਿਰ ਗਲੀ-ਗਲੀ ਤੁਰਦੇ ਹੋਰ ਪਹਾੜੀ ਚੜ੍ਹਨ ਲੱਗੇ। ਮੋੜਾਂ 'ਤੇ ਟਾਂਵੇਂ-ਟਾਂਵੇਂ ਖੜ੍ਹੇ ਲੋਕ ਨਿਰਲੇਪ ਭਾਵ ਨਾਲ ਸਾਡੇ ਚਿਹਰੇ ਘੋਖ ਰਹੇ ਸਨ, ਸ਼ਾਇਦ ਉਨ੍ਹਾਂ ਲਈ ਕੁਝ ਵੀ ਨਵਾਂ ਨਹੀਂ ਸੀ। ਦੋ ਕੁ ਹੋਰ ਡੌਂਕਰ ਰਸਤੇ ਵਿਚ ਸਾਡੇ ਨਾਲ ਰਲ ਗਏ ਸਨ। ਅਸੀਂ ਸਾਹੋ-ਸਾਹ ਹੋਏ ਇਕ-ਦੂਜੇ ਤੋਂ ਅਗਾਂਹ ਦੌੜਦੇ ਰਹੇ।

ਫਿਰ ਪਹਾੜੀਆਂ ਉਤਰਨ-ਚੜ੍ਹਨ ਦਾ ਅਤਿ ਕਠਿਨ ਸਿਲਸਿਲਾ ਆਰੰਭ ਹੋਇਆ। ਪਹਾੜੀਆਂ ਵੀ ਬਿਲਕੁਲ ਸਿੱਧੀਆਂ, ਜੇ ਕੋਈ ਤਿਲਕ ਕੇ ਡਿੱਗਦਾ ਤਾਂ ਮਰਨੋਂ ਭਾਵੇਂ ਬਚ ਜਾਂਦਾ, ਪਰ ਲੱਤਾਂ-ਬਾਂਹਾਂ ਤੁੜਾ ਕੇ ਕਿਤੇ ਮਹੀਨਿਆਂ ਬੱਧੀ ਪਏ ਰਹਿਣਾ ਸੀ। ਸਾਰੇ ਜਣੇ ਬੁਰੀ ਤਰ੍ਹਾਂ ਹਫੇ ਹੋਏ, ਚੜ੍ਹਦੀਆਂ ਵੱਖੀਆਂ 'ਤੇ ਹੱਥ ਦੱਬੀ, ਲੰਮੇ ਔਖੇ ਸਾਹ ਖਿੱਚਦੇ, ਮਣ-ਮਣ ਭਾਰੇ ਲੱਗਦੇ ਪੈਰ ਘੜੀਸਦੇ ਇਕ-ਦੂਜੇ ਨਾਲ ਰਲਣ ਦੀ ਕੋਸ਼ਿਸ਼ ਕਰਦੇ ਰਹੇ। ਡੌਂਕਰ ਦੱਬੀਆਂ-ਘੁੱਟੀਆਂ ਗਾਲ੍ਹਾਂ ਕੱਢਦੇ, ਸਾਨੂੰ ਧੱਕੇ ਮਾਰ-ਮਾਰ ਕੇ ਦੁੜਾ ਰਹੇ ਸਨ। ਅਸੀਂ ਹਨੇਰੇ 'ਚ ਘਾਹ-ਝਾੜੀਆਂ ਫੜ-ਫੜ ਕੇ ਪਹਾੜੀਆਂ ਚੜ੍ਹ ਰਹੇ ਸਾਂ। ਇਸੇ ਤਰ੍ਹਾਂ ਹੀ ਹੇਠਾਂ ਉਤਰ ਰਹੇ ਸਾਂ।


ਹੁਣ ਪਨੂੰ ਹੋਰੀਂ ਵੀ ਸਹਿਮਤੀ ਦਰਜ ਕਰਵਾਉਣ ਲੱਗੇ ਕਿ ਜੇ ਸਤਨਾਮ ਆ ਜਾਂਦਾ ਤਾਂ ਉਸ ਤੋਂ ਭਾਰੇ ਸਰੀਰ ਕਾਰਨ ਇਹ ਸਫਰ ਤੈਅ ਨਹੀਂ ਸੀ ਹੋਣਾ। ਡੌਂਕਰਾਂ ਨੇ ਸੜਕ ਵਾਲੇ ਰਾਹ ਦੀ ਥਾਂ ਅੱਜ ਇਹ ਔਖਾ, ਪਰ ਮਹਿਫੂਜ਼ ਰਸਤਾ ਚੁਣਿਆ ਸੀ। ਲੁਕਦੇ-ਛਿਪਦੇ ਗਲੀਆਂ, ਸੜਕਾਂ ਪਾਰ ਕਰਦੇ ਅਖ਼ੀਰ ਇਕ ਉਜਾੜ ਥਾਂ ਪਹੁੰਚੇ ਜਿਥੇ ਦੂਰ ਤਕ ਕੂੜੇ ਦੇ ਢੇਰ ਲੱਗੇ ਹੋਏ ਸਨ। ਸਾਨੂੰ ਇਕ ਥਾਂ ਲੁਕ ਕੇ ਬੈਠਣ ਦਾ ਕਹਿ ਕੇ ਡੌਂਕਰ ਚਲੇ ਗਏ। ਆਲੇ-ਦੁਆਲੇ ਤਿੰਨ-ਚਾਰ ਨੀਗਰੋ ਵੀ ਲੁਕਦੇ ਨਜ਼ਰ ਆਏ ਜੋ ਸ਼ਾਇਦ ਸਾਡੇ ਵਾਂਗ ਹੀ ਕਿਸੇ ਸੁਰੱਖਿਅਤ ਮੌਕੇ ਦੀ ਤਾਕ ਵਿਚ ਸਨ। ਫਿਰ ਦੋ ਡੌਂਕਰ ਆ ਕੇ ਸਾਥੋਂ ਫਲੂਸ (ਪੈਸੇ) ਮੰਗਣ ਲੱਗੇ। ਅਸੀਂ ਵੀ ਖ਼ਾਲੀ ਜੇਬਾਂ ਉਲਟਾ ਕੇ ਹੱਥ ਖੜ੍ਹੇ ਕਰ ਦਿਖਾਏ।

ਮੇਰੇ ਕੋਲ ਹੁਣ ਤਕ ਹਰ ਖ਼ਰਚ ਤੋਂ ਬਾਅਦ ਸਿਰਫ ਸੌ ਦਰ੍ਹਾਮ ਦਾ ਇਕ ਨੋਟ ਤੇ ਕੁਝ ਸਿੱਕੇ ਹੀ ਬਚੇ ਸਨ। ਦੂਜੇ ਡੌਂਕਰ ਡੱਬਾ ਚੁੱਕੀ ਆਏ ਤੇ ਵਿਚੋਂ ਮੋਟੀ ਚਾਦਰ ਜਿਹੀ ਚੀਜ਼ ਖ਼ਿਲਾਰ ਕੇ ਹੱਥ ਵਾਲੇ ਪੰਪ ਨਾਲ ਹਵਾ ਭਰਨ ਲੱਗੇ। ਸਾਨੂੰ ਸਾਡੇ ਹਰ ਸਵਾਲ ਦਾ ਜਵਾਬ ਦਿਖ ਪਿਆ ਸੀ ਕਿ ਕੀ ਹੋਣਾ ਸੀ, ਕਿਵੇਂ ਹੋਣਾ ਸੀ?... ਸਾਡੀ ਪਾਣੀ ਦੀ ਡੌਂਕੀ ਲੱਗਣੀ ਸੀ!

ਪੰਜ-ਸੱਤ ਮਿੰਟਾਂ ਵਿਚ ਹਵਾ ਨਾਲ ਭਰੀ ਕਿਸ਼ਤੀ ਸਾਹਮਣੇ ਨਜ਼ਰ ਆਉਣ ਲੱਗੀ ਜੋ ਬਾਹਰੀ ਗੋਲਾਈ ਤੋਂ ਇਲਾਵਾ ਅੰਦਰੋ-ਅੰਦਰੀ ਡੇਢ ਕੁ ਮੀਟਰ ਲੰਮੀ ਤੇ ਮੀਟਰ ਕੁ ਭਰ ਚੌੜੀ ਸੀ। ਡੌਂਕਰ ਸਾਨੂੰ ਇਕ ਪਾਸੇ ਲੈ ਤੁਰੇ। ਹੁਣ ਸਾਡੇ ਕੰਨਾਂ ਤਕ ਸਮੁੰਦਰੀ ਛੱਲਾਂ ਦੀਆਂ ਗੂੰਜਾਂ ਪਹੁੰਚਣ ਲੱਗ ਪਈਆਂ ਸਨ। ਸਾਨੂੰ ਕੰਧ ਓਹਲੇ ਬਿਠਾ ਦਿੱਤਾ ਗਿਆ।

ਪਨੂੰ ਦੀ ਕੰਬਦੀ ਆਵਾਜ਼ ਆਈ, "ਲੱਗਦਾ ਸਮੁੰਦਰ ਚੜ੍ਹਿਆ ਹੋਇਐ।" ਬਾਕੀਆਂ ਦੀ ਚੁੱਪ ਉਸ ਨੂੰ ਸਰਮਥਨ ਦਿੰਦੀ ਜਾਪੀ। ਕੰਧ ਉਪਰੋਂ ਸਿਰ ਚੁੱਕੇ ਤਾਂ ਸਾਹਮਣੇ ਸੜਕ ਸੀ ਤੇ ਉਸ ਤੋਂ ਪਾਰ ਵਿਸ਼ਾਲ ਸਮੁੰਦਰ ਜਿਵੇਂ ਪੂਰੇ ਜੋਸ਼ 'ਚ ਕਿਸੇ ਅਤਿ ਵਿਸ਼ਾਲ ਮਦਹੋਸ਼ ਹਾਥੀ ਵਾਂਗ ਝੂਮ ਰਿਹਾ ਸੀ। ਉਮੀਦ ਦੇ ਉਲਟ ਸਮੁੰਦਰ ਅਸ਼ਾਂਤ ਸੀ, ਠਾਠਾਂ ਮਾਰ ਰਿਹਾ ਸੀ। ਮੂੰਹਜ਼ੋਰ ਲਹਿਰਾਂ ਚੁਣੌਤੀ ਵਾਂਗ ਬੜ੍ਹਕਾਂ ਮਾਰਦੀਆਂ ਲੱਗ ਰਹੀਆਂ ਸਨ। ਹਾਲਾਤ ਯਕੀਨਨ, ਅਣਸੁਖਾਵੇਂ ਸਨ।

***ਪੰਜ-ਸੱਤ ਮਿੰਟਾਂ ਵਿਚ ਹਵਾ ਨਾਲ ਭਰੀ ਕਿਸ਼ਤੀ ਸਾਹਮਣੇ ਨਜ਼ਰ ਆਉਣ ਲੱਗੀ। ਡੌਂਕਰ ਸਾਨੂੰ ਇਕ ਪਾਸੇ ਲੈ ਤੁਰੇ। ਹੁਣ ਸਾਡੇ ਕੰਨਾਂ ਤਕ ਸਮੁੰਦਰੀ ਛੱਲਾਂ ਦੀਆਂ ਗੂੰਜਾਂ ਪਹੁੰਚਣ ਲੱਗ ਪਈਆਂ ਸਨ।... ਪਨੂੰ ਦੀ ਕੰਬਦੀ ਆਵਾਜ਼ ਆਈ, "ਲੱਗਦਾ ਸਮੁੰਦਰ ਚੜ੍ਹਿਆ ਹੋਇਐ।" ਬਾਕੀਆਂ ਦੀ ਚੁੱਪ ਉਸ ਨੂੰ ਸਰਮਥਨ ਦਿੰਦੀ ਜਾਪੀ। ਵਿਸ਼ਾਲ ਸਮੁੰਦਰ ਕਿਸੇ ਅਤਿ ਵਿਸ਼ਾਲ ਮਦਹੋਸ਼ ਹਾਥੀ ਵਾਂਗ ਝੂਮ ਰਿਹਾ ਸੀ। ਉਮੀਦ ਦੇ ਉਲਟ ਸਮੁੰਦਰ ਅਸ਼ਾਂਤ ਸੀ, ਠਾਠਾਂ ਮਾਰ ਰਿਹਾ ਸੀ। ਮੂੰਹਜ਼ੋਰ ਲਹਿਰਾਂ ਚੁਣੌਤੀ ਵਾਂਗ ਬੜ੍ਹਕਾਂ ਮਾਰਦੀਆਂ ਲੱਗ ਰਹੀਆਂ ਸਨ। ਹਾਲਾਤ ਯਕੀਨਨ, ਅਣਸੁਖਾਵੇਂ ਸਨ।***



ਪਹਿਲਾਂ ਪਨੂੰ ਦੇ ਹੀ ਭੈਅ ਨਾਲ ਥਰਥਰਾਂਉਂਦੇ ਬੋਲ ਨਿਕਲੇ: "ਓ ਮੁੜ ਚਲੀਏ! ਛੱਲਾਂ ਚੜ੍ਹਦੀਆਂ ਦੇਖੋ, ਆਪਾਂ ਡੁੱਬ ਜਾਣਾ...।" ਇਕ-ਅੱਧ ਹੋਰ ਦੱਬਵੀਂ ਆਵਾਜ਼ ਨੇ ਉਸ ਨਾਲ ਇਤਫਾਕ ਜ਼ਾਹਿਰ ਕੀਤਾ, ਪਰ ਮੈਂ ਵਿਸ਼ਵਾਸ ਨਾਲ ਕਿਹਾ, "ਘਬਰਾਓ ਨਾ, ਕੁਝ ਨਹੀਂ ਹੁੰਦਾ; ਆਪਾਂ ਆਰਾਮ ਨਾਲ ਪਹੁੰਚ ਜਾਵਾਂਗੇ।" ਇਕ ਤਾਂ ਮੈਨੂੰ ਹੌਸਲਾ ਸੀ ਕਿ ਮੈਂ ਤੈਰਨਾ ਜਾਣਦਾ ਹਾਂ; ਦੂਜੇ, ਜਹੰਨਮ ਜਿਹੀ ਜ਼ਿੰਦਗੀ ਤੋਂ ਛੁਟਕਾਰਾ ਦਿਵਾਉਣ ਵਾਲੇ ਮੌਕੇ ਨੂੰ ਮੈਂ ਇੰਨੀ ਆਸਾਨੀ ਨਾਲ ਹੱਥੋਂ ਨਹੀਂ ਸੀ ਜਾਣ ਦੇਣਾ ਚਾਹੁੰਦਾ। ਇੰਨੇ ਹਾਹਾਕਾਰੀ ਮਹੀਨਿਆਂ ਤੋਂ ਬਾਅਦ ਪਹਿਲੀ ਡੌਂਕੀ ਤਾਂ ਲੱਗ ਰਹੀ ਸੀ ਮੇਰੀ। ਮੈਂ ਹਰ ਤਰ੍ਹਾਂ ਦਾ ਜੋਖ਼ਮ ਲੈਣ ਨੂੰ ਰਾਜ਼ੀ ਸੀ।

ਇਕ ਡੌਂਕਰ ਨੇ ਹਲਕੀ ਜਿਹੀ ਕਿਸ਼ਤੀ ਹੱਥਾਂ ਨਾਲ ਚੁੱਕੀ ਤੇ ਸੜਕ ਪਾਰ ਕਰ ਕੇ ਕਾਫੀ ਨੀਵੀਂ ਸਮੁੰਦਰੀ ਰੇਤ 'ਤੇ ਸੁੱਟ ਦਿੱਤੀ। ਫਿਰ ਖ਼ੁਦ ਵੀ ਪੁਲ ਰੂਪੀ ਸੜਕ ਦੇ ਇਕ ਪਾਸਿਓਂ ਹੇਠਾਂ ਉਤਰ ਗਿਆ। ਦੂਜੇ ਡੌਂਕਰਾਂ ਨੇ ਆਲਾ-ਦੁਆਲਾ ਭਾਂਪ ਕੇ ਸਾਨੂੰ ਆਉਣ ਦਾ ਇਸ਼ਾਰਾ ਕੀਤਾ। ਪਨੂੰ ਹੁਣ ਲੱਗਭਗ ਰੋ ਹੀ ਪਿਆ ਸੀ, "ਓਏ ਰੱਬ ਦਾ ਵਾਸਤਾ ਈ, ਆਪਾਂ ਮਰ ਜਾਣਾ, ਓਏ ਮੀਕਿਆ! ਨਾ ਜਾਈਏ, ਪਿਛਾਂਹ ਮੁੜ ਚਲੀਏ, ਹੋਰ ਕੋਈ ਡੌਂਕੀ ਲਾ ਲਾਂਗੇ...।" ਪਰ ਮੈਂ ਤੇ ਬਾਕੀਆਂ ਨੇ ਇਕ-ਦੂਜੇ ਨੂੰ ਹੌਂਸਲਾ ਦਿੰਦਿਆਂ ਸੜਕ ਵੱਲ ਕਦਮ ਵਧਾ ਦਿੱਤੇ।

ਸੜਕ ਸਮੁੰਦਰ ਤਲ ਤੋਂ ਪੱਚੀ-ਤੀਹ ਫੁੱਟ ਉਚੀ ਸੀ। ਸਭ ਜਣੇ ਫੁਰਤੀ ਨਾਲ ਇਕ ਪਾਸਿਓਂ ਢਲਾਣ ਤੋਂ ਸਮੁੰਦਰ ਵੱਲ ਉਤਰਦੇ ਗਏ। ਪਾਣੀ ਦਾ ਸ਼ੋਰ ਬਹੁਤ ਜ਼ਿਆਦਾ ਵਧ ਗਿਆ ਸੀ। ਪਾਣੀ ਦੀਆਂ ਵੱਡੀਆਂ ਛੱਲਾਂ ਜਿਵੇਂ ਸਾਨੂੰ ਨਿਗਲਣ ਲਈ ਪੂਰੇ ਜ਼ੋਰ ਨਾਲ ਸਾਡੇ ਵੱਲ ਧਾ ਰਹੀਆਂ ਸਨ। ਜ਼ਿੰਦਗੀ ਵਿਚ ਪਹਿਲੀ ਵਾਰ ਸਮੁੰਦਰ ਦੇ ਰੂ-ਬ-ਰੂ ਸਾਂ, ਉਹ ਵੀ ਜਦੋਂ ਇਹ ਪੂਰੇ ਜਲਾਲ ਵਿਚ ਸੀ!... ਹੁਣ ਮੈਨੂੰ ਵੀ ਸ਼ੱਕੀ ਲੱਗ ਰਿਹਾ ਸੀ ਕਿ ਹਵਾ ਵਾਲੀ ਖਿਡੌਣਾ ਕਿਸਮ ਦੀ ਕਿਸ਼ਤੀ ਸਾਨੂੰ ਕਿਤੇ ਲੈ ਜਾ ਸਕੇਗੀ! ਪਰ ਮੇਰਾ ਉਤਾਵਲਾ ਮਨ ਇਹੋ ਕਹਿੰਦਾ ਸੀ: "ਬੱਸ! ਮੋਰੱਕੋ ਤੋਂ ਨਿਕਲ ਜਾਣਾ ਏ।"

ਪੁਲ ਥੱਲੇ ਪਨੂੰ ਤੋਂ ਇਲਾਵਾ ਸਭ ਨੇ ਜੁੱਤੀਆਂ ਲਾਹ ਦਿੱਤੀਆਂ। ਇਕ ਡੌਂਕਰ ਤੈਰਾਕੀ ਵਾਲਾ ਲਿਬਾਸ ਪਹਿਨ ਰਿਹਾ ਸੀ, ਪੈਰੀਂ ਸਪੈਸ਼ਲ ਦੋ ਕੁ ਫੁੱਟ ਲੰਮੇ ਚੱਪੂ-ਨੁਮਾ ਬੂਟ ਪਾ ਰਿਹਾ ਸੀ। ਡੌਂਕਰ ਨੇ ਕਿਸ਼ਤੀ ਚੁੱਕ ਕੇ ਪਾਣੀ ਉਤੇ ਸੁੱਟ ਦਿੱਤੀ। ਦੋ ਡੌਂਕਰ ਪੁਲ ਉਪਰ ਖੜ੍ਹੇ ਇਧਰ ਹੀ ਦੇਖ ਰਹੇ ਸਨ। ਪੁਲ ਅਤੇ ਸੜਕ 'ਤੇ ਲੱਗੇ ਖੰਭਿਆਂ ਦੀ ਰੌਸ਼ਨੀ ਕਾਫੀ ਦੂਰ ਤਕ ਸਮੁੰਦਰ ਨੂੰ ਰੌਸ਼ਨ ਕਰ ਰਹੀ ਸੀ। ਛੱਲਾਂ ਉਤੇ ਪੱਤੇ ਵਾਂਗ ਡੋਲਦੀ ਮਾਸੂਮ ਜਿਹੀ ਕਿਸ਼ਤੀ ਸਾਨੂੰ ਕਿਵੇਂ ਕਿਤੇ ਲੈ ਜਾਵੇਗੀ, ਇਸ ਬਾਰੇ ਸੋਚਣ ਦਾ ਵਕਤ ਗੁਜ਼ਰ ਗਿਆ ਸੀ, ਜਾਂ ਫਿਰ ਹੁਣ ਬੇਮਾਅਨੀ ਸੀ। ਪਨੂੰ ਨੇ ਆਪਣੀ ਸਾਰੀ ਵਿਚਾਰਗੀ ਤੇ ਦੀਨਤਾ ਭਰਿਆ ਆਖਰੀ ਤਰਲਾ ਮਾਰਿਆ, ਪਰ ਬਾਕੀ ਸਾਰੇ ਅਣਸੁਣੀ ਕਰ ਕੇ ਪਾਣੀ 'ਚ ਉਤਰ ਗਏ।

ਮੈਂ ਮਨ ਹੀ ਮਨ ਰੱਬ ਅੱਗੇ ਬੇਨਤੀ ਕਰਦਿਆਂ ਅੰਨ੍ਹੀ ਸ਼ਰਧਾ ਨਾਲ ਸੌ ਦਰ੍ਹਾਮ ਦਾ ਨੋਟ ਪਾਣੀ ਨੂੰ ਅਰਪਣ ਕੀਤਾ: "ਹੇ ਜਲ ਦੇਵਤਾ! ਹੇ ਖ਼ਵਾਜਾ! ਸਾਡੀ ਰੱਖਿਆ ਕਰੀਂ।" ਦੋਹਾਂ ਡੌਂਕਰਾਂ ਨੇ ਪਾਣੀ 'ਤੇ ਫਿਸਲਦੀ-ਪਲਟਦੀ ਜਾਂਦੀ ਬਹੁਤ ਹਲਕੀ ਕਿਸ਼ਤੀ ਸੰਭਾਲ ਕੇ, ਸਾਨੂੰ ਫੜ-ਫੜ ਕੇ ਵਿਚ ਬਿਠਾਉਣਾ ਸ਼ੁਰੂ ਕਰ ਦਿੱਤਾ। ਜੰਟਾ, ਤਾਹਿਰ, ਸ਼ੀਰਾਜ, ਪਨੂੰ ਤੇ ਮੈਂ ਬੜੀ ਮੁਸ਼ਕਿਲ ਨਾਲ, ਬਹੁਤ ਔਖੀ ਸਥਿਤੀ 'ਚ ਫਸ-ਧਸ ਕੇ ਬਹਿ ਸਕੇ। ਛੇਵੇਂ ਜਣੇ, ਦਵਿੰਦਰ ਲਈ ਤਾਂ ਕੋਈ ਗੁੰਜਾਇਸ਼ ਹੀ ਨਹੀਂ ਸੀ। ਇਸ ਉਥਲ-ਪੁਥਲ ਦੌਰਾਨ ਕਿਸ਼ਤੀ 'ਚ ਥੋੜ੍ਹਾ-ਬਹੁਤ ਪਾਣੀ ਵੀ ਭਰ ਗਿਆ। ਕਿਸ਼ਤੀ ਦੇ ਬਾਹਰੀ ਗੋਲ ਹਿੱਸੇ ਪਾਣੀ ਤੋਂ ਥੋੜ੍ਹੇ ਹੀ ਬਾਹਰ ਨਜ਼ਰ ਆਉਂਦੇ ਸਨ। ਇਸ ਵਕਤ ਸਾਡੇ ਦਿਮਾਗ਼ ਇਕ ਤਰ੍ਹਾਂ ਨਾਲ ਸੁੰਨ ਸਨ।

ਸੀਤੋ ਤੇ ਦੂਜੇ ਤੈਰਾਕ ਡੌਂਕਰ ਨੇ ਡੋਲਦੀ ਕਿਸ਼ਤੀ ਨੂੰ ਧੱਕ ਕੇ ਉਥੇ ਤਕ ਲਿਜਾ ਖੜ੍ਹਿਆ, ਜਿਥੇ ਤਕ ਉਹ ਛਾਤੀ ਤਾਈਂ ਪਾਣੀ 'ਚ ਡੁੱਬੇ ਨਜ਼ਰ ਆਏ। ਫਿਰ ਸੀਤੋ ਵਾਪਸ ਪਰਤ ਗਿਆ। ਹੁਣ ਬਾਕੀ ਦਾ ਕੰਮ (ਸਾਡੀ ਸਮਝ ਤੋਂ ਬਾਹਰ ਦਾ ਕੰਮ) ਤੈਰਾਕ ਡੌਂਕਰ ਦਾ ਸੀ। ਅਸੀਂ ਤਾਂ ਸੁੰਨ ਹੋਏ, ਖ਼ੌਫ ਨਾਲ ਟੱਡੇ ਨੇਤਰਾਂ ਨਾਲ ਕਦੇ ਉਛਲਦੀਆਂ ਛੱਲਾਂ ਦੇਖ ਰਹੇ ਸਾਂ ਤੇ ਕਦੇ ਡੌਂਕਰ ਵੱਲ।

ਡੌਂਕਰ ਨੇ ਆਪਣੀ ਪਿੱਠ ਕਿਸ਼ਤੀ ਦੇ ਪਿਛਲੇ ਪਾਸੇ ਟਿਕਾ ਕੇ, ਬਾਂਹਾਂ ਪਿਛਲਖੁਰੀ ਫੈਲਾਅ ਕੇ ਕਿਸ਼ਤੀ ਦੇ ਅੰਦਰਲੇ ਹਿੱਸੇ ਨੂੰ ਜਕੜ ਲਿਆ। ਫਿਰ ਹਰ ਸੰਭਵ ਤਰੀਕੇ ਤੇ ਸਮੁੱਚੀ ਤਾਕਤ ਨਾਲ ਚੱਪੂ ਵਰਗੇ ਬੂਟ ਪਾਣੀ ਵਿਚ ਅੱਗੇ-ਪਿੱਛੇ, ਉਪਰ-ਥੱਲੇ ਚਲਾਉਣੇ ਸ਼ੁਰੂ ਕਰ ਦਿੱਤੇ। ਕਿਸ਼ਤੀ ਬਹੁਤ ਮੱਧਮ ਗਤੀ ਨਾਲ ਅਗਾਂਹ ਵਧੀ। ਪਿੱਛੇ ਪੁਲ 'ਤੇ ਖੜ੍ਹੇ ਡੌਂਕਰ ਅਤੇ ਪੁਲ ਥੱਲੇ ਖੜ੍ਹਾ ਦਵਿੰਦਰ ਸਾਡੇ ਵਲ ਉਤਸੁਕਤਾ ਨਾਲ ਦੇਖ ਰਹੇ ਸਨ। ਤੈਰਾਕ ਡੌਂਕਰ ਪੂਰੇ ਜ਼ੋਰ ਨਾਲ, ਪੰਜ ਜਣਿਆਂ ਨੂੰ ਸਮੁੰਦਰੀ ਲਹਿਰਾਂ ਦੇ ਖਿਲਾਫ ਧੱਕ ਕੇ ਲਿਜਾਣ ਲਈ ਪੂਰੀ ਵਾਹ ਲਾ ਰਿਹਾ ਸੀ।

ਕਿਸ਼ਤੀ ਕੰਢੇ ਤੋਂ ਅੰਦਾਜ਼ਨ ਪੱਚੀ-ਤੀਹ ਮੀਟਰ ਦੂਰ ਆ ਗਈ ਸੀ ਕਿ ਅਚਾਨਕ ਡੌਂਕਰ ਦੀ ਬਸ ਹੋ ਗਈ ਅਤੇ ਉਹ ਕਿਸ਼ਤੀ ਛੱਡ ਕੇ ਵਾਪਸ ਕੰਢੇ ਵੱਲ ਤੈਰਦਾ ਚਲੇ ਗਿਆ। ਸਾਡੇ ਘਬਰਾਇਆਂ ਦੇ ਭੌਰ-ਭੌਰ ਉਡ ਗਏ। ਅਸੀਂ ਮੂੰਹ ਅੱਡੀ ਇਕ ਦੂਜੇ ਦੇ ਹਨੇਰੇ ਚਿਹਰੇ ਦੇਖਦੇ ਦਹਿਸ਼ਤਜ਼ਦਾ ਹੁੰਦੇ ਗਏ। ਪਨੂੰ ਚੀਕਾਂ ਮਾਰਦਾ ਰੋਣ ਲੱਗ ਪਿਆ। ਕਿਸ਼ਤੀ ਭਾਰ ਨਾਲ ਦੋਹਰੀ ਹੁੰਦੀ ਜਾਪੀ, ਵਿਚ ਪਾਣੀ ਵੀ ਭਰ ਰਿਹਾ ਸੀ। ਦਹਿਸ਼ਤ

*(ਬਾਕੀ ਅਗਲੇ ਸਫੇ 'ਤੇ)*

# ਗੁੰਮ ਹੈ ਬੱਚਿਆਂ ਦੀ ਹਾਸੀ

ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਮਾਪਿਆਂ ਦੇ ਵਿਹੜੇ ਬੱਚਿਆਂ ਨਾਲ ਮੌਲਦੀ ਬਰਕਤ ਦੀ ਗੱਲ ਕਰਦਿਆਂ ਕਿਹਾ ਹੈ, "ਬੱਚੇ, ਘਰ ਦਾ ਸੁੱਚਾ ਹਰਫ। ਇਨ੍ਹਾਂ ਹਰਫਾਂ ਨੇ ਕਿਹੋ ਜਿਹੇ ਸੁੱਚਮ ਭਰਪੂਰ ਅਰਥਾਂ ਨੂੰ ਜਨਮ ਦੇਣਾ, ਇਹ ਬੱਚਿਆਂ ਦੀ ਪਨਪ ਰਹੀ ਸੋਚ ਅਤੇ ਵਿਕਸਿਤ ਹੋ ਰਹੀ ਸ਼ਖਸੀਅਤ ਦਾ ਪ੍ਰਤੀਬਿੰਬ। ਬੱਚਾ, ਘਰ ਦੀਆਂ ਕੰਧਾਂ ਨੂੰ ਹਿੱਲਣ ਵੀ ਲਾ ਸਕਦਾ ਏ ਜਾਂ ਇਨ੍ਹਾਂ ਲਈ ਸਦੀਵੀ ਪਕਿਆਈ ਵੀ ਬਣ ਸਕਦਾ ਏ।...ਬੱਚੇ ਘਰ ਦੀ ਅਜਿਹੀ ਨਿਰਮੋਲ ਵਸਤ ਏ ਜਿਸ ਦੀ ਕੀਮਤ ਦਾ ਅੰਦਾਜ਼ਾ ਉਹੀ ਲਾ ਸਕਦੇ ਨੇ ਜਿਨ੍ਹਾਂ ਦੀ ਔਲਾਦ ਨਹੀਂ ਹੁੰਦੀ ਅਤੇ ਉਹ ਬੱਚੇ ਦੀਆਂ ਕਿਲਕਾਰੀਆਂ, ਨਿਰਛੱਲ ਹਾਸੇ, ਮਾਸੂਮ ਸ਼ਰਾਰਤਾਂ ਅਤੇ ਤੋਤਲੇ ਬੋਲਾਂ ਦਾ ਹੇਰਵਾ ਲੈ ਕੇ ਹੀ ਇਸ ਜਹਾਨ ਨੂੰ ਅਲਵਿਦਾ ਕਹਿ ਜਾਂਦੇ ਨੇ।" ਉਹ ਤਾੜਨਾ ਕਰਦੇ ਹਨ, "ਜਦ ਬੱਚਿਆਂ ਦਾ ਬਚਪਨਾ ਗੁਆਚਣਾ ਸ਼ੁਰੂ ਹੁੰਦਾ ਏ ਤਾਂ ਬੱਚੇ ਵੀ ਸਾਥੋਂ ਦੂਰ ਜਾਣਾ ਸ਼ੁਰੂ ਹੋ ਜਾਂਦੇ ਨੇ। ਹੌਲੀ ਹੌਲੀ ਬੱਚੇ ਇੰਨੀ ਦੂਰ ਚਲੇ ਜਾਂਦੇ ਨੇ ਕਿ ਉਨ੍ਹਾਂ ਦਾ ਪਰਤਣਾ ਮੁਹਾਲ ਹੁੰਦਾ ਏ। ਫਿਰ ਇਹ ਬੱਚੇ ਨਸ਼ਿਆਂ ਅਤੇ ਜੁਰਮ ਦੇ ਜੰਜਾਲ ਵਿਚ ਅਜਿਹੇ ਉਲਝ ਜਾਂਦੇ ਨੇ ਕਿ ਉਨ੍ਹਾਂ ਦਾ ਵਿਨਾਸ਼ ਹੀ, ਉਨ੍ਹਾਂ ਦੀ ਨਵਿਰਤੀ ਬਣਦਾ ਏ।" ਡਾ. ਭੰਡਾਲ ਵਾਸਤਾ ਪਾਉਂਦੇ ਨੇ, "ਵਾਸਤਾ ਈ! ਆਪਣੀਆਂ ਆਂਦਰਾਂ ਨੂੰ ਸੰਭਾਲੋ। ਇਨ੍ਹਾਂ ਨੂੰ ਨਰੋਈਆਂ ਕਦਰਾਂ-ਕੀਮਤਾਂ ਦੇ ਸ਼ਾਹ-ਅਸਵਾਰ ਬਣਾਓ। ਇਨ੍ਹਾਂ ਨੂੰ ਆਪਣੇ ਵਿਰਸੇ ਨਾਲ ਜੋੜੋ ਅਤੇ ਮਾਨਵੀ ਰਹਿਤਲ ਦਾ ਮਸਤਕ ਚਿਰਾਗ ਬਣਾਓ।" -ਸੰਪਾਦਕ***

ਬੱਚਾ, ਇਕ ਗੋਭਲ ਅਹਿਸਾਸ। ਗੁੰਨੀ ਹੋਈ ਮਿੱਟੀ ਦਾ ਖਿਡੌਣਾ। ਸਿਰਜਣਹਾਰੇ ਦੀ ਮਿਹਨਤ ਅਤੇ ਕਲਾ-ਬਿਰਤੀ ਸਦਕਾ ਸਾਕਾਰ ਹੋਣ ਵਾਲਾ ਇਕ ਸਰੂਪ। ਮਿੱਟੀ ਦੀ ਤਾਸੀਰ ਅਤੇ ਸਿਰਜਣਹਾਰੇ ਦੀ ਘਾਲਣਾ ਦਾ ਪ੍ਰਮਾਣ।

ਬੱਚਾ, ਫੁੱਟ ਰਹੀ ਕਰੂੰਬਲ, ਜਿਸ ਨੇ ਲਗਰ ਬਣਨਾ, ਡਾਲ ਬਣਨਾ, ਫੁੱਲ ਅਤੇ ਫਲਾਂ ਦੀ ਰਾਂਗਲੀ ਰੁੱਤ ਦਾ ਨਾਮਕਰਨ ਕਰਨਾ, ਚੌਗਿਰਦੇ ਨੂੰ ਠੰਡੜੀਆਂ ਛਾਂਵਾਂ ਵੰਡਦਿਆਂ ਤੱਤੀਆਂ ਲੂਆਂ ਅਤੇ ਤਿੱਖੜ ਦੁਪਹਿਰਾਂ ਤੋਂ ਵੀ ਬਚਾਉਣਾ। ਕਿਸੇ ਲਈ ਆਲ੍ਹਣਾ ਅਤੇ ਕਿਸੇ ਲਈ ਓਹਲਾ ਵੀ ਬਣਨਾ।

ਬੱਚਾ, ਫੁੱਲ ਦੀ ਪਨੀਰੀ। ਇਹਤਿਆਤ ਅਤੇ ਸੰਭਾਲ ਦੀ ਹਰ ਦਮ ਜਰੂਰਤ। ਪਾਣੀ ਅਤੇ ਗੋਡੀ ਦੀ ਨਿਰੰਤਰ ਸਾਧਨਾ। ਦੁਸ਼ਮਣਾਂ ਤੋਂ ਬਚਾਉਣ ਲਈ ਮਾਲੀ ਦੀ ਕੀਤੀ ਹੋਈ ਵਾੜ। ਸੋਚਵਾਨ ਮਾਲੀ ਦੀ ਦੇਖ-ਰੇਖ ਵਿਚ ਪ੍ਰਵਾਨ ਚੜ੍ਹੇ ਬੱਚੇ ਭਵਿੱਖ ਦਾ ਰੌਸ਼ਨ ਚਿਰਾਗ। ਆਪਣਾ ਲਾਡਲਾ ਜਦ ਰੰਗ ਅਤੇ ਮਹਿਕ ਦਾ ਵਣਜ ਕਰਦਾ ਏ ਤਾਂ ਕਿਹੜੇ ਮਾਪਿਆਂ ਦਾ ਜਿਉਣਾ ਸਾਰਥਿਕ ਨਹੀਂ ਹੋ ਜਾਂਦਾ?

ਬੱਚੇ, ਪਰਿਵਾਰ ਦਾ ਮੁਢਲਾ ਪੜਾਅ। ਪਰਿਵਾਰ ਦਾ ਨਾਮਕਰਣ ਜੋ ਸ਼ੁਭ ਵੀ ਹੋ ਸਕਦਾ ਅਤੇ ਅਸ਼ੁਭ ਵੀ। ਪਰਿਵਾਰ ਦੀ ਉਚੇਰੀ ਦੁਮੇਲ ਨੂੰ ਉਸ ਪਰਿਵਾਰ ਦੇ ਬੱਚਿਆਂ ਦੀ ਤਮੀਜ਼ ਅਤੇ ਤਾਮੀਲ ਨਾਲ ਪਰਖਿਆ ਜਾ ਸਕਦਾ ਏ।

ਬੱਚੇ, ਘਰ ਦਾ ਸੁੱਚਾ ਹਰਫ। ਇਨ੍ਹਾਂ ਹਰਫਾਂ ਨੇ ਕਿਹੋ ਜਿਹੇ ਸੁੱਚਮ ਭਰਪੂਰ ਅਰਥਾਂ ਨੂੰ ਜਨਮ ਦੇਣਾ, ਇਹ ਬੱਚਿਆਂ ਦੀ ਪਨਪ ਰਹੀ ਸੋਚ ਅਤੇ ਵਿਕਸਿਤ ਹੋ ਰਹੀ ਸ਼ਖਸੀਅਤ ਦਾ ਪ੍ਰਤੀਬਿੰਬ। ਬੱਚਾ, ਘਰ ਦੀਆਂ ਕੰਧਾਂ ਨੂੰ ਹਿੱਲਣ ਵੀ ਲਾ ਸਕਦਾ ਏ ਜਾਂ ਇਨ੍ਹਾਂ ਲਈ ਸਦੀਵੀ ਪਕਿਆਈ ਵੀ ਬਣ ਸਕਦਾ ਏ।

***ਕਦੇ ਸਮਾਂ ਸੀ, ਬੱਚਾ ਮਾਂ ਦਾ ਦੁੱਧ ਪੀਂਦਾ ਸੀ। ਮਾਂ ਨੂੰ ਆਪਣੇ ਬੱਚੇ ਦੀ ਭੁੱਖ ਦਾ ਅਹਿਸਾਸ ਹੁੰਦਾ ਸੀ ਅਤੇ ਉਹ ਆਪਣੇ ਬੱਚੇ ਨੂੰ ਦੁੱਧ ਪਿਆਉਂਦੀ, ਬੱਚੇ ਲਈ ਨਿੱਕੀਆਂ ਨਿੱਕੀਆਂ ਗੱਲਾਂ ਅਤੇ ਹੁੰਗਾਰਾ ਬਣਦੀ ਸੀ। ਇਕ ਸਕੂਨ ਮਾਂ ਨੂੰ ਮਿਲਦਾ ਸੀ। ਆਪਣੀ ਜਨਮਦਾਤੀ ਰਾਹੀਂ ਮਨਭਾਉਂਦੀ ਖੁਰਾਕ ਮਿਲ ਜਾਣ 'ਤੇ ਇਕ ਵਿਸਮਾਦ ਬੱਚੇ ਦੇ ਮੁੱਖ 'ਤੇ ਫੈਲ ਜਾਂਦਾ ਸੀ। ਮਾਂ-ਬੱਚੇ ਦੇ ਰਿਸ਼ਤੇ ਵਿਚਲੀ ਪਾਕੀਜ਼ਗੀ ਤੇ ਪਕਿਆਈ ਰੱਬ ਦਾ ਇਕ ਰੂਪ ਹੁੰਦੀ ਸੀ ਅਤੇ ਬੱਚਾ ਅਚੇਤ ਰੂਪ ਵਿਚ ਆਪਣੀ ਮਾਂ ਕੋਲੋਂ ਬਹੁਤ ਕੁਝ ਪ੍ਰਾਪਤ ਕਰਦਾ ਸੀ। ਪਤਾ ਨਹੀਂ ਕਿਥੇ ਗਵਾਚ ਗਏ ਉਹ ਦਿਨ? ਕਿੱਧਰ ਅਲੋਪ ਹੋ ਗਈ ਏ ਬੱਚਿਆਂ ਦੇ ਹਿੱਸੇ ਦੀ ਹਾਸੀ? ਕੌਣ ਚੁਰਾ ਕੇ ਲੈ ਗਿਆ ਬੱਚਿਆਂ ਦੀਆਂ ਪਿਆਰੀਆਂ ਤੇ ਮਾਸੂਮ ਸ਼ਰਾਰਤਾਂ ਅਤੇ ਇਨ੍ਹਾਂ ਨਾਲ ਮਿਲਦੀ ਖੁਸ਼ੀ ਦਾ ਅਹਿਸਾਸ?***

ਬੱਚੇ ਘਰ ਦੀ ਅਜਿਹੀ ਨਿਰਮੋਲ ਵਸਤ ਏ ਜਿਸ ਦੀ ਕੀਮਤ ਦਾ ਅੰਦਾਜ਼ਾ ਉਹੀ ਲਾ ਸਕਦੇ ਨੇ ਜਿਨ੍ਹਾਂ ਦੀ ਔਲਾਦ ਨਹੀਂ ਹੁੰਦੀ ਅਤੇ ਉਹ ਬੱਚੇ ਦੀਆਂ ਕਿਲਕਾਰੀਆਂ, ਨਿਰਛੱਲ ਹਾਸੇ, ਮਾਸੂਮ ਸ਼ਰਾਰਤਾਂ ਅਤੇ ਤੋਤਲੇ ਬੋਲਾਂ ਦਾ ਹੇਰਵਾ ਲੈ ਕੇ ਹੀ ਇਸ ਜਹਾਨ ਨੂੰ ਅਲਵਿਦਾ ਕਹਿ ਜਾਂਦੇ ਨੇ।

ਸਿਆਣੇ ਕਹਿੰਦੇ ਨੇ, ਜੇ ਤੁਸੀਂ ਕਿਸੇ ਕੋਲੋਂ ਬਦਲਾ ਲੈਣਾ, ਜੋ ਉਹ ਸਾਰੀ ਉਮਰ ਯਾਦ ਰੱਖੇ ਤਾਂ ਉਸ ਦੇ ਬੱਚੇ ਨੂੰ ਵਿਗਾੜ ਦਿਓ। ਉਸ ਦੀ ਕੱਚੀ ਸੋਚ ਵਿਚ ਕੂੜ-ਕਬਾੜ ਭਰ ਦਿਓ। ਉਸ ਦੀ ਸ਼ਫਾਫ ਸੋਚਣੀ ਨੂੰ ਗੰਧਲਾ ਕਰ ਦਿਓ। ਘਰ ਵਿਚ ਵੱਸਦੀ ਸੁੱਖ-ਸ਼ਾਂਤੀ ਅਤੇ ਸਹਿਚਾਰ ਸਦਾ ਲਈ ਕਾਫੂਰ ਹੋ ਜਾਣਗੇ।

ਸਮੇਂ ਦੀ ਕੇਹੀ ਮਾਰ ਵਗੀ ਏ ਕਿ ਸਭ ਤੋਂ ਅਨਮੋਲ ਵਸਤ ਹੀ ਸਭ ਤੋਂ ਵੱਧ ਅਣਗੌਲੀ ਜਾ ਰਹੀ ਏ। ਜੀਵਨ ਦੀ ਦੌੜ-ਭੱਜ ਇੰਨੀ ਏ ਕਿ ਮਾਪਿਆਂ ਕੋਲ ਬੱਚਿਆਂ ਲਈ ਸਮਾਂ ਹੀ ਨਹੀਂ। ਬੱਚਿਆਂ ਦੀ ਬਜਾਏ, ਜਦ ਦੁਨਿਆਵੀ ਪ੍ਰਾਪਤੀਆਂ ਸਾਡੀ ਸੋਚ ਦਾ ਕੇਂਦਰ-ਬਿੰਦੂ ਬਣਦੀਆਂ ਨੇ ਤਾਂ ਇਕ ਸਿਸਕਣੀ ਘਰ ਦੀ ਹਿੱਕ ਵਿਚ ਧਰੀ ਜਾਂਦੀ ਏ, ਇਕ ਵਿਲਕਣੀ ਇਸ ਦੇ ਕਮਰਿਆਂ ਦੇ ਨਾਂ ਹੁੰਦੀ ਏ ਅਤੇ ਇਕ ਹਉਕਾ ਕੰਧਾਂ 'ਤੇ ਉਕਰਿਆ ਜਾਂਦਾ ਏ। ਬੱਚਾ ਦਸ ਸਾਲ ਦੀ ਉਮਰ ਤੱਕ ਸਭ ਤੋਂ ਜ਼ਿਆਦਾ ਸਿੱਖਦਾ ਏ। ਰੋਣਾ, ਹੱਸਣਾ, ਭੁੱਖ ਲੱਗਣੀ, ਰਿੜ੍ਹਨਾ, ਤੁਰਨਾ, ਬੋਲਣਾ, ਸਮਝਣਾ, ਵਸਤਾਂ ਦੀ ਪਛਾਣ, ਆਪਣੀ ਮਾਂ ਬੋਲੀ, ਪਰਿਵਾਰ ਦਾ ਸੰਕਲਪ, ਰਿਸ਼ਤਿਆਂ ਦੀ ਸਮਝ ਅਤੇ ਨਾਮਕਰਨ, ਹੱਥ ਲਿਖਤ, ਅੱਖਰ ਸੋਝੀ ਅਤੇ ਗਿਆਨ, ਆਤਮਿਕ ਵਿਸ਼ਵਾਸ, ਮਾਨਸਿਕ ਸ਼ਾਂਤੀ, ਉਤੇਜਨਾ, ਸਹਿਜ, ਕੋਮਲਤਾ, ਮਾਸੂਮੀਅਤ, ਸੱਚ ਜਾਂ ਕੂੜ ਆਦਿ ਬਹੁਤ ਕੁਝ ਸਿੱਖਦਾ ਏ। ਦੁਨੀਆਂ ਦੀ ਸਮੁੱਚੀ ਸਮਝ ਤਾਂ ਇਸ ਉਮਰੇ ਹੀ ਉਸ ਦੇ ਮਨ ਵਿਚ ਘਰ ਕਰ ਲੈਂਦੀ ਹੈ। ਆਉਣ ਵਾਲੇ ਸਮੇਂ ਵਿਚ ਤਾਂ ਉਸ ਦੇ ਅਚੇਤ ਮਨ ਵਿਚ ਪਏ ਹੋਏ ਮੁਢਲੇ ਪ੍ਰਭਾਵਾਂ ਨੇ ਹੀ ਵਿਗਸਣਾ ਅਤੇ ਵਿਕਾਸ ਕਰਨਾ ਹੁੰਦਾ ਏ। ਛੋਟੀ ਉਮਰ ਵਿਚ ਬੱਚੇ ਨੂੰ ਜਿਹੋ ਜਿਹੇ ਸੰਸਕਾਰ ਦੇਵੋਗੇ, ਉਹੋ ਜਿਹੀ ਸ਼ਖਸੀਅਤ ਦਾ ਮਾਲਕ ਬੱਚਾ ਹੋਵੇਗਾ। ਨੌਕਰਾਣੀ ਦੇ ਹੱਥਾਂ ਵਿਚ ਪਲ ਰਹੇ ਬੱਚੇ ਨੂੰ ਨੌਕਰਾਣੀ ਵਾਲੇ ਸੰਸਕਾਰ ਜਰੂਰ ਮਿਲਣਗੇ, ਇਨ੍ਹਾਂ ਦੀ ਅਨੁਪਾਤ ਭਾਵੇਂ ਘੱਟ ਹੋ ਸਕਦੀ ਹੈ।

ਕਦੇ ਸਮਾਂ ਸੀ, ਬੱਚਾ ਮਾਂ ਦਾ ਦੁੱਧ ਪੀਂਦਾ ਸੀ। ਮਾਂ ਨੂੰ ਆਪਣੇ ਬੱਚੇ ਦੀ ਭੁੱਖ ਦਾ ਅਹਿਸਾਸ ਹੁੰਦਾ ਸੀ ਅਤੇ ਉਹ ਆਪਣੇ ਬੱਚੇ ਨੂੰ ਦੁੱਧ ਪਿਆਉਂਦੀ, ਬੱਚੇ ਲਈ ਨਿੱਕੀਆਂ ਨਿੱਕੀਆਂ ਗੱਲਾਂ ਅਤੇ ਹੁੰਗਾਰਾ ਬਣਦੀ ਸੀ। ਇਕ ਸਕੂਨ ਮਾਂ ਨੂੰ ਮਿਲਦਾ ਸੀ। ਆਪਣੀ ਜਨਮਦਾਤੀ ਰਾਹੀਂ ਮਨਭਾਉਂਦੀ ਖੁਰਾਕ ਮਿਲ ਜਾਣ 'ਤੇ ਇਕ ਵਿਸਮਾਦ ਬੱਚੇ ਦੇ ਮੁੱਖ 'ਤੇ ਫੈਲ ਜਾਂਦਾ ਸੀ। ਮਾਂ-ਬੱਚੇ ਦੇ ਰਿਸ਼ਤੇ ਵਿਚਲੀ ਪਾਕੀਜ਼ਗੀ ਤੇ ਪਕਿਆਈ ਰੱਬ ਦਾ ਇਕ ਰੂਪ ਹੁੰਦੀ ਸੀ ਅਤੇ ਬੱਚਾ ਅਚੇਤ ਰੂਪ ਵਿਚ ਆਪਣੀ ਮਾਂ ਕੋਲੋਂ ਬਹੁਤ ਕੁਝ ਪ੍ਰਾਪਤ ਕਰਦਾ ਸੀ। ਪਤਾ ਨਹੀਂ ਕਿਥੇ ਗਵਾਚ ਗਏ ਉਹ ਦਿਨ? ਕਿੱਧਰ ਅਲੋਪ ਹੋ ਗਈ ਬੱਚਿਆਂ ਦੇ ਹਿੱਸੇ ਦੀ ਹਾਸੀ? ਕੌਣ ਚੁਰਾ ਕੇ ਲੈ ਗਿਆ ਬੱਚਿਆਂ ਦੀਆਂ ਪਿਆਰੀਆਂ ਤੇ ਮਾਸੂਮ ਸ਼ਰਾਰਤਾਂ ਅਤੇ ਇਨ੍ਹਾਂ ਨਾਲ ਮਿਲਦੀ ਖੁਸ਼ੀ ਦਾ ਅਹਿਸਾਸ?

ਸਵੇਰੇ ਸਵੇਰੇ ਸਕੂਲ ਜਾ ਰਹੇ ਬੱਚੇ ਬੱਸਾਂ ਅਤੇ ਰਿਕਸ਼ਿਆਂ ਵਿਚ ਮੁਰਗੀਆਂ ਵਾਂਗ ਤਾੜੇ ਹੁੰਦੇ ਹਨ। ਉਨ੍ਹਾਂ ਦੇ ਚਿਹਰਿਆਂ ਵੰਨੀਂ ਦੇਖੋ, ਜਿਵੇਂ ਛਟਪਟਾ ਰਹੇ ਹੋਣ। ਉਨ੍ਹਾਂ ਦਾ ਮਧੋਲਿਆ ਬਚਪਨ ਉਨ੍ਹਾਂ ਦੇ ਸਮੁੱਚ ਨੂੰ ਰੌਂਧ ਰਿਹਾ ਏ। ਨਿੱਕੇ-ਨਿੱਕੇ ਮਾਸੂਮ ਚਿਹਰਿਆਂ ਨੂੰ ਭੁੱਲ ਗਿਆ ਏ ਮੁਸਕਰਾਉਣਾ ਅਤੇ ਉਨ੍ਹਾਂ ਦੇ ਪੱਲੇ ਪੈ ਗਿਆ ਏ ਰੋਣਾ। ਬੱਚਿਆਂ ਵਿਚ ਚਿੜਚਿੜਾਪਣ ਅਤੇ ਜਿੱਦ ਕਾਰਨ ਉਨ੍ਹਾਂ ਦਾ ਹੋ ਰਿਹਾ ਅਸੰਤੁਲਤ ਵਿਕਾਸ ਬਹੁਤ ਵੱਡੇ ਪ੍ਰਸ਼ਨ ਬਣ ਕੇ ਸਾਨੂੰ ਸੰਕੇਤਕ ਭਾਸ਼ਾ ਵਿਚ ਕਹਿ ਰਿਹਾ ਏ। ਪਰ ਅਸੀਂ ਕੁਝ ਵੀ ਸਮਝਣ ਤੋਂ ਅਸਮਰਥ ਹਾਂ ਕਿਉਂਕਿ ਅਸੀਂ ਉਚ-ਸੁਸਾਇਟੀ ਦੇ ਮਾਣਮੱਤੇ ਮੈਂਬਰ ਹੁੰਦੇ, ਉਚੇ ਰੁਤਬਿਆਂ 'ਤੇ ਪਹੁੰਚਣ ਲਈ ਕੁਝ ਵੀ ਕੁਰਬਾਨ ਕਰ ਸਦਕੇ ਹਾਂ। ਅਸੀਂ ਆਪਣੀਆਂ ਪ੍ਰਾਪਤੀਆਂ ਨੂੰ ਰੁਤਬਿਆਂ, ਕਾਰਾਂ, ਕੋਠੀਆਂ, ਪਲਾਟਾਂ ਅਤੇ ਧਨ ਦੇ ਅੰਬਾਰਾਂ ਨਾਲ ਮਿਣਦੇ ਹਾਂ। ਇਨ੍ਹਾਂ 'ਚ ਬੱਚਿਆਂ ਲਈ ਕੋਈ ਥਾਂ ਨਹੀਂ ਹੈ। ਸਾਡੇ ਲਈ ਤਾਂ ਨੌਕਰ ਹੀ ਬੱਚਿਆਂ ਨੂੰ ਸੰਭਾਲਣ ਅਤੇ ਪਾਲਣ-ਪੋਸ਼ਣ ਯੋਗ ਹਨ।

ਜਰਾ ਸੋਚ ਕੇ ਦੱਸਣਾ! ਕਿੰਨੀਆਂ ਮਾਂਵਾਂ ਆਪਣੇ ਬੱਚਿਆਂ ਨੂੰ ਰਾਤ ਵੇਲੇ ਆਪਣੇ ਨਾਲ ਸੰਵਾਉਂਦੀਆਂ ਨੇ? ਕਿੰਨੀਆਂ ਆਪਣੇ ਬੱਚੇ ਦੇ ਨਾਲ ਲੇਟ ਕੇ ਉਨ੍ਹਾਂ ਨੂੰ ਲੋਰੀਆਂ ਸੁਣਾਉਂਦੀਆਂ ਨੇ, ਕੌਣ ਨੇ ਜੋ ਪਰੀ-ਦੇਸ਼ ਦੇ ਸੁਪਨਿਆਂ ਸੰਗ ਨੀਂਦਰ ਦੇ ਆਗੋਸ਼ ਵਿਚ ਲਿਟਾਉਂਦੀਆਂ ਨੇ, ਕਿੰਨੀਆਂ ਮਾਂਵਾਂ ਨੂੰ ਪਤਾ ਹੁੰਦਾ ਏ ਕਿ ਉਨ੍ਹਾਂ ਦਾ ਬੱਚਾ ਭੁੱਖਾ ਕਿ ਉਸ ਨੇ ਰੋਟੀ ਖਾ ਲਈ ਏ, ਕਿੰਨੀਆਂ ਇਹ ਜਾਣਦੀਆਂ ਨੇ ਜਾਂ ਜਾਣਨ ਦੀ ਕੋਸ਼ਿਸ਼ ਕਰਦੀਆਂ ਨੇ ਕਿ ਉਨ੍ਹਾਂ ਦੇ ਬੱਚੇ ਨੇ ਸਾਰਾ ਦਿਨ ਕੀ ਕੀਤਾ ਏ? ਕੀ ਉਨ੍ਹਾਂ ਨੂੰ ਬੱਚਿਆਂ ਦੀ ਮਨੋ-ਅਵਸਥਾ ਦਾ ਪਤਾ ਹੈ ਕਿ ਉਹ ਕਿਨ੍ਹਾਂ ਮੁਸ਼ਕਿਲਾਂ ਨਾਲ ਜੂਝ ਰਹੇ ਨੇ ਜਾਂ ਉਨ੍ਹਾਂ ਦੇ ਮਾਨਸਿਕ, ਸਰੀਰਕ ਅਤੇ ਮਨੋਵਿਗਿਆਨਕ ਵਿਕਾਸ ਲਈ ਕੀ ਕੀ ਜਰੂਰਤਾਂ ਹਨ?




ਜਦ ਬੱਚਿਆਂ ਦਾ ਬਚਪਨਾ ਗੁਆਚਣਾ ਸ਼ੁਰੂ ਹੁੰਦਾ ਏ ਤਾਂ ਬੱਚੇ ਵੀ ਸਾਥੋਂ ਦੂਰ ਜਾਣਾ ਸ਼ੁਰੂ ਹੋ ਜਾਂਦੇ ਨੇ। ਹੌਲੀ ਹੌਲੀ ਬੱਚੇ ਇੰਨੀ ਦੂਰ ਚਲੇ ਜਾਂਦੇ ਨੇ ਕਿ ਉਨ੍ਹਾਂ ਦਾ ਪਰਤਣਾ ਮੁਹਾਲ ਹੁੰਦਾ ਏ। ਫਿਰ ਇਹ ਬੱਚੇ ਨਸ਼ਿਆਂ ਅਤੇ ਜੁਰਮ ਦੇ ਜੰਜਾਲ ਵਿਚ ਅਜਿਹੇ ਉਲਝ ਜਾਂਦੇ ਨੇ ਕਿ ਉਨ੍ਹਾਂ ਦਾ ਵਿਨਾਸ਼ ਹੀ, ਉਨ੍ਹਾਂ ਦੀ ਨਵਿਰਤੀ ਬਣਦਾ ਏ। ਬੜੀ ਭਾਰੀ ਕੀਮਤ ਚੁਕਾਉਣੀ ਪੈਂਦੀ ਏ ਸਮਾਜ ਅਤੇ ਪਰਿਵਾਰ ਨੂੰ। ਬਹੁਤ ਮਹਿੰਗੇ ਪੈਂਦੇ ਨੇ, ਬੱਚਿਆਂ ਦੀ ਕੀਮਤ 'ਤੇ ਸਥਾਪਤੀਆਂ ਦੇ ਮਹਿਲ ਮੁਨਾਰੇ। ਮਾਣ-ਮੱਤੀਆਂ ਪ੍ਰਾਪਤੀਆਂ ਹੀ ਬਣ ਜਾਂਦੀਆਂ ਨੇ ਸਾਡੇ ਸਾਹਾਂ ਦੀ ਸਲੀਬ, ਮਨੁੱਖ ਦੀ ਹੋ ਜਾਂਦੀ ਏ ਅਖੀਰ ਅਤੇ ਫਿਰ ਉਸ ਲਈ ਉਡੀਕਦੀਆਂ ਕਬਰਾਂ ਕਰਦੀਆਂ ਨੇ ਇਕ ਮਕਬਰਾ ਤਾਮੀਰ।

ਵਾਸਤਾ ਈ! ਆਪਣੀਆਂ ਆਂਦਰਾਂ ਨੂੰ ਸੰਭਾਲੋ। ਇਨ੍ਹਾਂ ਨੂੰ ਨਰੋਈਆਂ ਕਦਰਾਂ-ਕੀਮਤਾਂ ਦੇ ਸ਼ਾਹ-ਅਸਵਾਰ ਬਣਾਓ। ਇਨ੍ਹਾਂ ਨੂੰ ਆਪਣੇ ਵਿਰਸੇ ਨਾਲ ਜੋੜੋ ਅਤੇ ਮਾਨਵੀ ਰਹਿਤਲ ਦਾ ਮਸਤਕ ਚਿਰਾਗ ਬਣਾਓ।

ਬੱਚੇ ਹੀ ਸਾਡਾ ਵਰਤਮਾਨ ਅਤੇ ਭਵਿੱਖ। ਜੇ ਅਸੀਂ ਆਪਣੀ ਔਲਾਦ ਨੂੰ ਸੰਭਾਲਣ ਵਿਚ ਕਾਮਯਾਬ ਰਹੇ ਤਾਂ ਸਾਰੀਆਂ ਕਾਮਯਾਬੀਆਂ ਸਾਡੀ ਅਮਾਨਤ। ਸਿਰਫ ਬੱਚਿਆਂ ਨੂੰ ਕੁਝ ਸਮਾਂ ਦਿਓ ਕਿਉਂਕਿ ਬੱਚਿਆਂ ਨਾਲ ਬਿਤਾਇਆ ਸਮਾਂ, ਬੱਚੇ ਲਈ ਖਰਚੇ ਜਾ ਰਹੇ ਧਨ ਤੋਂ ਬਹੁਤ ਅਹਿਮ ਅਤੇ ਸਾਰਥਿਕ ਹੁੰਦਾ ਏ।

ਬੱਚਿਆਂ ਨਾਲ ਵੱਸਦਾ ਏ ਸੰਸਾਰ। ਇਨ੍ਹਾਂ ਨਾਲ ਹੀ ਜਾਗਦੇ ਨੇ ਯਾਦਾਂ ਦੇ ਬਚਪਨੀ-ਹੁਲਾਰ। ਇਨ੍ਹਾਂ ਨਾਲ ਹੀ ਹੁੰਦਾ ਏ ਵਿਕਾਸ। ਇਨ੍ਹਾਂ ਸੰਗ ਹੀ ਮੌਲਦੇ ਨੇ ਕੋਮਲ ਅਹਿਸਾਸ। ਇਨ੍ਹਾਂ ਦੀ ਸੋਹਬਤ ਵਿਚੋਂ ਹੀ ਉਗਮਦੇ ਨੇ ਤੋਤਲੇ ਬੋਲ ਅਤੇ ਹੁੰਗਾਰੇ।

ਜੱਗ-ਜਿਉਂਦੇ ਰਹਿਣ ਬੱਚੇ ਅਤੇ ਉਨ੍ਹਾਂ ਨੂੰ ਜੀਵਨ ਦੇ ਅਰਥ ਸਮਝਾਉਣ ਵਾਲੇ ਮਾਪੇ। ਬੱਚੇ ਸਦੀਵੀ ਮਾਣਦੇ ਰਹਿਣ ਆਪਣੀਆਂ ਮਾਂਵਾਂ ਦੀ ਨਿੱਘੀ ਗੋਦੜੀ। ਬੱਚਿਆਂ ਦੇ ਨਸੀਬੀਂ ਉਕਰਿਆ ਰਹੇ ਬਚਪਨੀ ਸਮਿਆਂ ਦਾ ਅਨੂਠਾ ਵਿਸਮਾਦ ਅਤੇ ਉਮਰ ਦੇ ਪੰਨਿਆਂ 'ਤੇ ਸਦਾ ਅੰਕਿਤ ਰਹੇ ਇਹ ਥਿਰ-ਜਿਉਣੀ ਬਚਪਨੀ ਯਾਦ।

# ਹਾਦਸਿਆਂ ਦਾ ਦੌਰ

*(ਪਿਛਲੇ ਸਫੇ ਦੀ ਬਾਕੀ)*

ਰਲੀਆਂ ਚੀਕਾਂ ਗੂੰਜੀਆਂ, "ਹੁਣ ਡੁੱਬ ਜਾਣਾ... ਮਰ ਜਾਣਾ... ਹੁਣ ਕੀ ਹੋਊ... ਹੁਣ ਕੀ ਕਰੀਏ...।"

ਇਸ ਤੋਂ ਪਹਿਲਾਂ ਕਿ ਕੋਈ ਕੁਝ ਸੋਚਦਾ ਸਮਝਦਾ ਜਾਂ ਕੁਝ ਕਹਿੰਦਾ, ਤਾਹਿਰ ਨੇ ਬੇਵਕੂਫੀ ਕਰ ਦਿੱਤੀ ਅਤੇ ਪਾਣੀ ਵਿਚ ਛਾਲ ਕੱਢ ਮਾਰੀ। ਉਸ ਦੇ ਇੰਨਾ ਕਰਨ ਦੀ ਦੇਰ ਸੀ, ਕਿਸ਼ਤੀ ਦਾ ਸੰਤੁਲਨ ਵਿਗੜਿਆ ਤੇ ਪਲਟਾ ਖਾ ਗਈ। ਅਸੀਂ ਚਾਰੇ ਸਮੁੰਦਰ ਦੇ ਹਨੇਰੇ ਪਾਣੀ 'ਚ ਗੋਤੇ ਖਾਣ ਲੱਗੇ।

ਮੈਂ ਸਰੀਰ ਨੂੰ ਝਟਕਾ ਮਾਰ ਕੇ ਉਪਰ ਆਇਆ ਤੇ ਕਿਨਾਰੇ ਵੱਲ ਤੈਰਨ ਲੱਗ ਪਿਆ। ਮੇਰੇ ਅੱਗੇ ਸ਼ੀਰਾਜ ਤੇ ਥੋੜ੍ਹਾ ਹੋਰ ਅੱਗੇ ਤਾਹਿਰ ਤੈਰਦੇ ਜਾ ਰਹੇ ਸਨ। ਪੁਲ 'ਤੇ ਖੜ੍ਹੇ ਡੌਂਕਰ ਖਿਲਰਦੇ ਦਿਖੇ, ਦਵਿੰਦਰ ਦੌੜ ਕੇ ਸੜਕ ਵੱਲ ਚੜ੍ਹਦਾ ਨਜ਼ਰੀਂ ਪਿਆ। ਮੈਨੂੰ ਆਪਣੇ ਪਿਛਿਓਂ ਆਵਾਜ਼ਾਂ ਸੁਣੀਆਂ, "ਬਚਾਓ!... ਬਚਾ ਉਏ... ਮੀਕਿਆ!" ਪਨੂੰ ਥੋੜ੍ਹਾ ਪਰ੍ਹੇ ਗੋਤੇ ਖਾਂਦਾ ਰੌਲਾ ਪਾ ਰਿਹਾ ਸੀ। ਮੇਰੇ ਨੇੜੇ ਹੀ ਜੰਟਾ ਚੀਕਾਂ ਮਾਰਦਾ ਡੋਬੇ ਖਾ ਰਿਹਾ ਸੀ। ਸੋਚਣ ਦਾ ਤਾਂ ਕੋਈ ਵਕਤ ਹੀ ਨਹੀਂ ਸੀ। ਮੈਂ ਫੁਰਤੀ ਨਾਲ ਮੁੜ ਕੇ ਜੰਟੇ ਵੱਲ ਗਿਆ ਤੇ ਜੰਟੇ ਦੀ ਬਾਂਹ ਖਿੱਚ ਕੇ, ਬਾਹਰ ਵਲ ਝਟਕੇ ਦੇ ਕੇ ਧੱਕਣਾ ਸ਼ੁਰੂ ਕੀਤਾ। ਮੇਰੇ ਜ਼ਿਹਨ 'ਚ ਸੀ ਕਿ ਮੈਂ ਆਪਣੇ ਖੋਖਲੇ, ਕਮਜ਼ੋਰ ਸਰੀਰ ਨਾਲ ਉਸ ਦੇ ਨੇੜੇ ਹੋਇਆ ਤਾਂ ਉਸ ਨੇ ਘਬਰਾਹਟ 'ਚ ਚਿੰਬੜ ਕੇ ਮੈਨੂੰ ਵੀ ਗੋਤੇ ਖੁਆ ਦੇਣੇ ਸੀ। ਚਾਰ-ਪੰਜ ਝਟਕੇ ਮਾਰਦਿਆਂ ਉਸ ਨੂੰ ਬਾਹਰ ਵਲ ਖਦੇੜ ਕੇ ਫਿਰ ਪਿਛਿਓਂ ਜ਼ੋਰਦਾਰ ਧੱਕਾ ਦੇ ਕੇ ਮੈਂ ਤੇਜ਼ੀ ਨਾਲ ਪਨੂੰ ਵਲ ਵਧਿਆ। ਉਸ ਨੂੰ ਕਾਫੀ ਗੋਤੇ ਆ ਗਏ ਸਨ ਅਤੇ ਮੂੰਹੋਂ 'ਹੱਪ-ਹੱਪ' ਦੀ ਆਵਾਜ਼ ਨਿਕਲ ਰਹੀ ਸੀ। ਉਸ ਦੀ ਬਾਂਹ ਫੜ ਕੇ ਜ਼ੋਰ ਨਾਲ ਖਿਚਿਆ ਤੇ ਫਿਰ ਪਿਛਿਓਂ ਧੱਕੇ ਦੇ-ਦੇ ਕੇ ਬਾਹਰ ਵੱਲ ਲਿਜਾਣਾ ਸ਼ੁਰੂ ਕਰ ਦਿੱਤਾ। ਮੈਨੂੰ ਬੁਰੀ ਤਰ੍ਹਾਂ ਸਾਹ ਚੜ੍ਹ ਗਿਆ ਸੀ, ਹੱਥ-ਪੈਰ ਥਕਾਵਟ ਨਾਲ ਟੁੱਟ ਕੇ ਚੂਰ ਹੁੰਦੇ ਗਏ। ਤਾਹਿਰ ਤੇ ਸ਼ੀਰਾਜ਼ ਰੇਤ 'ਤੇ ਖੜ੍ਹੇ ਇਧਰ ਹੀ ਦੇਖ ਰਹੇ ਸਨ। ਜੰਟਾ ਵੀ ਹੁਣ ਛਾਤੀ ਤਕ ਆਉਂਦੇ ਪਾਣੀ 'ਚੋਂ ਨਿਕਲਦਾ ਜਾ ਰਿਹਾ ਸੀ। ਮੈਂ ਅਤੇ ਪਨੂੰ ਪਾਣੀ ਨਾਲ ਘੁਲਦੇ, ਡੁਬਦੇ-ਤਰਦੇ ਹੌਲੀ-ਹੌਲੀ ਕਿਨਾਰੇ ਵਲ ਵਧਦੇ ਗਏ। ਫਿਰ ਮੈਂ ਤਲ 'ਤੇ ਕਿਧਰੇ ਪੈਰ ਟਿਕਾਣੇ ਚਾਹੇ ਤਾਂ ਫਿਰ ਗੋਤਾ ਆ ਗਿਆ। ਪੈਰਾਂ ਦੀ ਪਹੁੰਚ ਤੋਂ ਤਲ ਅਜੇ ਦੂਰ ਸੀ। ਫਿਰ ਉਤਾਂਹ ਆ ਕੇ, ਮੈਂ ਹਫਦੇ-ਟੁਟਦੇ ਸਾਹ ਜੋੜ ਕੇ ਪਨੂੰ ਨੂੰ ਪਿਛਿਓਂ ਦੋ ਕੁ ਧੱਕੇ ਮਾਰ ਕੇ ਬਾਹਰ ਵਲ ਵਧਿਆ। ਪੈਰ ਜਦੋਂ ਹੇਠਾਂ ਪੱਥਰਾਂ ਨਾਲ ਟਕਰਾਏ ਤਾਂ ਕਿਤੇ ਸਾਹ 'ਚ ਸਾਹ ਆਇਆ। ਪਨੂੰ ਮੈਥੋਂ ਜ਼ਿਆਦਾ ਲੰਮਾ ਸੀ, ਹੁਣ ਉਸ ਨੇ ਵੀ ਆਪੇ ਆ ਜਾਣਾ ਸੀ! ਮੈਂ ਗੁਸੈਲ ਲਹਿਰਾਂ ਚੀਰਦਾ, ਨੁਚੜਦਾ, ਕੰਬਦਾ ਬਾਹਰ ਨਿਕਲਦਾ ਗਿਆ। ਪਿੱਛੇ ਪਨੂੰ ਵੀ ਹੁਣ ਆਪਣੇ ਪੈਰਾਂ 'ਤੇ ਸੀ।

ਦੁਖਦਾਈ, ਜਾਨਲੇਵਾ ਹਾਦਸਾ ਹੋਣੋਂ ਟਲ ਗਿਆ ਸੀ। ਜੇ ਕਿਸ਼ਤੀ ਪੰਦਰਾਂ-ਵੀਹ ਮੀਟਰ ਹੋਰ ਅਗਾਂਹ ਜਾ ਕੇ ਪਲਟਦੀ ਤਾਂ ਘੱਟੋ-ਘੱਟ ਸਾਰਿਆਂ ਦਾ ਵਾਪਸ ਮੁੜਨਾ ਮੁਸ਼ਕਿਲ ਸੀ। ਸ਼ੁਕਰ ਸੀ, ਕਰੋਧੀ ਸਮੁੰਦਰ ਨੇ ਨੇੜਿਓਂ ਹੀ ਪਰਤਾ ਦਿੱਤਾ।

ਜੰਟਾ ਸਕਤੇ ਹੀ ਹਾਲਤ 'ਚ ਗੁੰਮਸੁੰਮ ਜਿਹਾ ਖੜ੍ਹਾ ਕੰਬ ਰਿਹਾ ਸੀ; ਸ਼ਾਇਦ ਠੰਢ ਨਾਲ, ਸ਼ਾਇਦ ਖ਼ੌਫ ਜਾਂ ਸਦਮੇ ਨਾਲ! ਪਨੂੰ ਰੇਤ 'ਤੇ ਡਹਿ ਪਿਆ, ਪੰਜ-ਸੱਤ ਲੰਮੇ ਸਾਹ ਲੈ ਕੇ ਖੰਘਦਾ, ਮੂੰਹ ਤੇ ਨਾਸਾਂ ਵਿਚੋਂ ਪਾਣੀ ਕੱਢਦਾ ਸਾਡੇ ਵੱਲ ਆ ਗਿਆ। ਮੈਂ ਬੈਠਾ ਸਾਹ ਨਾਲ ਸਾਹ ਰਲਾ ਰਿਹਾ ਸਾਂ। ਪਨੂੰ ਤੇ ਤਾਹਿਰ ਇਕ ਦੂਜੇ ਦੇ ਗਲ ਲੱਗ ਕੇ ਰੋਣ ਲੱਗ ਪਏ। ਪਨੂੰ ਤੇ ਜੰਟੇ ਨੇ ਮੌਤ ਦਾ ਜਲਵਾ ਨੇੜਿਓਂ ਦੇਖਿਆ ਸੀ। ਪਨੂੰ ਨੇ ਬੁਸਕਦਿਆਂ ਮੈਨੂੰ ਗਲ ਲਾ ਲਿਆ: "ਮੀਕਿਆ! ਅੱਜ ਤੂੰ ਬਚਾ ਲਿਆ, ਤੇਰਾ ਦੇਣਾ ਨਹੀਂ ਦੇ ਸਕਦੇ, ਤੇਰਾ ਅਹਿਸਾਨ ਸਾਰੀ ਜ਼ਿੰਦਗੀ ਨਹੀਂ ਲਾਹ ਸਕਦੇ...।" ਜੰਟੇ ਨੂੰ ਵੀ ਸੁਰਤ ਆਈ, "ਬੜੀ ਮਿਹਰਬਾਨੀ ਭਰਾ ਤੇਰੀ, ਸਾਨੂੰ ਮਰਨੋਂ ਬਚਾ ਲਿਆ।" ਮੈਂ ਕੀ ਕਹਿਣਾ ਸੀ, ਮੇਰੇ ਮੂੰਹੋਂ ਇਹੀ ਨਿਕਲਿਆ, "ਉਸ ਮਾਲਿਕ ਨੇ ਬਚਾ ਲਿਆ, ਮੈਂ ਤਾਂ ਮਦਦ ਕਰਨ ਦੀ ਕੋਸ਼ਿਸ਼ ਕੀਤੀ ਸੀ। ਜੇ ਹੋਰ ਜ਼ਿਆਦਾ ਅੱਗੇ ਜਾ ਕੇ ਡੁਬਦੇ ਤਾਂ ਮੈਥੋਂ ਵੀ ਕੁਝ ਨਹੀਂ ਸੀ ਹੋਣਾ।"

ਅੱਗੇ ਕਿਤੇ ਨਾ ਪਹੁੰਚਣ ਦਾ ਦੁਖ ਇਸ ਤਸੱਲੀ 'ਚ ਗੁੰਮ ਗਿਆ ਕਿ ਜਾਨਾਂ ਸਹੀ ਸਲਾਮਤ ਸਨ। ਦਰਅਸਲ, ਪਨੂੰ ਦਾ ਡਰ ਵਾਜਬ ਸੀ। ਖਿਡੌਣਾ ਜਿਹੀ ਨਾਜ਼ੁਕ ਕਿਸ਼ਤੀ ਦੇਖ ਕੇ ਹੀ ਸਮਝ ਜਾਣਾ ਚਾਹੀਦਾ ਸੀ ਕਿ ਮੌਤ ਦਾ ਖੇਲ ਖੇਡਿਆ ਜਾਣ ਲੱਗਾ ਹੈ। ਫਿਰ ਇਸ ਸਾਰੇ ਰੌਲੇ-ਰੱਪੇ ਦੌਰਾਨ ਮੈਨੂੰ ਖ਼ਿਆਲ ਆਇਆ, ਤਾਹਿਰ ਤੇ ਸ਼ੀਰਾਜ਼ ਨੇ ਹਾਦਸੇ ਵੇਲੇ ਕੁਝ ਵਾਧੂ ਮਦਦ ਖ਼ਾਤਰ ਕੋਈ ਕੋਸ਼ਿਸ਼ ਨਹੀਂ ਸੀ ਕੀਤੀ।

ਫਿਰ ਖਿਆਲ ਉਠਿਆ ਡੌਂਕਰਾਂ ਜਾਂ ਖ਼ਾਨ ਨੇ ਸ਼ਾਇਦ ਜਾਣ-ਬੁਝ ਕੇ ਸਾਨੂੰ ਮੌਤ ਦੇ ਮੂੰਹ 'ਚ ਧੱਕਿਆ ਸੀ, ਪਰ ਫਾਇਦਾ? ਪਤਾ ਨਹੀ! ਲੱਗਦਾ ਸੀ ਜਿਵੇਂ ਸਭ ਕੁਝ ਸਾਜ਼ਿਸ਼ ਵਾਂਗ ਹੀ ਸੀ, ਜਾਂ ਫਿਰ ਡੌਂਕਰਾਂ ਦੇ ਅਸੀਮ ਲੋਭ ਨੇ ਹੀ ਉਨ੍ਹਾਂ ਨੂੰ ਵਹਿਸ਼ੀ ਬਣਾ ਦਿੱਤਾ ਸੀ। ਅਣਗਿਣਤ ਉਲਝੇ ਸਵਾਲਾਂ ਨੂੰ ਦਿਮਾਗ 'ਚੋਂ ਝਟਕਦਾ ਮੈਂ ਬਾਕੀਆਂ ਨਾਲ ਸੜਕ ਵਲ ਚੜ੍ਹਨ ਲੱਗਾ। ਸੜਕ 'ਤੇ ਦਵਿੰਦਰ ਤੋਂ ਇਲਾਵਾ ਕੋਈ ਨਹੀਂ ਸੀ।

*(ਚਲਦਾ)*

# ਸੈਂਕੜੇ ਸਦਾਬਹਾਰ ਗੀਤਾਂ ਦਾ ਰਚੈਤਾ ਰਾਮ ਸਿੰਘ ਢਿੱਲੋਂ

ਪੰਜਾਬੀ ਗੀਤਕਾਰੀ ਵਿਚ ਰਾਮ ਸਿੰਘ ਢਿੱਲੋਂ ਮਹਿਰਾਜ ਵਾਲਾ ਇੱਕ ਉਹ ਸਤਿਕਾਰਤ ਨਾਂ ਹੈ, ਜਿਸ ਨੇ ਪੰਜਾਬੀ ਲੋਕ ਵਿਰਸੇ ਅਤੇ ਠੇਠ ਅਰਥਭਰਪੂਰ ਸ਼ਬਦਾਵਲੀ ਵਾਲੇ ਸਮਾਜਿਕ ਕਦਰਾਂ ਦੀ ਹਾਮੀ ਭਰਦੇ ਗੀਤ ਲਿਖ ਕੇ ਪੰਜਾਬੀ ਲੋਕ ਗਾਇਕੀ 'ਚ ਇੱਕ ਨਵਾਂ ਇਤਿਹਾਸ ਸਿਰਜਿਆ। ਉਸ ਦੇ ਗੀਤ ਦਾ ਇੱਕ ਇੱਕ ਸ਼ਬਦ ਸਿੱਧਾ ਸਰੋਤਿਆਂ ਦੇ ਦਿਲਾਂ 'ਚ ਉਤਰ ਜਾਂਦਾ ਹੈ।

ਇੱਕ ਵਿਲੱਖਣ ਸ਼ਖਸੀਅਤ ਰਾਮ ਸਿੰਘ ਢਿੱਲੋਂ ਵੇਖਣ ਨੂੰ ਸਿੱਧਾ-ਸਾਦਾ, ਦੇਸੀ ਜਿਹਾ ਪੇਂਡੂ ਬੰਦਾ ਜਾਪਦਾ ਹੈ ਪਰ ਸ਼ਬਦਾਂ ਦੇ ਜੋ ਕੋਕੇ ਉਸ ਨੇ ਆਪਣੇ ਗੀਤਾਂ ਵਿਚ ਜੜ੍ਹੇ, ਉਹ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਉਸ ਦਾ ਸਹਿਜ ਸੁਭਾਅ ਲਿਖਿਆ ਗੀਤ ਵੀ ਸਰੋਤਿਆਂ ਦੀ ਪਸੰਦ ਬਣ ਜਾਂਦਾ ਸੀ। ਉਸ ਦੇ ਹਿੱਸੇ ਪੇਂਡੂ ਮਲਵਈ ਬੋਲੀਆਂ-ਅਖਾਣਾਂ ਦਾ ਖੁੱਲ੍ਹਾ ਖਜਾਨਾ ਆਇਆ ਜੋ ਉਸ ਨੇ ਗੀਤਾਂ ਵਿਚ ਰੱਜ ਕੇ ਵਰਤਿਆ।



**ਸੁਰਜੀਤ ਜੱਸਲ**
**ਫੋਨ: 91-98146-07737**

ਉਹ ਭਾਵੇਂ ਅਨਪੜ੍ਹ ਸੀ ਪਰ ਲੇਖਣੀ ਪੱਖੋਂ ਉਹ ਸਭ ਗੁਣੀ-ਗਿਆਨੀਆਂ ਨੂੰ ਮੂਹਰੇ ਲਾਉਣ ਵਾਲਾ ਸੀ। ਤੌਰੋਂ ਵਾਲੀ ਪੱਗ ਤੋਂ ਲੱਗਦਾ ਸੀ ਜਿਵੇਂ 'ਜਿਉਣੇ ਮੌੜ' ਦਾ ਛੋਟਾ ਭਾਈ ਹੋਵੇ ਪਰ ਉਹ ਇੱਕ ਫੱਕਰ ਬੰਦਾ ਸੀ। ਉਸ ਨੇ ਮਜ਼ਾਹੀਆ ਤੇ ਰੁਮਾਂਟਿਕ ਗੀਤ ਲਿਖੇ, ਪਰਿਵਾਰਕ ਰਿਸ਼ਤਿਆਂ ਦੀ ਨੋਕ-ਝੋਕ ਵੀ ਲਿਖੀ ਤੇ ਲੋਕ ਗਾਥਾਵਾਂ ਵੀ ਲਿਖੀਆਂ। ਉਸ ਦੇ ਕਰੀਬ 70 ਗੀਤ ਵੱਖ ਵੱਖ ਗਾਇਕਾਂ ਨੇ ਰਿਕਾਰਡ ਕਰਵਾਏ।

ਭਾਰਤ ਦੀ ਵੰਡ ਤੋਂ ਪਹਿਲਾਂ 1941 ਵਿਚ ਪਿਤਾ ਸਰਦਾਰਾ ਸਿੰਘ ਤੇ ਮਾਤਾ ਸ਼ਾਮ ਕੌਰ ਦੇ ਘਰ ਪਿੰਡ ਨੇਈਆ ਵਾਲਾ (ਨੇੜੇ ਕਸੂਰ ਸ਼ਹਿਰ, ਪਾਕਿਸਤਾਨ) 'ਚ ਜਨਮਿਆ ਰਾਮ ਸਿੰਘ ਇੱਕ ਭਰਾ ਤੇ ਤਿੰਨ ਭੈਣਾਂ ਦਾ ਭਰਾ ਸੀ। ਵੰਡ ਪਿਛੋਂ ਪਾਕਿਸਤਾਨ ਤੋਂ ਪਨਾਹਗੀਰ ਬਣ ਕੇ ਪੰਜਾਬ ਆਏ ਉਸ ਦੇ ਪਰਿਵਾਰ ਨੂੰ ਮਲੋਟ-ਮੁਕਤਸਰ ਰੋਡ 'ਤੇ ਪਿੰਡ ਮਹਿਰਾਜ ਵਾਲਾ ਵਿਖੇ ਜ਼ਮੀਨ ਅਲਾਟ ਹੋਈ। ਉਦੋਂ ਪਿੰਡਾਂ ਵਿਚ ਡਰਾਮੇ ਹੋਇਆ ਕਰਦੇ ਸਨ। ਰਾਮ ਸਿੰਘ ਨੇ ਕਈ ਇਤਿਹਾਸਕ ਕਿੱਸਿਆਂ 'ਤੇ ਆਧਾਰਤ ਗੀਤ ਲਿਖ ਕੇ ਡਰਾਮੇ ਵਾਲਿਆਂ ਨੂੰ ਦਿੱਤੇ। ਉਸ ਨੂੰ ਗਾਉਣ ਦਾ ਸ਼ੌਕ ਵੀ ਸੀ। ਕੁਝ ਸਮਾਂ ਉਸ ਨੇ ਕਵੀਸ਼ਰੀ ਵੀ ਕੀਤੀ। ਯਾਰਾਂ-ਬੇਲੀਆਂ ਦੇ ਵਿਆਹਾਂ 'ਤੇ ਸਿਹਰੇ ਲਿਖ ਕੇ ਵੀ ਪੜ੍ਹੇ ਪਰ ਉਸ ਦਾ ਬਹੁਤਾ ਧਿਆਨ ਗੀਤਕਾਰੀ ਵੱਲ ਹੀ ਸੀ।

ਮੁਕਤਸਰ ਇਲਾਕੇ ਦੇ ਇੱਕ ਗਾਇਕ ਸਾਬਰ ਹੁਸੈਨ ਸਾਬਰ ਨੇ ਰਾਮ ਸਿੰਘ ਦੇ ਗੀਤ ਸਭ ਤੋਂ ਪਹਿਲਾਂ ਸਟੇਜਾਂ 'ਤੇ ਗਾਏ। ਸਾਬਰ ਹੁਸੈਨ ਤੁਰਦਾ-ਫਿਰਦਾ ਖਾਨਦਾਨੀ ਮਰਾਸੀ ਗਾਇਕ ਸੀ। ਰਾਮ ਸਿੰਘ ਦਾ ਲੇਖਣੀ ਵਿਚ ਕੋਈ ਉਸਤਾਦ ਨਹੀਂ ਸੀ। ਉਹ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ, ਤੇ ਅਕਸਰ ਗੁਰੂ ਘਰ ਧਾਰਮਿਕ ਰਚਨਾਵਾਂ ਬੋਲਦਾ। ਸ਼ੁਰੂ ਸ਼ੁਰੂ ਵਿਚ ਉਸ ਨੇ ਪਰਿਵਾਰਕ ਨੋਕ-ਝੋਕ ਵਾਲੇ ਮਜ਼ਾਹੀਆ ਗੀਤ ਲਿਖੇ। ਗੀਤ ਤਾਂ ਉਹ ਤੁਰਿਆਂ ਜਾਂਦਾ ਹੀ ਲਿਖ ਦਿੰਦਾ। ਇੱਕ ਵਾਰੀ ਗਿੱਦੜਬਾਹਾ ਦੀ ਮਸ਼ਹੂਰ 'ਨਸਵਾਰ' ਵਾਲਿਆਂ ਨੇ ਉਸ ਨੂੰ ਆਪਣੇ ਦਫਤਰ ਬੁਲਾਇਆ ਤੇ ਕੋਈ ਗੀਤ ਲਿਖਣ ਬਾਰੇ ਕਿਹਾ। ਉਸ ਨੇ ਚਾਹ ਪੀਂਦੇ-ਪੀਂਦੇ ਹੀ ਗੀਤ ਲਿਖ ਦਿੱਤਾ,

ਨਾ ਮੈਂ ਮੰਗਦੀ ਸੁਰਖੀ ਪਾਊਡਰ,
ਨਾ ਮੈਂ ਮੰਗਦੀ ਹਾਰ।
ਹਾਣੀਆ ਮੈਂ ਮੰਗਦੀ,
ਮੈਂ ਮੰਗਦੀ ਇੱਕ ਚੂੰਡੀ ਨਸਵਾਰ।

ਕੰਪਨੀ ਵਾਲੇ ਬੜਾ ਖੁਸ਼ ਹੋਏ ਤੇ ਉਸ ਨੂੰ ਇਨਾਮ ਦਿੱਤਾ।

ਉਨ੍ਹਾਂ ਸਮਿਆਂ ਵਿਚ ਮਹਿਰਾਜ ਵਾਲਾ ਇਲਾਕੇ ਵਿਚ ਕੇ. ਦੀਪ ਤੇ ਜਗਮੋਹਨ ਕੌਰ ਦੇ ਪ੍ਰੋਗਰਾਮ ਬਹੁਤ ਹੁੰਦੇ ਸਨ। ਉਨ੍ਹਾਂ ਨਾਲ ਰਾਮ ਸਿੰਘ ਦੀ ਜਦ ਨੇੜਤਾ ਬਣੀ ਤਾਂ ਉਨ੍ਹਾਂ ਉਸ ਦਾ ਪਹਿਲਾ ਗੀਤ ਰਿਕਾਰਡ ਕਰਵਾਇਆ। ਇਹ ਗੀਤ ਰੇਡੀਓ ਸਟੇਸ਼ਨ ਜੰਮੂ ਤੋਂ ਵੀ ਬਹੁਤ ਵੱਜਿਆ,

ਸਿਖਰ ਦੁਪਹਿਰੇ ਚੰਨਾ
ਧੁੱਪੇ ਗੇੜੇ ਮਾਰਦੀ ਦਾ,
ਜਾਂਦਾ ਸੁੱਕਦਾ ਸਰੀਰ ਵਿਚੋਂ ਖੂਨ ਹਾਣੀਆ
ਵੇ ਖੇਤੋਂ ਘਰ ਨੂੰ ਲਵਾ ਦੇ ਟੈਲੀਫੂਨ ਹਾਣੀਆ।

ਇਸ ਗੀਤ ਪਿਛੋਂ ਕੇ. ਦੀਪ ਨੇ ਨਰਿੰਦਰ ਬੀਬਾ ਨਾਲ ਵੀ ਰਾਮ ਸਿੰਘ ਢਿੱਲੋਂ ਦੇ ਤਿੰਨ-ਚਾਰ ਗੀਤ ਰਿਕਾਰਡ ਕਰਵਾਏ। ਦੋ ਧਾਰਮਿਕ ਗੀਤ ਵੀ ਕੇ. ਦੀਪ ਨੇ ਗਾਏ। ਰਾਮ ਸਿੰਘ ਲੁਧਿਆਣੇ ਕੇ. ਦੀਪ ਦੇ ਘਰੇ ਵੀ ਜਾਂਦਾ ਰਿਹਾ। ਇੱਥੇ ਹੀ ਉਸ ਦਾ ਹੋਰਨਾਂ ਗੀਤਕਾਰਾਂ ਤੇ ਗਾਇਕਾਂ ਨਾਲ ਮੇਲ ਹੋਇਆ। ਫਿਰ ਰਾਮ ਸਿੰਘ ਦੇ ਲਿਖੇ 'ਰੱਬ ਕਰਕੇ ਮਰੇ ਨੀ ਜੇਠ ਸੱਪ ਲੜ ਕੇ' ਅਤੇ 'ਮੈਂ ਫਿਰਦਾ ਵਿਕਣ ਨੂੰ, ਮੈਨੂੰ ਲੈ ਲੈ ਮੁੱਲ ਕੁੜੇ' ਗੀਤ ਵੀ ਕੇ. ਦੀਪ ਤੇ ਨਰਿੰਦਰ ਬੀਬਾ ਦੀ ਆਵਾਜ਼ ਵਿਚ ਰਿਕਾਰਡ ਹੋਏ, ਜੋ ਬਹੁਤ ਚੱਲੇ।

ਉਸ ਵੇਲੇ ਦੀ ਨਾਮੀ ਗਾਇਕ ਜੋੜੀ ਕਰਮਜੀਤ ਧੂਰੀ ਤੇ ਸਵਰਨ ਲਤਾ ਨੇ ਢਿੱਲੋਂ ਦਾ ਦੋਗਾਣਾ 'ਰਾਹੇ ਰਾਹੇ ਜਾਣ ਵਾਲਿਓ, ਹੁਲਾਰੇ ਖਾਣ ਵਾਲਿਓ, ਦੱਸਿਓ ਕੋਈ ਸੇਵਾ ਚਾਹ-ਪਾਣੀ ਤੋਂ ਬਿਨਾ' ਵੀ ਰਿਕਾਰਡ ਕਰਵਾਇਆ। ਇਸ ਤੋਂ ਇਲਾਵਾ ਗੁਰਚਰਨ ਪੋਹਲੀ-ਪ੍ਰੋਮਿਲਾ ਪੰਮੀ, ਜਸਵੰਤ ਸੰਦੀਲਾ-ਪਰਮਿੰਦਰ ਸੰਧੂ, ਕਰਤਾਰ ਰਮਲਾ ਆਦਿ ਗਾਇਕਾਂ ਨੇ ਉਸ ਦੇ ਕਈ ਗੀਤ ਸਟੇਜਾਂ 'ਤੇ ਗਾਏ ਅਤੇ ਰਿਕਾਰਡ ਕਰਵਾਏ। ਕਰਤਾਰ ਰਮਲੇ ਤੇ ਕੁਲਦੀਪ ਕੌਰ ਦੀ ਆਵਾਜ਼ ਵਿਚ ਦਿਲਚਸਪ ਵਾਰਤਾਲਾਪ ਵਾਲਾ ਰਾਮ ਸਿੰਘ ਦਾ ਇੱਕ ਦੋਗਾਣਾ ਬਹੁਤ ਚੱਲਿਆ ਜੋ ਉਸ ਦੀ ਨਿਜੀ ਜਿੰਦਗੀ ਦੇ ਬਹੁਤ ਨੇੜੇ ਸੀ,

ਮੈਨੂੰ ਦੱਸ ਦੇਹ ਇਸ ਭਣਵੀਏ ਦੇ,
ਬੂਥੇ 'ਤੇ ਬਹੁਕਰ ਮਾਰੀ ਕਿਉਂ?



*ਇਹ ਤਸਵੀਰ 1983 ਦੀ ਹੈ-ਰਾਮ ਸਿੰਘ ਢਿੱਲੋਂ ਇੱਕ ਵਿਆਹ ਸਮਾਗਮ 'ਤੇ ਸਿਹਰਾ ਬੋਲਦਾ ਹੋਇਆ ਤੇ ਨਾਲ ਪ੍ਰੀਤਮ ਬਰਾੜ ਜਿਸ ਨੇ ਕੁਲਦੀਪ ਮਾਣਕ ਨਾਲ ਕਈ ਸਾਲ ਸਟੇਜਾਂ 'ਤੇ ਗਾਇਆ। ਪ੍ਰੀਤਮ ਬਰਾੜ ਅੱਜ ਕੱਲ ਸਿਆਟਲ ਰਹਿੰਦਾ ਹੈ।*

ਜਦ ਕੇ. ਦੀਪ ਦੀ ਆਵਾਜ਼ ਵਿਚ ਉਸ ਦਾ ਗੀਤ "ਹਰੀਆਂ ਕਣਕਾਂ ਹਰੀਆਂ ਪੈਲੀਆਂ, ਵਿਚ ਸਰੋਂ ਦਾ ਫੁੱਲ ਕੁੜੇ; ਮੈਂ ਫਿਰਦਾ ਵਿਕਣ ਨੂੰ, ਮੈਨੂੰ ਲੈ ਲੈ ਮੁੱਲ ਕੁੜੇ" ਰਿਕਾਰਡ ਹੋਇਆ ਤਾਂ ਇਲਾਕੇ ਦਾ ਇੱਕ ਗਾਇਕ ਇਸ ਗੀਤ ਨੂੰ ਆਪਣਾ ਦੱਸ ਕੇ ਰਾਇਲਟੀ ਲੈਣ ਦੇ ਚੱਕਰਾਂ ਵਿਚ ਫਿਰਦਾ ਸੀ, ਜਿਸ ਲਈ ਰਾਮ ਸਿੰਘ ਢਿੱਲੋਂ ਨੂੰ ਆਪਣੇ ਸ਼ਾਗਿਰਦ ਸੁਰਜੀਤ ਸਿੰਘ ਚਮਕ ਨਾਲ ਦਿੱਲੀ ਐਚ. ਐਮ. ਵੀ. ਕੰਪਨੀ ਦੇ ਦਫਤਰ ਵੀ ਜਾਣਾ ਪਿਆ। ਉਥੇ ਉਸ ਵੇਲੇ ਜ਼ਹੀਰ ਅਹਿਮਦ ਨੇ ਦੋਵਾਂ ਗੀਤਕਾਰਾਂ 'ਚੋਂ ਅਸਲ ਦੀ ਪਛਾਣ ਕਰਨ ਲਈ ਇਨ੍ਹਾਂ ਨੂੰ ਘਰਵਾਲੀ ਦੀਆਂ ਫਰਮਾਇਸ਼ਾਂ ਤੇ ਲਾਰਿਆਂ ਵਾਲੀ ਵਾਰਤਾਲਾਪ ਦਾ ਇੱਕ ਵਿਸ਼ਾ ਦੇ ਕੇ ਗੀਤ ਲਿਖਣ ਨੂੰ ਕਿਹਾ। ਰਾਮ ਸਿੰਘ ਨੇ ਤਾਂ ਝੱਟ ਲਿਖ ਦਿੱਤਾ,

(ਔਰਤ) ਰੋਜ਼ ਆਖਦੀ ਜੱਟਾ ਵੇ,
ਕਰਾ ਦੇਹ ਮੈਨੂੰ ਵਾਲੀਆਂ।
(ਮਰਦ) ਸਹਿਜ ਪਕੇ ਸੋ ਮਿੱਠਾ ਨੀ,
ਤੂੰ ਕਰ ਨਾ ਬਿੱਲੋ ਕਾਹਲੀਆਂ।

ਜਦਕਿ ਨਕਲੀ ਰਾਮ ਸਿੰਘ ਕੁਝ ਨਾ ਲਿਖ ਸਕਿਆ।

ਸੁਰਜੀਤ ਚਮਕ ਨੇ ਦੱਸਿਆ ਕਿ ਇੱਕ ਵਾਰ ਕੁਲਦੀਪ ਮਾਣਕ ਮਲੋਟ ਨੇੜੇ ਪਿੰਡ ਝੋਰੜਾਂ ਅਖਾੜਾ ਲਾਉਣ ਆਇਆ। ਉਸ ਨੇ ਢਿੱਲੋਂ ਦੇ ਗੀਤਾਂ ਦੀ ਕਾਪੀ ਮਾਣਕ ਨੂੰ ਵਿਖਾਉਣੀ ਚਾਹੀ ਤਾਂ ਉਹ ਅੱਗੋਂ ਭੱਜ ਕੇ ਪਿਆ, 'ਜਣਾ-ਖਣਾ ਈ ਕਾਪੀ ਚੁੱਕੀ ਫਿਰਦਾ।' ਜਦ ਉਸ ਨੇ ਕਿਹਾ, 'ਮਾਣਕਾ, ਪਹਿਲਾਂ ਗੀਤ ਤਾਂ ਵੇਖ ਲੈ, ਆਹ ਗੱਲ ਫੇਰ ਆਖੀਂ।' ਜਦ ਮਾਣਕ ਨੇ ਗੀਤ ਵੇਖੇ ਤਾਂ ਹੈਰਾਨ ਰਹਿ ਗਿਆ। ਕਹਿਣ ਲੱਗਾ, ਕਾਪੀ ਮੈਨੂੰ ਦੇ ਜਾਹ। ਪਰ ਉਸ ਨੇ ਕਾਪੀ ਨਾ ਦਿੱਤੀ। ਫੇਰ ਇੱਕ ਦਿਨ ਮਾਣਕ ਖੁਦ ਪਿੰਡ ਮਹਿਰਾਜ ਵਾਲਾ ਰਾਮ ਸਿੰਘ ਕੋਲ ਖੇਤ ਆਇਆ। ਮਾਣਕ ਨੇ ਸਭ ਤੋਂ ਪਹਿਲਾਂ ਉਸ ਦੀ ਲਿਖਤ 'ਗੋਲੀ ਮਾਰੋ ਇਹੋ ਜਿਹੇ ਬਨਾਉਟੀ ਯਾਰ ਦੇ' ਰਿਕਾਰਡ ਕਰਵਾਈ।

ਗਾਇਕ ਪ੍ਰੀਤਮ ਬਰਾੜ ਢਿੱਲੋਂ ਦੇ ਨੇੜਲੇ ਪਿੰਡ ਦਾ ਹੀ ਸੀ। ਉਦੋਂ ਉਹ ਗਾਇਕੀ ਖੇਤਰ ਵਿਚ ਆਉਣ ਲਈ ਹੱਥ ਪੈਰ ਮਾਰ ਰਿਹਾ ਸੀ ਤੇ ਅਕਸਰ ਢਿੱਲੋਂ ਕੋਲ ਗੀਤ ਲੈਣ ਆਉਂਦਾ। ਉਸ ਨੇ ਪ੍ਰੀਤਮ ਨੂੰ ਕਈ ਗੀਤ ਦਿੱਤੇ ਤੇ ਉਸ ਨੂੰ ਮਾਣਕ ਦਾ ਚੇਲਾ ਬਣਾਇਆ।

ਕੁਲਦੀਪ ਮਾਣਕ ਦੀ ਗਾਇਕੀ ਨੂੰ ਸਿਖਰਾਂ 'ਤੇ ਲੈ ਜਾਣ ਲਈ ਦੇਵ ਥਰੀਕੇ ਦਾ ਸ਼ੁਰੂ ਤੋਂ ਹੀ ਸਾਥ ਰਿਹਾ ਹੈ ਪਰ ਜਦ ਦੇਵ ਦਾ ਲਿਖਿਆ ਸੁਰਿੰਦਰ ਛਿੰਦੇ ਦੀ ਆਵਾਜ਼ ਵਿਚ 'ਜਿਉਣਾ ਮੌੜ' ਅਤੇ 'ਭਗਤ ਸਿੰਘ' ਦਾ ਓਪੇਰਾ ਹਿੱਟ ਹੋਇਆ ਤਾਂ ਮਾਣਕ ਨੂੰ ਜਾਪਿਆ ਜਿਵੇਂ ਦੇਵ ਉਸ ਤੋਂ ਦੂਰ ਹੁੰਦਾ ਜਾ ਰਿਹਾ ਹੋਵੇ। ਮੁਕਾਬਲੇ ਦੇ ਉਸ ਦੌਰ ਵਿਚ ਰਾਮ ਸਿੰਘ ਢਿੱਲੋਂ ਲਈ 'ਦੋ ਗੱਭਰੂ ਪੰਜਾਬ ਦੇ' ਦਾ ਮੈਟਰ ਲਿਖਣਾ ਇੱਕ ਵੱਡੀ ਚੁਣੌਤੀ ਸੀ। ਮਾਣਕ ਨੇ ਉਸ ਦੀ ਖੜ੍ਹੇ ਪੈਰ ਓਪੇਰਾ ਲਿਖਣ ਦੀ ਡਿਊਟੀ ਲਾ ਦਿੱਤੀ ਤੇ ਇੱਕ ਸਾਦੇ ਜਿਹੇ ਸਟੂਡੀਓ 'ਚ ਰਿਕਾਰਡ ਕਰ ਕੈਸਿਟ ਰਿਲੀਜ਼ ਕਰ ਦਿੱਤੀ, ਜਿਸ ਨੇ ਆਸ ਤੋਂ ਕਿਤੇ ਵੱਧ ਪ੍ਰਸਿੱਧੀ ਹਾਸਲ ਕੀਤੀ। ਮਾਣਕ ਲਈ ਰਾਮ ਸਿੰਘ ਨੇ ਜੋ ਵੀ ਗੀਤ ਲਿਖੇ, ਉਸ ਦੀ ਗਾਇਕੀ ਦਾ ਇਤਿਹਾਸ ਬਣੇ। ਕਈ ਗੀਤਾਂ ਵਿਚ ਤਾਂ ਉਹ ਮਾਣਕ ਦੇ 'ਖਾਸ ਗੀਤਕਾਰਾਂ' ਨੂੰ ਵੀ ਮਾਤ ਪਾ ਜਾਂਦਾ ਸੀ। 'ਦੋ ਗੱਭਰੂ ਪੰਜਾਬ ਦੇ' (ਭਗਤ ਸਿੰਘ ਦੇ ਓਪੇਰੇ) ਵਿਚ ਭਗਤ ਸਿੰਘ ਦੇ ਸਾਥੀਆਂ ਵਲੋਂ ਸਾਂਡਰਸ ਨੂੰ ਮਾਰਨ ਦੀ ਸਕੀਮ ਨੂੰ ਗੀਤਕਾਰ ਨੇ ਬਹੁਤ ਹੀ ਖੂਬਸੂਰਤ ਸ਼ਬਦਾਂ ਵਿਚ ਬਿਆਨ ਕੀਤਾ,

ਪੰਜ ਵਜੇ ਬੰਦ ਹੋ ਗਈਆਂ
ਕਚਹਿਰੀਆਂ,
ਕਸੂਤਾ ਜੱਭ ਪੈ ਗਿਆ।
ਐਸ. ਪੀ. ਦਾ ਕਾਲ ਮੋਢਿਆਂ 'ਤੇ ਭੱਜ ਕੇ,
ਡੀ. ਐਸ. ਪੀ. ਦੇ ਬਹਿ ਗਿਆ।
ਕਾਲਾ ਸੂਟ ਸਿਰ 'ਤੇ ਸਜਾਇਆ ਹੈਟ ਸੀ,
ਫਿੱਟ ਫਿੱਟ ਮੋੜ'ਤਾ,
ਮਾਰਨਾ ਸੀ ਜ਼ਾਲਮ ਸਕਾਡਾ ਐਸ. ਪੀ.,
ਸਾਂਡਰਸ ਰੋੜ੍ਹ'ਤਾ।

ਢਿੱਲੋਂ ਦੀ ਸਿਫਤ ਸੀ ਕਿ ਉਹ ਆਪਣੇ ਗੀਤ ਵਿਚ ਇੱਕੋ ਹੀ ਸ਼ਬਦ ਦੁਬਾਰਾ ਨਹੀਂ ਸੀ ਲਿਖਦਾ। ਗੀਤ ਦੇ ਵਿਸ਼ੇ ਅਨੁਸਾਰ ਸ਼ਬਦਾਂ ਦੀ ਚੋਣ ਕਰਨ ਵਿਚ ਉਹ ਬਹੁਤ ਮਾਹਿਰ ਸੀ। ਇੱਕ ਹੀ ਅੰਤਰੇ ਵਿਚ ਪੂਰੀ ਘਟਨਾ ਦਾ ਵਰਣਨ ਕਰ ਦਿੰਦਾ,

ਖਾਤਾ ਨੱਕੀ ਕਰਕੇ ਲਾਹੌਰ ਵੜੇ ਸੀ,
ਪਤਾ ਨੀਂ ਕਿਥੋਂ ਲੰਘ'ਗੇ।
ਮਰੂਜ ਵਾਲੇ ਮੋੜਾਂ 'ਤੇ ਸਿਪਾਹੀ ਖੜ੍ਹੇ,
ਉਹ ਥਰ ਥਰ ਕੰਬ'ਗੇ।
ਇੱਕ ਢਿੱਲੋ ਢਾਣੀ 'ਚ ਲੰਮਾ ਜਿਹਾ ਸਿੱਖ ਸੀ
ਕਿਸੇ ਨੇ ਭਾਂਡਾ ਫੋੜ'ਤਾ।
ਮਾਰਨਾ ਸੀ ਜ਼ਾਲਮ ਸਕਾਡਾ ਐਸ. ਪੀ.,
ਓ ਸਾਂਡਰਸ ਰੋੜ੍ਹ'ਤਾ।

ਜਿਸ ਨੇ ਰਾਮ ਸਿੰਘ ਢਿੱਲੋਂ ਦਾ ਲਿਖਿਆ 'ਸਦਾ ਸੂਰਮੇ ਸਮਝਣ ਧੀ ਤੇ ਭੈਣ ਬੇਗਾਨੀ ਨੂੰ' ਨਹੀਂ ਸੁਣਿਆ, ਸਮਝੋ ਉਸ ਨੇ ਕੁਲਦੀਪ ਮਾਣਕ ਸੁਣਿਆ ਹੀ ਨਹੀਂ। ਮਾਲਵੇ ਦੇ ਦੋ ਨਾਮੀ ਡਾਕੂਆਂ ਵਲੋਂ ਬੀੜ ਵਿਚ ਸ਼ਿਕਾਰ ਭੁੰਨਣ, ਇੱਕ ਅਬਲਾ ਨੂੰ ਬਦਮਾਸ਼ਾਂ ਤੋਂ ਬਚਾ ਕੇ ਉਸ ਦੇ ਸਿਰ 'ਤੇ ਭਰਾ ਬਣ ਕੇ ਹੱਥ ਰੱਖਣ ਤੇ ਵਿਆਹ ਵਿਚ ਛੱਕ ਪੂਰਨ ਦੇ ਵਾਅਦੇ ਦੀ ਲੰਬੀ ਲੋਕ ਗਾਥਾ ਦਾ 'ਕਲਾ' 'ਕੱਲਾ ਸ਼ਬਦ ਉਸ ਖੂਬ ਪਰੋਇਆ ਹੈ। ਗੀਤ ਸ਼ੁਰੂ ਕਰਨ ਤੋਂ ਪਹਿਲਾਂ ਕੀਤੀ ਕੁਮੈਂਟਰੀ ਸਰੋਤਿਆਂ ਦੇ ਮਨਾਂ ਵਿਚ ਉਤਸੁਕਤਾ ਪੈਦਾ ਕਰਦੀ ਹੈ ਤੇ ਇੱਕ ਇੱਕ ਸੀਨ ਦੀ ਪੇਸ਼ਕਾਰੀ ਕਹਾਣੀ ਨੂੰ ਅੱਗੇ ਤੋਰਦੀ ਹੈ,

ਗਿਆਰਾਂ ਗੋਲੀਆਂ ਨਾਲ
ਮਸਾਂ ਢਿੱਡ ਭਰਦਾ ਬੈਤਲ ਦਾ
ਫੈਰ ਥਰੀ ਨਟ ਥਰੀ 86 ਨੰਬਰ ਰੈਫਲ ਦਾ।
ਬੰਦੇ ਨਹੀਂ ਜੋ ਤੱਕਣ,
ਛੇੜਨ ਇੱਜਤ ਬੇਗਾਨੀ ਨੂੰ।
ਸਦਾ ਸੂਰਮੇ ਸਮਝਣ
ਧੀ ਤੇ ਭੈਣ ਬਿਗਾਨੀ ਨੂੰ।

ਨਿਜੀ ਜ਼ਿੰਦਗੀ ਵਿਚ ਉਸ ਦੀ ਹਾਲਤ ਕੋਈ ਬਹੁਤੀ ਵਧੀਆ ਨਹੀਂ ਸੀ। ਸਿੱਧੇ-ਸਾਧੇ ਜੱਟ ਦੇ ਘਰ ਜਦ ਚਤੁਰ ਜਨਾਨੀ ਦਾ ਵਸੇਬਾ ਆ ਹੋਇਆ ਤਾਂ ਇਹ ਫੱਕਰ ਬੰਦਾ ਜ਼ਿੰਦਗੀ ਨਾਲੋਂ ਟੁੱਟ ਕੇ ਨਸ਼ਿਆਂ ਦਾ ਗੁਲਾਮ ਹੋ ਗਿਆ। ਉਸ ਦੀ ਹਾਲਤ 'ਸਰਪੰਚ' ਫਿਲਮ ਦੇ 'ਨਹੀਂਓਂ ਭੁੱਲਣਾ ਵਿਛੋੜਾ ਮੈਨੂੰ ਤੇਰਾ, ਸਾਰੇ ਦੁੱਖ ਭੁੱਲ ਜਾਣਗੇ' ਗਾਉਂਦੇ ਸ਼ਰਾਬੀ ਯੋਗੇਸ਼ ਛਾਬੜਾ ਵਰਗੀ ਹੋ ਗਈ। ਵੱਡੇ ਭਰਾ ਸਰਪੰਚ ਲਛਮਣ ਸਿੰਘ ਨੇ ਉਸ ਨੂੰ ਸਮਝਾਉਣ ਦੇ ਬਹੁਤ ਯਤਨ ਕੀਤੇ ਪਰ ਸਭ ਬੇਕਾਰ ਰਹੇ।

ਰਾਮ ਸਿੰਘ ਦੇ ਬਹੁਤੇ ਗੀਤ ਕੁਲਦੀਪ ਮਾਣਕ ਦੀ ਆਵਾਜ਼ ਵਿਚ ਰਿਕਾਰਡ ਹੋਏ, ਜਿਨ੍ਹਾਂ ਵਿਚ ਤਿੰਨ ਓਪੇਰੇ 'ਡਾਕੂ ਹਰਫੂਲ ਸਿੰਘ', 'ਬਾਬਾ ਬੰਦਾ ਸਿੰਘ ਬਹਾਦਰ' ਤੇ 'ਦੋ ਗੱਭਰੂ ਪੰਜਾਬ ਦੇ' ਵੀ ਸ਼ਾਮਲ ਹਨ। ਉਸ ਨੇ ਬਹੁਤ ਸਾਰੇ ਧਾਰਮਿਕ ਗੀਤ ਲਿਖੇ ਪਰ ਰਿਕਾਰਡ ਬਹੁਤ ਘੱਟ ਹੋਏ। ਜਸਵੰਤ ਸਿੰਘ ਸ਼ੌਕੀ ਜਲਾਲਾਬਾਦੀ ਨੇ ਰਾਮ ਸਿੰਘ ਦੀਆਂ ਲਿਖੀਆਂ ਵਾਰਾਂ 'ਹਰੀ ਸਿੰਘ ਨਲੂਆ', 'ਬੰਦਾ ਸਿੰਘ ਬਹਾਦਰ' ਅਤੇ 'ਦਸਮੇਸ਼ ਪਿਤਾ ਦੀ ਸਿਫਤ' ਰਿਕਾਰਡ ਕਰਵਾਈਆਂ। ਕੁਝ ਨਾਮੀ ਗੀਤਕਾਰਾਂ ਨੇ ਉਸ ਦੇ ਗੀਤਾਂ 'ਤੇ ਆਪਣੇ ਨਾਂ ਦੀ ਮੋਹਰ ਵੀ ਲਾਈ। ਉਸ ਦੇ ਰਿਕਾਰਡ ਚਰਚਿਤ ਗੀਤਾਂ ਦੇ ਕੁਝ ਮੁਖੜੇ ਹਨ:

-ਸਦਾ ਸੂਰਮੇ ਸਮਝਣ
ਧੀ ਤੇ ਭੈਣ ਬੇਗਾਨੀ ਨੂੰ
-ਗੋਲੀ ਮਾਰੋ ਇਹੋ ਜਿਹੇ
ਬਨਾਉਟੀ ਯਾਰ ਦੇ
-ਪੰਜ ਵਜੇ ਬੰਦ ਹੋ ਗਈਆਂ ਕਚਹਿਰੀਆਂ
ਕਸੂਤਾ ਜੱਭ ਪੈ ਗਿਆ
-ਜਵਾਨੀ ਜੜ੍ਹਾਂ ਪੁੱਟਣ ਨੂੰ ਕਾਹਲੀ,
ਹਾਏ ਜ਼ਾਲਮ ਸਰਕਾਰ ਦੀਆਂ
-ਮੁੰਡੇ ਪਿੰਡ ਦੇ ਦਿਲਾਂ ਦੇ ਹੌਲੇ,
ਨੀ ਐਵੇਂ ਹਉਕਾ ਖਿੱਚ ਜਾਣਗੇ
-ਫੱਤੂ ਯਾਰ (ਸਾਰੇ ਕੁਲਦੀਪ ਮਾਣਕ)
-ਹਰੀਆਂ ਕਣਕਾਂ ਹਰੀਆਂ ਪੈਲੀਆਂ
-ਖੇਤੋਂ ਘਰ ਨੂੰ ਲਵਾ ਦੇ ਟੈਲੀਫੂਨ ਹਾਣੀਆ
(ਕੇ. ਦੀਪ-ਜਗਮੋਹਨ)
-ਰੱਬ ਕਰਕੇ ਮਰੇ ਨੀ ਜੇਠ ਸੱਪ ਲੜ ਕੇ
(ਕੇ. ਦੀਪ-ਨਰਿੰਦਰ ਬੀਬਾ)
-ਮੈਂ ਮੁਫਤੀ ਵੇਖੀ ਪਿਕਚਰ,
ਬੇਬੇ ਤੇ ਲੜ ਪਏ ਜੇਠ
(ਜਸਵੰਤ ਸੰਦੀਲਾ-ਪਰਮਿੰਦਰ ਸੰਧੂ)
-ਦੱਸੋ ਭਲਾ ਕੀ ਬੀਤਦੀ,
ਏਨ੍ਹਾਂ ਧੀਆਂ ਬੇਜ਼ੁਬਾਨੀਆਂ ਦੇ ਨਾਲ
(ਪ੍ਰੀਤਮ ਬਰਾੜ)

ਰਾਮ ਸਿੰਘ ਦੀ ਕਈ ਸ਼ਾਗਿਰਦਾਂ 'ਚੋਂ ਸਾਹਿਤਕਾਰ ਸੁਰਜੀਤ ਸਿੰਘ ਚਮਕ, ਗੁਰਜੰਟ ਸਿੰਘ ਜੰਟਾ (ਮਹਿਰਾਜ ਵਾਲਾ) ਤੇ ਪ੍ਰੀਤਮ ਬਰਾੜ ਨਾਲ ਬੜੀ ਨੇੜਤਾ ਸੀ। ਸੁਰਜੀਤ ਸਿੰਘ ਚਮਕ ਦਾ ਕਹਿਣਾ ਹੈ, "ਰਾਮ ਸਿੰਘ ਇੱਕ ਵਧੀਆ ਲਿਖਾਰੀ ਸੀ। ਮੇਰੇ ਨਾਲ ਉਸ ਦਾ ਦਿਲੀ ਪਿਆਰ ਸੀ। ਮੈਂ ਉਦੋਂ ਨਾਲ ਦੇ ਪਿੰਡ ਬਿਜਲੀ ਮਹਿਕਮੇ ਵਿਚ ਸਾਂ, ਉਹ ਅਕਸਰ ਮੇਰੇ ਕੋਲ ਦਫਤਰ ਆ ਜਾਂਦਾ ਸੀ।"



***ਆਪਣੇ ਸ਼ਾਗਿਰਦ ਸੁਰਜੀਤ ਚਮਕ ਨਾਲ ਚਾਹ ਪੀ ਰਿਹਾ ਰਾਮ ਸਿੰਘ ਢਿੱਲੋਂ (ਸੱਜੇ)***

ਗੁਰਜੰਟ ਸਿੰਘ ਜੰਟਾ ਵੀ ਰਾਮ ਸਿੰਘ ਨਾਲ ਬਹੁਤ ਸਮਾਂ ਰਿਹਾ। ਉਸ ਨੂੰ ਵੀ ਉਦੋਂ ਗਾਉਣ ਅਤੇ ਲਿਖਣ ਦਾ ਸ਼ੌਕ ਸੀ। ਰਾਮ ਸਿੰਘ ਦੇ ਲਿਖੇ ਗੀਤ ਉਹ ਗਾਉਂਦਾ ਰਿਹਾ ਪਰ ਗਰੀਬੀ ਕਰਕੇ ਉਭਰ ਨਾ ਸਕਿਆ। ਗੁਰਜੰਟ ਸਿੰਘ ਜੰਟਾ ਮੁਤਾਬਕ ਰਾਮ ਸਿੰਘ ਜ਼ਿਆਦਾਤਰ ਪੈਰਾਂ ਭਾਰ ਬਹਿ ਕੇ ਜ਼ਮੀਨ 'ਤੇ ਕਾਪੀ ਰੱਖ ਕੇ ਲਿਖਦਾ। ਕੋਈ ਵੀ ਘਟਨਾ ਵੇਖਦਿਆਂ ਹੀ ਉਹ ਗੀਤ ਲਿਖ ਦਿੰਦਾ। ਇੱਕ ਵਾਰ ਉਹ ਪਿੰਡ ਦੀ ਇੱਕ ਦੁਕਾਨ ਤੋਂ ਕੁਝ ਲੈਣ ਗਿਆ ਤਾਂ ਬਾਣੀਏ ਦੀ ਘਰ ਵਾਲੀ ਦੁਕਾਨ 'ਤੇ ਨੰਗੇ ਮੂੰਹ ਬੈਠੀ ਸੀ ਤੇ ਉਸ ਨੂੰ ਵੇਖ ਘੁੰਡ ਕੱਢਣਾ ਭੁੱਲ ਗਈ। ਰਾਮ ਸਿੰਘ ਨੇ ਗੀਤ ਲਿਖ ਦਿੱਤਾ,


ਮੁੰਡੇ ਪਿੰਡ ਦੇ ਦਿਲਾਂ ਦੇ ਹੌਲੇ ਨੀ,
ਐਵੇਂ ਹਉਕਾ ਖਿੱਚ ਜਾਣਗੇ।
ਤੈਨੂੰ ਵੇਖ ਕੇ ਦੁਪਹਿਰੇ ਡਾਕੇ ਮਾਰਨੇ
ਜੱਟਾਂ ਦੇ ਪੁੱਤ ਸਿੱਖ ਜਾਣਗੇ।

ਰਾਮ ਸਿੰਘ ਵਿਆਹ ਸਾਦੀਆਂ ਮੌਕੇ ਸਿਹਰੇ ਲਿਖਣ ਅਤੇ ਪੜ੍ਹਨ ਦਾ ਬਹੁਤ ਮਾਹਰ ਸੀ। ਉਸ ਦਾ ਲਿਖਿਆ ਸਿਹਰਾ ਸ਼ਬਦਾਵਲੀ ਪੱਖੋਂ ਇੱਕ ਦੂਜੇ ਨਾਲ ਨਹੀਂ ਸੀ ਮਿਲਦਾ, ਹਰ ਵਾਰੀ ਉਹ ਨਵੀਂ ਗੱਲ ਲਿਖਦਾ। ਇੱਕ ਗੱਲ ਹੈਰਾਨੀ ਵਾਲੀ ਹੈ ਕਿ ਰਾਮ ਸਿੰਘ ਦੇ ਪਰਿਵਾਰਕ ਮੈਂਬਰਾਂ ਤੋਂ ਐਨੀ ਜਾਣਕਾਰੀ ਨਹੀਂ ਮਿਲੀ, ਜਿੰਨੀ ਪਿੰਡ ਵਾਲਿਆਂ ਤੋਂ ਮਿਲੀ। ਪਰਿਵਾਰ ਤੋਂ ਤਾਂ ਉਸ ਦੀ ਕੋਈ ਤਸਵੀਰ ਵੀ ਨਾ ਸੰਭਾਲ ਹੋਈ। ਪਿੰਡ ਦੇ ਸਰਪੰਚ ਜਗਸੀਰ ਸਿੰਘ ਨੇ ਬਜ਼ੁਰਗਾਂ ਦੀ ਇੱਕ ਪੁਰਾਣੀ ਵਿਆਹ ਦੀ ਐਲਬਮ ਵਿਚੋਂ ਇਹ ਤਸਵੀਰਾਂ ਸਾਂਝੀਆਂ ਕੀਤੀਆਂ।

ਰਾਮ ਸਿੰਘ ਦੇ ਆਪਣੀ ਕੋਈ ਔਲਾਦ ਨਹੀਂ ਸੀ। ਉਸ ਨੇ ਆਪਣੇ ਭਰਾ ਲਛਮਣ ਸਿੰਘ ਦੇ ਤਿੰਨ ਪੁੱਤਰਾਂ 'ਚੋਂ ਇਕ ਗੁਰਮੀਤ ਸਿੰਘ ਨੂੰ ਮੁਤਬੰਨਾ ਪੁੱਤ ਬਣਾਇਆ ਜੋ ਅੱਜ ਕੱਲ ਫੌਜ ਵਿਚ ਹੈ। ਦੋ ਭਤੀਜੇ ਪਿੰਡ ਖੇਤੀ ਕਰਦੇ ਹਨ। ਜਵਾਨੀ ਉਮਰੇ ਹੱਡੀਂ ਰਚੇ ਨਸ਼ਿਆਂ ਨੇ ਮਹਿਜ 45 ਸਾਲ ਦੀ ਉਮਰੇ ਉਸ ਨੂੰ ਮੌਤ ਦੇ ਵੱਸ ਪਾ ਦਿੱਤਾ। ਅਕਤੂਬਰ 1986 ਵਿਚ ਗੀਤਕਾਰੀ ਦਾ ਕੀਮਤੀ ਹੀਰਾ ਪੰਜਾਬੀ ਗਾਇਕੀ ਦੇ ਸੁਨਹਿਰੇ ਮੁਕਟ ਵਿਚੋਂ ਸਦਾ ਲਈ ਅਲੋਪ ਹੋ ਗਿਆ। ਪੰਜਾਬੀ ਗੀਤਕਾਰੀ ਵਿਚ ਰਾਮ ਸਿੰਘ ਢਿੱਲੋਂ ਦੇ ਗੀਤ ਰਹਿੰਦੀ ਦੁਨੀਆਂ ਤੱਕ ਵੱਜਦੇ ਰਹਿਣਗੇ। ਪਿੰਡ ਵਾਸੀਆਂ ਨੂੰ ਇਸ ਗੀਤਕਾਰ ਦੀ ਕਲਮ 'ਤੇ ਸਦਾ ਮਾਣ ਰਹੇਗਾ ਜਿਸ ਨੇ ਆਪਣੇ ਗੀਤਾਂ ਰਾਹੀਂ ਪਿੰਡ ਦਾ ਨਾਂ ਚਮਕਾਇਆ।

# ਬੈੱਡ ਦਾ ਭੇਤ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਇਸ ਲੇਖ ਲੜੀ ਵਿਚ ਅਸੀਂ ਆਮ ਤੌਰ 'ਤੇ ਹਿੰਦ-ਯੂਰਪੀ ਪਿਛੋਕੜ ਵਾਲੇ ਕਿਸੇ ਪੰਜਾਬੀ ਸ਼ਬਦ ਦੀ ਚਰਚਾ ਕਰਦਿਆਂ ਇਸ ਨੂੰ ਸੰਸਕ੍ਰਿਤ ਵੱਲ ਲੈ ਜਾਂਦੇ ਹਾਂ ਤੇ ਫਿਰ ਇਸ ਦੇ ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਵਿਚ ਉਪਲਬਧ ਸਜਾਤੀ ਸ਼ਬਦ ਦਰਸਾ ਕੇ ਗੱਲ ਖਤਮ ਕੀਤੀ ਜਾਂਦੀ ਹੈ। ਅੱਜ ਇਸ ਤਰਤੀਬ ਨੂੰ ਉਲਟੇ ਦਾਅ ਕਰਨ ਲੱਗਾ ਹਾਂ। ਅਮਰੀਕੀ ਮਹਾਂਦੀਪ ਵਿਚ ਰਹਿੰਦੇ ਪੰਜਾਬੀ ਬੋਲੀ ਪੱਖੋਂ ਅੱਧੇ ਕੁ ਅਮਰੀਕੀ ਜਾਂ ਕਹਿ ਲਵੋ ਅੰਗਰੇਜ਼ ਹੀ ਹਨ ਕਿਉਂਕਿ ਚੁਫੇਰੇ ਅੰਗਰੇਜ਼ੀ ਦਾ ਬੋਲਬਾਲਾ ਹੈ। ਅਜਿਹੇ ਵਿਚ ਅੰਗਰੇਜ਼ੀ ਨਾਲ ਪੰਜਾਬੀ ਦੀ ਸਮੂਲਕ ਸਾਂਝ ਦਰਸਾਉਣੀ ਹੋਰ ਵੀ ਉਤਸੁਕਤਾ ਪੈਦਾ ਕਰਦੀ ਹੈ।

ਗੱਲ ਦਰਅਸਲ ਇਸ ਤਰ੍ਹਾਂ ਹੋਈ ਕਿ ਮੈਂ ਆਪਣੇ ਕਿਸੇ ਪੱਤਰਕਾਰ ਦੋਸਤ ਨੂੰ ਸੁਝਾਅ ਰਿਹਾ ਸਾਂ ਕਿ ਅੰਗਰੇਜ਼ੀ ਸ਼ਬਦ Bed ਦਾ ਪੰਜਾਬੀ ਵਿਚ ਢੁਕਵਾਂ ਅਨੁਵਾਦ ਬਿਸਤਰਾ ਨਾ ਹੋ ਕੇ ਮੰਜਾ ਹੈ, ਬਲਕਿ ਬਿਸਤਰੇ ਸਮੇਤ ਮੰਜਾ ਜਾਂ ਵਿਛਿਆ ਮੰਜਾ। ਪੰਜਾਬੀ ਦੀਆਂ ਅਖਬਾਰਾਂ ਵਿਚ ਆਮ ਹੀ ਇਸ ਤਰ੍ਹਾਂ ਦੀ ਖਬਰ ਹੁੰਦੀ ਹੈ, 'ਫਲਾਣੀ ਥਾਂ ਖੁਲ੍ਹੇਗਾ 200 ਬਿਸਤਰਿਆਂ ਵਾਲਾ ਹਸਪਤਾਲ।' ਮੇਰੀ ਜਾਚੇ ਇਥੇ '200 ਮੰਜਿਆਂ ਵਾਲਾ ਹਸਪਤਾਲ' ਵਧੇਰੇ ਢੁਕਵਾਂ ਹੋਵੇਗਾ। ਇਸ ਪ੍ਰਸਤਾਵ ਦੀ ਵਿਆਖਿਆ ਕਰਨ ਲਈ ਅੰਗਰੇਜ਼ੀ ਬੈੱਡ ਸ਼ਬਦ ਦੀ ਜਨਮ ਕੁੰਡਲੀ ਫਰੋਲਣੀ ਪਵੇਗੀ।

ਕਹਿੰਦੇ ਹਨ, ਬੈੱਡ ਅਤੇ ਮੈਟਰੈਸ ਦੀ ਕਾਢ ਉਤਰ ਪੱਥਰ ਕਾਲ ਵਿਚ ਹੋਈ। ਬੈੱਡ ਅਰਥਾਤ ਮੰਜੇ ਧਰਤੀ ਤੋਂ ਉਚੀ ਥਾਂ ਰੱਖੇ ਜਾਂਦੇ ਸਨ ਤਾਂ ਕਿ ਲੰਮੇ ਪੈਣ ਵਾਲੇ ਦਾ ਮਿੱਟੀ ਘੱਟੇ ਅਤੇ ਕੀੜੇ ਮਕੌੜਿਆਂ ਤੋਂ ਬਚਾਅ ਹੋ ਸਕੇ। ਪਹਿਲੇ ਮੈਟਰੈਸ ਜਾਂ ਵਿਛਾਉਣਾ ਘਾਹ ਫੂਸ ਤੇ ਪੱਤਿਆਂ ਦਾ ਹੀ ਹੋਵੇਗਾ। ਪੁਸ਼ਟੀ ਵਜੋਂ ਪੰਜਾਬੀ ਸ਼ਬਦ ਮੰਜਾ ਮਚਾਣ ਜਾਂ ਮੰਚ ਤੋਂ ਬਣਿਆ ਹੈ-ਮੰਚ ਵਿਚ ਉਚਾ ਉਠਣ ਦੇ ਭਾਵ ਹਨ। ਪਰ ਅੱਜ ਅਸੀਂ ਬਾਤ ਮੰਜੇ ਦੀ ਨਹੀਂ, ਬੈੱਡ ਦੀ ਪਾਉਣ ਲੱਗੇ ਹਾਂ। ਪ੍ਰਾਕ-ਜਰਮਨ ਵਿਚ ਬੈੱਡ ਸ਼ਬਦ ਦਾ ਰੂਪ ਸੀ, Badjam ਜਿਸ ਦਾ ਅਰਥ ਸੀ, ਧਰਤੀ ਪੁੱਟ ਕੇ ਬਣਾਈ ਸੌਣ ਦੀ ਜਗ੍ਹਾ। ਇਸ ਦਾ ਮਤਲਬ ਹੈ ਕਿ ਪਹਿਲਾਂ ਟੋਆ ਪੁੱਟ ਕੇ ਸੌਂਦੇ ਸਨ-ਸ਼ਾਇਦ ਮਿੱਟੀ ਘੱਟੇ, ਕੀੜੇ ਮਕੌੜਿਆਂ ਅਤੇ ਤੀਬਰ ਮੌਸਮ ਦੀ ਕਰੋਪੀ ਤੋਂ ਬਚਣ ਲਈ।

Badjam ਸ਼ਬਦ ਤੋਂ ਹੋਰ ਜਰਮੈਨਿਕ ਭਾਸ਼ਾਵਾਂ ਜਿਵੇਂ ਪੁਰਾਣੀ ਫਰੀਜ਼ੀਅਨ, ਪੁਰਾਣੀ ਸੈਕਸਨ, ਮੱਧਕਾਲੀ ਡੱਚ, ਪੁਰਾਣੀ ਨੌਰਸ, ਗੌਥਿਕ ਅਤੇ ਪੁਰਾਣੀ ਜਰਮਨ ਵਿਚ ਥੋੜ੍ਹੇ-ਬਹੁਤੇ ਭੇਦ ਨਾਲ ਮੰਜੇ ਦੇ ਅਰਥਾਂ ਵਾਲੇ ਸ਼ਬਦ ਸਾਹਮਣੇ ਆਏ। ਅੰਗਰੇਜ਼ੀ ਬੈੱਡ ਦੇ ਮੁੱਖ ਤੌਰ 'ਤੇ ਦੋ ਅਰਥ ਹਨ-ਮੰਜਾ ਅਤੇ ਕਿਆਰੀ। ਸਪੱਸ਼ਟ ਹੈ ਕਿ ਵੱਟਾਂ ਨਾਲ ਘਿਰੀ ਖੇਤ ਜਾਂ ਬਾਗ ਆਦਿ ਦੀ ਕਿਆਰੀ ਵੀ ਇਕ ਤਰ੍ਹਾਂ ਪੁੱਟੀ ਹੋਈ ਜਗ੍ਹਾ ਹੀ ਹੈ, ਜਾਣੋਂ ਇਸ ਵਿਚ ਬੀਜਾਂ ਜਾਂ ਪੌਦਿਆਂ ਨੂੰ ਸੁਆਇਆ ਜਾਂਦਾ ਹੈ। ਇਸੇ ਭਾਵ ਤੋਂ ਸਮੁੰਦਰ, ਨਦੀ, ਝੀਲ ਆਦਿ ਦੇ ਥੱਲੇ ਨੂੰ ਵੀ ਬੈੱਡ ਕਿਹਾ ਜਾਂਦਾ ਹੈ। ਜਾਨਵਰ ਥੱਲੇ ਹੀ ਸੌਂਦੇ ਹਨ, ਕਈ ਜਮੀਨ ਨੂੰ ਕੁਝ ਪੁੱਟ ਕੇ ਜਾਂ ਖੋਦ ਕੇ ਵੀ ਸੌਂਦੇ ਹਨ। ਇਸ ਤਰ੍ਹਾਂ ਬੈੱਡ ਦੇ ਦੋਵੇਂ ਅਰਥ ਅੰਤਰ ਸਬੰਧਤ ਹਨ। ਕਿਹਾ ਜਾ ਸਕਦਾ ਹੈ ਕਿ ਸਮੁੰਦਰ ਆਦਿ ਦਾ ਥੱਲਾ ਉਨ੍ਹਾਂ ਦੇ ਟਿਕਣ ਦੀ ਥਾਂ ਹੈ। ਮੰਚ ਸ਼ਬਦ ਵਿਚ ਵੀ ਟਿਕਾਉਣ ਦੇ ਭਾਵ ਹੀ ਹਨ।

ਭਾਰੋਪੀ ਮੂਲ Bheid ਵਿਚ ਖੋਭਣ, ਚੋਭਣ, ਪੁੱਟਣ, ਖੋਦਣ, ਦੁਫਾੜ ਕਰਨ, ਪਾੜਨ ਦੇ ਭਾਵ



ਹਨ। ਇਸੇ ਤੋਂ ਲਾਤੀਨੀ ਵਿਚ ਸ਼ਬਦ ਬਣਿਆ Fossa ਜਿਸ ਦਾ ਅਰਥ ਹੈ-ਖਾਈ, ਟੋਆ। ਸਰੀਰ-ਰਚਨਾ ਵਿਗਿਆਨ ਵਿਚ Fossa ਹੱਡੀ ਆਦਿ ਵਿਚਲੇ ਡੂੰਘ ਨੂੰ ਆਖਦੇ ਹਨ। ਇਥੇ 'ਭ' ਧੁਨੀ 'ਫ' ਵਿਚ ਬਦਲੀ ਹੈ। ਮੰਜੇ ਦੇ ਅਰਥ ਵਾਲਾ ਬੈੱਡ ਸ਼ਬਦ ਇਸੇ ਭਾਰੋਪੀ ਮੂਲ ਤੋਂ ਹਾਸਿਲ ਹੋਇਆ ਹੈ। ਪਹਿਲਿਆਂ ਵਿਚ ਬੈੱਡ ਇਕ ਪੁੱਟੀ ਹੋਈ ਜਗ੍ਹਾ ਹੀ ਹੋਵੇਗੀ। ਬਰਤਾਨੀਆ ਦੀ ਇਕ ਪੁਰਾਣੀ ਕੈਲਟਿਕ ਭਾਸ਼ਾ ਬਰੈਟਨ ਵਿਚ 'ਬੇਜ਼' ਦਾ ਅਰਥ ਹੈ-ਕਬਰ, ਜਿਥੇ ਮਨੁੱਖ ਸਦੀਵੀ ਤੌਰ 'ਤੇ ਸੌਂਦਾ ਹੈ।

ਅੰਗਰੇਜ਼ੀ ਬਿਟ (Bit) ਬਹੁਅਰਥਕ ਸ਼ਬਦ ਹੈ। ਇਸ ਦਾ ਮੁੱਖ ਅਤੇ ਮਧਯੁਗੀ ਅਰਥ ਹੈ, ਟੁਕੜਾ। ਕਿਸੇ ਚੀਜ਼ ਨੂੰ ਪਾੜ ਕੇ ਅਸੀਂ ਇਸ ਦੇ ਟੁਕੜੇ ਕਰ ਦਿੰਦੇ ਹਾਂ। ਸਮੇਂ ਦੇ ਪ੍ਰਸੰਗ ਵਿਚ ਇਹ ਜ਼ਰਾ, ਬਿੰਦ ਦਾ ਅਰਥ ਦਿੰਦਾ ਹੈ, I fell asleep a bit ਅਰਥਾਤ ਮੈਂ ਬਿੰਦ ਕੁ ਸੁੱਤਾ। ਕੰਪਿਊਟਰ ਵਿਗਿਆਨ ਦੀ ਭਾਸ਼ਾ ਵਿਚ ਸੂਚਨਾ ਦੀ ਨਿੱਕੀ ਤੋਂ ਨਿੱਕੀ ਇਕਾਈ ਨੂੰ ਬਿਟ ਕਿਹਾ ਜਾਂਦਾ ਹੈ। ਅੰਗਰੇਜ਼ੀ Bite ਦਾ ਅਰਥ ਹੈ, ਵੱਢਣਾ। ਨਾਂਵ ਵਜੋਂ ਇਸ ਦਾ ਇਕ ਅਰਥ ਬੁਰਕੀ ਜਾਂ ਗਰਾਹੀ ਵੀ ਹੈ ਜੋ ਮੂੰਹ ਰਾਹੀਂ ਵੱਢੀ ਹੋਈ ਮਾਤਰਾ ਹੀ ਹੈ। ਦੂਸਰੇ ਨੂੰ ਸਵਾਦੀ ਚੀਜ਼ ਖਾਂਦਿਆਂ ਦੇਖ ਕੇ ਅਸੀਂ ਆਮ ਹੀ ਕਹਿ ਦਿੰਦੇ ਹਾਂ, 'ਇਕ ਬਾਈਟ ਮੈਨੂੰ ਵੀ ਦੇ ਦੇਹ।' ਇਸ ਦਾ ਅਰਥ ਭੋਰਾ ਵੀ ਹੈ। ਮੱਛੀ ਫੜਨ ਵਾਲੀ ਕੁੰਡੀ ਨੂੰ ਲਾਏ ਤਾਮੇ ਜਾਂ ਭਿੱਤੀ ਨੂੰ ਅੰਗਰੇਜ਼ੀ ਵਿਚ ਬੇਟ ਕਹਿੰਦੇ ਹਨ। ਇਕ ਵਿਚਾਰ ਹੈ ਕਿ ਇਤਾਲਵੀ ਭਾਸ਼ਾ ਤੋਂ ਆਏ ਸ਼ਬਦ ਪੀਜ਼ਾ ਦਾ ਮੁਢਲਾ ਅਰਥ ਵੀ ਰੋਟੀ ਦਾ ਟੁਕੜਾ, ਬੁਰਕੀ, ਗਰਾਹੀ, ਚੱਕ ਆਦਿ ਹੈ। ਇਸ ਦੇ ਟਾਕਰੇ ਪੰਜਾਬੀ ਟੁੱਕ (ਰੋਟੀ-ਟੁੱਕ) ਰੱਖਿਆ ਜਾ ਸਕਦਾ ਹੈ, 'ਟੁੱਕ ਖੋਹ ਲਏ ਕਾਂਵਾਂ।' ਟੁੱਕ ਵੀ ਟੁਕੜਾ ਹੀ ਹੈ। ਉਂਜ ਸਾਡੀ ਆਲੂਆਂ ਦੀ ਟਿੱਕੀ ਵੀ ਕਿਹੜਾ ਪੀਜ਼ੇ ਨਾਲੋਂ ਘੱਟ ਹੈ!

ਬਹੁਤਿਆਂ ਨੇ ਚਪਟੀ ਜਿਹੀ ਪੀਟਾ (ਬਰੈੱਡ) ਖਾਧੀ ਹੋਵੇਗੀ। ਇਹ ਦੂਹਰੀ ਕਰਕੇ ਬਣੀ ਤਹਿ ਵਿਚ ਖਾਣ ਵਾਲੀਆਂ ਚੀਜ਼ਾਂ ਭਰ ਕੇ ਖਾਧੀ ਜਾਂਦੀ ਹੈ। ਅੰਗਰੇਜ਼ੀ Fission (ਵਿਖੰਡਨ, ਪਾਟਣ, ਛੇਕ ਆਦਿ) ਅਤੇ Fissure (ਦਰਾੜ, ਪਾਟ) ਵੀ ਇਸੇ ਮੂਲ ਨਾਲ ਜਾ ਜੁੜਦੇ ਹਨ। ਇਹ ਲਾਤੀਨੀ ਤੋਂ ਆਏ ਹਨ। ਕਿਸ਼ਤੀ ਲਈ ਅੰਗਰੇਜ਼ੀ ਸ਼ਬਦ ਬੋਟ ਹੈ। ਪੁਰਾਣੇ ਜ਼ਮਾਨੇ 'ਚ ਰੁੱਖ ਦੇ ਤਣੇ ਨੂੰ ਖੋਖਲਾ ਕਰਕੇ ਬੋਟ ਬਣਾਈ ਜਾਂਦੀ ਸੀ। ਦੁਆਰ, ਛੇਕ, ਮੋਰੀ ਲਈ ਅੰਗਰੇਜ਼ੀ ਸ਼ਬਦ Vent ਹੈ। ਡੂੰਡ ਜਾਂ ਭੌਰੇ ਲਈ ਇਕ ਅੰਗਰੇਜ਼ੀ ਸ਼ਬਦ ਹੈ, ਬੀਟਲ। ਇਸ ਦਾ ਸ਼ਾਬਦਿਕ ਅਰਥ ਹੋਵੇਗਾ ਵੱਢਣ ਜਾਂ ਕੱਟਣ ਵਾਲਾ ਕੀੜਾ। ਇਨ੍ਹਾਂ ਸਾਰੇ ਸ਼ਬਦਾਂ ਵਿਚ ਛੇਕ ਕਰਨ, ਪੁੱਟਣ, ਪਾੜ੍ਹਨ, ਤੋੜਨ, ਦਰਾੜ ਪਾਉਣ ਜਾਂ ਅਜਿਹੀਆਂ ਕ੍ਰਿਆਵਾਂ ਨਾਲ ਬਣੇ ਡੂੰਘ, ਛੇਕ, ਮੋਰੀ, ਟੋਏ, ਟੋਟੇ, ਟੁਕੜੇ, ਫੁੱਟਣ, ਜ਼ੱਰੇ, ਖੰਡ ਆਦਿ ਦੇ ਭਾਵ ਸਮਾਏ ਹੋਏ ਹਨ।

ਹੁਣ ਆਈਏ ਆਪਣੀ ਭਾਸ਼ਾ ਵੱਲ। ਸੰਸਕ੍ਰਿਤ ਵਿਚ ਭਾਰੋਪੀ ਮੂਲ Bheid ਦੇ ਟਾਕਰੇ ਤੇ ਸੰਸਕ੍ਰਿਤ ਧਾਤੂ 'ਭਿਦ' ਆਉਂਦਾ ਹੈ ਜਿਸ ਵਿਚ ਛੇਕ, ਤੇੜ, ਪਾੜ, ਦਰਾੜ ਆਦਿ ਦੇ ਭਾਵ ਹਨ। ਇਸ ਤੋਂ ਪੰਜਾਬੀ ਦਾ ਜਾਣਿਆ-ਪਛਾਣਿਆ ਸ਼ਬਦ ਬਣਿਆ ਹੈ, ਭੇਦ ਜਿਸ ਦਾ ਮੁੱਖ ਅਰਥ ਤਾਂ ਛੇਕ ਹੀ ਹੈ ਪਰ ਪੰਜਾਬੀ ਵਿਚ ਵਧੇਰੇ ਪ੍ਰਚਲਿਤ ਅਰਥ ਹਨ-ਕਿਸਮ, ਪ੍ਰਕਾਰ। ਜਦ ਕਿਸੇ ਚੀਜ਼ ਨੂੰ ਛੇਕਿਆ ਜਾਂ ਤੋੜਿਆ ਜਾਂਦਾ ਹੈ ਤਾਂ ਇਸ ਦੇ ਵੱਖ ਵੱਖ ਟੁਕੜੇ ਹੋ ਜਾਂਦੇ ਹਨ। ਇਸ ਤਰ੍ਹਾਂ ਇਸ ਵਖਰੇਵੇਂ ਤੋਂ ਹੀ ਇਸ ਵਿਚ ਭਿੰਨਤਾ, ਕਿਸਮ, ਪ੍ਰਕਾਰ ਦੇ ਭਾਵ ਉਤਪੰਨ ਹੁੰਦੇ ਹਨ, ਮਿਸਾਲ ਵਜੋਂ ਰਾਗ ਦੇ ਕਈ ਭੇਦ ਹਨ। ਇਸ ਦਾ ਇਕ ਅਰਥ ਫਰਕ, ਅੰਤਰ ਵੀ ਹੈ। ਧਿਆਨ ਦਿਉ, ਦਰਾੜ ਸ਼ਬਦ ਵੀ ਫਰਕ ਦਾ ਅਰਥ ਦਿੰਦਾ ਹੈ। ਮਤਭੇਦ ਜਾਂ ਭੇਦਭਾਵ ਸ਼ਬਦਾਂ ਤੋਂ ਇਸ ਦੇ ਅਰਥ ਹੋਰ ਨਿਖਰਦੇ ਹਨ। ਅਸਲ ਵਿਚ ਪੰਜਾਬੀ ਦਾ ਭੇਤ ਸ਼ਬਦ ਵੀ ਭੇਦ ਦਾ ਹੀ ਇਕ ਹੋਰ ਭੇਦ ਹੈ। ਪਰ ਅਰਥ ਥੋੜ੍ਹੇ ਵੱਖਰੇ ਵੀ ਹੋ ਗਏ। ਭੇਤ ਗੁੱਝੀ ਗੱਲ, ਗੋਝ, ਓਹਲਾ, ਰਾਜ਼ ਹੈ, ਦੂਜਿਆਂ ਤੋਂ ਲੁਕਾਈ, ਜਿਸ ਨੂੰ ਦੂਜਿਆਂ ਤੋਂ ਫਰਕ ਤੇ ਜਾਂ ਆਪਣੇ ਮਨ ਦੀ ਡੂੰਘਾਈ ਵਿਚ ਰੱਖਿਆ ਗਿਆ ਹੈ, 'ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ॥' ਦੂਜਿਆਂ ਦੇ ਭੇਤ ਜਾਣਨ ਵਾਲਾ ਭੇਤੀ ਹੁੰਦਾ ਹੈ, ਜੋ ਕਈ ਵਾਰੀ ਘਰ ਦੀ ਲੰਕਾ ਢਾਹ ਦਿੰਦਾ ਹੈ। ਭੇਦ ਤੋਂ ਵਿਗੜ ਕੇ ਭੇਉ ਬਣਿਆ, 'ਕਹੁ ਕਬੀਰ ਜੋ ਜਾਨੈ ਭੇਉ॥' ਭੇਤ ਪਾਉਣਾ, ਭੇਤ ਲੈਣਾ, ਭੇਤ ਦੇਣਾ ਕੁਝ ਮੁਹਾਵਰੇ ਹਨ।

ਜਿਸ ਦਾ ਭੇਦ ਨਾ ਪਾਇਆ ਜਾ ਸਕੇ, ਉਹ 'ਅਭੇਦ' ਹੈ। ਇਸ ਦਾ ਹੋਰ ਮਤਲਬ ਹੈ ਜੋ ਕਾਸੇ ਹੋਰ ਵਿਚ ਇਕਮਿਕ ਹੋ ਗਿਆ, ਸਮਾ ਗਿਆ, ਜਿਸ ਦੀ ਵੱਖਰੀ ਹੈਸੀਅਤ ਮਾਲੂਮ ਨਹੀਂ ਹੁੰਦੀ, 'ਜਹ ਅਛਲ ਅਛੇਦ ਅਭੇਦ ਸਮਾਇਆ॥' (ਗੁਰੂ ਅਰਜਨ ਦੇਵ)। ਭੇਦ ਤੋਂ ਭੇਉ ਦੀ ਤਰ੍ਹਾਂ ਅਭੇਦ ਤੋਂ ਵੀ ਅਭੇਵ ਬਣ ਗਿਆ, 'ਸਤਿਗੁਰ ਤੁਠੈ ਪਾਈਐ ਪੂਰਨ ਅਲਖ ਅਭੇਵ॥' (ਗੁਰੂ ਅਰਜਨ ਦੇਵ)

ਅਸੀਂ ਭੇਦ ਸ਼ਬਦ ਦਾ ਅਰਥ ਕਿਸਮ, ਪ੍ਰਕਾਰ ਆਦਿ ਜਾਣਿਆ ਹੈ। ਦਰਅਸਲ ਭਿੰਨ ਸ਼ਬਦ ਦਾ ਵੀ ਇਹੋ ਅਰਥ ਹੈ ਤੇ ਇਸ ਦਾ ਮੂਲ ਵੀ ਭਿਦ ਹੀ ਹੈ। ਭਿੰਨ ਦਾ ਅਸਲ ਭਾਵ ਹੈ-ਟੁੱਟਿਆ, ਜੁਦਾ ਹੋਇਆ ਜਿਸ ਕਰਕੇ ਇਹ ਸ਼ਬਦ ਵੱਖਰਾ, ਜੁਦਾ, ਅਲੱਗ, ਹੋਰ ਦਾ ਅਰਥ ਦੇਣ ਲਗਦਾ ਹੈ, 'ਸਾਧ ਕੈ ਸੰਗਿ ਮਾਇਆ ਤੇ ਭਿੰਨ', ਦੋਵੇਂ ਭਰਾ ਇਕ ਦੂਜੇ ਤੋਂ ਭਿੰਨ ਹਨ। 'ਤਰ੍ਹਾਂ ਤਰ੍ਹਾਂ' ਦੀ ਤਰ੍ਹਾਂ (ਵਾਂਗ) ਭਿੰਨ ਭਿੰਨ ਦੁਰਕਤੀ ਵਿਚ ਕਿਸੇ ਚੀਜ਼ ਦੀਆਂ ਕਈ ਕਿਸਮਾਂ ਹੋਣ ਦਾ ਭਾਵ ਹੈ। ਗਣਿਤ ਵਿਚ ਭਿੰਨ ਉਹ ਅੰਕ ਹੈ ਜੋ ਸਮੱਗਰ ਨਹੀਂ ਜਿਵੇਂ 1/2, .5 ਆਦਿ। ਭਿੰਨ ਭੇਦ ਵਿਚ ਦੋਵੇਂ ਭਰਾ ਭਰਾ ਲਗਦੇ ਸ਼ਬਦ ਸਮਾਏ ਹੋਏ ਹਨ। ਭਿੰਨ ਤੋਂ ਵਿਭਿੰਨ ਸ਼ਬਦ ਬਣਿਆ ਜਿਸ ਦਾ ਅਰਥ ਕਈ ਤਰ੍ਹਾਂ ਦੇ, ਮੁਖਤਲਿਫ ਆਦਿ ਹੈ।

ਗ. ਸ. ਰਿਆਲ ਅਨੁਸਾਰ ਭਿੰਨੀ ਭਿੰਨੀ ਵਾਸ਼ਨਾ, ਰਸਭਿੰਨਾ ਆਦਿ ਵਿਚਲਾ ਭਿੰਨੀ/ਭਿੰਨਾ ਸ਼ਬਦ ਵੀ ਇਥੇ ਥਾਂ ਸਿਰ ਹੈ ਪਰ ਇਸ ਦੀ ਵਿਆਖਿਆ ਕੁਝ ਟੇਢੀ ਜਿਹੀ ਹੈ। ਇਨ੍ਹਾਂ ਸ਼ਬਦਾਂ ਦਾ ਅਰਥ ਬਣਦਾ ਹੈ-ਭਿਜਿਆ ਹੋਇਆ, ਗਿੱਲਾ। ਮਿਸਾਲ ਵਜੋਂ ਰਸਭਿੰਨਾ ਦਾ ਅਰਥ ਹੈ, ਰਸ ਨਾਲ ਭਿੱਜਣਾ। ਭਿੰਨਣਾ ਸ਼ਬਦ ਦਾ ਮੂਲ ਅਰਥ ਫੁੱਟਣਾ, ਪਾਟਣਾ ਹੈ ਜਿਵੇਂ ਦਾਹੜੀ ਜਾਂ ਮੁੱਛਾਂ ਫੁੱਟਣਾ (ਮਸ ਭਿੱਜਣਾ=ਮੁੱਛਾਂ ਫੁੱਟਣਾ)। ਸੋ ਫੁੱਟਣਾ, ਪਾਟਣਾ ਤੋਂ ਅਸੀਂ ਭਿੱਜਣਾ ਦੇ ਅਰਥਾਂ ਵੱਲ ਵਧਦੇ ਹਾਂ। ਹਾਥੀ ਦੇ ਮਦ ਚੋਣ ਨੂੰ ਵੀ ਭੀਗਨਾ ਕਿਹਾ ਜਾਂਦਾ ਹੈ। 'ਪਸੀਨੇ ਨਾਲ ਭਿੱਜਿਆ' ਦਾ ਮਤਲਬ 'ਪਸੀਨਾ ਫੁੱਟਿਆ' ਜਿਸ ਨੇ ਸਰੀਰ ਗਿੱਲਾ ਕਰ ਦਿੱਤਾ। ਕੰਧ ਦੇ ਅਰਥ ਵਾਲਾ ਇਕ ਸ਼ਬਦ ਹੈ, ਭੀਤ ਜਾਂ ਭੀਤੀ, ਜਿਵੇਂ ਬਾਲੂ ਕੀ ਭੀਤ। ਇਸ ਦਾ ਇਕ ਰੂਪ ਭਿਤ ਵੀ ਹੈ,

ਹਸਦੀ ਹਸਦੀ ਖੋਹਲ ਦੋਵੇਂ ਭਿੱਤ ਨੀ,
ਨਾਲ ਸਵਾਗਤ ਦਿਲ ਰਾਹੀ ਦਾ ਜਿੱਤ ਨੀ।
ਮਾਖਿਉਂ ਭਿੰਨਾ ਬੋਲ ਕੋਈ ਚਾ ਬੋਲ ਨੀ,
ਘੜਾ ਸ਼ਹਿਦ ਦਾ ਚੁੱਕੀ ਬਹਿ ਜਾ ਕੋਲ ਨੀ।
(ਪ੍ਰੋ. ਮੋਹਨ ਸਿੰਘ)

ਦਰਵਾਜ਼ਾ ਬੰਦ ਕਰਨ ਨੂੰ ਭਿਤ ਮੇਲਣਾ ਵੀ ਕਿਹਾ ਜਾਂਦਾ ਹੈ। ਪਾਕਿਸਤਾਨ ਵਿਚ ਪਾਈ ਜਾਂਦੀ ਰੇਤਲੀ ਪਹਾੜੀ ਨੂੰ ਭੀਤ ਕਿਹਾ ਜਾਂਦਾ ਹੈ। 'ਬਾਰੁਭੀਤ ਬਨਾਈ ਰਚਿ ਪਚਿ।' ਇਸ ਦਾ ਇਕ ਅਰਥ ਦਰਵਾਜ਼ਾ ਜਾਂ ਕਿਵਾੜ ਵੀ ਕੀਤਾ ਜਾਂਦਾ ਹੈ, 'ਨਵੰਤ ਦੁਆਰੰ ਭੀਤ ਰਹਿਤੰ ਬਾਇ ਰੂਪੰ ਅਸਥੰਭਨਹ॥' (ਗੁਰੂ ਅਰਜਨ ਦੇਵ)। ਇਹ ਸਾਰੇ ਰੁਪਾਂਤਰ ਭਿਦ ਧਾਤੂ ਦੀ ਪੈਦਾਵਾਰ ਹਨ ਤੇ ਇਨ੍ਹਾਂ ਦਾ ਸੰਸਕ੍ਰਿਤ ਰੂਪ ਹੈ, ਭਿਤਿ। ਕੋਈ ਕੰਧ ਜਾਂ ਦੀਵਾਰ ਕਿਸੇ ਥਾਂ ਨੂੰ ਦੋ ਹਿੱਸਿਆਂ ਵਿਚ ਵੰਡ ਦਿੰਦੀ ਹੈ ਜਾਂ ਕਹਿ ਲਵੋ ਜੁਦਾ ਕਰ ਦਿੰਦੀ ਹੈ, ਤੋੜ ਦਿੰਦੀ ਹੈ। ਇਹੋ ਭਾਵ ਭਿਦ ਧਾਤੂ ਵਿਚ ਹਨ।

# 1965 ਦੀ ਭਾਰਤ-ਪਾਕਿਸਤਾਨ ਜੰਗ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਚੰਡੀਗੜ੍ਹ ਵਿਚ ਪਿਛਲੇ ਹਫਤੇ ਹੋਏ ਮਿਲਟਰੀ ਲਿਟਰੇਚਰ ਫੈਸਟੀਵਲ ਵਿਚ 1965 ਦੀ ਜੰਗ ਦੇ ਇਤਿਹਾਸਕ ਪਰਿਪੇਖ ਵਲ ਧਿਆਨ ਦਿੱਤਾ ਗਿਆ। ਇਸ ਨਿਵੇਕਲੇ ਸਾਹਿਤ ਉਤਸਵ ਨੂੰ ਲੈਫਟੀਨੈਂਟ ਜਨਰਲ ਵੀ. ਐਸ. ਸ਼ੇਰਗਿੱਲ ਤੇ ਜਨਰਲ ਜੇ. ਐਸ. ਚੀਮਾ ਨੇ ਸੰਬੋਧਨ ਕੀਤਾ। ਦੋਵੇਂ ਸੇਵਾ ਮੁਕਤ ਜਰਨੈਲ ਹਨ। ਦੱਸਿਆ ਗਿਆ ਕਿ ਜੰਗ ਦੇ ਮੂਲ ਕਾਰਨ ਦੋ ਬਣੇ। ਇੱਕ, ਪਹਿਲੀ ਦਸੰਬਰ 1964 ਤੋਂ ਭਾਰਤ ਸਰਕਾਰ ਵੱਲੋਂ ਸੰਵਿਧਾਨ ਦੀ ਧਾਰਾ 356 ਨੂੰ ਜੰਮੂ ਕਸ਼ਮੀਰ ਉਤੇ ਲਾਗੂ ਕਰਕੇ ਉਥੋਂ ਦੀ ਸਰਕਾਰ ਨੂੰ ਭੰਗ ਕਰਨ ਦਾ ਅਧਿਕਾਰ ਕੇਂਦਰ ਨੂੰ ਦੇਣਾ ਅਤੇ ਦੂਜਾ, 1965 ਵਿਚ ਜਨਰਲ ਅਯੂਬ ਖਾਨ ਵੱਲੋਂ ਪੱਖਪਾਤੀ ਤਰੀਕੇ ਨਾਲ ਕਰਾਈਆਂ ਪਾਕਿਸਤਾਨ ਚੋਣਾਂ ਵਿਚ ਮੁਹੰਮਦ ਅਲੀ ਜਿਨਾਹ ਦੀ ਭੈਣ ਫਾਤਿਮਾ ਨੂੰ ਹਰਾਉਣਾ। ਇਸ ਨਾਲ ਦੋਵੇਂ ਪਾਸੇ ਰਾਜਨੀਤਕ ਬੇਚੈਨੀ ਪੈਦਾ ਹੋਈ।

ਇਸ ਪ੍ਰਸੰਗ ਵਿਚ ਪੰਜਾਬ ਦੇ ਵਿਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਦੱਸੀ ਇਹ ਗੱਲ ਵੀ ਦਿਲਚਸਪ ਰਹੀ ਕਿ ਜਨਰਲ ਅਯੂਬ ਖਾਨ ਨੂੰ ਬਚਪਨ ਵਿਚ ਇਕ ਬਜ਼ੁਰਗ ਸਿੱਖ ਨੇ ਮੂਲ ਮੰਤਰ ਦਿੱਤਾ ਸੀ ਅਤੇ ਇਹ ਵੀ ਕਿ ਫਾਰਸੀ ਅੱਖਰਾਂ ਵਿਚ ਲਿਖਿਆ ਇਹ ਮੰਤਰ ਪਾਕਿਸਤਾਨ ਸੈਨਾ ਦੇ ਮੁਖੀ ਵਜੋਂ ਕਮਾਂਡ ਸੰਭਾਲਣ ਸਮੇਂ ਉਸ ਦੇ ਕੋਲ ਸੀ। ਜੰਗ ਦੇ ਕਾਰਨਾਂ ਵਿਚ 1964 ਵਿਚ ਹੋਈ ਪੰਡਿਤ ਜਵਾਹਰ ਲਾਲ ਨਹਿਰੂ ਦੀ ਅਚਾਨਕ ਮੌਤ ਵੀ ਬਣੀ ਤੇ 1963 ਵਿਚ ਹਜ਼ਰਤ ਬਲ ਦਰਗਾਹ ਵਿਚੋਂ ਚੋਰੀ ਹੋਈਆਂ ਪਵਿੱਤਰ ਨਿਸ਼ਾਨੀਆਂ ਵੀ।

ਬੁਲਾਰਿਆਂ ਨੇ ਇਹ ਗੱਲ ਖਾਸ ਕਰਕੇ ਉਭਾਰੀ ਕਿ 1965 ਦੀ ਜੰਗ ਵਿਚ ਭਾਰਤ ਤੇ ਪਾਕਿਸਤਾਨ ਦੀਆਂ ਫੌਜੀ ਕਾਰਵਾਈਆਂ ਨੇ ਇੱਕ-ਦੂਜੇ ਨੂੰ ਹੱਕਾ-ਬੱਕਾ ਤੇ ਦੰਗ ਕਰ ਦਿੱਤਾ ਸੀ। ਜੇ ਛੰਭ ਸੈਕਟਰ ਵਿਚ ਪਾਕਿਸਤਾਨ ਦਾ ਅਪਰੇਸ਼ਨ ਗਰੈਂਡ ਸਲੈਮ ਹੈਰਾਨ ਕਰਨ ਵਾਲਾ ਸੀ ਤਾਂ ਖੇਮਕਰਨ ਸੈਕਟਰ ਵਿਚ ਭਾਰਤੀ ਸੈਨਾ ਵੱਲੋਂ ਪਾਕਿਸਤਾਨੀ ਫੌਜ ਨੂੰ ਸਰਹੱਦ ਤੋਂ ਬਹੁਤ ਪਰੇ ਤੱਕ ਖਦੇੜਨਾ ਵੀ। ਪਾਕਿਸਤਾਨ ਦੇ ਵਸਨੀਕ ਕਿਵੇਂ ਉਸ ਪਾਰ ਦੇ ਪਿੰਡਾਂ ਦੇ ਪਿੰਡ ਖਾਲੀ ਕਰਕੇ ਦੌੜੇ ਸਨ, ਇਸ ਦਾ ਦਾਸ ਚਸ਼ਮਦੀਦ ਗਵਾਹ ਹੈ। ਮੈਂ ਉਨ੍ਹਾਂ ਪਿੰਡਾਂ ਵਿਚ ਮਾਸੂਮ ਵਿਦਿਆਰਥੀਆਂ ਦੀਆਂ ਰੁਲ ਰਹੀਆਂ ਕਿਤਾਬਾਂ ਤੇ ਕਾਪੀਆਂ ਹੀ ਨਹੀਂ ਵੇਖੀਆਂ, ਘਰਾਂ ਵਿਚੋਂ ਭੱਜ ਕੇ ਖੇਤਾਂ ਵਿਚ ਪਨਾਹ ਲੈਂਦੇ ਚੂਹੇ ਵੀ ਤੱਕੇ ਸਨ। ਉਂਜ ਮੈਂ ਸੋਚਦਾ ਹਾਂ ਕਿ ਪਾਕਿਸਤਾਨੀ ਤੇ ਭਾਰਤੀ ਏਨੇ ਸੂਰਬੀਰ ਹਨ ਤਾਂ ਇੱਕ ਦੂਜੇ ਨਾਲ ਮਿਲ ਕੇ ਰਹਿਣ ਤਾਂ ਦੁਨੀਆਂ ਵਿਚ ਤਰਥੱਲੀ ਮਚਾ ਦੇਣਾ।

**ਸਿਆਸਤ ਵਿਚ ਇਮਤਿਹਾਨ ਦੀ ਘੜੀ:** ਪਿਛਲੇ ਹਫਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੱਬੇ ਸਾਲ ਦੇ ਹੋ ਗਏ ਤੇ ਕਾਂਗਰਸ ਪਾਰਟੀ ਦੀ ਕਮਾਂਡ ਤਿਆਗਣ ਵਾਲੀ ਸੋਨੀਆ ਗਾਂਧੀ ਨੇ ਆਪਣਾ 71ਵਾਂ ਜਨਮ ਦਿਨ ਮਨਾਇਆ। ਦੋਵਾਂ ਦੇ ਪੁੱਤਰਾਂ ਲਈ ਇਹ ਵੱਡੇ ਇਮਤਿਹਾਨ ਦੀ ਘੜੀ ਹੈ। ਸੁਖਬੀਰ ਸਿੰਘ ਬਾਦਲ ਦੀ ਰਾਜ ਪੱਧਰ ਉਤੇ ਅਤੇ ਰਾਹੁਲ ਗਾਂਧੀ ਦੀ ਰਾਸ਼ਟਰੀ ਪੱਧਰ ਉਤੇ ਵਡੇਰੇ ਲੀਡਰ ਤਾਂ 'ਮੈਂ ਹੀ ਮੈਂ' ਦਾ ਜਾਪ ਕਰਨਗੇ।

**ਜਾਵੇਦ-ਸ਼ਬਾਨਾ ਦੋਸਤੀ:** ਉਰਦੂ ਸਾਹਿਤ ਦੇ ਪ੍ਰੇਮੀ ਹਰ ਵਰ੍ਹੇ ਮੁੰਬਈ ਵਿਚ ਜਸ਼ਨ-ਏ-ਰੇਖਤਾ ਮਨਾਉਂਦੇ ਹਨ। ਪਿਛਲੇ ਸਾਲ ਇਹ ਜਸ਼ਨ ਵੈਲਨਟਾਈਨ ਦਿਵਸ ਉਤੇ ਮਨਾਇਆ ਗਿਆ, ਜਿੱਥੇ ਜਾਵੇਦ ਅਖਤਰ ਨੇ ਆਪਣੀ ਨਜ਼ਮ



ਸ਼ਬਾਨਾ ਆਜ਼ਮੀ

'ਸ਼ਬਾਨਾ' ਪੜ੍ਹੀ, ਆਪਣੀ ਜੀਵਨ ਸਾਥਣ ਦੀ ਉਸਤਤ ਵਿਚ। ਇਸ ਵਰ੍ਹੇ ਦੇ ਜਸ਼ਨ ਵਿਚ ਵੀ ਉਸ ਨੇ ਜਿਹੜੀਆਂ ਨਜ਼ਮਾਂ ਪੜ੍ਹੀਆਂ, ਉਨ੍ਹਾਂ ਦੀ ਭੇਟਾ ਪਾਤਰ ਸ਼ਬਾਨਾ ਆਜ਼ਮੀ ਹੀ ਸੀ। ਇਸ ਵਾਰ ਉਨ੍ਹਾਂ ਦੇ ਵਿਆਹੁਤਾ ਜੀਵਨ ਦੀ ਤੇਤੀਵੀਂ ਵਰ੍ਹੇਗੰਢ ਸੀ। ਜਦੋਂ ਜਾਵੇਦ ਤੋਂ ਇਸ ਮੌਕੇ ਟਿੱਪਣੀ ਦੀ ਮੰਗ ਕੀਤੀ ਗਈ ਤਾਂ ਉਸ ਦਾ ਉਤਰ ਸੀ, "ਮੇਰੀ ਔਰ ਸ਼ਬਾਨਾ ਕੀ ਦੋਸਤੀ ਇਤਨੀ ਗਹਿਰੀ ਹੈ, ਇਤਨੀ ਮਜ਼ਬੂਤ ਹੈ ਕਿ ਸ਼ਾਦੀ ਭੀ ਉਸ ਕਾ ਕੁੱਛ ਨਹੀਂ ਬਿਗਾੜ ਸਕੀ।" ਇਸ ਦਾ ਵਿਸਥਾਰ ਮੰਗੇ ਜਾਣ ਉਤੇ ਉਸ ਨੇ ਕਿਹਾ, "ਮੀਆਂ, ਬੀਵੀ ਬੜੀ ਖਤਰਨਾਕ ਟਰਮ ਹੈ। ਯੇਹ ਅਪਨੇ ਸਾਥ ਬੜਾ ਵਜ਼ਨ ਲੇ ਕੇ ਆਤੀ ਹੈ। ਇਸ ਰਿਸ਼ਤੇ ਮੇਂ ਮੀਆਂ ਅਕਸਰ ਯੇਹ ਗਲਤੀ ਕਰਤੇ ਹੈਂ ਕਿ ਉਨ ਕੋ ਲਗਤਾ ਹੈ ਕਿ ਬ੍ਰਹਿਮੰਡ ਕਾ ਧੁਰਾ ਵੁਹ ਹੈ ਔਰ ਬੀਵੀ ਕਾ ਫਰਜ਼ ਹੈ ਕਿ ਉਨ ਕੇ ਚਾਰੋਂ ਤਰਫ ਘੂਮ ਕੇ ਉਨ ਕਾ ਖਿਆਲ ਰਖੇ।"

ਜਾਵੇਦ ਨੂੰ ਚੇਤੇ ਕਰਵਾਇਆ ਗਿਆ ਕਿ ਇਕ ਪੜਾਅ 'ਤੇ ਸ਼ਬਾਨਾ ਨੂੰ ਪੁੱਛਿਆ ਗਿਆ ਸੀ, "ਕੀ ਘਰ ਵੀ ਜਾਵੇਦ ਓਨੇ ਹੀ ਰੋਮਾਂਟਿਕ ਹਨ, ਜਿੰਨੇ ਬਾਹਰੀ ਜੀਵਨ ਅਤੇ ਆਪਣੀਆਂ ਨਜ਼ਮਾਂ ਵਿਚ?" ਸ਼ਬਾਨਾ ਦਾ ਉਤਰ ਨਾਂਹ-ਪੱਖੀ ਸੀ। ਇਹ ਸੁਣ ਕੇ ਜਾਵੇਦ ਬੋਲੇ, "ਦੇਖੋ ਭਾਈ! ਜੋ ਲੋਗ ਸਰਕਸ ਮੇਂ ਕਰਤਵ ਕਰਤੇ ਹੈਂ, ਵੁਹ ਘਰ ਮੇਂ ਉਲਟੇ ਥੋੜੀ ਲਟਕੇ ਰਹਿਤੇ ਹੈਂ।"

**ਰਾਸ਼ਟਰੀ ਜਲਗਾਹ (ਵੈਟਲੈਂਡ):** ਭਾਖੜਾ ਨੰਗਲ ਵਿਚ ਰੂਸ, ਚੀਨ, ਮੰਗੋਲੀਆ, ਆਸਟ੍ਰੇਲੀਆ, ਬਰਮਾ, ਅਫਗਾਨਿਸਤਾਨ, ਜਪਾਨ, ਸਾਇਬੇਰੀਆ ਆਦਿ ਤੋਂ ਹਜ਼ਾਰਾਂ ਕਿਲੋਮੀਟਰ ਦਾ ਪੈਂਡਾ ਤੈਅ ਕਰ ਕੇ ਪਰਵਾਸੀ ਪੰਛੀ ਆਉਣੇ ਸ਼ੁਰੂ ਹੋ ਗਏ ਹਨ। ਇਨ੍ਹਾਂ ਦੇ ਨਾਲ ਹੀ ਸੈਲਾਨੀ ਤੇ ਪੰਛੀ ਪ੍ਰੇਮੀ ਵੀ। ਦੁਨੀਆਂ ਜਾਣਦੀ ਹੈ ਕਿ ਇਹ ਪੰਛੀ ਆਪਣੇ ਦੇਸ਼ਾਂ ਦੀਆਂ ਝੀਲਾਂ ਵਿਚ ਬਰਫਾਂ ਜੰਮਣ ਕਾਰਨ ਇਥੇ ਆਉਂਦੇ ਹਨ ਅਤੇ ਛੇ ਮਹੀਨੇ ਇਥੇ ਰਹਿ ਕੇ ਪਰਤ ਜਾਂਦੇ ਹਨ। ਪਤਾ ਲੱਗਾ ਹੈ ਕਿ ਜਨਵਰੀ 2017 ਵਿਚ ਅਜਿਹੇ ਪਰਵਾਸੀ ਪ੍ਰਾਹੁਣਿਆਂ ਦੀ ਗਿਣਤੀ ਕਰੀਬ 9600 ਸੀ। ਇਹ ਵੀ ਕਿ ਜੰਗਲੀ ਜੀਵ ਖੇਤਰ ਦੇ ਮੁਲਾਜ਼ਮ ਇਨ੍ਹਾਂ ਪੰਛੀਆਂ ਦੀਆਂ ਬਿੱਠਾਂ ਇਕੱਠੀਆਂ ਕਰਕੇ ਜਲੰਧਰ ਦੀ ਨਾਰਕਰਟ ਲੈਬ ਤੋਂ ਜਾਂਚ ਕਰਵਾਉਂਦੇ ਹਨ ਕਿ ਇਹ ਕਿਸੇ ਰੋਗ ਦਾ ਸ਼ਿਕਾਰ ਤਾਂ ਨਹੀਂ। ਜਨਵਰੀ 2018 ਵਿਚ ਇਨ੍ਹਾਂ ਦੀ ਗਿਣਤੀ ਕਿੰਨੀ ਹੋਵੇਗੀ, ਕੁਝ ਨਹੀਂ ਕਿਹਾ ਜਾ ਸਕਦਾ ਪਰ ਇਕ ਗੱਲ ਪੱਕੀ ਹੈ ਕਿ ਚੰਡੀਗੜ੍ਹ ਦੀ ਸੁਖਨਾ ਝੀਲ ਉਤੇ ਪਹੁੰਚਣ ਵਾਲੇ ਅਜਿਹੇ ਪੰਛੀਆਂ ਦੀ ਗਿਣਤੀ ਨੰਗਲ ਦੇ ਪ੍ਰਾਹੁਣਿਆਂ ਦਾ ਪਾਸਕੂ ਵੀ ਨਹੀਂ ਹੁੰਦੀ।

**ਅੰਤਿਕਾ: ਸੁਖਵਿੰਦਰ ਅੰਮ੍ਰਿਤ**

ਨਾ ਬਿਹਬਲ ਹੋ ਮੇਰੇ ਅਸਮਾਨ
ਮੈਂ ਬੱਸ ਉਡਣ ਵਾਲੀ ਹਾਂ
ਕਿ ਤੇਰੀ ਹੀ ਮੁਹੱਬਤ ਵਿਚ
ਪਰਾਂ ਨੂੰ ਰੰਗਦੀ ਹਾਂ ਮੈਂ।

# ਨੱਥ ਕਿਵੇਂ ਬਣੀ ਔਰਤਾਂ ਦਾ ਮਨਪਸੰਦ ਗਹਿਣਾ...

*ਨੱਕ ਦਾ ਗਹਿਣਾ 'ਨੱਥ' ਅੱਜ ਕੱਲ੍ਹ ਸਭਿਆਚਾਰ ਦਾ ਅਹਿਮ ਚਿੰਨ੍ਹ ਬਣਿਆ ਹੋਇਆ ਹੈ, ਪਰ ਇਤਿਹਾਸ ਦੱਸਦਾ ਹੈ ਕਿ ਪਹਿਲਾਂ-ਪਹਿਲ ਇਸ ਗਹਿਣੇ ਦਾ ਭਾਰਤ ਨਾਲ ਕੋਈ ਸਬੰਧ ਹੀ ਨਹੀਂ ਸੀ। ਇਸ ਦੇ ਇਤਿਹਾਸ ਦੀਆਂ ਪੈੜਾਂ ਮਿਸਰ ਤੱਕ ਜਾ ਪੁੱਜਦੀਆਂ ਹਨ। ਇਸ ਤੋਂ ਬਾਅਦ ਮੁਸਲਮਾਨਾਂ ਦੀ ਭਾਰਤੀ ਉਪ ਮਹਾਂਦੀਪ ਵਿਚ ਆਮਦ ਨਾਲ ਇਹ ਗਹਿਣਾ ਪ੍ਰਚਲਿਤ ਹੋਇਆ। ਪਾਕਿਸਤਾਨ ਦੇ ਦਾਨਿਸ਼ਵਰ ਮੁਹੰਮਦ ਅਜ਼ਹਰ ਵਿਰਕ ਨੇ ਆਪਣੇ ਇਸ ਲੇਖ ਵਿਚ ਨੱਥ ਦਾ ਇਤਿਹਾਸ ਫਰੋਲਿਆ ਹੈ ਅਤੇ ਬੇਹੱਦ ਦਿਲਚਸਪ ਜਾਣਕਾਰੀ ਮੁਹੱਈਆ ਕੀਤੀ ਹੈ ਜੋ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ*

ਨੱਥ ਨੱਕ ਦਾ ਜ਼ੇਵਰ (ਗਹਿਣਾ) ਹੈ ਜਿਹੜਾ ਔਰਤਾਂ ਅੱਜ ਕੱਲ੍ਹ ਆਮ ਹੀ ਸ਼ਾਦੀ-ਵਿਆਹ 'ਤੇ ਪਾਉਂਦੀਆਂ ਹਨ। ਇਸ ਜ਼ੇਵਰ ਦੀ ਲੰਮੀ ਕਹਾਣੀ ਹੈ। ਇਸ ਜ਼ੇਵਰ ਦਾ ਭਾਰਤੀ ਉਪ ਮਹਾਂਦੀਪ ਨਾਲ ਕੋਈ ਤਾਅਲੁਕ ਨਹੀਂ ਹੈ। ਨੱਥ ਬਾਰੇ ਈਸਟ ਇੰਡੀਆ ਕੰਪਨੀ ਦੇ ਇਕ ਅਫਸਰ ਅਤੇ ਆਲਮ ਲੈਫਟੀਨੈਂਟ ਐਡਵਰਡ ਮੋਰ ਨੇ 1790 ਈਸਵੀ ਵਿਚ ਦੱਸਿਆ ਸੀ, 'ਹਿੰਦੂਆਂ ਦੀਆਂ ਜ਼ਨਾਨੀਆਂ ਵਿਚ ਇਹ ਗੱਲ ਸਾਂਝੀ ਹੈ ਕਿ ਉਹ ਨੱਕ ਵਿਚ ਕੜਾ, ਛੱਲਾ ਜਾਂ ਕੋਈ ਹੋਰ ਜ਼ੇਵਰ ਪਾਉਂਦੀਆਂ ਹਨ ਜਿਸ ਨੂੰ ਹਿੰਦੂਆਂ ਦੀ ਬੋਲੀ ਵਿਚ ਨੱਥ ਆਖਦੇ

**ਮੁਹੰਮਦ ਅਜ਼ਹਰ ਵਿਰਕ**
**ਲਿਪੀਅੰਤਰ: ਸਰਬਜੀਤ ਸਿੰਘ ਸੰਧੂ**

ਹਨ। ਇਸ ਨੱਥ 'ਤੇ ਕਾਫੀ, ਢੇਰ ਸਾਰਾ ਪੈਸਾ ਖਰਚਿਆ ਜਾਂਦਾ ਹੈ ਤੇ ਨਾਲ ਹੀ ਆਪਣੇ ਰੋਅਬ ਤੇ ਚੌਧਰ ਵਾਸਤੇ ਇਸ ਦੇ ਡਿਜ਼ਾਈਨ 'ਤੇ ਬਹੁਤ ਧਿਆਨ ਦਿੱਤਾ ਜਾਂਦਾ ਹੈ।'

ਬੜੀ ਹੈਰਾਨੀ ਦੀ ਗੱਲ ਹੈ ਕਿ ਨੱਕ ਦੀ ਨੱਥ ਜਿਸ ਨੂੰ ਅੱਜ ਸੁਹਾਗ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ, ਜਿਹੜੀ ਵਹੁਟੀਆਂ ਦੇ ਗਹਿਣਿਆਂ ਦਾ ਹਿੱਸਾ ਬਣ ਗਈ ਹੈ, ਇਸ ਦਾ ਮੁੱਢ ਵਿਦੇਸ਼ੀ ਹੈ। ਸੰਸਕ੍ਰਿਤ ਦੇ ਕਲਾਸੀਕਲ ਅਦਬ ਵਿਚ ਇਸ ਗਹਿਣੇ ਦੀ ਕੋਈ ਗੱਲ ਨਹੀਂ ਆਉਂਦੀ। ਵੈਦਿਕ ਲਿਖਤਾਂ ਵੀ ਨੱਥ ਬਾਰੇ ਅਸਲੋਂ ਚੁਪ ਹਨ। ਨੱਥ, ਨੱਥਣੀ, ਨੱਥਿਆ, ਨੱਥਾ, ਨੱਥ ਦੋਗ ਤੇ ਨੱਥਣੀਆਂ ਵਰਗੇ ਸਾਰੇ ਨਾਂ ਹਿੰਦੁਸਤਾਨੀ ਬੋਲੀ ਵਿਚ ਆਉਂਦੇ ਹਨ। ਇਹ ਲਫਜ਼ ਪ੍ਰਾਕਿਰਤ ਸ਼ਬਦ ਨੱਥ ਤੋਂ ਨਿਕਲੇ ਹਨ ਜਿਸ ਦਾ ਅਰਥ ਹੈ ਨੱਕ ਦੀ ਵੱਸੀ।

ਰਮਾਇਣ ਦੀ ਸੀਤਾ ਅਤੇ ਮਹਾਂਭਾਰਤ ਦੀ ਦਰੋਪਤੀ ਨੂੰ ਬਹੁਤ ਸਾਰੇ ਗਹਿਣਿਆਂ ਨਾਲ ਸਜਾਇਆ ਹੋਇਆ ਹੈ, ਪਰ ਨੱਥ ਤੋਂ ਬਿਨਾਂ। ਕਦੀਮ ਹਿੰਦੁਸਤਾਨੀ ਔਰਤਾਂ ਇਹ ਨਹੀਂ ਸੀ ਪਾਉਂਦੀਆਂ। ਭਰਤ ਮੁਨੀ ਨੇ ਨਾਟਯ ਸ਼ਾਸਤਰ ਵਿਚ ਔਰਤਾਂ ਤੇ ਮਰਦਾਂ ਦੇ ਗਹਿਣਿਆਂ ਦਾ ਲੰਮਾ ਵੇਰਵਾ ਦਿੱਤਾ ਹੈ, ਪਰ ਨੱਕ ਦੇ ਇਸ ਗਹਿਣੇ ਦਾ ਨਹੀਂ।

ਸੰਸਕ੍ਰਿਤ ਦਾ ਸਭ ਤੋਂ ਪੁਰਾਣਾ ਕੋਸ਼ 8ਵੀਂ ਸਦੀ ਵਿਚ ਲਿਖਿਆ ਅਮਰਕੋਸ਼ ਹੈ ਜਿਸ ਵਿਚ ਗਹਿਣੇ ਗਿਣਾਏ ਗਏ ਹਨ, ਪਰ ਨੱਥ ਦਾ ਕੋਈ ਜ਼ਿਕਰ ਨਹੀਂ। ਵਾਦੀ-ਏ-ਸਿੰਧ ਦੀ ਖੁਦਾਈ ਤੋਂ ਇਲਾਵਾ ਟੈਕਸਲਾ, ਹਸਤਨਾਪੁਰ, ਦਿੱਲੀ ਦੇ ਪੁਰਾਣੇ ਕਿਲ੍ਹੇ ਤੇ ਹੋਰ ਥਾਂਵਾਂ ਦੀ ਖੁਦਾਈ ਹੋਈ ਤਾਂ ਉਥੋਂ ਵੀ ਵਾਲੀਆਂ, ਗੁਲੂਬੰਦ, ਕੜੇ, ਕੰਗਣ, ਚੂੜੀਆਂ, ਮੁੰਦਰੀਆਂ, ਹਾਰ ਤੇ ਕਈ ਹੋਰ ਗਹਿਣੇ ਲੱਭੇ ਪਰ ਨੱਥ ਨਹੀਂ। ਬਰਹੁਤ, ਰਾਂਚੀ, ਬੋਧ ਗਯਾ, ਅਮਰਾਵਤੀ ਤੇ ਨਾਗਾਰੁਜਨ ਕੁੰਡ ਦੀਆਂ ਪਹਿਲੀਆਂ ਤਸਵੀਰਾਂ ਵਿਚ ਔਰਤਾਂ ਦੇ ਸਭ ਗਹਿਣੇ ਦਿਸਦੇ ਹਨ ਪਰ ਨੱਥ ਗਾਇਬ ਹੈ।

ਇਥੋਂ ਇਹੋ ਪਤਾ ਲਗਦਾ ਹੈ ਕਿ ਨੱਥ ਹਿੰਦੋਸਤਾਨ ਦੀਆਂ ਔਰਤਾਂ ਨਹੀਂ ਸਨ ਪਾਉਂਦੀਆਂ। ਇਸ ਗਹਿਣੇ ਬਾਰੇ ਪਤਾ ਉਦੋਂ ਲੱਗਾ ਜਦੋਂ 711 ਹਿਜ਼ਰੀ ਵਿਚ ਅਰਬ ਮੁਲਕਾਂ ਤੋਂ ਮੁਸਲਮਾਨਾਂ ਨੇ ਪਰਵੇਸ਼ ਕੀਤਾ। ਦੇਖਾ-ਦੇਖੀ ਇਹ ਗਹਿਣਾ ਏਨਾ ਆਮ ਹੋ ਗਿਆ ਕਿ ਹਰ ਜ਼ਨਾਨੀ ਇਸ ਨੂੰ ਸ਼ੌਕ ਨਾਲ ਪਾਉਣ ਲੱਗ ਪਈ। ਇਸ ਦੀ ਸ਼ੋਹਰਤ ਦਾ ਅੰਦਾਜ਼ਾ ਤੁਸੀਂ ਇਥੋਂ ਲਾ ਸਕਦੇ ਹੋ ਕਿ ਹਿੰਦੂ ਦੇਵੀਆਂ ਦੇ ਚਿੱਤਰਾਂ ਤੇ ਮੂਰਤੀਆਂ ਦਾ ਇਹ ਲਾਜ਼ਮੀ ਗਹਿਣਾ ਬਣ ਗਿਆ। ਹੈਰਾਨੀ ਵਾਲੀ ਗੱਲ ਇਹ ਹੈ ਕਿ ਜਿਉਂ-ਜਿਉਂ ਵੇਲਾ ਲੰਘਿਆ, ਮੁਸਲਮਾਨ ਜ਼ਨਾਨੀਆਂ ਨੇ ਤਾਂ ਨੱਥ ਪਾਉਣੀ ਘੱਟ ਕਰ ਦਿੱਤੀ, ਪਰ ਹਿੰਦੂ ਔਰਤਾਂ ਵਿਚ ਨੱਥ ਦਾ ਰਿਵਾਜ ਆਮ ਹੋ ਗਿਆ। ਬਾਈਬਲ ਦੇ ਪੁਰਾਣੇ ਅਹਿਦਨਾਮੇ (ਓਲਡ ਟੈਸਟਾਮੈਂਟ) ਵਿਚ ਨੱਥ ਬਾਰੇ ਕੋਈ ਬਹੁਤਾ ਵੇਰਵਾ ਨਹੀਂ ਲੱਭਦਾ। ਦੱਸਦੇ ਨੇ ਕਿ ਨੱਥ ਯਹੂਦੀਆਂ ਲਈ ਬੜੀ ਓਪਰੀ ਸ਼ੈਅ ਸੀ।

ਬਰਾਵਨ ਜੋ ਮਿਸਰ ਦੀ ਪੁਰਾਣੀ ਕੌਮ ਦਾ ਨਾਂ ਹੈ, ਨੇ ਨੱਥ ਦਾ ਗਹਿਣਾ ਬਣਾਇਆ ਸੀ। ਨੱਥ ਦਾ ਛੱਲਾ ਮਿਸਰ ਦੀਆਂ ਛੋਟੀਆਂ ਕੌਮਾਂ ਦੀਆਂ ਜ਼ਨਾਨੀਆਂ ਬਹੁਤ ਪਾਉਂਦੀਆਂ ਸਨ। ਇਸ ਲਈ ਨੱਥ ਦੇ ਗਹਿਣੇ ਦਾ ਤਾਅਲੁਕ ਮਿਸਰ ਦੀ ਪੁਰਾਣੀ ਕੌਮ ਬਰਾਵਨ ਨਾਲ ਜੁੜਦਾ ਹੈ। ਹਿੰਦੋਸਤਾਨ ਵਿਚ ਨੱਥ ਦੇ ਸਭ ਤੋਂ ਪਹਿਲੇ ਇਸ਼ਾਰੇ ਬਲਹਨਾਂ ਦੀ ਕਿਤਾਬ ਵਿਕਰਮਾ ਨਾਮ ਦੇਵ ਚਰਿਤਰ 1080 ਈਸਵੀ ਵਿਚ ਲੱਭਦੇ ਹਨ। ਇਸ ਕਿਤਾਬ ਵਿਚ ਨਸ਼ਾ, ਮੁਕਤਾ ਤੇ ਮੱਛੀ ਦਾ ਜ਼ਿਕਰ ਵੀ ਆਇਆ ਹੈ। 11ਵੀਂ ਸਦੀ ਵਿਚ ਲਛਮਣ ਵਿਸ਼ਨੇਕਾਰ ਦੀ ਸੰਸਕ੍ਰਿਤ ਸ਼ਾਇਰੀ ਸਰਧਾ ਤਲਾਕਾ ਵਿਚ ਨਸ ਅੰਗੂਰੀ ਦਾ ਜ਼ਿਕਰ ਹੈ, ਜਿਸ ਵਿਚ ਆਂਧਰਾ ਦੀ ਇਕ ਔਰਤ ਦੇ ਹੁਸਨ ਦਾ ਬਿਆਨ ਕੀਤਾ ਹੋਇਆ ਮਿਲਦਾ ਹੈ ਕਿ ਜਦ ਉਹ ਸਾਹ ਲੈਂਦੀ ਸੀ ਤਾਂ ਉਸ ਦੀ ਨੱਥ ਨਾਲ ਜੁੜੇ ਹੋਏ ਮੋਤੀ ਹਿੱਲਦੇ ਸਨ। ਤਿਰੂਵਨੰਤਪੁਰਮ ਅਤੇ ਤਰੋਮਬਾਰੀ ਦੇ ਮੰਦਿਰਾਂ ਦੀਆਂ ਮਿਊਰਲ ਪੇਂਟਿੰਗਾਂ ਵਿਚ ਔਰਤਾਂ ਦੀ ਗਾਉਣ ਵਾਲੀ ਟੋਲੀ ਨੂੰ ਨੱਥ ਪਾਈ ਦਿਖਾਇਆ ਗਿਆ ਹੈ ਅਤੇ ਇਸ ਨੱਥ ਵਿਚ ਖੂਬ ਹੀਰੇ ਜੜੇ ਹੋਏ ਹਨ। ਇਹ ਤਸਵੀਰਾਂ 14ਵੀਂ ਸਦੀ ਦੀਆਂ ਹਨ।



ਦੋ ਸਦੀਆਂ ਬਾਅਦ, ਮਤਲਬ 16ਵੀਂ ਸਦੀ ਵਿਚ ਟਰਾਵਨਕੋਰ ਦੇ ਮਹਿਲਾਂ ਵਿਚ ਸਾਰੀਆਂ ਔਰਤਾਂ ਨੂੰ ਨੱਥਾਂ ਪਾਈਆਂ ਦਿਖਾਇਆ ਹੋਇਆ ਹੈ। ਇਸ ਤੋਂ ਪਿਛਾਂਹ ਵੇਖਣ ਦੀ ਲੋੜ ਮੁੱਕ ਜਾਂਦੀ ਹੈ। 17ਵੀਂ ਸਦੀ ਅਤੇ ਇਸ ਤੋਂ ਮਗਰੋਂ ਤਕਰੀਬਨ ਹਰ ਹਿੰਦੋਸਤਾਨੀ ਔਰਤ ਤੇ ਦੇਵੀ ਦੇ ਨੱਥ ਪਾਈ ਆਮ ਵੇਖਣ ਨੂੰ ਮਿਲਦੀ ਹੈ। ਬਾਅਦ ਵਿਚ ਸੰਸਕ੍ਰਿਤ ਵਿਚ ਨੱਥ ਦੇ ਬਹੁਤ ਸਾਰੇ ਨਾਂ ਈਜਾਦ ਹੋਏ। ਮਸਲਨ: ਨਾਸਾ, ਮਖਤੀਕਾ, ਨਾਸਾ ਗਰਾਮਕਤੀਫਲ, ਨਾਸ ਮਨੀ, ਸਨਾਸਾ ਫਸਾਨਾ ਆਦਿ। ਆਇਨ-ਏ-ਅਕਬਰੀ ਵਿਚ ਵੀ ਨੱਕ ਦੇ ਚਾਰ ਜ਼ੇਵਰਾਂ ਦੀ ਗੱਲ ਲੱਭਦੀ ਹੈ। ਬਸ਼ਰ, ਨੱਥ, ਫੂਲ ਤੇ ਬਲਾਕ।

ਆਮ ਤੌਰ 'ਤੇ ਨੱਥ ਇਕ ਇੰਚ ਤੋਂ ਲੈ ਕੇ ਤਿੰਨ ਇੰਚ ਤੱਕ ਗੋਲ ਹੁੰਦੀ ਹੈ। ਕੁਝ ਨੱਥਾਂ ਸਾਦੀਆਂ ਹੁੰਦੀਆਂ ਹਨ ਤੇ ਕੁਝ ਵਿਚ ਮੋਤੀ ਲੱਗੇ ਹੁੰਦੇ ਹਨ। ਇਹ ਮੋਤੀ ਗਿਣਤੀ ਵਿਚ ਇਕ ਤੋਂ ਸੱਤ ਤੱਕ ਹੁੰਦੇ ਹਨ। ਕਈ ਕਬੀਲਿਆਂ ਵਿਚ ਮੋਤੀਆਂ ਦੀ ਗਿਣਤੀ ਸੱਤ ਤੋਂ ਜ਼ਿਆਦਾ ਵੀ ਹੁੰਦੀ ਹੈ। ਪਾਕਿਸਤਾਨ ਦੇ ਸੂਬਾ ਸਿੰਧ ਵਿਚ ਨੱਥ ਬੜੇ ਸ਼ੌਕ ਨਾਲ ਪਾਈ ਜਾਂਦੀ ਹੈ; ਖਾਸ ਕਰ ਪਿੰਡਾਂ ਦੀਆਂ ਔਰਤਾਂ ਤਾਂ ਹਰ ਵੇਲੇ ਹੀ ਨੱਥ ਪਾਈ ਰੱਖਦੀਆਂ ਹਨ। ਪੰਜਾਬ ਦੇ ਬਹੁਤੇ ਇਲਾਕਿਆਂ ਵਿਚ ਨੱਥ ਦੀ ਸ਼ਕਲ ਥੋੜ੍ਹੀ ਜਿਹੀ ਬਦਲ ਗਈ ਹੈ, ਤਾਂ ਵੀ ਇਹ ਸਾਰੇ ਨਮੂਨੇ ਨੱਥ ਦੀ ਵਿਗੜੀ ਹੋਈ ਸ਼ਕਲ ਦੇ ਹੀ ਹਨ। ਅੱਜ ਕੱਲ੍ਹ ਪਾਕਿਸਤਾਨ ਵਿਚ ਵਿਆਹ-ਸ਼ਾਦੀਆਂ ਮੌਕੇ ਨੱਥ ਜ਼ਰੂਰੀ ਗਿਣੀ ਜਾਂਦੀ ਹੈ।

ਹਿੰਦੋਸਤਾਨ ਦੇ ਸੂਬਾ ਅਸਾਮ ਵਿਚ ਨੱਥ 17ਵੀਂ ਸਦੀ ਵਿਚ ਆਈ। ਇਸ ਦਾ ਕਾਰਨ ਇਹ ਸੀ ਕਿ ਇਹ ਇਲਾਕਾ ਮੁਗਲਾਂ ਦੇ ਕਬਜ਼ੇ ਵਿਚ ਨਹੀਂ ਸੀ ਰਿਹਾ। ਅੱਜ ਅਸਾਮ ਦੀਆਂ ਜ਼ਨਾਨੀਆਂ ਨੱਥ ਬੜੇ ਸ਼ੌਕ ਨਾਲ ਪਾਉਂਦੀਆਂ ਹਨ। ਉਹ ਇਸ ਨੂੰ ਨਾਕ ਫੂਲ ਜਾਂ ਨਾਕ ਚੰਦਾ ਆਖਦੀਆਂ ਹਨ। ਅਸਾਮੀ ਨੱਥ ਵਿਚ ਮੋਤੀ ਨਹੀਂ ਹੁੰਦੇ। ਇਹ ਅਸਲੋਂ ਸਾਦੀ ਸ਼ਕਲ ਦੀ ਹੁੰਦੀ ਹੈ।

ਨੱਥ ਬਾਰੇ ਵੱਖੋ-ਵੱਖਰੇ ਅਕੀਦੇ ਪੜ੍ਹਨ-ਸੁਣਨ ਵਿਚ ਆਉਂਦੇ ਹਨ। ਕੁਝ ਲੋਕ ਮੁਸਲਮਾਨ ਔਲੀਆ ਦੇ ਮਜ਼ਾਰਾਂ 'ਤੇ ਜਾ ਕੇ ਕੁਝ ਖਾਸ ਮੰਨਤਾਂ ਮੰਨ ਕੇ ਆਪਣੇ ਬਾਲਾਂ ਤੇ ਬਾਲੜੀਆਂ ਨੂੰ ਨੱਥ ਪਵਾਉਂਦੇ ਹਨ। ਪਿੰਡਾਂ ਵਿਚ ਅਸੀਂ ਲੜਾਈ ਝਗੜੇ ਦੌਰਾਨ ਇਕ ਬੜ੍ਹਕ ਆਮ ਹੀ ਸੁਣੀ ਹੋਈ ਹੈ: ਮੈਂ ਤੈਨੂੰ ਨੱਥ ਪਾ ਦਿਆਂਗਾ। ਇਨ੍ਹਾਂ ਸਬਦਾਂ ਵਿਚ ਬਹੁਤ ਵੱਡੀ ਕਹਾਣੀ ਛੁਪੀ ਹੋਈ ਹੈ। ਪਹਿਲੇ ਸਮਿਆਂ ਵਿਚ ਜਦ ਕੋਈ ਅੱਥਰਾ ਜਾਨਵਰ ਮੱਝ, ਢੱਗਾ ਜਾਂ ਊਠ ਕਾਬੂ ਨਹੀਂ ਸੀ ਆਉਂਦਾ ਤਾਂ ਉਸ ਨੂੰ ਨੱਥ ਮਾਰ ਕੇ ਕਾਬੂ ਕੀਤਾ ਜਾਂਦਾ ਸੀ। ਨੱਥ ਵੱਜੀ ਵੇਖ ਅਗਲੇ ਸਮਝ ਜਾਂਦੇ ਸਨ ਕਿ ਇਹ ਡੰਗਰ ਜ਼ਰੂਰ ਆਪਣੇ ਮਾਲਕ ਨੂੰ ਤੰਗ ਕਰਦਾ ਹੋਵੇਗਾ। ਉਂਜ ਵੀ ਅਸੀਂ ਆਮ ਜਾਨਵਰਾਂ ਨੂੰ ਨੱਥਾਂ ਵੱਜੀਆਂ ਵੇਖਦੇ ਹਾਂ। ਜਾਨਵਰਾਂ ਵਿਚ ਸਭ ਤੋਂ ਖਤਰਨਾਕ ਤੇ ਖੂਨੀ ਜਾਨਵਰ ਰਿੱਛ ਹੈ। ਰਿੱਛ ਨੱਥ ਤੋਂ ਬਿਨਾ ਕਦੇ ਕਾਬੂ ਨਹੀਂ ਆ ਸਕਦਾ। ਏਡਾ ਖਤਰਨਾਕ ਜਾਨਵਰ ਛੋਟੀ ਜਿਹੀ ਨੱਥ ਨੇ ਕਾਬੂ ਕੀਤਾ ਹੋਇਆ ਹੈ। ਮੈਂ ਆਪਣੇ ਜੀਵਨ ਵਿਚ ਤਕਰੀਬਨ ਜਾਨਵਰਾਂ ਨੂੰ ਨੱਥਾਂ ਪਾਈਆਂ ਦੇਖੀਆਂ ਹਨ, ਪਰ ਇਕ ਵਾਰ ਮੈਂ ਇਕ ਅਜੀਬ ਜਾਨਵਰ ਨੂੰ ਬੜੇ ਵੱਖਰੇ ਅੰਦਾਜ਼ ਵਿਚ ਨੱਥ ਪਾਈ ਦੇਖੀ। ਮੈਂ ਇਕ ਦਿਨ ਖੇਤਾਂ ਵਿਚ ਆਪਣੇ ਡੇਰੇ 'ਤੇ ਬੈਠਾ ਸਾਂ ਤਾਂ ਇਕ ਜੋਗੀ ਮੇਰੇ ਕੋਲ ਆਇਆ। ਉਸ ਕੋਲ ਵੱਖ-ਵੱਖ ਤਰ੍ਹਾਂ ਦੇ ਸੱਪ ਸਨ। ਉਸ ਨੇ ਮੈਨੂੰ ਕਈ ਸੱਪ ਦਿਖਾਏ, ਪਰ ਇਕ ਸੱਪ ਅਜਿਹਾ ਸੀ ਜਿਸ ਨੂੰ ਉਸ ਨੇ ਨੱਥ ਮਾਰ ਕੇ ਕਾਬੂ ਕੀਤਾ ਹੋਇਆ ਸੀ।

ਪਿਛਲੇ ਹਜ਼ਾਰ ਸਾਲਾਂ ਤੋਂ ਨੱਥ ਭਾਰਤੀ ਉਪ ਮਹਾਂਦੀਪ ਵਿਚ ਬੜੇ ਸ਼ੌਕ ਨਾਲ ਪਾਈ ਜਾਂਦੀ ਹੈ। ਖਾਸ ਕਰ ਵਿਆਹ-ਸ਼ਾਦੀ ਮੌਕੇ ਕੋਈ ਵੀ ਸੁਹਾਗਣ ਨੱਥ ਬਿਨਾ ਚੰਗੀ ਨਹੀਂ ਲਗਦੀ। ਖੁਸ਼ੀ ਦੇ ਵੇਲੇ ਔਰਤਾਂ ਨੱਥ ਪਾ ਕੇ ਬਹੁਤ ਖੁਸ਼ ਹੁੰਦੀਆਂ ਹਨ ਤੇ ਵੱਖਰਾ ਅਨੰਦ ਮਹਿਸੂਸ ਕਰਦੀਆਂ ਹਨ। ਨੱਥ ਨੂੰ ਵੱਖ-ਵੱਖ ਸਮਿਆਂ ਵਿਚ ਵੱਖ-ਵੱਖ ਅਕਾਰਾਂ ਵਿਚ ਵੰਡਿਆ ਗਿਆ ਹੈ। ਕਈ ਇਲਾਕਿਆਂ ਵਿਚ ਨੱਥ ਬੜੀ ਚੌੜੀ ਹੁੰਦੀ ਹੈ ਤੇ ਕਈ ਇਲਾਕਿਆਂ ਵਿਚ ਜ਼ਨਾਨੀਆਂ ਛੋਟੀ ਨੱਥ ਪਾਉਂਦੀਆਂ ਹਨ। ਕਈ ਇਲਾਕਿਆਂ ਵਿਚ ਔਰਤਾਂ ਨੱਥ ਨਾਲ ਸੋਨੇ ਦੀ ਚੇਨ ਪਾ ਕੇ ਕੰਨ ਨਾਲ ਲਪੇਟ ਲੈਂਦੀਆਂ ਹਨ। ਸਾਰੇ ਗਹਿਣੇ ਬਹੁਤ ਚੰਗੇ ਹਨ, ਪਰ ਸਾਰੇ ਗਹਿਣੇ ਗੁਲਾਮੀ ਦੀ ਨਿਸ਼ਾਨੀ ਵੀ ਮੰਨੇ ਜਾਂਦੇ ਹਨ। ਉਂਜ, ਸਮੇਂ ਨੇ ਇਨ੍ਹਾਂ ਨੂੰ ਸਾਡੀਆਂ ਖੁਸ਼ੀਆਂ ਵਿਚ ਵੱਡਾ ਮੁਕਾਮ ਦੇ ਦਿੱਤਾ ਹੈ। ਅੱਜ ਅਸੀਂ ਗੁਲਾਮੀ ਦੀਆਂ ਇਨ੍ਹਾਂ ਨਿਸ਼ਾਨੀਆਂ ਨੂੰ ਭੁੱਲ ਕੇ ਆਪਣੇ ਸਭਿਆਚਾਰ ਵਿਚ ਵੱਡੀ ਥਾਂ ਦੇ ਦਿੱਤੀ ਹੈ ਜਿਸ ਦਾ ਨਜ਼ਾਰਾ ਤੁਸੀਂ ਆਪਣੇ ਆਲੇ-ਦੁਆਲੇ ਦੇਖ ਸਕਦੇ ਹੋ।

ਹਰ ਬੰਦਾ ਆਪਣੀ ਹੈਸੀਅਤ ਮੁਤਾਬਿਕ ਗਹਿਣਿਆਂ ਦਾ ਬੜੀ ਖੁਸ਼ੀ ਨਾਲ ਇਸਤੇਮਾਲ ਕਰਦਾ ਹੈ। ਇਨ੍ਹਾਂ ਤੋਂ ਬਗੈਰ ਸੱਜ-ਵਿਆਹੀਆਂ ਚੰਗੀਆਂ ਨਹੀਂ ਲਗਦੀਆਂ। ਉਨ੍ਹਾਂ ਦੀ ਖਾਹਿਸ਼ ਹੁੰਦੀ ਹੈ ਕਿ ਸਹੁਰੇ ਚੰਗੇ ਤੇ ਚੋਖੇ ਜ਼ੇਵਰ ਪਾਉਣ ਤਾਂ ਕਿ ਉਹ ਆਪਣੇ ਪੇਕਿਆਂ ਵਿਚ ਗੱਲ ਕਰ ਸਕਣ ਕਿ ਸਹੁਰਿਆਂ ਨੇ ਵੱਧ ਤੋਂ ਵੱਧ ਜ਼ੇਵਰ ਪਾਏ ਹਨ। ਹਰ ਕੋਈ ਆਪਣਾ ਨੱਕ ਉਚਾ ਕਰਨ ਲਈ ਕਰਜ਼ਾ ਚੁੱਕਣ ਲਈ ਤਿਆਰ ਹੈ। ਇਸ ਤੋਂ ਵੱਡੀ ਗੱਲ ਕੀ ਹੋ ਸਕਦੀ ਹੈ ਕਿ ਅਸੀਂ ਗੁਲਾਮੀ ਦੀਆਂ ਨਿਸ਼ਾਨੀਆਂ ਨੂੰ ਆਪਣੀ ਇੱਜਤ ਦਾ ਸਾਮਾਨ ਬਣਾ ਲਿਆ ਹੈ!

# ਸੱਸ ਮੇਰੀ ਨੇ ਨੱਥ ਘੜਾਈ...

ਪੰਜਾਬੀ ਔਰਤਾਂ ਦੀ ਜਿਥੇ ਸੱਗੀ ਨਾਲ ਗੂੜ੍ਹੀ ਪ੍ਰੀਤ ਹੈ, ਉਥੇ ਛੋਟੇ ਗਹਿਣੇ ਪਾ ਕੇ ਖੁਸ਼ ਹੁੰਦੀਆਂ ਹਨ। ਨੱਕ ਵਿਚ ਪਾਉਣ ਵਾਲੇ ਗਹਿਣਿਆਂ ਵਿਚ ਲੌਂਗ, ਤੀਲੀ ਤੇ ਕੋਕਾ ਆਦਿ ਨਿੱਕੇ ਗਹਿਣੇ ਹਨ। ਕੰਨ ਵਿੰਨ੍ਹਣ ਵਾਂਗ ਨੱਕ 'ਚ ਗਹਿਣੇ ਪਾਉਣ ਲਈ ਨੱਕ ਵਿੰਨ੍ਹਣਾ ਪੈਂਦਾ ਹੈ। ਪਹਿਲੀਆਂ ਵਿਚ ਨੱਕ,

**ਪਰਮਜੀਤ ਕੌਰ ਸਰਹਿੰਦ**

ਕੰਨ ਆਮ ਤੌਰ 'ਤੇ ਸੁਨਿਆਰੇ ਤੋਂ ਵਿੰਨ੍ਹਾਏ ਜਾਂਦੇ, ਪਰ ਕਈ ਮਾਹਰ ਔਰਤਾਂ ਵੀ ਵਿੰਨ੍ਹ ਲੈਂਦੀਆਂ। ਸੁਨਿਆਰਾ ਤਾਂ ਚਾਂਦੀ ਦੀ ਇਕ ਸਿਰੇ ਤੋਂ ਤਿੱਖੀ ਪਤਲੀ ਜਿਹੀ ਤਾਰ ਨਾਲ ਨੱਕ ਵਿੰਨ੍ਹਦਾ ਤੇ ਇਸ ਨੂੰ ਨੱਕ ਦੇ ਬਾਹਰ ਦੂਜੇ ਸਿਰੇ ਨਾਲ ਮਰੋੜੀ ਦੇ ਕੇ ਬੰਦ ਕਰ ਦਿੰਦਾ। ਇਸ ਤਾਰ ਨੂੰ 'ਮੁਰਕੀ' ਕਿਹਾ ਜਾਂਦਾ। ਜਦੋਂ ਨੱਕ ਵਿਚ ਛੇਕ ਠੀਕ ਹੋ ਜਾਂਦਾ ਤਾਂ ਮੁਰਕੀ ਕੱਢ ਦਿੱਤੀ ਜਾਂਦੀ। ਛੋਟੀ ਉਮਰ ਦੀਆਂ ਕੁੜੀਆਂ ਬਾਂਸ ਦੀ ਸੂਹਣੀ (ਝਾੜੂ) ਦੀ ਤੀਲ੍ਹ ਦਾ ਤਿੱਖਾ ਸਿਰਾ ਤੋੜ ਕੇ ਨੱਕ ਵਿਚਲੇ ਛੇਕ ਵਿਚ ਪਾ ਲੈਂਦੀਆਂ। ਨਿੰਮ ਦਾ ਪਤਲਾ ਜਿਹਾ ਡੱਕਾ ਵੀ ਨੱਕ ਵਿਚ ਪਾ ਲਿਆ ਜਾਂਦਾ। ਉਸ ਨਾਲ ਨੱਕ ਦਾ ਛੇਕ ਪੱਕਦਾ ਦੁਖਦਾ ਨਹੀਂ। ਇਹ ਡੱਕੇ ਤੀਲ੍ਹੇ ਨੱਕ ਦਾ ਛੇਕ ਕਾਇਮ ਰੱਖਣ ਲਈ ਪਾਏ ਜਾਂਦੇ। ਕੁਆਰੀਆਂ ਨੱਕ ਦਾ ਛੇਕ ਬੰਦ ਹੋਣ ਦੇ ਡਰੋਂ ਚਾਂਦੀ ਦੀ ਮੇਖ, ਰੇਖ ਜਾਂ ਤੀਲ੍ਹੀ ਵੀ ਨੱਕ ਵਿਚ ਪਾ ਲੈਂਦੀਆਂ।

ਆਮ ਤੌਰ 'ਤੇ ਪੇਂਡੂ ਸਮਾਜ 'ਚ ਕੁਆਰੀਆਂ ਕੁੜੀਆਂ ਗਹਿਣਾ ਗੱਟਾ ਨਹੀਂ ਸਨ ਪਾਉਂਦੀਆਂ, ਪਰ ਉਨ੍ਹਾਂ ਦੇ ਨੱਕ ਕੰਨ ਇਸ ਲਈ ਵਿੰਨ੍ਹਾ ਦਿੱਤੇ ਜਾਂਦੇ ਕਿ ਵੱਡੀ ਉਮਰੇ ਨੱਕ ਕੰਨ ਦੀ ਪੇਪੜੀ ਸਖਤ ਤੇ ਮੋਟੀ ਹੋ ਜਾਣ ਕਾਰਨ ਔਖੀ ਵਿੰਨ੍ਹੀ ਜਾਊ ਤੇ ਉਹਦੇ ਪੱਕ ਜਾਣ ਦਾ ਡਰ ਰਹੂ। ਪੰਜਾਬਣਾਂ ਬਹੁਤਾ ਖੱਬੇ ਪਾਸੇ ਨੱਕ ਵਿੰਨ੍ਹਾਉਂਦੀਆਂ। ਕਈ ਸੂਬਿਆਂ ਵਿਚ ਖੱਬੇ ਸੱਜੇ-ਦੋਵੇਂ ਪਾਸੇ ਵੀ ਨੱਕ ਵਿੰਨ੍ਹੇ ਜਾਂਦੇ।

ਗਹਿਣੇ ਔਰਤ ਦੇ ਸੁਹਾਗਣ ਹੋਣ ਦੇ ਪ੍ਰਤੀਕ ਵੀ ਹਨ। ਕਿਸੇ ਦੇ ਪਤੀ ਦੀ ਮੌਤ ਹੋ ਜਾਣ 'ਤੇ ਚੂੜੀਆਂ ਤੋੜ ਦੇਣ ਵਾਂਗੂੰ ਨੱਕ ਵਿਚੋਂ ਕੋਕਾ ਜਾਂ ਤੀਲ੍ਹੀ ਆਦਿ ਵੀ ਕੱਢ ਦਿੱਤੀ ਜਾਂਦੀ। ਭਾਵੇਂ ਹੁਣ ਇਨ੍ਹਾਂ ਬੇਅਰਥ ਰਿਵਾਜਾਂ ਨੂੰ ਬਹੁਤ ਹੱਦ ਤੱਕ ਨਕਾਰਿਆ ਜਾ ਚੁਕਾ ਹੈ, ਪਰ ਪੂਰੀ ਤਰ੍ਹਾਂ ਖਤਮ ਨਹੀਂ ਹੋਏ। ਨੱਥ ਤੇ ਲੌਂਗ ਜਿਥੇ ਮੁਟਿਆਰਾਂ ਦੇ ਨੱਕ ਦਾ ਸ਼ਿੰਗਰ ਬਣੇ, ਉਥੇ ਇਹ ਪੰਜਾਬੀ ਲੋਕ ਗੀਤਾਂ ਦਾ ਸ਼ਿੰਗਾਰ ਵੀ ਬਣ ਗਏ। ਮਿਸਾਲ ਵਜੋ:

-ਐਥੇ ਮੇਰੀ ਨੱਥ ਡਿੱਗ ਪਈ,
ਨਿਉਂ ਕੇ ਫੜੀਂ ਜੁਆਨਾ।
-ਪਿੱਛੇ-ਪਿੱਛੇ ਆਉਂਦਾ
ਮੇਰੀ ਚਾਲ ਵੇਂਹਦਾ ਆਈਂ
ਚੀਰੇ ਵਾਲਿਆਂ ਵੇਖਦਾ ਆਈਂ ਵੇ
ਮੇਰਾ ਲੌਂਗ ਗੁਆਚਾ...।

ਲੌਂਗ ਨੂੰ ਸਭ ਤੋਂ ਵੱਧ ਮਸ਼ਹੂਰ ਕੀਤਾ ਲੋਕ ਕਾਵਿ ਦੀ ਇਕ ਤੁਕੀ ਬੋਲੀ 'ਤੇਰੇ ਲੌਂਗ ਦਾ ਪਿਆ ਲਿਸ਼ਕਾਰਾ, ਹਾਲੀਆਂ ਨੇ ਹਲ ਡੱਕ ਲਏ' ਨੇ, ਪਰ ਹੁਣ ਨਾ ਕੋਈ ਪੰਜਾਬੀ ਬਲਦਾਂ ਦੀ ਜੋਗ ਨਾਲ ਹਲ ਵਾਹੁੰਦਾ ਹੈ ਅਤੇ ਨਾ ਲੌਂਗ ਵਾਲੀ ਹਾਲੀਆਂ ਦੀ ਰੋਟੀ ਲੈ ਕੇ ਜਾਂਦੀ ਹੈ। ਜੇ ਕੋਈ ਲੌਂਗ ਵਾਲੀ ਖੇਤਾਂ ਵੱਲ ਜਾਂਦੀ ਵੀ ਹੈ ਤਾਂ ਉਸ ਦੇ ਲੌਂਗ ਦੇ ਲਿਸ਼ਕਾਰੇ ਦਾ ਜ਼ਿਕਰ ਮਰਹੂਮ ਕਵੀ ਸ਼ਮਸ਼ੇਰ ਨਿਰਮਲ ਇਨ੍ਹਾਂ ਸਤਰਾਂ ਵਿਚ ਕਰਦਾ ਹੋਇਆ ਬੀਤੇ ਅਤੇ ਵਰਤਮਾਨ ਨੂੰ ਨਿਖੇੜ ਕੇ ਕਹਿੰਦਾ ਹੈ:

ਹੁਣ ਤਾਂ ਅੜੀਏ ਟਰੈਕਟਰ ਦੇ ਪਹੀਏ ਥੱਲੇ
ਆ ਜਾਂਦੈ ਲੌਂਗ ਦਾ ਲਿਸ਼ਕਾਰਾ
ਤੇ ਤਿੜ-ਤਿੜ ਕਰਕੇ ਟੁੱਟਦੀਆਂ ਨੇ
ਮੋਟਰਾਂ 'ਤੇ ਵੰਗਾਂ
ਜੇ ਤੈਨੂੰ ਪਤਾ ਸੀ ਘੜੇ ਦੇ ਪਿੱਲੇ ਹੋਣ ਦਾ
ਭਲਾ ਤੈਂ ਕਾਹਨੂੰ ਡੁੱਬਣਾ ਸੀ?

ਲੌਂਗ ਤੇ ਕੋਕਾ ਇਕੋ ਜਿਹੀ ਸ਼ਕਲ ਦੇ ਸਾਦੇ ਗਹਿਣੇ ਹਨ ਅਤੇ ਅਜੇ ਵੀ ਪਹਿਨੇ ਜਾਂਦੇ ਹਨ। ਆਮ ਤੌਰ 'ਤੇ ਲੌਂਗ ਨੱਕ ਦੇ ਖੱਬੇ ਪਾਸੇ ਪਾਇਆ ਜਾਂਦਾ ਹੈ। ਤੀਲੀ ਸੋਨੇ ਦੀ ਬਾਰੀਕ ਡੰਡੀ ਉਤੇ ਨਿੱਕੀ ਜਿਹੀ ਡੋਡੀ ਵਾਲੀ ਜਾਂ ਉਪਰੋਂ ਥੋੜ੍ਹੀ ਮੋਟੀ ਹੁੰਦੀ ਹੈ। ਅੰਦਰਲੇ ਪਾਸੇ ਡੰਡੀ ਵਿਚ ਛੋਟਾ ਜਿਹਾ ਵਾਸ਼ਲ ਨੁਮਾ ਪੇਚ ਹੁੰਦਾ ਹੈ। ਤੀਲ੍ਹੀ ਨੱਕ ਦੇ ਛੇਕ 'ਚੋਂ ਉਪਰੋਂ ਪਾਈ ਜਾਂਦੀ ਤੇ ਅੰਦਰ ਵੱਲ ਪੇਚ ਲਾ ਦਿੱਤਾ ਜਾਂਦਾ ਹੈ। ਇਹ ਨੱਕ ਦੇ ਬਾਹਰ ਬਹੁਤੀ ਨਹੀਂ ਦਿਸਦੀ ਬਸ, ਨੱਕ ਦਾ ਛੇਕ ਕਾਇਮ ਰੱਖਣ ਨੂੰ ਪਾਈ ਜਾਂਦੀ ਹੈ। ਲੌਂਗ, ਨੱਕ ਦੇ ਬਾਹਰ ਵੀ ਦਿੱਸਦਾ ਹੈ। ਇਸ ਦੇ ਸਿਰੇ 'ਤੇ ਅਸਲੀ ਲੌਂਗ ਵਾਂਗੂੰ ਨਿੱਕਾ ਜਿਹਾ ਫੁੱਲ ਹੁੰਦਾ ਹੈ। ਲੌਂਗ ਵਿਚ ਨਗ ਮੋਤੀ ਵੀ ਜੜਾ ਲਏ ਜਾਂਦੇ। ਲੌਂਗ ਦੀ ਮਹਿਮਾ 'ਚ ਗੀਤ ਰਚੇ ਗਏ ਹਨ ਤਾਂ ਦਿਖਾਵੇ ਲਈ ਬਿਗਾਨਾ ਗਹਿਣਾ ਪਾਉਣ ਨੂੰ ਨਿੰਦਿਆ ਵੀ ਗਿਆ ਹੈ:

ਨੱਕ ਦੀ ਜੜ੍ਹ ਪੱਟ ਲਈ,
ਪਾ ਕੇ ਲੌਂਗ ਬੇਗਾਨਾ।

ਕੋਕੇ ਦਾ ਜ਼ਿਕਰ ਲੌਂਗ ਦੇ ਮੁਕਾਬਲੇ ਘੱਟ ਮਿਲਦਾ ਹੈ, ਪਰ ਹੰਸ ਰਾਜ ਹੰਸ ਹੋਕਾ ਦਿੰਦਾ ਹੈ:

ਨੱਚਣ ਤੋਂ ਪਹਿਲਾਂ ਹੋਕਾ ਦਿਆਂਗੇ,
ਇਕ ਸੋਨੇ ਦਾ ਕੋਕਾ ਦਿਆਂਗੇ...।

ਨੱਥ ਤੇ ਮੱਛਲੀ ਪਿੰਡਾਂ ਵਿਚ ਔਰਤਾਂ ਆਮ ਨਹੀਂ ਸਨ ਪਾਉਂਦੀਆਂ। ਇਹ ਵੱਡੇ ਘਰਾਂ ਦੀਆਂ ਨੂੰਹਾਂ ਧੀਆਂ ਨੂੰ ਹੀ ਨਸੀਬ ਹੁੰਦੀ। ਨੱਥਲੀ, ਨੱਥ ਦਾ ਛੋਟਾ ਰੂਪ ਹੈ। ਨੱਥਲੀ ਇਕ ਨਿੱਕੀ ਵਾਲੀ ਵਾਂਗ ਹੁੰਦੀ ਜੋ ਕੋਕੇ ਆਦਿ ਦੇ ਥਾਂ ਪਾ ਲਈ ਜਾਂਦੀ ਹੈ। ਨੱਥ ਦਾ ਆਕਾਰ ਵੱਡਾ ਹੁੰਦਾ ਹੈ। ਇਹ ਵੀ ਪਾਈ ਤਾਂ ਨੱਥਲੀ ਵਾਂਗ ਜਾਂਦੀ, ਪਰ ਇਹ ਵੱਡੀ ਹੁੰਦੀ ਤੇ ਇਸ ਨੂੰ ਸੋਨੇ ਦੀਆਂ ਪੱਤੀਆਂ ਜਾਂ ਮੋਤੀ ਵਗੈਰਾ ਲੱਗੇ ਹੁੰਦੇ ਅਤੇ ਇਹ ਨੱਕ 'ਤੇ ਝੂਲਦੀ ਬਹੁਤ ਦਿਲਕਸ਼ ਜਾਪਦੀ। ਨੱਥ ਨਾਲ ਮੋਤੀਆਂ ਜਾਂ ਸੋਨੇ ਦੀ ਲੜੀ ਵੀ ਹੁੰਦੀ ਜੋ ਹੁੱਕ ਵਾਲੀ ਹੁੰਦੀ। ਉਸ ਨੂੰ ਖੱਬੇ ਪਾਸੇ ਦੇ ਕੰਨ ਕੋਲ ਉਪਰ ਕਰਕੇ ਵਾਲਾਂ ਵਿਚ ਟੰਗ ਦਿੱਤਾ ਜਾਂਦਾ। ਇਹ ਅਸਲ ਵਿਚ ਨੱਥ ਨੂੰ ਸਹਾਰਾ ਦੇਣ ਲਈ ਹੁੰਦੀ ਤਾਂ ਜੋ ਨੱਥ ਦੇ ਬੋਝ ਨਾਲ ਨੱਕ ਨਾ ਦੁਖੇ। ਨੱਥ, ਵਿਆਹ ਵਾਲੀ ਕੁੜੀ ਵਿਆਹ ਸਮੇਂ ਪਾਉਂਦੀ। ਪਿੰਡਾਂ ਵਿਚ ਇਹ ਗਹਿਣਾ ਵੀ ਘੱਟ ਦਿੱਸਦਾ ਸੀ। ਅੱਜ ਸੋਨੇ ਦੀ ਨੱਥ ਬਹੁਤ ਘੱਟ ਦੇਖਣ ਨੂੰ ਮਿਲਦੀ ਹੈ ਤੇ ਵਿਆਹ ਸਮੇਂ ਕਈ ਕੁੜੀਆਂ ਬਣਾਉਟੀ ਨੱਥ ਜ਼ਰੂਰ ਪਾ ਲੈਂਦੀਆਂ ਹਨ। ਅਣਜੋੜ ਵਰ ਵਾਲੀ ਮੁਟਿਆਰ ਤਾਂ ਨੱਥ ਨੂੰ ਦੇਖ-ਦੇਖ ਝੂਰਦੀ ਹੈ:

ਸੱਸ ਮੇਰੀ ਨੇ ਨੱਥ ਘੜਾਈ,
ਮੈਨੂੰ ਕਹਿੰਦੀ ਪਾ ਕੁੜੇ
ਮਾਹੀ ਤਾਂ ਮੇਰਾ ਲੂਣ ਘੋਟਣਾ,
ਪਾਵਾਂ ਕੀਹਦੇ ਚਾਅ ਕੁੜੇ।

ਨੱਥ ਮੱਛਲੀ ਭਾਵੇਂ ਅੱਡ-ਅੱਡ ਗਹਿਣੇ ਹਨ, ਫਿਰ ਵੀ ਕਈ ਥਾਂਈਂ ਇਕੱਠਾ ਨੱਥ ਮੱਛਲੀ ਸ਼ਬਦ ਵੀ ਵਰਤਿਆ ਜਾਂਦਾ ਹੈ। ਮੱਛਲੀ ਸ਼ਬਦ 'ਮੰਝਲੀ' ਤੋਂ ਬਣਿਆ ਕਿਹਾ ਜਾਂਦਾ ਹੈ। ਮੰਝਲੀ ਤੋਂ ਭਾਵ ਵਿਚਕਾਰਲੀ ਹੈ। ਇਹ ਗਹਿਣਾ ਕਿਉਂਕਿ ਨੱਕ ਦੇ ਇਕ ਪਾਸੇ ਨਹੀਂ, ਬਲਕਿ ਨੱਕ ਦੀ ਵਿਚਕਾਰਲੀ ਸਖਤ ਪੇਪੜੀ ਦੇ ਅਗਲੇ ਹਿੱਸੇ ਵਿਚ ਛੇਕ ਕਰਕੇ ਪਾਇਆ ਜਾਂਦਾ ਹੈ, ਜਿਸ ਨੂੰ ਨੱਕ ਦੀ ਨਕੋਲੀ ਕਿਹਾ ਜਾਂਦਾ ਹੈ। ਪਿੰਡਾਂ ਵਿਚ ਨੱਕ ਦੀ ਨਕੋਲੀ ਨੂੰ ਵਿੰਨ੍ਹਾਉਣ ਦਾ ਰਿਵਾਜ ਬਹੁਤ ਘੱਟ ਸੀ, ਪਰ ਜੇ ਕਿਸੇ ਨੇ ਮੱਛਲੀ ਪਾਈ ਹੁੰਦੀ, ਉਸ ਮੁਟਿਆਰ ਦਾ ਰੂਪ ਦੂਣ ਸਵਾਇਆ ਹੋ ਜਾਂਦਾ। ਮੱਛਲੀ ਵੀ ਸੋਨੇ ਦੀ ਗੋਲ 'ਵਾਲੀ' ਵਰਗੀ ਹੁੰਦੀ। ਇਸ ਨੂੰ ਸੋਨੇ ਦੇ ਬੋਰ ਜਾਂ ਬਾਰੀਕ-ਬਾਰੀਕ ਪੱਤੇ ਲੱਗੇ ਹੁੰਦੇ। ਨਕੋਲੀ ਵਿਚ ਪਾਈ ਮੱਛਲੀ ਪਹਿਨਣ ਵਾਲੀ ਦੇ ਬੁੱਲ੍ਹਾਂ ਨੂੰ ਛੂੰਹਦੀ। ਇਹ ਖੂਬਸੂਰਤ ਗਹਿਣਾ ਘੜਾਉਣ ਲਈ ਕੋਈ ਨੱਢੀ ਮਜ਼ਾਕ 'ਚ ਕਹਿੰਦੀ:

ਸੁਨਿਆਰੇ ਦਿਆ ਮੁੰਡਿਆ ਵੇ,
ਮੇਰੀ ਮੱਛਲੀ ਘੜ ਦੇ
ਉਤੇ ਪਾ ਦੇ ਮੋਰਨੀਆਂ,
ਵੇ ਮੈਂ ਸੱਸ ਮੁਕਲਾਵੇ ਤੋਰਨੀ ਆਂ।

ਕਈ ਵਾਰ ਕਿਸੇ ਮੁਟਿਆਰ ਦੀ ਮੱਛਲੀ ਚਰਚਾ ਦਾ ਵਿਸ਼ਾ ਬਣ ਜਾਂਦੀ ਤੇ ਸੁਣਨਾ ਪੈਂਦਾ:

ਸੁਣ ਨੀਂ ਕੁੜੀਏ ਮੱਛਲੀ ਵਾਲੀਏ,
ਮੱਛਲੀ ਨਾ ਚਮਕਾਈਏ
ਹੱਟੀ ਭੱਠੀ 'ਤੇ ਚਰਚਾ ਹੁੰਦੀ,
ਚਰਚਾ ਨਾ ਕਰਵਾਈਏ
ਆਪਣੇ ਮਾਪਿਆਂ ਦੀ,
ਫੁੱਲ ਵਰਗੀ ਰੱਖ ਜਾਈਏ।




# ਸ਼ਤਰੰਜ ਕੇ ਖਿਲਾੜੀ

1977 ਵਿਚ ਬਣੀ ਫਿਲਮ 'ਸ਼ਤਰੰਜ ਕੇ ਖਿਲਾੜੀ' (ਡਾਇਰੈਕਟਰ: ਸਤਿਆਜੀਤ ਰੇਅ) ਮੁਨਸ਼ੀ ਪ੍ਰੇਮ ਚੰਦ ਦੀ ਇਸੇ ਨਾਂ ਦੀ ਕਹਾਣੀ 'ਤੇ ਆਧਾਰਤ ਹੈ। ਇਸ ਦੀ ਕਹਾਣੀ ਈਸਟ ਇੰਡਿਆ ਕੰਪਨੀ ਵਲੋਂ ਅਵਧ ਦੇ ਰਾਜ ਨੂੰ ਆਪਣੇ ਅਧੀਨ ਕਰਨ ਦੀ ਇਤਿਹਾਸਕ ਘਟਨਾ ਨਾਲ ਸੰਬੰਧਤ ਹੈ। ਫਿਲਮ ਵਿਚ ਅਵਧ ਦੇ ਨਵਾਬ/ਜਗੀਰਦਾਰ ਸ਼ਤਰੰਜ ਖੇਡਣ ਵਿਚ ਇਸ ਤਰ੍ਹਾਂ ਮਸਤ ਦਿਖਾਏ ਗਏ ਹਨ ਕਿ ਉਨ੍ਹਾਂ ਨੂੰ ਆਪਣੇ ਘਰ ਅਤੇ ਰਾਜ ਦੇ ਕਿਸੇ ਵੀ ਕਾਰਜ ਵਿਚ ਕੋਈ ਦਿਲਚਸਪੀ ਨਹੀਂ। ਉਹ ਜ਼ਿੰਦਗੀ ਵਿਚ ਖਾਂਦੇ/ਪੀਂਦੇ ਹਨ ਅਤੇ ਸ਼ਤਰੰਜ ਖੇਡਦੇ ਹਨ। ਜਦੋਂ ਉਹ ਇਹ ਖੇਡ ਨਹੀਂ ਖੇਡ ਰਹੇ ਹੁੰਦੇ, ਉਦੋਂ ਵੀ ਉਹ ਇਸ ਬਾਰੇ ਸੋਚ ਰਹੇ ਹੁੰਦੇ ਹਨ ਅਤੇ ਨਵੀਆਂ ਚਾਲਾਂ ਘੜ ਰਹੇ ਹੁੰਦੇ ਹਨ ਤਾਂ ਕਿ ਅਗਲੀ ਬਾਜ਼ੀ ਵਿਚ ਆਪਣੇ ਵਿਰੋਧੀ ਨੂੰ ਹਰਾਇਆ ਜਾ ਸਕੇ।

ਅਵਧ ਦਾ ਸੁਲਤਾਨ ਨਵਾਬ ਵਾਜਿਦ ਅਲੀ ਖਾਨ ਆਪਣਾ ਜ਼ਿਆਦਾ ਵਕਤ ਪੰਜ ਵੇਲੇ ਦੀ ਨਮਾਜ ਪੜ੍ਹਨ, ਆਪਣੀਆਂ 400 ਰਖੇਲਾਂ ਦੇ ਸਾਥ ਵਿਚ ਆਨੰਦ ਮਾਨਣ, ਪਤੰਗ ਉਡਾਉਣ ਅਤੇ ਸ਼ਿਅਰੋ ਸ਼ਾਇਰੀ ਕਰਨ ਵਿਚ ਗੁਜ਼ਾਰਦਾ ਹੈ। ਉਸ ਨੂੰ ਆਪਣਾ ਰਾਜ ਭਾਗ ਚਲਾਉਣ ਵਿਚ ਕੋਈ ਦਿਲਚਸਪੀ ਨਹੀਂ। ਅਵਧ ਦੇ ਆਮ ਲੋਕ ਫਿਰ ਵੀ ਉਸ ਨੂੰ ਪਿਆਰ ਕਰਦੇ ਹਨ। ਉਨ੍ਹਾਂ ਨੂੰ ਸੁਲਤਾਨ ਵਿਰੁਧ ਕੋਈ ਸ਼ਿਕਾਇਤ ਨਹੀਂ। ਉਹ ਵੀ ਆਪਣਾ ਸਮਾਂ ਕੁੱਕੜਾਂ ਅਤੇ ਭੇਡੂਆਂ ਦੀਆਂ ਲੜਾਈਆਂ ਦਾ ਤਮਾਸ਼ਾ ਦੇਖਦੇ ਹੋਏ ਗੁਜ਼ਾਰਦੇ ਹਨ। ਹਰ ਪਾਸੇ ਆਨੰਦ ਮੰਗਲ ਹੈ।

ਇਸ ਤਰ੍ਹਾਂ ਦੇ ਮਾਹੌਲ ਵਿਚ ਕੰਪਨੀ ਬਹਾਦਰ (ਈਸਟ ਇੰਡੀਆ ਕੰਪਨੀ) ਅਵਧ ਨੂੰ ਹੜੱਪਣ ਦੇ ਮਨਸੂਬੇ ਬਣਾ ਰਹੀ ਹੈ। ਉਹ ਅਵਧ ਰਾਜ ਨਾਲ ਕੀਤੇ ਅਹਿਦਨਾਮੇ ਵਿਚ ਮੋਰੀਆਂ ਲੱਭ ਰਹੀ ਹੈ ਤਾਂ ਕਿ ਉਸ ਅਹਿਦਨਾਮੇ ਤੋਂ ਮੁਕਰਿਆ ਜਾ ਸਕੇ ਅਤੇ ਅਵਧ ਨੂੰ "ਚੈਰੀ" ਵਾਂਗ ਤੋੜ ਕੇ ਆਪਣੇ ਮੂੰਹ ਵਿਚ ਪਾਇਆ ਜਾ ਸਕੇ। ਜਦੋਂ ਕੰਪਨੀ ਦੇ ਮਨਸੂਬਿਆਂ ਦੀਆਂ ਖਬਰਾਂ ਅਵਧ ਦੇ ਸੁਲਤਾਨ, ਅਵਧ ਦੇ ਨਵਾਬਾਂ/ਜਗੀਰਦਾਰਾਂ ਤੱਕ ਪਹੁੰਚਦੀਆਂ ਹਨ ਤਾਂ ਉਹ ਇਸ ਉਤੇ ਯਕੀਨ ਨਹੀਂ ਕਰਦੇ। ਉਹ ਇਨ੍ਹਾਂ ਨੂੰ ਅਫਵਾਹਾਂ ਸਮਝਦੇ ਹਨ। ਸੁਲਤਾਨ ਇਨ੍ਹਾਂ ਅਫਵਾਹਾਂ ਫੈਲਾਉਣ ਵਾਲਿਆਂ ਨੂੰ ਰਾਜ ਵਿਰੋਧੀ ਗਰਦਾਨਦਾ ਹੈ। ਸ਼ਤਰੰਜ ਦੀ ਖੇਡ ਵਿਚ ਮਸਤ ਰਹਿਣ ਵਾਲਾ ਇਕ ਨਵਾਬ ਦੂਸਰੇ ਨਵਾਬ ਨੂੰ ਬੜੀ ਮਾਸੂਮੀਅਤ ਨਾਲ ਪੁੱਛਦਾ ਹੈ- "ਇਹ ਲੋਕ ਅਜਿਹੀਆਂ ਅਫਵਾਹਾਂ ਕਿਉਂ ਫੈਲਾਉਂਦੇ ਹਨ?"

ਅਖੀਰ 7 ਫਰਵਰੀ 1856 ਨੂੰ ਕੰਪਨੀ ਬਹਾਦਰ ਬਿਨਾਂ ਕੋਈ ਗੋਲੀ ਚਲਾਇਆਂ ਅਵਧ ਨੂੰ ਆਪਣੇ ਅਧੀਨ ਕਰਨ ਵਿਚ ਕਾਮਯਾਬ ਹੋ ਜਾਂਦੀ ਹੈ। ਕਿਸੇ ਪਾਸੇ ਕੋਈ ਵਿਰੋਧ ਨਹੀਂ ਹੁੰਦਾ, ਕੋਈ ਸਵਾਲ ਨਹੀਂ ਪੁੱਛਿਆ ਜਾਂਦਾ। ਸਿਰਫ 13-14 ਸਾਲਾਂ ਦਾ ਮੁੰਡਾ ਸਵਾਲ ਕਰਦਾ ਹੈ ਕਿ ਅਵਧ 'ਤੇ ਅੰਗਰੇਜ਼ਾਂ ਦਾ ਰਾਜ ਹੋ ਗਿਆ, ਪਰ ਕਿਤੇ ਕੋਈ ਗੋਲੀ ਨਹੀਂ ਚੱਲੀ।


ਇਹ ਫਿਲਮ ਬੇਸ਼ੱਕ, ਮੁੱਖ ਰੂਪ ਵਿਚ ਅਵਧ ਦੇ ਨਵਾਬਾਂ ਅਤੇ ਜਗੀਰਦਾਰਾਂ 'ਤੇ ਕੇਂਦਰਿਤ ਹੈ ਅਤੇ ਇਹ ਦਰਸਾਉਂਦੀ ਹੈ ਕਿ ਅਵਧ ਬਿਨਾਂ ਕਿਸੇ ਵਿਰੋਧ ਦੇ ਕੰਪਨੀ ਦੇ ਕਬਜ਼ੇ ਵਿਚ ਇਸ ਲਈ ਆ ਗਿਆ ਸੀ, ਕਿਉਂਕਿ ਅਵਧ ਦਾ ਸੁਲਤਾਨ ਅਤੇ ਉਸ ਦੇ ਨਵਾਬ/ਜਗੀਰਦਾਰ ਆਪਣੇ ਸ਼ੁਗਲ ਮੇਲੇ ਵਿਚ ਮਗਨ ਸਨ ਅਤੇ ਲੜਨ ਲਈ ਤਿਆਰ ਨਹੀਂ ਸਨ; ਪਰ ਜੇ ਅਸੀਂ ਆਪਣਾ ਧਿਆਨ ਇਸ ਫਿਲਮ ਵਿਚ ਦਿਖਾਈ ਈਸਟ ਇੰਡੀਆ ਕੰਪਨੀ ਦੀ ਕਾਰਗੁਜ਼ਾਰੀ 'ਤੇ ਕੇਂਦਰਿਤ ਕਰੀਏ ਤਾਂ ਅਸੀਂ ਅਜੋਕੇ ਹਾਲਾਤ ਵਿਚ ਕਾਰਪੋਰੇਸ਼ਨਾਂ ਦੀ ਭੂਮਿਕਾ ਬਾਰੇ ਬਹੁਤ ਮਹੱਤਵਪੂਰਨ ਜਾਣਕਾਰੀ ਹਾਸਲ ਕਰ ਸਕਦੇ ਹਾਂ, ਕਿਉਂਕਿ ਈਸਟ ਇੰਡਿਆ ਕੰਪਨੀ ਆਖਿਰ ਕਾਰਪੋਰੇਸ਼ਨ ਹੀ ਤਾਂ ਸੀ।

ਇਸ ਫਿਲਮ ਵਿਚ ਦਿਖਾਇਆ ਗਿਆ ਹੈ ਕਿ ਈਸਟ ਇੰਡਿਆ ਕੰਪਨੀ ਦਾ ਮੁੱਖ ਮਕਸਦ ਅਵਧ ਨੂੰ ਆਪਣੇ ਰਾਜ ਵਿਚ ਸ਼ਾਮਲ ਕਰਨਾ ਹੈ। ਇਉਂ ਕਰਨ ਲਈ ਉਹ ਕੋਈ ਵੀ ਢੰਗ ਵਰਤਣ ਲਈ ਤਿਆਰ ਹੈ। ਉਸ ਨੂੰ ਆਪਣੇ ਵਲੋਂ ਕੀਤੇ ਅਹਿਦਨਾਮਿਆਂ ਦੀ ਕੋਈ ਪਰਵਾਹ ਨਹੀਂ। ਜੇ ਉਸ ਦੇ ਕੀਤੇ ਅਹਿਦਨਾਮੇ ਉਸ ਦੇ ਮਕਸਦ ਦੇ ਰਾਹ ਵਿਚ ਰੁਕਾਵਟ ਬਣਦੇ ਹਨ ਤਾਂ ਉਹ ਉਨ੍ਹਾਂ ਨੂੰ ਤੋੜ ਕੇ ਆਪਣੀ ਪਸੰਦ ਦੇ ਨਵੇਂ ਅਹਿਦਨਾਮੇ ਬਣਾਉਣ ਲਈ ਤਿਆਰ ਹੈ। ਆਪਣੇ ਨਵੇਂ ਅਹਿਦਨਾਮਿਆਂ 'ਤੇ ਦਸਤਖਤ ਕਰਵਾਉਣ ਲਈ ਜੇ ਉਸ ਨੂੰ ਤਾਕਤ ਦੀ ਵਰਤੋਂ ਕਰਨ ਦੀ ਵੀ ਲੋੜ ਹੋਵੇ ਤਾਂ ਉਹ ਅਜਿਹਾ ਕਰਨ ਲਈ ਤਿਆਰ ਹੈ। ਆਪਣੇ ਕਾਰਜ ਸਹੀ ਸਿੱਧ ਕਰਨ ਲਈ ਉਹ ਅਵਧ ਦੇ ਸੁਲਤਾਨ ਉਪਰ ਪਰਜਾ ਦੀ ਭਲਾਈ ਨੂੰ ਅਣਗੌਲਿਆਂ ਕਰਨ ਦਾ ਇਲਜ਼ਾਮ ਲਾਉਂਦੀ ਹੈ, ਪਰ ਆਮ ਪਰਜਾ ਦੀ ਭਲਾਈ ਉਸ ਦਾ ਮਕਸਦ ਨਹੀਂ।

ਅਜੋਕੀਆਂ ਕਾਰਪੋਰੇਸ਼ਨਾਂ ਵੀ ਕੁਝ ਇਸ ਤਰ੍ਹਾਂ ਹੀ ਵਰਤਾਓ ਕਰਦੀਆਂ ਹਨ। ਉਨ੍ਹਾਂ ਦਾ ਮਕਸਦ ਸਾਰੀ ਦੁਨੀਆਂ ਨੂੰ ਆਪਣੇ ਸ਼ੇਅਰਹੋਲਡਰਾਂ ਦੇ ਰਾਜ ਦੇ ਅਧੀਨ ਲਿਆਉਣਾ ਹੈ। ਅਜਿਹਾ ਕਰਨ ਲਈ ਉਹ ਹਰ ਰੋਜ਼ ਕਈ ਅਹਿਦਨਾਮੇ ਕਰਦੀਆਂ ਹਨ ਅਤੇ ਕਈ ਅਹਿਦਨਾਮੇ ਤੋੜਦੀਆਂ ਹਨ। ਉਨ੍ਹਾਂ ਦਾ ਮੁੱਖ ਮਕਸਦ ਆਪਣੇ ਸ਼ੇਅਰਹੋਲਡਰਾਂ ਦੀ ਸੇਵਾ ਕਰਨਾ ਹੈ, ਆਮ ਲੋਕਾਂ ਦੀ ਨਹੀਂ। ਆਪਣੇ ਅਸਲੀ ਮੰਤਵਾਂ ਨੂੰ ਲੁਕਾਉਣ ਲਈ ਬੇਸ਼ੱਕ ਉਹ "ਜ਼ਿੰਮੇਵਾਰ ਕਾਰਪੋਰੇਸ਼ਨਾਂ" ਵਰਗੀ ਭਾਸ਼ਾ ਵਰਤ ਕੇ ਆਮ ਲੋਕਾਂ ਦੀ ਭਲਾਈ ਦੀ ਗੱਲ ਵੀ ਕਰਦੀਆਂ ਰਹਿੰਦੀਆਂ ਹਨ। ਇਸ ਫਿਲਮ ਤੋਂ ਸਿੱਖਣ ਵਾਲੀ ਇਕ ਹੋਰ ਮਹੱਤਵਪੂਰਨ ਗੱਲ ਇਹ ਹੈ ਕਿ ਕਾਰਪੋਰੇਸ਼ਨਾਂ ਦੇ ਮਨਸੂਬਿਆਂ ਬਾਰੇ ਖਬਰਾਂ ਦੇਣ ਵਾਲੇ ਲੋਕ 'ਅਫਵਾਹਾਂ ਉਡਾਉਣ' ਵਾਲੇ 'ਰਾਜ ਧਰੋਹੀ' ਨਹੀਂ ਹੁੰਦੇ, ਸਗੋਂ ਉਹ ਆਮ ਲੋਕਾਂ ਦੇ ਰਾਜ ਦੇ ਸ਼ੁਭਚਿੰਤਕ ਹੁੰਦੇ ਹਨ।

**-ਸੁਖਵੰਤ ਹੁੰਦਲ**




# ਬਦਲਵੇਂ ਬੁਰਜ ਦੀ ਉਸਾਰੀ

## ਹਕੀਕਤ ਦੇ ਆਰ-ਪਾਰ ਝਾਕਦੀਆਂ ਦੋ ਲਘੂ ਫਿਲਮਾਂ










*ਉਪਰ: ਫਿਲਮ 'ਜੂਸ' ਅਤੇ ਕਾਊਂਟਰਫੀਟ ਕੁਨਕੂ' ਦੇ ਪੋਸਟਰ ਅਤੇ ਹੇਠਾਂ ਫਿਲਮਸਾਜ਼ ਨੀਰਜ ਗੇਵਨ ਅਤੇ ਰੀਮਾ ਸੇਨਗੁਪਤਾ।*

'ਮਸਾਨ' ਵਰਗੀ ਤਕੜੀ ਫਿਲਮ ਭਾਰਤੀ ਦਰਸ਼ਕਾਂ ਨੂੰ ਦੇਣ ਵਾਲਾ ਨੌਜਵਾਨ ਫਿਲਮਸਾਜ਼ ਨੀਰਜ ਗੇਵਨ ਹੁਣ ਲਘੂ ਫਿਲਮ ਲੈ ਕੇ ਆਇਆ ਹੈ। ਇਸ ਫਿਲਮ ਦਾ ਨਾਂ ਹੈ 'ਜੂਸ' ਅਤੇ ਇਸ ਵਿਚ ਉਸ ਨੇ ਮਰਦ ਪ੍ਰਧਾਨ ਸਮਾਜ ਵਿਚ ਔਰਤਾਂ ਨਾਲ ਨਿੱਤ ਹੁੰਦੀ ਧੱਕੇਸ਼ਾਹੀ ਬਿਆਨ ਕੀਤੀ ਹੈ। ਇਸ ਫਿਲਮ ਵਿਚ ਮੁੱਖ ਅਦਾਕਾਰੀ ਸ਼ੈਫਾਲੀ ਸ਼ਾਹ ਨੇ ਕੀਤੀ ਹੈ। ਇਹ ਉਹੀ ਔਰਤ ਹੈ ਜਿਸ ਦਾ ਹਾਲ ਹੀ ਵਿਚ ਆਇਆ ਬਿਆਨ ਬਹੁਤ ਚਰਚਿਤ ਹੋਇਆ ਸੀ। ਉਸ ਨੇ ਕਿਹਾ ਸੀ ਕਿ ਬਾਲੀਵੁੱਡ ਵਿਚ ਵੱਡੀ ਉਮਰ ਵਾਲੀਆਂ ਅਦਾਕਾਰਾਵਾਂ ਜਾਂ ਜਿਹੜੀਆਂ ਵਿਆਹੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਕੰਮ ਮਿਲਣਾ ਬੰਦ ਹੋ ਜਾਂਦਾ ਹੈ। ਸ਼ੈਫਾਲੀ ਦਾ ਇਹ ਬਿਆਨ ਅਸਲ ਵਿਚ ਬਾਲੀਵੁੱਡ ਨਾਲ ਜੁੜੇ ਲੋਕਾਂ ਦੀ ਮਾਨਸਿਕਤਾ ਹੀ ਬਿਆਨ ਕਰਦਾ ਹੈ ਜਿਨ੍ਹਾਂ ਲਈ ਸੁੰਦਰਤਾ ਸਿਰਫ ਉਮਰ, ਗੋਰੇ ਰੰਗ ਜਾਂ ਭੜਕੀਲੇ ਲਿਬਾਸ ਜਾਂ ਫਿਰ ਛਾਂਟੇ-ਤਰਾਸ਼ੇ ਸਰੀਰ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ। ਨੀਰਜ ਗੇਵਨ ਦੀ ਫਿਲਮ 'ਜੂਸ' ਅਸਲ ਵਿਚ ਅਜਿਹੀ ਹੀ ਮਾਨਸਿਕਤਾ ਉਤੇ ਤਿੱਖੀ ਚੋਟ ਕਰਦੀ ਹੈ। 'ਜੂਸ' ਵਰਗੀ ਲਘੂ ਫਿਲਮ ਬਣਾਉਣ ਅਤੇ ਇਸ ਦੇ ਤਜਰਬੇ ਬਾਰੇ ਨੀਰਜ ਬਹੁਤ ਖੁੱਲ੍ਹ ਕੇ ਗੱਲ ਕਰਦਾ ਹੈ। ਉਹ ਆਖਦਾ ਹੈ ਕਿ ਉਹਦੇ ਲਈ ਫਿਲਮਾਂ ਬਣਾਉਣ ਦਾ ਅਰਥ ਕੋਈ ਨਾ ਕੋਈ ਸੁਨੇਹਾ ਛੱਡਣਾ ਹੈ। 'ਮਸਾਨ' ਵਿਚ ਵੀ ਉਸ ਨੇ ਕਈ ਸੁਨੇਹੇ ਛੱਡਣ ਦਾ ਯਤਨ ਕੀਤਾ ਸੀ ਅਤੇ ਆਪਣੇ ਇਸ ਕਾਰਜ ਵਿਚ ਉਹ ਕਾਮਯਾਬ ਵੀ ਰਿਹਾ ਸੀ। ਉਸ ਨੇ ਆਸ ਪ੍ਰਗਟਾਈ ਕਿ ਆਉਣ ਵਾਲੇ ਸਮੇਂ ਵਿਚ ਅਜਿਹਾ ਵੱਢ-ਮਾਰੂ ਸਿਨੇਮਾ ਦਰਸ਼ਕਾਂ ਨੂੰ ਮਿਲਦਾ ਰਹੇਗਾ, ਕਿਉਂਕਿ ਨੌਜਵਾਨ ਹੁਣ ਘਸੀਆਂ-ਪਿਟੀਆਂ ਪਟਕਥਾਵਾਂ ਦੀ ਥਾਂ ਨਵੇਂ ਜ਼ਮਾਨੇ ਅਤੇ ਇਸ ਦੀਆਂ ਲੋੜਾਂ-ਥੁੜ੍ਹਾਂ ਮੁਤਾਬਕ ਫਿਲਮਾਂ ਲਿਖ ਰਹੇ ਹਨ।

ਇਸੇ ਤਰ੍ਹਾਂ ਦੀ ਹੀ ਇਕ ਹੋਰ ਦਸਤਾਵੇਜ਼ੀ ਫਿਲਮ 'ਕਾਊਂਟਰਫੀਟ ਕੁਨਕੂ' ਹੈ। ਇਹ ਫਿਲਮ ਨੌਜਵਾਨ ਫਿਲਮਸਾਜ਼ ਰੀਮਾ ਸੇਨਗੁਪਤਾ ਨੇ ਬਣਾਈ ਹੈ। ਇਸ ਫਿਲਮ ਵਿਚ ਔਰਤਾਂ ਉਤੇ ਵਰਤਾਈ ਜਾਂਦੀ ਘਰੇਲੂ ਹਿੰਸਾ ਨੂੰ ਵਿਸ਼ਾ ਬਣਾਇਆ ਗਿਆ ਹੈ। ਇਸ ਫਿਲਮ ਦੀ ਕਹਾਣੀ ਅਜਿਹੀ ਔਰਤ ਦੁਆਲੇ ਘੁੰਮਦੀ ਹੈ ਜਿਸ ਦੀ ਉਮਰ 30ਵਿਆਂ ਵਾਲੀ ਹੈ। ਉਹ ਖੁਦ ਕੰਮ ਕਰ ਕੇ ਆਪਣਾ ਘਰ ਚਲਾਉਣ ਵਿਚ ਆਪਣੇ ਪਤੀ ਦਾ ਹੱਥ ਵਟਾਉਂਦੀ ਹੈ, ਪਰ ਛੇਤੀ ਹੀ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਘਰ ਵਿਚ ਉਸ ਦੀ ਤਾਂ ਕੋਈ ਵੁੱਕਤ ਹੀ ਨਹੀਂ ਹੈ। ਕੰਮ ਕਰਨ ਦੇ ਬਾਵਜੂਦ ਉਸ ਨੂੰ ਅਕਸਰ ਆਪਣੇ ਪਤੀ ਦੀਆਂ ਗਾਲ੍ਹਾਂ ਅਤੇ ਕੁੱਟਮਾਰ ਦਾ ਸ਼ਿਕਾਰ ਹੋਣਾ ਪੈਂਦਾ ਹੈ। ਰੀਮਾ ਸੇਨਗੁਪਤਾ ਨੇ ਔਰਤ ਦੀ ਇਸ ਕਹਾਣੀ ਨੂੰ ਬਹੁਤ ਮਾਰਮਿਕ ਢੰਗ ਨਾਲ ਪੇਸ਼ ਕੀਤਾ ਹੈ। ਇਸ ਫਿਲਮ ਦਾ ਸਿੱਧਾ ਅਤੇ ਸੱਚਾ ਸੁਨੇਹਾ ਇਹੀ ਹੈ ਕਿ ਵਧੀਕੀ ਭਾਵੇਂ ਕਿਤੇ ਵੀ ਹੋਵੇ, ਇਸ ਖਿਲਾਫ ਆਵਾਜ਼ ਬੁਲੰਦ ਹੋਣੀ ਹੀ ਚਾਹੀਦੀ ਹੈ। ਇਸ ਫਿਲਮ ਦੀ ਨਿਰਮਾਤਾ ਹੋਰ ਕੋਈ ਨਹੀਂ, ਬਲਕਿ ਰੀਮਾ ਸੇਨਗੁਪਤਾ ਦੀ ਮਾਂ ਹੈ। ਇਸ ਜੁਗਲਬੰਦੀ ਬਾਰੇ ਪੁੱਛਣ 'ਤੇ ਰੀਮਾ ਆਖਦੀ ਹੈ ਕਿ ਇਹ ਜੁਗਲ ਮਾਂ-ਧੀ ਦੀ ਨਹੀਂ, ਸਗੋਂ ਉਨ੍ਹਾਂ ਦੋ ਔਰਤਾਂ ਦੀ ਹੈ ਜਿਹੜੀਆਂ ਔਰਤ ਦਾ ਦਰਦ ਮਹਿਸੂਸ ਕਰਦੀਆਂ ਹਨ ਅਤੇ ਪਿੰਜਰੇ ਵਿਚੋਂ ਨਿਕਲਣ ਲਈ ਖੰਭ ਤੋਲਦੀਆਂ ਹਨ।

**-ਆਮਨਾ ਕੌਰ**

# ਆਸਕਰ ਇਨਾਮ ਤੇ ਭਾਰਤ



ਲੰਘੇ ਸਾਲਾਂ ਵਾਂਗ ਐਤਕੀਂ ਵੀ ਆਸਕਰ ਵਿਚ ਭਾਰਤ ਦੀ ਫਿਲਮ ਕੋਈ ਚੰਗੀ ਖਬਰ ਨਹੀਂ ਲਿਆ ਸਕੀ। ਇਸ ਵਾਰ ਅਦਾਕਾਰ ਰਾਜ ਕੁਮਾਰ ਰਾਓ ਦੀ ਅਦਾਕਾਰੀ ਵਾਲੀ ਫਿਲਮ 'ਨਿਊਟਨ' ਇਸ ਮੇਲੇ ਵਿਚ ਭੇਜੀ ਗਈ ਸੀ। ਉਂਜ ਜਾਣਕਾਰਾਂ ਨੂੰ ਪਹਿਲਾਂ ਹੀ ਖਬਰ ਸੀ ਕਿ ਹਰ ਸਾਲ ਵਾਂਗ ਐਤਕੀਂ ਵੀ ਖਾਨਾਪੂਰਤੀ ਹੀ ਕੀਤੀ ਗਈ ਸੀ। ਇਸ ਮੇਲੇ ਉਤੇ ਭੇਜਣ ਤੋਂ ਬਾਅਦ ਫਿਲਮ ਦੀ ਜੋ ਪੈਰਵੀ ਕਰਨੀ ਬਣਦੀ ਹੈ, ਉਹ ਤਾਂ ਕਦੀ ਕੀਤੀ ਹੀ ਨਹੀਂ ਜਾਂਦੀ। ਫਿਰ ਉਥੋਂ ਕੋਈ ਚੰਗੀ ਖਬਰ ਕਿਸ ਤਰ੍ਹਾਂ ਆ ਸਕਦੀ ਹੈ? ਇਸ ਬਾਰੇ ਵਿਸਥਾਰ ਸਹਿਤ ਖੁਲਾਸਾ ਮਸ਼ਹੂਰ ਫਿਲਮਸਾਜ਼ ਅਤੇ ਕੌਮੀ ਅਤੇ ਕੌਮਾਂਤਰੀ ਪੱਧਰ ਉਤੇ ਕਈ ਇਨਾਮ-ਸਨਮਾਨ ਹਾਸਲ ਕਰ ਚੁਕੇ ਫਿਲਮਸਾਜ਼ ਸ਼ਿਆਮ ਬੈਨੇਗਲ ਨੇ ਕੀਤਾ ਹੈ। ਉਨ੍ਹਾਂ ਦਾ ਆਖਣਾ ਹੈ ਕਿ ਆਸਕਰ ਵਿਚ ਤਾਂ ਭਾਰਤੀ ਫਿਲਮਾਂ, ਜਿਊਰੀ ਵੱਲੋਂ ਦੇਖੀਆਂ ਹੀ ਨਹੀਂ ਜਾਂਦੀਆਂ, ਫਿਰ ਕੋਈ ਇਨਾਮ-ਸਨਮਾਨ ਕਿਸ ਤਰ੍ਹਾਂ ਮਿਲ ਸਕਦਾ ਹੈ? ਉਨ੍ਹਾਂ ਖੁਲਾਸਾ ਕੀਤਾ ਕਿ ਆਸਕਰ ਵਿਚ ਆਪਣੀ ਫਿਲਮ ਦੀ ਪੈਂਠ ਬਣਾਉਣ ਲਈ ਬਾਕਇਦਾ ਏਜੰਟਾਂ ਦਾ ਸਹਾਰਾ ਲੈਣਾ ਪੈਂਦਾ ਹੈ ਜਿਹੜੇ ਮਿਥ ਕੇ ਫਿਲਮ ਬਾਰੇ ਚਰਚਾ ਕਰਦੇ ਹਨ। ਇਸ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਹੀ ਜਿਊਰੀ ਮੈਂਬਰ ਸਬੰਧਤ ਫਿਲਮ ਦੇਖਦੇ ਹਨ। ਨਹੀਂ ਤਾਂ ਜਿੰਨੀਆਂ ਫਿਲਮਾਂ ਇਨ੍ਹਾਂ ਜਿਊਰੀ ਮੈਂਬਰਾਂ ਕੋਲ ਪੁੱਜਦੀਆਂ ਹਨ, ਉਤਨੀਆਂ ਜ਼ਿਆਦਾ ਫਿਲਮ ਤਾਂ ਕੋਈ ਵੀ ਜਿਊਰੀ ਮੈਂਬਰ ਦੇਖ ਨਹੀਂ ਸਕਦਾ। ਇਸ ਲਈ ਜਿਸ ਫਿਲਮ ਦੀ ਚਰਚਾ ਵਧੇਰੇ ਹੁੰਦੀ ਹੈ, ਜਿਊਰੀ ਮੈਂਬਰ ਉਹੀ ਫਿਲਮ ਦੇਖਦੇ ਹਨ ਅਤੇ ਆਪਣਾ ਫੈਸਲਾ ਕਰਦੇ ਹਨ। ਇਸ ਪੱਖ ਤੋਂ ਭਾਰਤ ਬਹੁਤ ਪਿਛੇ ਹੈ। ਇਹ ਹਰ ਸਾਲ ਆਸਕਰ ਭੇਜਣ ਲਈ ਬੱਸ ਇਕ ਫਿਲਮ ਦੀ ਚੋਣ ਕਰ ਲੈਂਦਾ ਹੈ, ਪਰ ਬਾਅਦ ਦੇ ਪ੍ਰਬੰਧ ਬਾਰੇ ਸਰਗਰਮੀ ਨਹੀਂ ਕੀਤੀ ਜਾਂਦੀ।

**-ਗੁਰਜੰਟ ਸਿੰਘ**

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

**242-25 Braddock Ave., Bellerose, NY 11426**

ੴ ਸਤਿਗੁਰ ਪ੍ਰਸਾਦਿ॥

ਦਸ਼ਮੇਸ਼ ਪਿਤਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 11 ਪੋਹ (25 ਦਸੰਬਰ) ਦਿਨ ਐਤਵਾਰ ਨੂੰ ਗੁਰਦੁਆਰਾ ਸੰਤ ਸਾਗਰ ਦੀਆਂ ਸਮੂਹ ਸੰਗਤਾਂ ਅਤੇ ਸੇਵਾਦਾਰਾਂ ਵਲੋਂ ਚੜ੍ਹਦੀ ਕਲਾ ਨਾਲ ਮਨਾਇਆ ਜਾ ਰਿਹਾ ਹੈ।

ਇਸੇ ਦੌਰਾਨ ਚਮਕੌਰ ਸਾਹਿਬ ਵਿਚ ਮੁਗਲ ਜਾਲਮਾਂ ਦਾ ਸਾਹਮਣਾ ਕਰਦਿਆਂ ਸ਼ਹੀਦ ਹੋਏ ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 7 ਤੇ 8 ਪੋਹ (21 ਤੇ 22 ਦਸੰਬਰ) ਨੂੰ ਅਤੇ ਜਾਲਮ ਮੁਗਲ ਹਾਕਮਾਂ ਦੀ ਈਨ ਮੰਨਣ ਦੀ ਥਾਂ ਸ਼ਹੀਦੀ ਪਾਉਣ ਨੂੰ ਪਹਿਲ ਦੇਣ ਵਾਲੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 13 ਪੋਹ (27 ਦਸੰਬਰ) ਨੂੰ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।



*ਸਾਲ 2017 ਨੂੰ ਅਲਵਿਦਾ ਤੇ ਨਵੇਂ ਸਾਲ 2018 ਨੂੰ ਜੀ ਆਇਆਂ ਕਹਿਣ ਲਈ 31 ਦਸੰਬਰ ਨੂੰ ਵਿਸ਼ੇਸ਼ ਕੀਰਤਨ ਸਮਾਗਮ ਹੋਵੇਗਾ*

## ਪ੍ਰੋਗਰਾਮ ਦਾ ਵੇਰਵਾ

### 18 ਦਸੰਬਰ ਤੋਂ 24 ਦਸੰਬਰ ਤੱਕ ਸ਼ਹੀਦਾਂ ਦੀ ਯਾਦ ਵਿਚ ਦੀਵਾਨ

### ਪ੍ਰਕਾਸ਼ ਦਿਹਾੜਾ ਗੁਰੂ ਗੋਬਿੰਦ ਸਿੰਘ

**24 ਦਸੰਬਰ, ਐਤਵਾਰ**

ਸ਼ਾਮ 5:45 ਵਜੇ ਤੋਂ 12:15 ਵਜੇ ਤਕ ਮਹਾਨ ਕੀਰਤਨ ਦਰਬਾਰ। ਪ੍ਰਕਾਸ਼ ਦਿਹਾੜੇ ਦੀ ਕਥਾ 11:40 ਤੋਂ 12:15 ਤੱਕ ਹੋਵੇਗੀ। ਉਪਰੰਤ ਕਲਗੀਧਰ ਜੀ ਦੇ ਪ੍ਰਕਾਸ਼ ਸਮੇਂ ਤੋਂ ਆਰਤੀ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਹੋਵੇਗੀ।

**25 ਦਸੰਬਰ, ਸੋਮਵਾਰ**

ਅਖੰਡ ਪਾਠ ਦਾ ਭੋਗ ਸਵੇਰੇ 10:00 ਵਜੇ
ਉਪਰੰਤ 1:00 ਵਜੇ ਤੱਕ ਦੀਵਾਨ ਸਜਣਗੇ।
ਸ਼ਾਮ 5:25 ਵਜੇ ਤੋਂ ਰਾਤ 10:00 ਵਜੇ ਤਕ ਕੀਰਤਨ ਦੀਵਾਨ।

**31 ਦਸੰਬਰ, ਐਤਵਾਰ**

ਸ਼ਾਮ 5:45 ਵਜੇ ਤੋਂ 12:15 ਵਜੇ ਤੱਕ ਕੀਰਤਨ ਦਰਬਾਰ
ਆਰਤੀ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਹੋਵੇਗੀ।

**ਪਹਿਲੀ ਜਨਵਰੀ 2018**

ਭੋਗ ਸ੍ਰੀ ਅਖੰਡ ਪਾਠ ਸਵੇਰੇ 10:00 ਵਜੇ
ਉਪਰੰਤ 1:00 ਵਜੇ ਤੱਕ ਕੀਰਤਨ ਦੀਵਾਨ ਸਜੇਗਾ।
ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਸਾਰੇ ਪ੍ਰੋਗਰਾਮਾਂ ਦੌਰਾਨ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**ਗੁਰਪੁਰਬ ਸਬੰਧੀ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਰਾਗੀ, ਢਾਡੀ ਜਥੇ ਅਤੇ ਕਥਾਵਾਚਕ**

ਭਾਈ ਸੱਜਣ ਸਿੰਘ (ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ)
ਰਾਗੀ ਜਥਾ ਭਾਈ ਹਰਪ੍ਰੀਤ ਸਿੰਘ ਦੇਹਰਾਦੂਨ ਵਾਲੇ
ਭਾਈ ਗੁਰਪ੍ਰੀਤ ਸਿੰਘ ਬੁੱਲੜਵਾਲ ਵਾਲੇ
ਕਥਾਵਾਚਕ ਭਾਈ ਹਰਦੇਵ ਸਿੰਘ (ਹੈਡ ਗ੍ਰੰਥੀ, ਗੁਰਦੁਆਰਾ ਸੀਸ ਗੰਜ, ਦਿੱਲੀ)
ਬੀਬੀ ਜਸਵਿੰਦਰ ਕੌਰ ਖਾਲਸਾ (ਰਾਮਾ ਮੰਡੀ ਵਾਲੇ) ਬੀਬੀਆਂ ਦਾ ਢਾਡੀ ਜਥਾ

ਨੋਟ: 24 ਦਸੰਬਰ ਦਿਨ ਐਤਵਾਰ (ਰਾਤ) ਪ੍ਰਕਾਸ਼ ਦਿਹਾੜੇ ਦੇ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਨ Alfa-ETC Punjabi 'ਤੇ ਚਲੇਗਾ ਅਤੇ ਰਿਕਾਰਡਿੰਗ ਯੂ ਟਿਊਬ 'ਤੇ ਦੇਖੀ ਜਾ ਸਕਦੀ ਹੈ।

**ਹੋਰ ਜਾਣਕਾਰੀ ਲਈ ਸੰਪਰਕ ਕਰੋ**

**ਮੁੱਖ ਸੇਵਾਦਾਰ ਭਾਈ ਸੱਜਣ ਸਿੰਘ** *(ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ)*

ਫੋਨ: 718-343-1030 ਜਾਂ 718-347-5659